ਕੌਮਾਂਤਰੀ www.amritsartimes.live
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 22 | Issue 187| 6 August to 12 August, 2025 | Ph.: (510) 240-5949 | Email: asrtimes@gmail.com

# ਪੰਜਾਬ ’ਚ ਵਿਦੇਸ਼ ਜਾਣ ਦਾ ਰੁਝਾਨ ਠੰਡਾ ਪਿਆ

## ਪਾਸਪੋਰਟ ਅਰਜ਼ੀਆਂ ਵਿੱਚ ਗਿਰਾਵਟ, ਨੌਜਵਾਨਾਂ ਦੀ ‘ਵਤਨ ਵਾਪਸੀ’



ਪੰਜਾਬ ਦੀ ਧਰਤੀ, ਜਿਥੇ ਕਦੇ ਵਿਦੇਸ਼ ਜਾਣ ਦਾ ਚਾਅ ਸੱਤਵੇਂ ਅਸਮਾਨ ’ਤੇ ਸੀ, ਹੁਣ ਉਸ ਦੀ ਹਵਾ ਨਿਕਲਦੀ ਜਾਪਦੀ ਹੈ। ਕੈਨੇਡਾ, ਆਸਟ੍ਰੇਲੀਆ, ਅਮਰੀਕਾ ਤੇ ਇੰਗਲੈਂਡ ਵਰਗੇ ਮੁਲਕਾਂ ਦੇ ਸੁਪਨੇ ਸਜਾਉਣ ਵਾਲੇ ਪੰਜਾਬੀ ਨੌਜਵਾਨ, ਜਿਹੜੇ ਪਾਸਪੋਰਟ ਦਫ਼ਤਰਾਂ ਦੇ ਬੂਹਿਆਂ ’ਤੇ ਲੰਬੀਆਂ ਕਤਾਰਾਂ ਲਾਉਂਦੇ ਸਨ, ਹੁਣ ਉਹ ਸਵੈ ਰੁਜਗਾਰ ਜਾ ਪ੍ਰਾਈਵੇਟ ਜਾਬਾਂ ਵੱਲ ਆਪਣੇ ਵਤਨ ਵਿੱਚ ਧਿਆਨ ਦੇਣ ਲਗੇ ਹਨ। ਵਿਦੇਸ਼ ਮੰਤਰਾਲੇ ਦੇ ਅੰਕੜੇ ਗਵਾਹੀ ਭਰਦੇ ਨੇ ਕਿ ਜਨਵਰੀ ਤੋਂ ਜੂਨ 2025 ਦੌਰਾਨ ਪੰਜਾਬ ਵਿੱਚ ਰੋਜ਼ਾਨਾ ਸਿਰਫ 1,978 ਪਾਸਪੋਰਟ ਅਰਜ਼ੀਆਂ ਆਈਆਂ, ਜਦੋਂ ਕਿ ਪਿਛਲੇ ਸਾਲ 2024 ਵਿੱਚ ਇਹ ਅੰਕੜਾ 2,906 ਸੀ। ਇਹ ਗਿਰਾਵਟ ਸਿਰਫ ਅੰਕੜਿਆਂ ਦੀ ਨਹੀਂ, ਸਗੋਂ ਪੰਜਾਬੀ ਨੌਜਵਾਨਾਂ ਦੇ ਸੁਪਨਿਆਂ ਵਿੱਚ ਆਈ ਤਬਦੀਲੀ ਦੀ ਦਾਸਤਾਨ ਵੀ ਸੁਣਾਉਂਦੀ ਹੈ।

**ਵਿਦੇਸ਼ ਜਾਣ ਦਾ ਕ੍ਰੇਜ਼ ਕਿਉਂ ਠੰਡਾ ਪਿਆ ?**

ਕੈਨੇਡਾ, ਆਸਟ੍ਰੇਲੀਆ ਤੇ ਅਮਰੀਕਾ ਵਰਗੇ ਮੁਲਕਾਂ ਨੇ ਵੀਜ਼ਾ ਨਿਯਮ ਸਖ਼ਤ ਕਰ ਦਿੱਤੇ ਨੇ। ਵੀਜ਼ਾ ਪ੍ਰਕਿਰਿਆ ਜਟਿਲ ਹੋ ਗਈ ਅਤੇ ਸਥਾਈ ਨਿਵਾਸ ਜਾਂ ਵਰਕ ਪਰਮਿਟ ਲਈ ਨਵੇਂ ਮਾਪਦੰਡ ਲਾਗੂ ਹੋਏ ਹਨ। ਇਸ ਨਾਲ ਨੌਜਵਾਨਾਂ ਦੇ ਸੁਪਨਿਆਂ ’ਤੇ ਜਿਵੇਂ ਪੱਕਾ ਬਰੇਕ ਲੱਗ ਗਿਆ ਹੈ।

ਇਸ ਦੇ ਨਾਲ ਹੀ, ਵਿਦੇਸ਼ਾਂ ਵਿੱਚ ਮਹਿੰਗਾਈ ਤੇ ਬੇਰੁਜ਼ਗਾਰੀ ਦੀ ਮਾਰ ਨੇ ਵੀ ਪੰਜਾਬੀਆਂ ਦੇ ਚਾਅ ਨੂੰ ਠੰਡਾ ਕਰ ਦਿੱਤਾ ਹੈ। ਕੈਨੇਡਾ ਵਿੱਚ ਜਿਥੇ ਕਦੇ ਨੌਕਰੀਆਂ ਦੀ ਭਰਮਾਰ ਸੀ, ਹੁਣ ਮਹੀਨਿਆਂ ਬੱਧੀ ਨੌਕਰੀ ਨਾ ਮਿਲਣ ਕਾਰਨ ਨੌਜਵਾਨ ਤਣਾਅ ਵਿੱਚ ਨੇ। ਕਈਆਂ ਨੂੰ ਤਾਂ ਡਿਪਰੈਸ਼ਨ ਦੀ ਬਿਮਾਰੀ ਨੇ ਘੇਰ ਲਿਆ ਸੀ। ਕਈ ਆਤਮ ਹੱਤਿਆਵਾਂ ਕਰ ਚੁਕੇ ਹਨ। ਅਜਿਹੀਆਂ ਸਥਿਤੀਆਂ ਨੇ ਪੰਜਾਬੀ ਨੌਜਵਾਨਾਂ ਨੂੰ ਮੁੜ ਵਤਨ ਵੱਲ ਨਜ਼ਰ ਮਾਰਨ ਲਈ ਮਜਬੂਰ ਕੀਤਾ ਹੈ।

**ਰੁਜ਼ਗਾਰ ਦੇ ਹਿੱਤ ਵਿੱਚ ਕੀ ਕਰ ਰਹੀ ਹੈ ਪੰਜਾਬ ਸਰਕਾਰ ?**

ਪੰਜਾਬ ਸਰਕਾਰ ਇਸ ਗਿਰਾਵਟ ਨੂੰ ਆਪਣੀ ਜਿੱਤ ਦੱਸ ਰਹੀ ਹੈ। ‘ਆਪ’ ਸਰਕਾਰ ਦਾ ਕਹਿਣਾ ਹੈ ਕਿ ਉਸ ਦੀਆਂ ਨੀਤੀਆਂ ਨੇ ਨੌਜਵਾਨਾਂ ਨੂੰ ਸੂਬੇ ਵਿੱਚ ਰੁਕਣ ਲਈ ਪ੍ਰੇਰਿਤ ਕੀਤਾ ਹੈ। 2022 ਦੀਆਂ ਚੋਣਾਂ ਵਿੱਚ ‘ਵਤਨ ਵਾਪਸੀ’ ਦਾ ਨਾਅਰਾ ਦੇਣ ਵਾਲੀ ਸਰਕਾਰ ਦਾ ਦਾਅਵਾ ਹੈ ਕਿ ਸਥਾਨਕ ਪੱਧਰ ’ਤੇ ਰੁਜ਼ਗਾਰ ਦੇ ਮੌਕੇ ਵਧਾਉਣ ਦੀਆਂ ਕੋਸ਼ਿਸ਼ਾਂ ਨੇ ਨੌਜਵਾਨਾਂ ਦਾ ਰੁਝਾਨ ਬਦਲਿਆ। ਪਰ ਸਿਆਸੀ ਤੇ ਆਰਥਿਕ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਸੱਚਾਈ ਨਹੀਂ ਹੈ। ਕਾਂਗਰਸ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਦੋਸ਼ ਲਗਾਇਆ ਹੈ ਕਿ ਪੰਜਾਬ ਵਿੱਚ ਜਾਬਾਂ ਪੰਜਾਬ ਤੋਂ ਦੂਜੇ ਰਾਜਾਂ ਦੇ ਲੋਕਾਂ ਨੂੰ ਦਿੱਤੀਆਂ ਗਈਆਂ ਹਨ। ਇਹ ਪੰਜਾਬ ਨੂੰ ਡੈਮੋਗਰਾਫੀ ਬਦਲਣ ਦਾ ਯਤਨ ਹੈ।

**ਪੰਜਾਬ ਵਿੱਚ ਰੁਜ਼ਗਾਰ ਦੀਆਂ ਸੰਭਾਵਨਾਵਾਂ**

ਪੰਜਾਬ ਵਿੱਚ ਰੁਜ਼ਗਾਰ ਦੀਆਂ ਸੰਭਾਵਨਾਵਾਂ ਦੀ ਗੱਲ ਕਰੀਏ ਤਾਂ ਸਥਿਤੀ ਅਜੇ ਵੀ ਪੂਰੀ ਤਰ੍ਹਾਂ ਸੁਖਾਵੀਂ ਨਹੀਂ। ਖੇਤੀ ਪ੍ਰਧਾਨ ਸੂਬਾ ਹੋਣ ਦੇ ਬਾਵਜੂਦ, ਖੇਤੀ ਸੰਕਟ ਵਿੱਚ ਹੈ। ਪੰਜਾਬ ਦੀ ਭੂਗੋਲਿਕ ਸਥਿਤੀ, ਜੋ ਬੰਦਰਗਾਹਾਂ ਤੋਂ ਦੂਰ ਅਤੇ ਸਰਹੱਦੀ ਖੇਤਰ ਵਿੱਚ ਹੈ, ਨੇ ਵਪਾਰਕ ਵਿਕਾਸ ਨੂੰ ਸੀਮਤ ਕੀਤਾ। ਪੰਜਾਬ ਸਰਕਾਰ ਨੇ ਵਪਾਰ ਲਈ ਵਾਘਾ ਤੇ ਹੁਸੈਨੀਵਾਲਾ ਬਾਰਡਰ ਖੁਲਵਾਉਣ ਦਾ ਯਤਨ ਨਹੀਂ ਕੀਤਾ।

ਪੰਜਾਬ ਸਰਕਾਰ ਦਾ ਦਾਅਵਾ ਹੈ ਕੀ ਸਵੈ-ਰੁਜ਼ਗਾਰ ਅਤੇ ਉਦਯੋਗਿਕ ਵਿਕਾਸ ਲਈ ਕਈ ਸਕੀਮਾਂ ਸ਼ੁਰੂ ਕੀਤੀਆਂ ਹਨ, ਜਿਵੇਂ ਮੁਦਰਾ ਯੋਜਨਾ, ਸਟਾਰਟਅਪ ਪੰਜਾਬ, ਅਤੇ ਪੰਜਾਬ ਘਰ-ਘਰ ਰੁਜ਼ਗਾਰ ਮਿਸ਼ਨ। ਇਹ ਸਕੀਮਾਂ ਨੌਜਵਾਨਾਂ ਨੂੰ ਆਪਣਾ ਕਾਰੋਬਾਰ ਸ਼ੁਰੂ ਕਰਨ ਅਤੇ ਸੂਬੇ ਵਿੱਚ ਉਦਯੋਗਿਕ ਵਿਕਾਸ ਨੂੰ ਹੁਲਾਰਾ ਦੇਣ ਲਈ ਲਿਆਂਦੀਆਂ ਗਈਆਂ ਸਨ। ਪਰ, ਆਰਥਿਕ ਮਾਹਿਰਾਂ ਅਨੁਸਾਰ ਇਹਨਾਂ ਦਾ ਲਾਭ ਸੀਮਤ ਹੋਇਆ ਹੈ।

### ਕਿੰਨੇ ਨੌਜਵਾਨ ਵਾਪਸ ਆਏ ?



ਕੈਨੇਡਾ, ਅਮਰੀਕਾ, ਇੰਗਲੈਂਡ ਤੇ ਆਸਟ੍ਰੇਲੀਆ ਤੋਂ ਵਾਪਸ ਆਉਣ ਵਾਲੇ ਨੌਜਵਾਨਾਂ ਦੀ ਗਿਣਤੀ ਵਧ ਰਹੀ ਹੈ। ਸਹੀ ਅੰਕੜੇ ਤਾਂ ਸਰਕਾਰੀ ਪੱਧਰ ’ਤੇ ਉਪਲਬਧ ਨਹੀਂ, ਪਰ ਜਲੰਧਰ ਦੇ ਪਾਸਪੋਰਟ ਦਫਤਰ ਦੇ ਅਧਿਕਾਰੀਆਂ ਅਨੁਸਾਰ, ਪਿਛਲੇ ਇਕ ਸਾਲ ਵਿੱਚ ਵਾਪਸ ਆਏ ਨੌਜਵਾਨਾਂ ਦੀ ਗਿਣਤੀ ਵਿੱਚ 20-25% ਵਾਧਾ ਹੋਇਆ। ਕਈ ਨੌਜਵਾਨਾਂ ਨੇ ਦੱਸਿਆ ਕਿ ਵਿਦੇਸ਼ ਵਿੱਚ ਜੀਵਨ ਦੀ ਮਹਿੰਗਾਈ ਅਤੇ ਨੌਕਰੀ ਦੀ ਅਨਿਸ਼ਚਿਤਤਾ ਨੇ ਉਨ੍ਹਾਂ ਨੂੰ ਵਤਨ ਵਾਪਸੀ ਦਾ ਰਾਹ ਚੁਣਨ ਲਈ ਮਜਬੂਰ ਕੀਤਾ ਹੈ।

ਸਰਕਾਰੀ ਰਿਪੋਟਾਂ ਅਨੁਸਾਰ ਮੁਦਰਾ ਯੋਜਨਾ ਅਧੀਨ ਛੋਟੇ ਕਾਰੋਬਾਰੀਆਂ ਨੂੰ ਸਸਤੇ ਕਰਜ਼ੇ ਮਿਲੇ ਸਨ, ਜਿਸ ਨਾਲ ਕਈ ਨੌਜਵਾਨਾਂ ਨੇ ਆਪਣੇ ਕਾਰੋਬਾਰ ਸ਼ੁਰੂ ਕੀਤੇ ਸਨ। ਪੰਜਾਬ ਘਰ-ਘਰ ਰੁਜ਼ਗਾਰ ਮਿਸ਼ਨ ਨੇ ਰੁਜ਼ਗਾਰ ਮੇਲਿਆਂ ਰਾਹੀਂ ਨੌਕਰੀਆਂ ਅਤੇ ਸਵੈ-ਰੁਜ਼ਗਾਰ ਦੇ ਮੌਕੇ ਦਿੱਤੇ ਸਨ। ਅੰਕੜਿਆਂ ਮੁਤਾਬਕ, 2019 ਵਿੱਚ ਸਰਕਾਰ ਨੇ ਪ੍ਰਾਈਵੇਟ ਸੈਕਟਰ ਵਿੱਚ 2.10 ਲੱਖ ਨੌਕਰੀਆਂ ਅਤੇ 1 ਲੱਖ ਨੌਜਵਾਨਾਂ ਲਈ ਸਵੈ-ਰੁਜ਼ਗਾਰ ਕਰਜ਼ੇ ਦੀ ਪੇਸ਼ਕਸ਼ ਕੀਤੀ ਸੀ। ਸਟਾਰਟਅਪ ਪੰਜਾਬ ਨੇ ਨਵੇਂ ਉੱਦਮੀਆਂ ਨੂੰ ਸਹੂਲਤਾਂ ਦੇਣ ਦੀ ਕੋਸ਼ਿਸ਼ ਕੀਤੀ, ਜਿਵੇਂ ਸਬਸਿਡੀ ਅਤੇ ਸਿਖਲਾਈ। ਪਰ, ਇਹਨਾਂ ਸਕੀਮਾਂ ਦਾ ਅਸਰ ਸੀਮਤ ਰਿਹਾ। ਪੰਜਾਬ ਦੀ ਖੇਤੀ ਪ੍ਰਧਾਨ ਅਰਥਵਿਵਸਥਾ ਅਤੇ ਸਰਹੱਦੀ ਖੇਤਰ ਹੋਣ ਕਾਰਨ ਵਪਾਰਕ ਵਿਕਾਸ ਵਿੱਚ ਰੁਕਾਵਟਾਂ ਆਈਆਂ। ਬਹੁਤ ਸਾਰੇ ਨੌਜਵਾਨਾਂ ਨੂੰ ਸਕੀਮਾਂ ਦੀ ਪੂਰੀ ਜਾਣਕਾਰੀ ਨਹੀਂ ਮਿਲੀ ਅਤੇ ਜਿਹੜੇ ਅਰਜ਼ੀਆਂ ਦਿੰਦੇ, ਉਹਨਾਂ ਨੂੰ ਕਰਜ਼ੇ ਜਾਂ ਸਹੂਲਤਾਂ ਮਿਲਣ ਵਿੱਚ ਦੇਰੀ ਹੋਈ ਹੈ। ਨੌਜਵਾਨ ਸਰਕਾਰੀ ਯੋਜਨਾਵਾਂ ਤੋਂ ਸੰਤੁਸ਼ਟ ਨਹੀਂ ।

**ਨੌਜਵਾਨਾਂ ਨੂੰ ਕੀ ਕਰਨਾ ਚਾਹੀਦਾ ?**

ਪੰਜਾਬੀ ਨੌਜਵਾਨਾਂ ਲਈ ਹੁਣ ਵਕਤ ਹੈ ਕਿ ਉਹ ਵਿਦੇਸ਼ ਦੇ ਸੁਪਨਿਆਂ ਨੂੰ ਛੱਡ ਕੇ ਆਪਣੀ ਧਰਤੀ ’ਤੇ ਨਵੇਂ ਸਿਰੇ ਨਾਲ ਸੋਚਣ। ਸਵੈ-ਰੁਜ਼ਗਾਰ ਦੇ ਮੌਕੇ ਪੰਜਾਬ ਵਿੱਚ ਬਹੁਤ ਨੇ, ਬਸ਼ਰਤੇ ਸਹੀ ਦਿਸ਼ਾ ਵਿੱਚ ਕਦਮ ਵਧਾਏ ਜਾਣ। ਮਾਹਿਰ ਸੁਝਾਅ ਦਿੰਦੇ ਨੇ ਕਿ ਨੌਜਵਾਨਾਂ ਨੂੰ ਅਜਿਹੇ ਕਾਰੋਬਾਰਾਂ ’ਤੇ ਧਿਆਨ ਦੇਣਾ ਚਾਹੀਦਾ, ਜਿਹੜੇ ਸਥਾਨਕ ਮੰਗ ਨੂੰ ਪੂਰਾ ਕਰਨ: ਖੇਤੀ-ਆਧਾਰਿਤ ਸਟਾਰਟਅਪ: ਜੈਵਿਕ ਖੇਤੀ, ਮਸ਼ਰੂਮ ਦੀ ਖੇਤੀ ਅਤੇ ਫੁੱਲਾਂ ਦੀ ਖੇਤੀ ਵਰਗੇ ਖੇਤਰਾਂ ਵਿੱਚ ਮੌਕੇ ਨੇ। ਪੰਜਾਬ ਦੀ ਮਿੱਟੀ ਅਜੇ ਵੀ ਸੋਨਾ ਉਗਲ ਸਕਦੀ ਹੈ, ਜੇ ਸਹੀ ਤਕਨੀਕ ਅਤੇ ਮਾਰਕੀਟਿੰਗ ਦੀ ਵਰਤੋਂ ਕੀਤੀ ਜਾਵੇ।

**ਈ-ਕਾਮਰਸ ਅਤੇ ਡਿਜੀਟਲ ਮਾਰਕੀਟਿੰਗ:** ਆਨਲਾਈਨ ਵਪਾਰ ਦਾ ਜ਼ਮਾਨਾ ਹੈ। ਸਥਾਨਕ ਉਤਪਾਦਾਂ ਨੂੰ ਆਨਲਾਈਨ ਵੇਚਣ ਦੇ ਪਲੇਟਫਾਰਮ ਸ਼ੁਰੂ ਕਰਕੇ ਨੌਜਵਾਨ ਚੰਗੀ ਕਮਾਈ ਕਰ ਸਕਦੇ ਨੇ।

**ਸਕਿੱਲ-ਆਧਾਰਿਤ ਕਾਰੋਬਾਰ:** ਮੋਬਾਈਲ ਰਿਪੇਅਰ, (ਬਾਕੀ ਸਫ਼ਾ 30 ’ਤੇ)

## ਟਰੰਪ ਦੇ ਸ਼ਾਸਨਕਾਲ ਦੌਰਾਨ ਭਾਰਤੀ ਪਰਵਾਸੀਆਂ ਦੀ ਗਿਣਤੀ ਵਿੱਚ 50 ਫ਼ੀਸਦੀ ਕਮੀ ਆਉਣ ਦੀ ਸੰਭਾਵਨਾ



ਵਾਸ਼ਿੰਗਟਨ/ਏ.ਟੀ.ਨਿਊਜ਼: ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਸਖ਼ਤ ਨੀਤੀਆਂ ਕਾਰਨ ਅਮਰੀਕਾ ਵਿੱਚ ਭਾਰਤੀਆਂ ਦੇ ਦਾਖਲੇ ਵਿੱਚ ਵੱਡੀ ਬ੍ਰੇਕ ਲੱਗਣ ਦੀ ਸੰਭਾਵਨਾ ਹੈ। ਇਮੀਗ੍ਰੇਸ਼ਨ ਪਾਲਿਸੀ ਇੰਸਟੀਚਿਊਟ ਦੀ ਇੱਕ ਰਿਪੋਰਟ ਅਨੁਸਾਰ ਨਵੰਬਰ 2028 ਤੱਕ ਟਰੰਪ ਦੇ ਸ਼ਾਸਨਕਾਲ ਦੌਰਾਨ ਭਾਰਤੀ ਪਰਵਾਸੀਆਂ ਦੀ ਗਿਣਤੀ ਵਿੱਚ 50 ਪ੍ਰਤੀਸ਼ਤ ਦੀ ਕਮੀ ਆਉਣ ਦੀ ਸੰਭਾਵਨਾ ਹੈ। ਵਰਤਮਾਨ ਵਿੱਚ ਭਾਰਤ ਤੋਂ ਹਰ ਸਾਲ ਲਗਭਗ 7.5 ਲੱਖ ਪਰਵਾਸੀ ਅਮਰੀਕਾ ਵਿੱਚ ਦਾਖਲ ਹੋ ਰਹੇ ਹਨ। ਇਨ੍ਹਾਂ ਵਿੱਚੋਂ ਲਗਭਗ 3.31 ਲੱਖ ਨੂੰ ਵਿਦਿਆਰਥੀ ਵੀਜ਼ਾ, 2 ਲੱਖ ਨੂੰ ਵਰਕ ਵੀਜ਼ਾ, 50 ਹਜ਼ਾਰ ਨੂੰ ਨਾਗਰਿਕਤਾ ਅਤੇ 1.71 ਲੱਖ ਨੂੰ ਗ੍ਰੀਨ ਕਾਰਡ ਮਿਲਦਾ ਹੈ। ਇੰਸਟੀਚਿਊਟ ਦੀ ਪ੍ਰੋਫੈਸਰ ਮੈਡੇਲੀਨ ਗ੍ਰੀਨ ਦਾ ਕਹਿਣਾ ਹੈ ਕਿ ਇਹ ਖਦਸ਼ਾ ਟਰੰਪ ਦੇ ਹੁਣ ਤੱਕ ਦੇ ਵੀਜ਼ਾ ਡੇਟਾ ਰਿਲੀਜ਼ ਦੇ ਅਧਾਰ ’ਤੇ ਇਮੀਗ੍ਰੇਸ਼ਨ ਮਾਡਲ ਤੋਂ ਸਾਹਮਣੇ ਆਇਆ ਹੈ।

**ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਗਿਰਾਵਟ**

ਅਮਰੀਕਾ ਵਿੱਚ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਗਿਰਾਵਟ ਦਾ ਅਸਰ ਦਿਖਣਾ ਸ਼ੁਰੂ ਹੋ ਗਿਆ ਹੈ। 2024 ਦੇ ਮੁਕਾਬਲੇ ਹੁਣ ਤੱਕ ਸਿਰਫ਼ 1.5 ਲੱਖ ਵਿਦਿਆਰਥੀ ਹੀ ਅਮਰੀਕਾ ਵਿੱਚ ਦਾਖਲਾ ਲੈ ਸਕੇ ਹਨ। ਇਸਦਾ ਵੱਡਾ ਕਾਰਨ ਟਰੰਪ ਵੱਲੋਂ ਸੋਸ਼ਲ ਮੀਡੀਆ ਪ੍ਰੋਫਾਈਲਾਂ ਦੀ ਜਾਂਚ, ਸਖ਼ਤ ਵੀਜ਼ਾ ਨਿਯਮ ਅਤੇ ਲੰਬੇ ਸਮੇਂ ਤੋਂ ਵਿਦਿਆਰਥੀ ਵੀਜ਼ਾ ਇੰਟਰਵਿਊ ’ਤੇ ਪਾਬੰਦੀ ਸ਼ਾਮਲ ਹੈ।

**ਵਰਕ ਵੀਜ਼ਾ ਵਿੱਚ ਗਿਰਾਵਟ**

ਵਰਕ ਵੀਜ਼ਿਆਂ ਵਿੱਚ ਵੀ ਗਿਰਾਵਟ ਆਉਣ ਦੀ ਸੰਭਾਵਨਾ ਹੈ। ਪਿਛਲੇ ਸਾਲ ਵਰਕ ਵੀਜ਼ਾ ਸ਼੍ਰੇਣੀ ਵਿੱਚ ਕੁੱਲ 2 ਲੱਖ ਵਿੱਚੋਂ ਭਾਰਤੀਆਂ ਨੂੰ 72 ਹਜ਼ਾਰ 812 ਵੀਜ਼ੇ ਮਿਲੇ ਸਨ, (ਬਾਕੀ ਸਫ਼ਾ 30 ’ਤੇ)

### ਡੇਰਾ ਸਿਰਸਾ ਮੁਖੀ ਨੂੰ ਮੁੜ ਪੈਰੋਲ ਮਿਲਣ ਦਾ ਮਾਮਲਾ

## ਸਰਕਾਰਾਂ ਸ਼ਰਮ ਕਰਨ, ਇੱਕ ਨੂੰ ਵਾਰ-ਵਾਰ ਪੈਰੋਲ, ਬੰਦੀ ਸਿੰਘਾਂ ਲਈ ਵੀ ਬਣਾਓ ਨਿਯਮ



ਅੰਮ੍ਰਿਤਸਰ/ਏ.ਟੀ. ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਮੁੜ ਮਿਲੀ 40 ਦਿਨ ਦੀ ਪੈਰੋਲ ’ਤੇ ਗੰਭੀਰ ਇਤਰਾਜ਼ ਜਤਾਇਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਰਾਮ ਰਹੀਮ ਨੂੰ ਵਾਰ-ਵਾਰ ਪੈਰੋਲ ਮਿਲਣਾ ਸਰਕਾਰ ਦੇ ਦੋਹਰੇ ਚਿਹਰੇ ਨੂੰ ਉਜਾਗਰ ਕਰਦਾ ਹੈ।

ਉਨ੍ਹਾਂ ਕਿਹਾ ਕਿ ਇੱਕ ਪਾਸੇ ਤਾਂ ਸਜ਼ਾ ਪੂਰੀ ਕਰ ਚੁੱਕੇ ਬੰਦੀ ਸਿੰਘਾਂ ਨੂੰ ਸਾਲਾਂ ਤੋਂ ਜੇਲ੍ਹਾਂ ’ਚ ਰੱਖਿਆ ਗਿਆ ਹੈ, ਉਥੇ ਹੀ ਦੂਜੇ ਪਾਸੇ ਗੰਭੀਰ ਅਪਰਾਧਾਂ ’ਚ ਦੋਸ਼ੀ ਕਰਾਰ ਦਿੱਤਾ ਗਿਆ ਰਾਮ ਰਹੀਮ ਨੂੰ ਵਾਰ-ਵਾਰ ਪੈਰੋਲ ’ਤੇ ਬਾਹਰ ਆ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੋਹਰੇ ਚਿਹਰੇ ਵਾਲਾ ਰਵੱਈਆ ਛੱਡੇ ਅਤੇ ਜੇਕਰ ਬੰਦੀ ਸਿੰਘਾਂ ਨੂੰ (ਬਾਕੀ ਸਫ਼ਾ 30 ’ਤੇ)




## ਕੀ ਦੂਜੇ ਦੇਸ਼ਾਂ 'ਤੇ ਲਗਾਇਆ ਗਿਆ ਟੈਰਿਫ਼ ਕਰ ਸਕੇਗਾ ਅਮਰੀਕਾ ਦਾ ਵਪਾਰਕ ਘਾਟਾ ਪੂਰਾ ?

**ਜਗਮੋਹਨ ਸਿੰਘ 'ਲੱਕੀ'**

ਅਮਰੀਕਾ ਵੱਲੋਂ ਭਾਰਤ 'ਤੇ ਲਗਾਏ ਗਏ 25 ਫ਼ੀਸਦੀ ਟੈਰਿਫ਼ ਨੇ ਅਮਰੀਕਾ ਦੀ ਭਾਰਤ ਪ੍ਰਤੀ 'ਗੁੱਝੀ ਨੀਤੀ' ਦੇ ਭੇਦ ਖੋਲ੍ਹ ਦਿੱਤੇ ਹਨ। ਇਸ ਤੋਂ ਇਲਾਵਾ ਅਮਰੀਕਾ ਨੇ ਭਾਰਤ ਦੇ ਰੂਸ ਤੋਂ ਤੇਲ ਖਰੀਦਣ 'ਤੇ ਜੁਰਮਾਨਾ ਲਗਾਉਣ ਦਾ ਐਲਾਨ ਵੀ ਕੀਤਾ ਹੈ। ਭਾਰਤ ਅਮਰੀਕਾ ਨੂੰ ਆਪਣਾ 'ਮਿੱਤਰ ਦੇਸ਼' ਸਮਝਦਾ ਹੈ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਕਈ ਵਾਰ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਨੂੰ ਜੱਫ਼ੀਆਂ ਪਾ ਚੁੱਕੇ ਹਨ ਜਦੋਂ ਕਿ ਅਮਰੀਕਾ ਨੇ ਭਾਰਤ ਤੋਂ ਅਮਰੀਕਾ ਵਿੱਚ ਭੇਜੀਆਂ ਜਾਂਦੀਆਂ ਵਸਤੂਆਂ 'ਤੇ 25 ਫ਼ੀਸਦੀ ਟੈਰਿਫ਼ ਲਗਾ ਕੇ ਆਪਣੇ ਇਰਾਦੇ ਸਪਸ਼ਟ ਕਰ ਦਿੱਤੇ ਗਏ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਅਮਰੀਕਾ ਵੱਲੋਂ ਗੁਆਂਢੀ ਦੇਸ਼ ਪਾਕਿਸਤਾਨ ਅਤੇ ਸ੍ਰੀਲੰਕਾ ਦੇ ਮੁਕਾਬਲੇ ਭਾਰਤ 'ਤੇ ਜ਼ਿਆਦਾ ਟੈਕਸ ਲਗਾਇਆ ਗਿਆ ਹੈ।

ਅਮਰੀਕਾ ਦੀ ਰਣਨੀਤੀ ਇਹ ਹੈ ਕਿ ਉਹ ਭਾਰਤ ਵਰਗੇ ਵਿਕਾਸਸ਼ੀਲ ਦੇਸ਼ਾਂ ਵਿੱਚ ਅੰਤਰ ਵਿਰੋਧ ਨੂੰ ਹਵਾ ਦਿੰਦਾ ਹੈ ਤਾਂ ਕਿ ਇਹਨਾਂ ਦੇਸ਼ਾਂ ਨੂੰ ਉਹਨਾਂ ਦੀਆਂ ਆਪਣੀਆਂ ਹੀ ਨੀਤੀਆਂ ਦੇ ਖ਼ਿਲਾਫ਼ ਖੜ੍ਹਾ ਕੀਤਾ ਜਾ ਸਕੇ। ਇਸ ਤਰ੍ਹਾਂ ਅਮਰੀਕਾ ਭਾਰਤ ਨੂੰ ਉਸ ਦੀਆਂ ਸਮਾਜਿਕ, ਆਰਥਿਕ ਖ਼ਾਮੀਆਂ ਤੇ ਨੀਤੀਗਤ ਭਰਮਾ ਵਿੱਚ ਉਲਝਾ ਕੇ ਰੱਖਣਾ ਚਾਹੁੰਦਾ ਹੈ। ਅਮਰੀਕਾ ਦੀ ਸਪਸ਼ਟ ਨੀਤੀ ਹੈ ਕਿ ਉਹ ਘਰੇਲੂ ਬਾਜ਼ਾਰ ਨੂੰ ਮਜ਼ਬੂਤ ਅਤੇ ਆਪਣੇ ਕੰਟਰੋਲ 'ਚ ਕਰਨ, ਨੀਤੀਗਤ ਸਪਸ਼ਟਤਾ ਰੱਖਣ ਅਤੇ ਟੈਕਨੌਲੋਜੀ ਨੂੰ ਆਤਮ ਨਿਰਭਰਤਾ ਦਾ ਔਜ਼ਾਰ ਬਣਾਉਣਾ ਚਾਹੁੰਦਾ ਹੈ। ਦੂਜੇ ਪਾਸੇ ਭਾਰਤ ਇੱਕ ਅਜਿਹਾ ਦੇਸ਼ ਹੈ, ਜਿਸ ਦੀਆਂ ਨੀਤੀਆਂ ਵਾਰ ਵਾਰ ਬਦਲਦੀਆਂ ਰਹਿੰਦੀਆਂ ਹਨ। ਭਾਰਤ ਵਿੱਚ ਜਦੋਂ ਵੀ ਸਰਕਾਰ ਬਦਲਦੀ ਹੈ ਤਾਂ ਉਸ ਦੀਆਂ ਨੀਤੀਆਂ ਵਿੱਚ ਵੀ ਵੱਡਾ ਬਦਲਾਓ ਆ ਜਾਂਦਾ ਹੈ। ਇਸ ਤੋਂ ਇਲਾਵਾ ਰਾਜ ਕਰ ਰਹੀ ਕੇਂਦਰ ਸਰਕਾਰ ਵੀ ਅਕਸਰ ਆਪਣੇ ਸਮਰਥਕ ਕਾਰਪੋਰੇਟਿਵ ਤੇ ਵੱਡੇ ਉਦਯੋਗਿਕ ਘਰਾਣਿਆਂ ਦੇ ਲਾਭ ਲਈ ਆਪਣੀਆਂ ਨੀਤੀਆਂ ਵਿੱਚ ਬਦਲਾਓ ਲਿਆਉਂਦੀ ਰਹਿੰਦੀ ਹੈ। ਅਮਰੀਕਾ ਵਰਗੇ ਦੇਸ਼ ਭਾਰਤ ਦੀ ਅਜਿਹੀ ਸਥਿਤੀ ਦਾ ਹੀ ਫ਼ਾਇਦਾ ਉਠਾਉਣ ਦਾ ਯਤਨ ਕਰਦੇ ਹਨ।



ਅਮਰੀਕਾ ਵੱਲੋਂ ਜਾਰੀ ਕੀਤੀ ਗਈ ਸੂਚੀ ਵਿੱਚ ਟੈਕਸ ਦੀ ਦਰ 10 ਫ਼ੀਸਦੀ ਤੋਂ ਲੈ ਕੇ 40 ਫ਼ੀਸਦੀ ਤੱਕ ਹੈ, ਜਿਸ ਵਿੱਚ ਜਪਾਨ 'ਤੇ 15 ਫ਼ੀਸਦੀ, ਲਾਓਸ ਅਤੇ ਮਿਆਂਮਾਰ 'ਤੇ 40 ਫ਼ੀਸਦੀ, ਪਾਕਿਸਤਾਨ 'ਤੇ 19 ਫ਼ੀਸਦੀ, ਸ਼੍ਰੀਲੰਕਾ 'ਤੇ 20 ਫ਼ੀਸਦੀ ਅਤੇ ਬ੍ਰਿਟੇਨ 'ਤੇ 10 ਫ਼ੀਸਦੀ ਟੈਕਸ ਲਗਾਇਆ ਗਿਆ ਹੈ। ਅਮਰੀਕਾ ਵੱਲੋਂ ਪਾਕਿਸਤਾਨ 'ਤੇ ਪਹਿਲਾਂ 29 ਫ਼ੀਸਦੀ ਟੈਕਸ ਲਾਇਆ ਗਿਆ ਸੀ ਪਰ ਬਾਅਦ ਵਿੱਚ ਇਸ ਨੂੰ ਘਟਾ ਕੇ 19 ਫ਼ੀਸਦੀ ਕਰ ਦਿੱਤਾ ਗਿਆ। ਇਸ ਤੋਂ ਅਮਰੀਕਾ ਦੇ ਪਾਕਿਸਤਾਨ ਨਾਲ 'ਪ੍ਰੇਮ- ਪਿਆਰ' ਦਾ ਪਤਾ ਚੱਲ ਜਾਂਦਾ ਹੈ। ਅਮਰੀਕਾ ਨੇ ਭਾਰਤ ਸਮੇਤ ਹੋਰਨਾਂ ਦੇਸ਼ਾਂ 'ਤੇ ਇੱਕਦਮ ਹੀ ਟੈਰਿਫ਼ ਨਹੀਂ ਲਗਾਇਆ ਸਗੋਂ ਲੰਬੀ ਤਿਆਰੀ ਤੋਂ ਬਾਅਦ ਇਹ ਫ਼ੈਸਲਾ ਕੀਤਾ ਗਿਆ ਹੈ। ਅਮਰੀਕਾ ਨੇ 13 ਫਰਵਰੀ, 2025 ਨੂੰ ਇਸ ਲਈ ਤਿਆਰੀ ਸ਼ੁਰੂ ਕਰ ਦਿੱਤੀ, ਜਦੋਂ ਟਰੰਪ ਨੇ ਇੱਕ ਨੋਟੀਫਿਕੇਸ਼ਨ ਜਾਰੀ ਕੀਤਾ ਸੀ ਅਤੇ ਅਮਰੀਕੀ ਵਣਜ ਸਕੱਤਰ ਨੂੰ ਪਰਸਪਰ ਟੈਰਿਫ਼ ਦੀ ਸਮੀਖਿਆ ਕਰਨ ਦਾ ਨਿਰਦੇਸ਼ ਦਿੱਤਾ ਸੀ।






ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਅਮਰੀਕਾ ਵੱਲੋਂ ਭਾਰਤ ਵਰਗੇ ਦੇਸ਼ਾਂ 'ਤੇ ਵਧੇਰੇ ਟੈਰਿਫ਼ ਕਿਉਂ ਲਗਾਇਆ ਗਿਆ ਹੈ ਤਾਂ ਇਸ ਦਾ ਜਵਾਬ ਇਹ ਹੈ ਕਿ ਇਸ ਸਮੇਂ ਅਮਰੀਕਾ ਵੱਡੇ ਵਪਾਰਕ ਘਾਟੇ ਦਾ ਸਾਹਮਣਾ ਕਰ ਰਿਹਾ ਹੈ। ਅਮਰੀਕਾ ਦਾ ਵਪਾਰ ਘਾਟਾ ਲਗਭਗ 1.2 ਟ੍ਰਿਲੀਅਨ ਡਾਲਰ ਹੈ। ਵਪਾਰ ਘਾਟਾ ਅਮਰੀਕਾ ਤੋਂ ਦੂਜੇ ਦੇਸ਼ਾਂ ਨੂੰ ਵੇਚੀਆਂ ਜਾਣ ਵਾਲੀਆਂ ਵਸਤਾਂ ਦੀ ਕੀਮਤ ਅਤੇ ਅਮਰੀਕਾ ਵਿੱਚ ਦਰਾਮਦ ਕੀਤੀਆਂ ਜਾਣ ਵਾਲੀਆਂ ਵਸਤਾਂ ਦੀ ਕੀਮਤ ਵਿੱਚ ਅੰਤਰ ਹੈ। ਇਸ ਦਾ ਮਤਲਬ ਹੈ ਕਿ ਅਮਰੀਕਾ ਦੂਜੇ ਦੇਸ਼ਾਂ ਤੋਂ ਉਨ੍ਹਾਂ ਨੂੰ ਵੇਚੀਆਂ ਜਾਣ ਵਾਲੀਆਂ ਵਸਤਾਂ ਨਾਲੋਂ 1.2 ਟ੍ਰਿਲੀਅਨ ਡਾਲਰ ਵੱਧ ਮੁੱਲ ਦੀਆਂ ਵਸਤਾਂ ਖਰੀਦਦਾ ਹੈ। ਇਸ ਘਾਟੇ ਨੂੰ ਘਟਾਉਣ ਲਈ, ਅਮਰੀਕਾ ਨੇ 50 ਤੋਂ ਵੱਧ ਦੇਸ਼ਾਂ 'ਤੇ ਟੈਰਿਫ਼ ਲਗਾਏ ਹਨ।

ਅਮਰੀਕਾ ਵੱਲੋਂ ਭਾਰਤ 'ਤੇ ਲਗਾਇਆ ਗਿਆ ਟੈਰਿਫ਼ ਕੁਝ ਚੋਣਵੇਂ ਸੈਕਟਰਾਂ ਨੂੰ ਪ੍ਰਭਾਵਿਤ ਕਰੇਗਾ, ਜਿਨ੍ਹਾਂ ਵਿੱਚੋਂ ਆਟੋਮੋਟਿਵ ਸਭ ਤੋਂ ਵੱਧ ਪ੍ਰਭਾਵਿਤ ਹੋਵੇਗਾ। ਭਾਰਤ ਤੋਂ ਬਰਾਮਦ ਕੀਤੇ ਜਾਣ ਵਾਲੇ ਕੁੱਲ ਆਟੋ ਪਾਰਟਸ ਦਾ ਲਗਭਗ 30 ਫ਼ੀਸਦੀ ਇਕੱਲੇ ਅਮਰੀਕਾ ਨੂੰ ਜਾਂਦਾ ਹੈ, ਜਿਸ ਦੀ ਕੀਮਤ ਲਗਭਗ 2-2.6 ਬਿਲੀਅਨ ਡਾਲਰ ਹੈ। ਬਹੁਤ ਸਾਰੀਆਂ ਭਾਰਤੀ ਕੰਪਨੀਆਂ ਅਮਰੀਕਾ ਨੂੰ ਆਟੋ ਪਾਰਟਸ ਸਪਲਾਈ ਕਰਦੀਆਂ ਹਨ, ਜਿਸ ਵਿੱਚ ਹੁਣ ਗਿਰਾਵਟ ਆਉਣ ਦੀ ਉਮੀਦ ਹੈ। ਅਮਰੀਕਾ ਵੱਲੋਂ ਲਗਾਇਆ ਗਿਆ ਟੈਰਿਫ਼ ਗਲੋਬਲ ਆਟੋ ਉਦਯੋਗ ਦੀ ਸਪਲਾਈ ਲੜੀ ਨੂੰ ਵਿਗਾੜ ਸਕਦੀ ਹੈ। ਇਸ ਨਾਲ ਅਮਰੀਕਾ ਵਿੱਚ ਵਾਹਨਾਂ ਦੀਆਂ ਕੀਮਤਾਂ ਵਿੱਚ ਵੀ ਵਾਧਾ ਹੋ ਸਕਦਾ ਹੈ। ਇਹ ਸੱਚ ਹੈ ਕਿ ਅਮਰੀਕਾ ਇਸ ਸਮੇਂ ਦੂਨੀਆ ਦੀ ਸੁਪਰ ਸ਼ਕਤੀ ਹੈ ਅਤੇ ਵੱਡੀ ਆਰਥਿਕਤਾ ਵਾਲਾ ਦੇਸ਼ ਹੈ। ਅਮਰੀਕਾ ਦੇ ਰਾਸ਼ਟਰਪਤੀ ਟਰੰਪ ਦੀ ਇੱਛਾ ਹੈ ਕਿ ਅਮਰੀਕਾ ਪੂਰੀ ਦੂਨੀਆ 'ਤੇ ਰਾਜ ਕਰੇ। ਇਸ ਲਈ ਉਹ ਪੂਰੀ ਦੂਨੀਆ ਦੇ ਦੇਸ਼ਾਂ ਨੂੰ ਆਪਣੇ ਟੈਰਿਫ਼ ਜਾਲ ਵਿੱਚ ਫ਼ਸਾਉਣਾ ਚਾਹੁੰਦੇ ਹਨ। ਅਮਰੀਕੀ ਪ੍ਰਸ਼ਾਸਨ ਵੱਲੋਂ ਵਿਸ਼ਵ ਦੇ ਵੱਖ -ਵੱਖ ਦੇਸ਼ਾਂ 'ਤੇ ਟੈਰਿਫ਼ ਦਰਾਂ ਲਗਾਉਣ ਦਾ ਐਲਾਨ ਕਰ ਦਿੱਤਾ ਹੈ। ਵੱਡੀ ਗਿਣਤੀ ਦੇਸ਼ ਅਮਰੀਕਾ ਦੇ ਦਬਾਓ ਅੱਗੇ ਝੁਕ ਰਹੇ ਲੱਗਦੇ ਹਨ ਪਰ ਚੀਨ, ਬ੍ਰਾਜ਼ੀਲ ਅਤੇ ਦੱਖਣੀ ਅਫ਼ਰੀਕਾ ਨੇ ਅਮਰੀਕਾ ਅੱਗੇ ਝੁਕਣ ਤੋਂ ਸਪਸ਼ਟ ਇਨਕਾਰ ਕਰ ਦਿੱਤਾ ਹੈ। ਚੀਨ ਵਿਸ਼ਵ ਦਾ ਇੱਕੋ ਇੱਕ ਅਜਿਹਾ ਦੇਸ਼ ਹੈ, ਜਿਸ ਨੇ ਸਭ ਤੋਂ ਪਹਿਲਾਂ ਪੂਰੀ ਦ੍ਰਿੜ੍ਹਤਾ ਨਾਲ ਅਮਰੀਕਾ ਦਾ ਮੁਕਾਬਲਾ ਕੀਤਾ ਹੈ ਅਤੇ ਇਸ ਸਮੇਂ ਵੀ ਕਰ ਰਿਹਾ ਹੈ। ਜਦੋਂ ਅਮਰੀਕਾ ਨੇ ਚੀਨ ਨੂੰ ਸਬਕ ਸਿਖਾਉਣ ਲਈ ਚੀਨ 'ਤੇ 145 ਫ਼ੀਸਦੀ ਟੈਰਿਫ਼ ਲਗਾ ਦਿੱਤਾ ਸੀ ਤਾਂ ਚੀਨ ਨੇ ਤੁਰੰਤ ਹੀ ਜਵਾਬੀ ਹਮਲਾ ਕਰਦਿਆਂ ਅਮਰੀਕਾ ਨੂੰ ਦੁਰਲੱਭ ਖਣਿਜਾਂ ਦੀ ਬਰਾਮਦ 'ਤੇ ਰੋਕ ਲਗਾ ਦਿੱਤੀ ਸੀ, ਜਿਸ ਕਾਰਨ ਅਮਰੀਕਾ ਪੂਰੀ ਤਰ੍ਹਾਂ ਹਿੱਲ ਗਿਆ ਸੀ ਤੇ ਉਸ ਨੂੰ ਪਤਾ ਚੱਲ ਗਿਆ ਸੀ ਕਿ ਚੀਨ ਦਾ ਮੁਕਾਬਲਾ ਕਰਨਾ ਉਸ ਲਈ ਆਸਾਨ ਨਹੀਂ ਹੈ। ਉਸ ਤੋਂ ਬਾਅਦ ਅਮਰੀਕਾ ਨੇ ਚੀਨ ਨਾਲ ਦੁਵੱਲੀ ਗੱਲਬਾਤ ਸ਼ੁਰੂ ਕੀਤੀ ਅਤੇ ਵਪਾਰਕ ਪਾਬੰਦੀਆਂ ਨੂੰ ਰੋਕਣ ਲਈ ਆਪਣੀ ਸਹਿਮਤੀ ਦੇ ਦਿੱਤੀ। ਇਹ ਵੀ ਵੇਖਣ ਵਿੱਚ ਆਇਆ ਹੈ ਕਿ ਉਸ ਤੋਂ ਬਾਅਦ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਨੇ ਚੀਨ ਨੂੰ ਕੋਈ ਧਮਕੀ ਨਹੀਂ ਦਿੱਤੀ। ਇਸ ਨੂੰ ਚੀਨ ਦੀ ਕੂਟਨੀਤਕ ਸਫ਼ਲਤਾ ਕਿਹਾ ਜਾ ਰਿਹਾ ਹੈ। ਅਮਰੀਕਾ ਦੀਆਂ ਟੈਰਿਫ਼ ਧਮਕੀਆਂ ਅੱਗੇ ਝੁਕਣ ਦੀ ਥਾਂ ਉਸ ਦਾ ਪੂਰੀ ਸ਼ਕਤੀ ਨਾਲ ਵਿਰੋਧ ਕਰਕੇ ਚੀਨ ਨੇ ਪੂਰੇ ਵਿਸ਼ਵ ਨੂੰ ਦਿਖਾ ਦਿੱਤਾ ਹੈ ਕਿ ਅਮਰੀਕਾ ਵਾਂਗ ਉਹ ਵੀ ਇੱਕ 'ਸੁਪਰ ਪਾਵਰ' ਹੈ। ਹੁਣ ਜਦੋਂ ਅਮਰੀਕਾ ਨੇ ਭਾਰਤ 'ਤੇ 25 ਫ਼ੀਸਦੀ ਟੈਰਿਫ਼ ਲਗਾਇਆ ਹੈ ਤਾਂ ਭਾਰਤ ਨੂੰ ਅਜਿਹੇ ਸਮੇਂ ਚੀਨ ਤੋਂ ਬਹੁਤ ਕੁਝ ਸਿੱਖਣ ਦੀ ਲੋੜ ਹੈ। ਅਮਰੀਕਾ ਨੇ ਭਾਰਤ ਦੇ ਜੋ ਟੈਰਿਫ਼ ਲਗਾਉਣ ਦਾ ਐਲਾਨ ਕੀਤਾ ਹੈ, ਉਸ ਦਾ ਅਮਰੀਕਾ ਵਿੱਚ ਰਹਿ ਰਹੇ ਭਾਰਤੀਆਂ 'ਤੇ ਵੀ ਅਸਰ ਪਵੇਗਾ। ਅਮਰੀਕਾ ਵਿੱਚ ਰਹਿੰਦੇ ਭਾਰਤੀਆਂ ਨੂੰ ਭਾਰਤ ਨਾਲ ਬਹੁਤ ਮੋਹ ਪਿਆਰ ਹੈ ਅਤੇ ਉਹ ਅਮਰੀਕਾ ਵਿੱਚ ਅਕਸਰ ਭਾਰਤ ਤੋਂ ਬਣੀਆਂ ਵਸਤੂਆਂ ਨੂੰ ਖ਼ਰੀਦਦੇ ਅਤੇ ਵਰਤਦੇ ਹਨ ਪਰ ਹੁਣ ਇਹਨਾਂ ਵਸਤੂਆਂ 'ਤੇ ਅਮਰੀਕਾ ਵੱਲੋਂ 25 ਫ਼ੀਸਦੀ ਟੈਰਿਫ਼ ਲਗਾਉਣ ਕਾਰਨ ਇਹ ਵਸਤੂਆਂ ਕਾਫ਼ੀ ਮਹਿੰਗੀਆਂ ਹੋ ਜਾਣਗੀਆਂ। ਇਹ ਤਾਂ ਸਭ ਨੂੰ ਪਤਾ ਹੈ ਕਿ ਅਮਰੀਕਾ ਵਿੱਚ ਵੀ ਭਾਰਤੀ ਵੱਡੀ ਗਿਣਤੀ ਵਿੱਚ ਰਹਿੰਦੇ ਹਨ।

ਭਾਰਤੀ-ਅਮਰੀਕੀ ਭਾਈਚਾਰਾ ਅਮਰੀਕਾ ਦੇ ਸਭ ਤੋਂ ਪ੍ਰਭਾਵਸ਼ਾਲੀ ਭਾਈਚਾਰਿਆਂ ਵਿੱਚੋਂ ਇੱਕ ਹੈ। ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਆਬਾਦੀ ਵਿੱਚ ਇਸ ਦਾ ਕੁਝ ਫ਼ੀਸਦੀ ਹਿੱਸਾ ਹੋਣ ਦੇ ਬਾਵਜੂਦ ਇਕੱਲਾ ਇਹ ਭਾਈਚਾਰਾ ਚਾਰ ਗੁਣਾ ਜ਼ਿਆਦਾ ਟੈਕਸ ਅਦਾ ਕਰ ਰਿਹਾ ਹੈ। ਸੰਯੁਕਤ ਰਾਜ ਜਨਗਣਨਾ ਬਿਊਰੋ ਦੇ ਅਨੁਸਾਰ, ਅਮਰੀਕਾ ਦੀ ਆਬਾਦੀ ਲਗਭਗ 33 ਕਰੋੜ ਹੈ, ਜਿਸ ਵਿੱਚੋਂ 51 ਲੱਖ ਲੋਕ ਭਾਰਤੀ ਮੂਲ ਦੇ ਹਨ। ਭਾਰਤੀ-ਅਮਰੀਕੀ ਭਾਈਚਾਰਾ ਅਮਰੀਕਾ ਦੀ ਕੁੱਲ ਆਬਾਦੀ ਦਾ 1.5 ਫ਼ੀਸਦੀ ਬਣਦਾ ਹੈ। ਇੱਕ ਡਾਟੇ ਅਨੁਸਾਰ ਦੁਨੀਆ ਦੀਆਂ ਕੁਝ ਵਧੀਆ ਯੂਨੀਵਰਸਿਟੀਆਂ ਅਮਰੀਕਾ ਵਿੱਚ ਸਥਿਤ ਹਨ। ਇੱਥੇ ਵੱਡੀ ਗਿਣਤੀ ਵਿੱਚ ਭਾਰਤੀ ਪੜ੍ਹਾਈ ਲਈ ਆਉਂਦੇ ਹਨ। ਹਰ ਸਾਲ ਭਾਰਤ ਤੋਂ 2.7 ਲੱਖ ਵਿਦਿਆਰਥੀ ਪੜ੍ਹਾਈ ਲਈ ਅਮਰੀਕਾ ਜਾਂਦੇ ਹਨ। ਇਹ ਵਿਦਿਆਰਥੀ ਸਿੱਖਿਆ 'ਤੇ ਕੁੱਲ 10 ਬਿਲੀਅਨ ਡਾਲਰ (83000 ਕਰੋੜ ਰੁਪਏ) ਖਰਚ ਕਰਦੇ ਹਨ। **(ਬਾਕੀ ਸਫ਼ਾ 30 'ਤੇ)**

**ਸ਼ਹੀਦੀ ਸਮਾਗਮ 'ਚ ਨੱਚਣ ਟੱਪਣ ਦਾ ਮਾਮਲਾ**

# ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਤਨਖ਼ਾਹੀਆ ਕਰਾਰ, ਲੱਗੀ ਧਾਰਮਿਕ ਸਜ਼ਾ

ਅੰਮ੍ਰਿਤਸਰ/ਏ.ਟੀ.ਨਿਊਜ਼ : ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਅੱਗੇ ਪੇਸ਼ ਹੋਣ ਲਈ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਸਕੱਤਰੇਤ ਵਿਖੇ ਪਹੁੰਚੇ।

ਪੰਜ ਸਿੰਘ ਸਾਹਿਬਾਨ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ , ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਤੇ ਗਿਆਨੀ ਕੇਵਲ ਸਿੰਘ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਗ੍ਰੰਥੀ ਗਿਆਨੀ ਮੰਗਲ ਸਿੰਘ ਸ਼ਾਮਿਲ ਸਨ । ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਖੇ ਇਹਨਾਂ ਅੱਗੇ ਪੇਸ਼ ਹੋਏ ਤਾਂ ਹੱਥ ਜੋੜ ਕੇ ਬੈਠੇ।

ਸ਼੍ਰੀਨਗਰ ਵਿਖੇ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਤਾਬਦੀ ਨੂੰ ਮਨਾਉਣ ਲਈ ਪੰਜਾਬ ਸਰਕਾਰ ਵੱਲੋਂ ਭਾਸ਼ਾ ਵਿਭਾਗ ਰਾਹੀਂ ਰੱਖੇ ਗਏ ਪ੍ਰੋਗਰਾਮ ਵਿੱਚ ਇਤਰਾਜ਼ਯੋਗ ਗਾਣੇ ਗਾਏ ਗਏ ਤੇ ਨਾਚ ਗਾਣਾ ਹੋਇਆ । ਇਸ ਸਬੰਧ ਵਿੱਚ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਉਸ ਸਮਾਗਮ ਵਿੱਚ ਆਪਣੀ ਮੌਜੂਦਗੀ ਨੂੰ ਵੀ ਮੰਨਿਆ ਅਤੇ ਇਸ ਗਲਤੀ ਲਈ ਖਿਮਾ ਮੰਗੀ ਹੈ। ਉਨ੍ਹਾਂ ਕਿਹਾ ਕਿ ਮੈਂ ਉਥੇ ਉਸ ਧਾਰਮਿਕ ਸਮਾਗਮ ਵਿੱਚ ਮੌਜੂਦ ਸੀ ਪਰ ਅਣਜਾਣੇ ਵਿੱਚ ਹੋਈ ਗਲਤੀ ਦੀ ਮੈਂ ਇੱਕ ਨਿਮਾਣੇ ਸਿੱਖ ਵਜੋਂ ਪੰਥ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਮਾਫੀ ਮੰਗਦਾ ਹਾਂ। ਇਸ ਮੌਕੇ ਸਮਾਗਮ ਦੇ ਪ੍ਰਬੰਧਕਾਂ ਵੱਲੋਂ ਵੀ ਮਾਫੀ ਮੰਗੀ ਗਈ। ਇਸ ਮੌਕੇ ਪੰਜਾਬੀ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਵਿਦੇਸ਼ ਹੋਣ ਕਾਰਨ ਪੇਸ਼ ਨਹੀਂ ਹੋ ਸਕੇ।



ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਪੰਜ ਸਿੰਘ ਸਾਹਿਬਾਨ ਦੀ ਸਹਿਮਤੀ ਨਾਲ ਧਾਰਮਿਕ ਸਜ਼ਾ ਐਲਾਨੀ। ਉਨ੍ਹਾਂ ਹਰਜੋਤ ਸਿੰਘ ਬੈਂਸ ਨੂੰ ਤਨਖਾਹ ਲਗਾਉਂਦਿਆਂ ਐਲਾਨ ਕੀਤਾ ਕਿ ਗੁਰਦੁਆਰਾ ਗੁਰੂ ਕੇ ਮਹਿਲ ਜਨਮ ਅਸਥਾਨ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵਿਖੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੈਦਲ ਤੁਰ ਕੇ ਜਾਣਗੇ ਅਤੇ ਉੱਥੇ ਨਤਮਸਤਕ ਹੋਣਗੇ ਅਤੇ ਆਉਣ ਵਾਲੇ ਸਮੇਂ ਵਿੱਚ ਇੱਥੋਂ ਦੇ ਰਸਤੇ ਨੂੰ ਸਾਫ ਸੁਥਰਾ ਬਣਾਉਣ ਅਤੇ ਸਾਫ ਸਫਾਈ ਨੂੰ ਯਕੀਨੀ ਬਣਾਉਣ ਲਈ ਸਰਕਾਰ ਵੱਲੋਂ ਆਪਣੀ ਜ਼ਿੰਮੇਵਾਰੀ ਨਿਭਾਉਣਗੇ ।

ਗੁਰਦੁਆਰਾ ਕੋਠਾ ਸਾਹਿਬ ਵੱਲਾ ਤੇ ਗੁਰਦੁਆਰਾ ਬਾਬਾ ਬਕਾਲਾ ਸਾਹਿਬ ਜੀ ਵਿਖੇ ਵੀ 100 ਮੀਟਰ ਤੱਕ ਪੈਦਲ ਤੁਰ ਕੇ ਜਾਣਗੇ ਅਤੇ ਇੱਥੋਂ ਦੇ ਸਾਫ ਸਫਾਈ ਅਤੇ ਰਸਤਿਆਂ ਨੂੰ ਦਰੁਸਤ ਕਰਨ ਲਈ ਵੀ ਸਰਕਾਰ ਵੱਲੋਂ ਆਪਣੀ ਜਿੰਮੇਵਾਰੀ ਨਿਭਾਉਣਗੇ।



ਇਸ ਤੋਂ ਉਪਰੰਤ ਗੁਰਦੁਆਰਾ ਸੀਸਗੰਜ ਸਾਹਿਬ ਦਿੱਲੀ ਵਿਖੇ ਜਾ ਕੇ ਨਤਮਸਤਕ ਹੋਣਗੇ ਅਤੇ ਉੱਥੇ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਭਾਈ ਦਿਆਲਾ ਜੀ, ਭਾਈ ਸਤੀ ਦਾਸ ਜੀ ਤੇ ਭਾਈ ਮਤੀਦਾਸ ਜੀ ਦੀ ਸ਼ਹੀਦੀ ਨੂੰ ਨਤਮਸਤਕ ਹੁੰਦੇ ਉਹਨਾਂ ਦੇ ਸ਼ਹੀਦੀ ਦੇ ਇਤਿਹਾਸ ਤੋਂ ਜਾਣੂ ਹੋਣ ਦੀ ਧਾਰਮਿਕ ਸਜ਼ਾ ਲਗਾਈ ਗਈ ਹੈ। ਇਸ ਉਪਰੰਤ ਗੁਰਦੁਆਰਾ ਸੀਸਗੰਜ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ ਜਾ ਕੇ ਨਤਮਸਤਕ ਹੋਣਗੇ ਅਤੇ ਦੋ ਦਿਨ ਜੋੜੇ ਝਾੜਨ ਦੀ ਸੇਵਾ ਨਿਭਾਉਣ ਦੀ ਧਾਰਮਿਕ ਸੇਵਾ ਲਗਾਈ ਗਈ ਹੈ। ਜਿਸ ਨੂੰ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਪ੍ਰਵਾਨ ਕੀਤਾ ਹੈ।

ਸਿੰਘ ਸਾਹਿਬਾਨ ਨੇ ਹਰਜੋਤ ਸਿੰਘ ਬੈਂਸ ਰਾਹੀਂ ਪੰਜਾਬ ਸਰਕਾਰ ਨੂੰ ਆਦੇਸ਼ ਕੀਤਾ ਹੈ ਕਿ ਪੰਜਾਬ ਸਰਕਾਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਹੋਰਨਾਂ ਸ਼ਹੀਦਾਂ ਸਬੰਧੀ ਸ਼ਤਾਬਦੀ ਨੂੰ ਮਨਾਉਣ ਲਈ ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦਾ ਸਹਿਯੋਗ ਲਵੇ ਅਤੇ ਇਸ ਸੰਬੰਧ ਵਿੱਚ ਸੈਮੀਨਾਰ ਆਦਿ ਕਰਵਾਏ ਜਾ ਸਕਦੇ ਹਨ। ਧਾਰਮਿਕ ਸਮਾਗਮ ਕਰਵਾਉਣ, ਨਗਰ ਕੀਰਤਨ ਸਜਾਉਣ ਸਬੰਧੀ ਪੰਜਾਬ ਸਰਕਾਰ ਆਪਣਾ ਬਣਦਾ ਸਹਿਯੋਗ ਨਿਭਾਵੇ । ਪੰਜ ਸਿੰਘ ਸਾਹਿਬਾਨ ਨੇ ਸਪਸ਼ਟ ਕੀਤਾ ਕਿ ਧਾਰਮਿਕ ਸਮਾਗਮ ਤੇ ਨਗਰ ਕੀਰਤਨ ਕੱਢਣੇ ਸਰਕਾਰਾਂ ਦਾ ਕੰਮ ਨਹੀਂ ਹੈ। ਸਰਕਾਰਾਂ ਦਾ ਕੰਮ ਧਾਰਮਿਕ ਸੰਸਥਾਵਾਂ ਵੱਲੋਂ ਬਣਾਈਆਂ ਜਾਣ ਵਾਲੀਆਂ ਸ਼ਤਾਬਦੀਆਂ ਵਿੱਚ ਸਹਿਯੋਗ ਕਰਨਾ ਹੈ। ਜਿਸ ਤਰ੍ਹਾਂ ਕਿ ਆਉਣ ਜਾਣ ਵਾਲੇ ਰਸਤਿਆਂ ਸੰਗਤ ਦੇ ਰਹਿਣ ਦਾ ਪ੍ਰਬੰਧ ਅਤੇ ਹੋਰ ਸੁਚਾਰੂ ਪ੍ਰਬੰਧ ਕਰਨੇ ਹਨ। ਜਿਸ ਨੂੰ ਪੰਜਾਬ ਸਰਕਾਰ ਆਪਣਾ ਫਰਜ਼ ਸਮਝਦੇ ਹੋਵੇ ਪਿਛਲੀਆਂ ਸ਼ਤਾਬਦੀਆਂ ਦਰਮਿਆਨ ਸਰਕਾਰਾਂ ਵੱਲੋਂ ਨਿਭਾਈ ਜ਼ਿੰਮੇਵਾਰੀ ਨੂੰ ਦੇਖਦੇ ਹੋਏ ਇਸ ਵਾਰ ਵੀ ਆਪਣੀ ਜ਼ਿੰਮੇਵਾਰੀ ਨਿਭਾਵੇ।

ਇਸ ਤੋਂ ਪਹਿਲਾਂ ਹਰਜੋਤ ਸਿੰਘ ਬੈਂਸ ਨੇ ਗੁਰਦੁਆਰਾ ਗੁਰੂ ਕੇ ਮਹਿਲ ਜਨਮ ਅਸਥਾਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵਿਖੇ ਨਤਮਸਤਕ ਹੋ ਕੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ।

## ਜੋ ਵੀ ਫ਼ੁਰਮਾਨ ਹੋਇਆ, ਮੇਰੇ ਲਈ ਇਹ ਰੱਬੀ ਹੁਕਮ ਹੈ: ਬੈਂਸ

ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੰਜਾਬ ਕੈਬਨਿਟ ਦੇ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਧਾਰਮਿਕ ਸਜ਼ਾ ਸੁਣਾਉਣ ਉਪਰੰਤ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦਾ ਪਹਿਲਾ ਬਿਆਨ ਸਾਹਮਣੇ ਆਇਆ ਹੈ। ਹਰਜੋਤ ਸਿੰਘ ਬੈਂਸ ਨੇ ਕਿਹਾ ਹੈ ਕਿ ਉਨ੍ਹਾਂ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਉੱਪਰ ਕੁਝ ਵੀ ਨਹੀਂ ਹੈ। ਮੈਨੂੰ ਜੋ ਵੀ ਫ਼ੁਰਮਾਨ ਹੋਇਆ, ਮੇਰੇ ਲਈ ਇਹ ਰੱਬੀ ਹੁਕਮ ਹੈ। ਉਨ੍ਹਾਂ ਕਿਹਾ ਕਿ ਮੇਰੇ ਲਈ ਇਹ ਛੇਵੇਂ ਪਾਤਸ਼ਾਹ ਦਾ ਫ਼ੁਰਮਾਨ ਹੈ, ਇਸ ਲਈ ਜੋ ਵੀ ਫ਼ੁਰਮਾਨ ਹੋਇਆ ਉਂਝ ਹੀ ਕਰਾਂਗੇ।

ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸੁਣਾਈ ਗਈ ਧਾਰਮਿਕ ਸਜ਼ਾ ਮੁਤਾਬਕ ਹਰਜੋਤ ਸਿੰਘ ਬੈਂਸ ਅੱਜ ਹੀ ਨੌਂਵੇਂ ਪਾਤਸ਼ਾਹ ਦੇ ਜਨਮ ਅਸਥਾਨ ਗੁਰਦੁਆਰਾ ਗੁਰੂ ਕੇ ਮਹਿਲ ਤੁਰ ਕੇ ਜਾਣਗੇ। ਇਸ ਅਸਥਾਨ ਨੂੰ ਜਾਂਦੇ ਰਸਤਿਆਂ ਤੇ ਗਲੀਆਂ ਨੂੰ ਆਉਣ ਵਾਲੇ ਸਮੇਂ ਵਿੱਚ ਠੀਕ ਕਰਵਾਉਣਗੇ।



ਇਸ ਤੋਂ ਬਾਅਦ ਗੁਰਦੁਆਰਾ ਕੋਠਾ ਸਾਹਿਬ ਵਿਖੇ 100 ਮੀਟਰ ਤੁਰ ਕੇ ਜਾਣਗੇ। ਇਸ ਗੁਰੂ ਘਰ ਨੂੰ ਜਾਣ ਵਾਲੇ ਰਸਤੇ ਦੀ ਹਾਲਤ ਨੂੰ ਸੁਧਾਰਨ ਲਈ ਕਾਰਜ ਕਰਨਗੇ। ਇਸ ਉਪਰੰਤ ਉਹ ਗੁਰਦੁਆਰਾ ਸੀਸ ਗੰਜ ਸਾਹਿਬ ਦਿੱਲੀ ਜਾਣਗੇ। ਉਪਰੰਤ ਉਹ ਗੁਰਦੁਆਰਾ ਸ੍ਰੀ ਅਨੰਦਪੁਰ ਸਾਹਿਬ ਵਿਖੇ 2 ਦਿਨ ਜੋੜਾ ਘਰ ਸੇਵਾ ਕਰਨ ਉਪਰੰਤ 1100 ਰੁਪਏ ਦੀ ਕੜਾਹ ਪ੍ਰਸ਼ਾਦਿ ਦੇ ਦੇਗ ਕਰਵਾ ਕੇ ਅਰਦਾਸ ਕਰਵਾਉਣਗੇ।

**ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ 'ਚ ਮਤਾ ਪਾਸ**

# ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ 'ਚ ਹੀ ਹੋਣਗੇ ਪੰਥਕ ਫ਼ੈਸਲੇ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਿਛਲੇ ਦਿਨੀਂ ਹੋਏ ਜਨਰਲ ਇਜਲਾਸ ਵਿੱਚ ਮਤਾ ਪਾਸ ਕਰਕੇ ਤਖ਼ਤਾਂ ਦੇ ਜਥੇਦਾਰਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਛੱਡ ਕੇ ਬਾਕੀ ਚਾਰ ਤਖ਼ਤਾਂ ਨਾਲ ਸਬੰਧਿਤ ਸਥਾਨਕ ਮਾਮਲਿਆਂ ਵਿੱਚ ਉਥੋਂ ਦੇ ਜਥੇਦਾਰਾਂ ਦੇ ਸਲਾਹ-ਮਸ਼ਵਰੇ ਤੋਂ ਬਿਨਾਂ ਦਖ਼ਲ ਨਾ ਦੇਣ ਦੀ ਅਪੀਲ ਕੀਤੀ ਗਈ ਹੈ। ਮਤੇ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਸਰਬਉੱਚ ਹੈ ਪਰ ਬਾਕੀ ਚਾਰ ਤਖ਼ਤ ਸਾਹਿਬ ਸਥਾਨਕ ਮਾਮਲੇ ਵਿਚਾਰਨ ਦਾ ਅਧਿਕਾਰ ਰੱਖਦੇ ਹਨ। ਇਹ ਜਨਰਲ ਇਜਲਾਸ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਹੋਇਆ, ਜਿਸ ਵਿੱਚ ਲਗਪਗ 100 ਤੋਂ ਵੱਧ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਸ਼ਮੂਲੀਅਤ ਕੀਤੀ। ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਹੋਏ ਇਸ ਇਜਲਾਸ ਦੌਰਾਨ ਇੱਕ ਨੁਕਾਤੀ ਏਜੰਡੇ ਤਹਿਤ ਤਖ਼ਤ ਸਾਹਿਬਾਨ ਦੀ ਮਰਿਆਦਾ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਬਾਅਦ ਵਿੱਚ ਮਤਾ ਪਾਸ ਕੀਤਾ ਗਿਆ।



ਇਜਲਾਸ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਦੋਵੇਂ ਗੈਰਹਾਜ਼ਰ ਸਨ, ਜਦਕਿ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਰਘਬੀਰ ਸਿੰਘ ਤੇ ਹੋਰ ਗ੍ਰੰਥੀ ਸਾਹਿਬਾਨ ਹਾਜ਼ਰ ਸਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਮੌਕੇ ਕੀਤੇ ਫੈਸਲੇ ਸਬੰਧੀ ਦੱਸਿਆ ਕਿ ਮਤੇ ਵਿੱਚ ਜਥੇਦਾਰ ਸਾਹਿਬਾਨ ਨੂੰ ਅਪੀਲ ਕੀਤੀ ਗਈ ਹੈ ਕਿ ਜੇ ਸਥਾਨਕ ਤਖ਼ਤਾਂ ਦੇ ਖੇਤਰ ਨਾਲ ਸਬੰਧਤ ਕੋਈ ਮਾਮਲਾ ਆਉਂਦਾ ਹੈ ਤਾਂ ਉਸ ਮਾਮਲੇ ਸਬੰਧੀ ਵਿਚਾਰ ਕਰਨ ਸਮੇਂ ਸਥਾਨਕ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਜ਼ਰੂਰ ਸੱਦਿਆ ਜਾਵੇ। ਜਥੇਦਾਰਾਂ ਨੂੰ ਅਪੀਲ ਕੀਤੀ ਗਈ ਹੈ ਕਿ ਕਿਸੇ ਵੀ ਮਾਮਲੇ 'ਤੇ ਫੈਸਲਾ ਲੈਣ ਸਮੇਂ ਪੰਥਕ ਰਵਾਇਤਾਂ ਨੂੰ ਨਜ਼ਰਅੰਦਾਜ਼ ਨਾ ਕੀਤਾ ਜਾਵੇ। ਕੌਮੀ ਫੈਸਲੇ ਅਕਾਲ ਤਖ਼ਤ ਸਾਹਿਬ ਤੋਂ ਲੈਣ ਦੀ ਰਵਾਇਤ ਹੈ ਅਤੇ ਲਏ ਜਾਂਦੇ ਰਹਿਣਗੇ, ਪਰ ਬਾਕੀ ਚਾਰ ਤਖ਼ਤ ਸਾਹਿਬਾਨ ਨਾਲ ਸਬੰਧਿਤ ਮਾਮਲਿਆਂ ਵਿੱਚ ਉਨ੍ਹਾਂ ਦੇ ਸਲਾਹ-ਮਸ਼ਵਰੇ ਤੋਂ ਬਿਨਾਂ ਦਖਲ ਨਾ ਦਿੱਤਾ ਜਾਵੇ।

ਮਤੇ ਵਿੱਚ ਆਖਿਆ ਗਿਆ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਸਰਬਉੱਚ ਹੈ ਅਤੇ ਉਹ ਹਰ ਤਰ੍ਹਾਂ ਦੇ ਕੌਮੀ ਫੈਸਲੇ ਲੈਣ ਦੇ ਸਮਰੱਥ ਹੈ। ਬਾਕੀ ਚਾਰ ਤਖ਼ਤ ਸਾਹਿਬਾਨ ਸਥਾਨਕ ਪੱਧਰ ਦੇ ਮਾਮਲਿਆਂ ਨੂੰ ਸਿੱਖ ਰਹਿਤ ਮਰਿਆਦਾ ਦੀ ਸੇਧ ਵਿੱਚ ਵਿਚਾਰਨ ਦਾ ਅਧਿਕਾਰ ਰੱਖਦੇ ਹਨ।

ਪੰਜ ਮੈਂਬਰੀ ਭਰਤੀ ਕਮੇਟੀ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੀ ਚੋਣ ਵਾਸਤੇ ਤੇਜਾ ਸਿੰਘ ਸਮੁੰਦਰੀ ਹਾਲ ਦੇਣ ਦੀ ਕੀਤੀ ਗਈ ਅਪੀਲ ਬਾਰੇ ਉਨ੍ਹਾਂ ਕਿਹਾ ਕਿ ਇਹ ਮਾਮਲਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਕੋਲ ਭੇਜ ਦਿੱਤਾ ਗਿਆ ਹੈ। ਇਜਲਾਸ ਵਿੱਚ ਧਾਮੀ ਤੋਂ ਇਲਾਵਾ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ, ਮੀਤ ਪ੍ਰਧਾਨ ਬਲਦੇਵ ਸਿੰਘ ਕਲਿਆਣ, ਜਨਰਲ ਸਕੱਤਰ ਸ਼ੇਰ ਸਿੰਘ ਮੰਡਵਾਲਾ, ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਅਲਵਿੰਦਰ ਪਾਲ ਸਿੰਘ ਪੱਖੋਕੇ, ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਤੇ ਹੋਰ ਹਾਜ਼ਰ ਸਨ। ਜ਼ਿਕਰਯੋਗ ਹੈ ਕਿ ਇਸ ਸਮਾਗਮ ਵਿੱਚ ਮੀਡੀਆ ਨੂੰ ਸਮਾਗਮ ਵਿੱਚ ਸ਼ਾਮਲ ਹੋਣ ਦੀ ਆਗਿਆ ਨਹੀਂ ਦਿੱਤੀ ਗਈ ਅਤੇ ਨਾ ਹੀ ਮੀਡੀਆ ਵਾਸਤੇ ਸਮਾਗਮ ਦਾ ਪ੍ਰਸਾਰਨ ਕੀਤਾ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ 'ਚ ਪੰਜਾਬ ਸਰਕਾਰ ਵੱਲੋਂ ਪਵਿੱਤਰ ਗ੍ਰੰਥਾਂ ਦੇ ਸਬੰਧ ਵਿੱਚ ਲਿਆਂਦੇ ਜਾ ਰਹੇ ਬਿੱਲ ਦਾ ਵਿਰੋਧ ਕੀਤਾ ਗਿਆ ਅਤੇ ਇਸ ਨੂੰ ਗੁਰੂ ਗ੍ਰੰਥ ਸਾਹਿਬ ਦੀ ਵਿਲੱਖਣਤਾ ਨੂੰ ਚੁਣੌਤੀ ਦੇਣ ਵਾਲਾ ਆਖਿਆ ਗਿਆ ਹੈ। ਇਹ ਖੁਲਾਸਾ ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਕਿਰਨਜੋਤ ਕੌਰ ਨੇ ਕੀਤਾ।

**ਯੂਨੀਵਰਸਿਟੀਆਂ 'ਚ ਆਰ.ਐੱਸ.ਐੱਸ. ਦੇ ਦਖਲ ਤੇ ਡੇਰਾ ਮੁਖੀ ਨੂੰ ਪੈਰੋਲ ਦਾ ਵਿਰੋਧ**

ਇਜਲਾਸ ਦੌਰਾਨ ਯੂਨੀਵਰਸਿਟੀਆਂ ਵਿੱਚ ਆਰ.ਐੱਸ.ਐੱਸ. ਦਾ ਦਖਲ ਰੋਕਣ, ਪੰਜਾਬ ਸਰਕਾਰ ਵੱਲੋਂ ਬੇਅਦਬੀਆਂ ਸਬੰਧੀ ਲਿਆਂਦੇ ਗਏ ਬਿੱਲ ਅਤੇ ਸਰਕਾਰ ਵੱਲੋਂ ਸ਼੍ਰੋਮਣੀ ਕਮੇਟੀ ਦੇ ਬਰਾਬਰ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਸਬੰਧੀ ਸਮਾਗਮ ਕਰਵਾਉਣ ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ। ਡੇਰਾ ਸਿਰਸਾ ਦੇ ਮੁਖੀ ਰਾਮ ਰਹੀਮ ਨੂੰ ਵਾਰ-ਵਾਰ ਪੈਰੋਲ ਦੇਣ ਦੀ ਨਿਖੇਧੀ ਵੀ ਕੀਤੀ ਗਈ। ਐਡਵੋਕੇਟ ਧਾਮੀ ਨੇ ਦੱਸਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਆਉਂਦੀਆਂ ਸ਼ਿਕਾਇਤਾਂ ਦੇ ਨਿਬੇੜੇ ਵਾਸਤੇ ਅਤੇ ਹੋਰ ਮਾਮਲਿਆਂ ਸਬੰਧੀ ਵਿਚਾਰ-ਵਟਾਂਦਰਾ ਕਰਨ ਲਈ ਜਲਦੀ ਹੀ ਸਲਾਹਕਾਰ ਬੋਰਡ ਬਣਾਇਆ ਜਾਵੇਗਾ।

# ਰੂਸ ਤੋਂ ਅਜੇ ਵੀ ਤੇਲ ਦੀ ਖ਼ਰੀਦ ਕਰ ਰਹੀਆਂ ਹਨ ਭਾਰਤੀ ਤੇਲ ਰਿਫ਼ਾਇਨਰੀਆਂ

## ਰੂਸ ਹੈ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਕੱਚੇ ਤੇਲ ਦਾ ਉਤਪਾਦਕ

ਵਾਸ਼ਿੰਗਟਨ/ਏ.ਟੀ.ਨਿਊਜ਼: ਭਾਰਤੀ ਤੇਲ ਰਿਫ਼ਾਇਨਰੀਆਂ ਰੂਸੀ ਸਪਲਾਇਰਾਂ ਤੋਂ ਤੇਲ ਦੀ ਖਰੀਦ ਜਾਰੀ ਰੱਖ ਰਹੀਆਂ ਹਨ। ਸੂਤਰਾਂ ਨੇ ਖੁਲਾਸਾ ਕੀਤਾ ਕਿ ਉਨ੍ਹਾਂ ਦੇ ਸਪਲਾਈ ਸੰਬੰਧੀ ਫ਼ੈਸਲੇ ਕੀਮਤ, ਕੱਚੇ ਤੇਲ ਦੀ ਗੁਣਵੱਤਾ, ਭੰਡਾਰ, ਲੌਜਿਸਟਿਕਸ ਅਤੇ ਹੋਰ ਆਰਥਿਕ ਕਾਰਕਾਂ ਦੁਆਰਾ ਨਿਰਦੇਸ਼ਿਤ ਹੁੰਦੇ ਹਨ।

ਭਾਰਤ ਦੇ ਰੂਸੀ ਸਪਲਾਇਰਾਂ ਤੋਂ ਤੇਲ ਦੀ ਖਰੀਦ ਜਾਰੀ ਰੱਖਣ ਦੇ ਫ਼ੈਸਲੇ ਦਾ ਸੰਦਰਭ ਦਿੰਦਿਆਂ ਸੂਤਰਾਂ ਨੇ ਕਿਹਾ ਕਿ ਰੂਸ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਕੱਚੇ ਤੇਲ ਦਾ ਉਤਪਾਦਕ ਹੈ, ਜਿਸਦਾ ਉਤਪਾਦਨ ਲਗਭਗ 9.5 ਮਿਲੀਅਨ ਬੈਰਲ ਪ੍ਰਤੀ ਦਿਨ (ਲਗਭਗ 10% ਵਿਸ਼ਵ ਮੰਗ) ਹੈ। ਇਹ ਦੂਜਾ ਸਭ ਤੋਂ ਵੱਡਾ ਨਿਰਯਾਤਕ ਵੀ ਹੈ ਜੋ ਲਗਭਗ 4.5 ਮਿਲੀਅਨ ਬੈਰਲ ਪ੍ਰਤੀ ਦਿਨ ਕੱਚਾ ਤੇਲ ਅਤੇ 2.3 ਮਿਲੀਅਨ ਬੈਰਲ ਪ੍ਰਤੀ ਦਿਨ ਰਿਫ਼ਾਇੰਡ ਉਤਪਾਦ ਭੇਜਦਾ ਹੈ।

ਰੂਸੀ ਤੇਲ ਦੇ ਬਾਜ਼ਾਰ ਤੋਂ ਬਾਹਰ ਹੋਣ ਦੇ ਡਰ ਅਤੇ ਰਵਾਇਤੀ ਵਪਾਰਕ ਪ੍ਰਵਾਹਾਂ ਦੇ ਵਿਘਨ ਨੇ ਮਾਰਚ 2022 ਵਿੱਚ ਬ੍ਰੈਂਟ ਕਰੂਡ ਦੀਆਂ ਕੀਮਤਾਂ 137 ਅਮਰੀਕੀ ਡਾਲਰ ਪ੍ਰਤੀ ਬੈਰਲ ਤੱਕ ਪਹੁੰਚਾ ਦਿੱਤੀਆਂ ਸਨ।



ਸੂਤਰਾਂ ਨੇ ਅੱਗੇ ਕਿਹਾ, "ਇਸ ਚੁਣੌਤੀਪੂਰਨ ਮਾਹੌਲ ਵਿੱਚ ਭਾਰਤ ਨੇ ਦੁਨੀਆ ਦੇ ਤੀਜੇ ਸਭ ਤੋਂ ਵੱਡੇ ਊਰਜਾ ਖਪਤਕਾਰ ਅਤੇ 85% ਕੱਚੇ ਤੇਲ ਦੀ ਦਰਾਮਦ 'ਤੇ ਨਿਰਭਰ ਹੋਣ ਦੇ ਨਾਤੇ ਕੌਮਾਂਤਰੀ ਨਿਯਮਾਂ ਦੀ ਪੂਰੀ ਤਰ੍ਹਾਂ ਪਾਲਣਾ ਕਰਦੇ ਹੋਏ ਸਸਤੀ ਊਰਜਾ ਨੂੰ ਸੁਰੱਖਿਅਤ ਕਰਨ ਲਈ ਆਪਣੀ ਖਰੀਦਦਾਰੀ ਨੂੰ ਰਣਨੀਤਕ ਤੌਰ 'ਤੇ ਢਾਲਿਆ।"

ਇਸ ਤੋਂ ਪਹਿਲਾਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦਾਅਵਾ ਕੀਤਾ ਸੀ ਕਿ ਭਾਰਤ ਰੂਸੀ ਤੇਲ ਖਰੀਦਣਾ ਬੰਦ ਕਰ ਸਕਦਾ ਹੈ ਅਤੇ ਜੇ ਇਸਦੀ ਪੁਸ਼ਟੀ ਹੁੰਦੀ ਹੈ ਤਾਂ ਇਸਨੂੰ 'ਇੱਕ ਚੰਗਾ ਕਦਮ' ਦੱਸਿਆ, ਜਦੋਂ ਕਿ ਭਾਰਤ ਨੇ ਕੌਮੀ ਹਿੱਤਾਂ ਦੇ ਅਧਾਰ 'ਤੇ ਊਰਜਾ ਨੀਤੀ ਬਣਾਉਣ ਦੇ ਆਪਣੇ ਪ੍ਰਭੂਸੱਤਾ ਸੰਪੰਨ ਅਧਿਕਾਰ ਦਾ ਬਚਾਅ ਕੀਤਾ ਹੈ।

ਇਸ ਸਬੰਧੀ ਪਿਛਲੇ ਦਿਨੀਂ ਰਾਇਟਰਜ਼ ਨੇ ਆਪਣੇ ਸੂਤਰਾਂ ਦਾ ਹਵਾਲਾ ਦਿੰਦੇ ਹੋਏ ਰਿਪੋਰਟ ਦਿੱਤੀ ਸੀ ਕਿ ਭਾਰਤੀ ਸਰਕਾਰੀ ਰਿਫ਼ਾਇਨਰੀਆਂ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਟੈਰਿਫ਼ ਦੀਆਂ ਧਮਕੀਆਂ ਅਤੇ ਕੀਮਤਾਂ ਵਿੱਚ ਛੋਟ ਘਟਣ ਕਾਰਨ ਪਿਛਲੇ ਹਫ਼ਤੇ ਰੂਸੀ ਤੇਲ ਦੀ ਖਰੀਦ ਨੂੰ ਮੁਅੱਤਲ ਕਰ ਦਿੱਤਾ ਸੀ।

ਸੂਤਰਾਂ ਨੇ ਦੱਸਿਆ ਕਿ ਰੂਸੀ ਤੇਲ 'ਤੇ ਕਦੇ ਵੀ ਪਾਬੰਦੀ ਨਹੀਂ ਲਗਾਈ ਗਈ; ਇਸ ਦੀ ਬਜਾਏ, ਇਸਨੂੰ ਜੀ7/ਈਯੂ ਕੀਮਤ-ਕੈਪ ਪ੍ਰਣਾਲੀ ਦੇ ਅਧੀਨ ਰੱਖਿਆ ਗਿਆ ਸੀ ਜੋ ਮਾਲੀਆ ਸੀਮਤ ਕਰਨ ਅਤੇ ਗਲੋਬਲ ਸਪਲਾਈ ਨੂੰ ਜਾਰੀ ਰੱਖਣ ਲਈ ਬਣਾਈ ਗਈ ਸੀ।

# ਅਮਰੀਕਾ ਅਤੇ ਕੈਨੇਡਾ ਦੇ ਵਪਾਰਕ ਸਬੰਧਾਂ 'ਚ ਆਈ ਦਰਾਰ

## ਟਰੰਪ ਨੇ ਕੈਨੇਡਾ 'ਤੇ ਵਧਾਇਆ ਟੈਰਿ.ਫ

ਵਾਸ਼ਿਗਟਨ/ਏ.ਟੀ.ਨਿਊਜ਼ : ਫ਼ਲਸਤੀਨ ਨੂੰ ਇੱਕ ਸੁਤੰਤਰ ਰਾਸ਼ਟਰ ਵਜੋਂ ਮਾਨਤਾ ਦੇਣ ਦਾ ਐਲਾਨ ਕਰਕੇ ਕੈਨੇਡਾ ਨੇ ਖੁਦ ਹੀ ਅਮਰੀਕਾ ਨਾਲ ਆਪਣੇ ਵਪਾਰਕ ਸਬੰਧਾਂ ਵਿੱਚ ਦਰਾਰ ਪੈਦਾ ਕਰ ਦਿੱਤੀ ਹੈ। ਇਸ ਫੈਸਲੇ ਤੋਂ ਨਾਰਾਜ਼ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੈਨੇਡਾ 'ਤੇ 35% ਟੈਰਿਫ ਲਗਾ ਦਿੱਤਾ ਹੈ। ਇੰਨਾ ਹੀ ਨਹੀਂ, ਟਰੰਪ ਨੇ ਇੱਕ ਝਟਕੇ ਵਿੱਚ 96 ਦੇਸ਼ਾਂ 'ਤੇ ਇੱਕ ਨਵਾਂ ਟੈਰਿਫ ਲਗਾ ਦਿੱਤਾ ਹੈ, ਜਿਸ ਵਿੱਚ ਭਾਰਤ 'ਤੇ ਵੀ 25% ਡਿਊਟੀ ਲਗਾਈ ਗਈ ਹੈ। ਟੈਰਿਫ ਵਿਵਾਦ ਪਹਿਲਾਂ ਹੀ ਚੱਲ ਰਿਹਾ ਸੀ ਪਰ ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੇ ਫਲਸਤੀਨ ਬਾਰੇ ਬਿਆਨ ਨੇ ਅੱਗ ਵਿੱਚ ਤੇਲ ਪਾਉਣ ਦਾ ਕੰਮ ਕੀਤਾ।



ਕਾਰਨੀ ਨੇ 30 ਜੁਲਾਈ ਨੂੰ ਐਲਾਨ ਕੀਤਾ ਸੀ ਕਿ ਕੈਨੇਡਾ ਸਤੰਬਰ 2025 ਵਿੱਚ ਸੰਯੁਕਤ ਰਾਸ਼ਟਰ ਮਹਾਸਭਾ ਦੀ 80ਵੀਂ ਮੀਟਿੰਗ ਵਿੱਚ ਫਲਸਤੀਨ ਨੂੰ ਇੱਕ ਸੁਤੰਤਰ ਰਾਸ਼ਟਰ ਵਜੋਂ ਮਾਨਤਾ ਦੇਵੇਗਾ, ਪਰ ਇਸ ਲਈ ਇੱਕ ਸ਼ਰਤ ਰੱਖੀ ਕਿ ਹਮਾਸ ਨੂੰ 2026 ਦੀਆਂ ਚੋਣਾਂ ਵਿੱਚ ਹਿੱਸਾ ਨਹੀਂ ਲੈਣਾ ਚਾਹੀਦਾ।

ਵ੍ਹਾਈਟ ਹਾਊਸ ਨੇ ਸਪੱਸ਼ਟ ਕੀਤਾ ਹੈ ਕਿ ਕੈਨੇਡਾ ਨੂੰ ਇਸ ਸਮੇਂ ਕੋਈ ਛੋਟ ਨਹੀਂ ਦਿੱਤੀ ਜਾਵੇਗੀ। ਟਰੰਪ ਪ੍ਰਸ਼ਾਸਨ ਨੇ ਪਹਿਲਾਂ ਕੈਨੇਡਾ 'ਤੇ 25% ਟੈਰਿਫ ਲਗਾਇਆ ਸੀ, ਜਿਸ ਨੂੰ ਹੁਣ ਵਧਾ ਕੇ 35% ਕਰ ਦਿੱਤਾ ਗਿਆ ਹੈ। ਦੂਜੇ ਪਾਸੇ, ਟਰੰਪ ਨੇ ਮੈਕਸੀਕੋ ਨੂੰ ਨਵੇਂ ਵਪਾਰ ਸਮਝੌਤੇ 'ਤੇ ਗੱਲਬਾਤ ਕਰਨ ਲਈ 90 ਦਿਨ ਦਾ ਸਮਾਂ ਦਿੱਤਾ ਹੈ। ਇੰਨਾ ਹੀ ਨਹੀਂ, ਵ੍ਹਾਈਟ ਹਾਊਸ ਨੇ ਧਮਕੀ ਦਿੱਤੀ ਹੈ ਕਿ ਜੇਕਰ ਕੈਨੇਡਾ ਜਾਂ ਕੋਈ ਹੋਰ ਦੇਸ਼ ਨਵੇਂ ਟੈਰਿਫ ਤੋਂ ਬਚਣ ਲਈ ਕਿਸੇ ਤੀਜੇ ਦੇਸ਼ ਰਾਹੀਂ ਸਾਮਾਨ ਭੇਜਦਾ ਹੈ ਤਾਂ ਉਸ 'ਤੇ 40% ਟ੍ਰਾਂਸਸ਼ਿਪਮੈਂਟ ਚਾਰਜ ਵੀ ਲਗਾਇਆ ਜਾਵੇਗਾ।

ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਇੱਕ ਬਿਆਨ ਜਾਰੀ ਕਰਕੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਅਮਰੀਕਾ ਨਾਲ ਗੱਲਬਾਤ ਜਾਰੀ ਰੱਖੇਗੀ ਅਤੇ ਹੱਲ ਲੱਭਣ ਦੀ ਕੋਸ਼ਿਸ਼ ਕਰੇਗੀ, ਪਰ ਇਸ ਸਮੇਂ ਟਰੰਪ ਪ੍ਰਸ਼ਾਸਨ ਦੇ ਰਵੱਈਏ ਵਿੱਚ ਕੋਈ ਨਰਮੀ ਨਹੀਂ ਆ ਰਹੀ ਹੈ।

# ਅਮਰੀਕਾ ਦੀ ਅਦਾਲਤ ਵੱਲੋਂ ਟਰੰਪ ਦੇ 'ਤੁਰੰਤ ਦੇਸ਼ ਨਿਕਾਲੇ' ਵਾਲੇ ਹੁਕਮਾਂ 'ਤੇ ਰੋਕ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਦੇ ਇੱਕ ਸੰਘੀ ਜੱਜ ਨੇ ਟਰੰਪ ਪ੍ਰਸ਼ਾਸਨ ਦੇ ਫਾਸਟ ਟਰੈਕ ਮਤਲਬ ਤੁਰੰਤ ਦੇਸ਼ ਨਿਕਾਲੇ ਦੇ ਆਦੇਸ਼ 'ਤੇ ਰੋਕ ਲਗਾ ਦਿੱਤੀ ਹੈ। ਦਰਅਸਲ ਟਰੰਪ ਪ੍ਰਸ਼ਾਸਨ ਨੇ ਮਨੁੱਖੀ ਪੈਰੋਲ 'ਤੇ ਅਮਰੀਕਾ ਆਏ ਪਰਵਾਸੀਆਂ ਨੂੰ ਦੇਸ਼ ਨਿਕਾਲੇ ਲਈ ਤੁਰੰਤ ਕਾਰਵਾਈ ਕਰਨ ਦੇ ਨਿਰਦੇਸ਼ ਜਾਰੀ ਕੀਤੇ ਸਨ, ਜਿਸ ਦੇ ਤਹਿਤ ਹੋਮਲੈਂਡ ਸਿਕਿਓਰਿਟੀ ਨੂੰ ਪ੍ਰਵਾਸੀਆਂ ਨੂੰ ਜੱਜ ਦੇ ਸਾਹਮਣੇ ਪੇਸ਼ ਕੀਤੇ ਬਿਨਾਂ ਦੇਸ਼ ਨਿਕਾਲੇ ਦੀ ਸ਼ਕਤੀ ਮਿਲ ਗਈ ਸੀ। ਹਾਲਾਂਕਿ ਹੁਣ ਅਦਾਲਤ ਨੇ ਇਸ 'ਤੇ ਰੋਕ ਲਗਾ ਦਿੱਤੀ ਹੈ। ਅਦਾਲਤ ਦੇ ਇਸ ਫੈਸਲੇ ਨਾਲ ਲੱਖਾਂ ਲੋਕਾਂ ਨੂੰ ਫ਼ਾਇਦਾ ਹੋ ਸਕਦਾ ਹੈ।

ਮਾਨਵਤਾਵਾਦੀ ਪੈਰੋਲ ਅਮਰੀਕੀ ਕਾਨੂੰਨ ਦਾ ਇੱਕ ਉਪਬੰਧ ਹੈ, ਜਿਸ ਦੇ ਤਹਿਤ ਵਿਦੇਸ਼ੀ ਨਾਗਰਿਕਾਂ ਨੂੰ ਮਨੁੱਖੀ ਆਧਾਰ 'ਤੇ ਕੁਝ ਸਮੇਂ ਲਈ ਅਮਰੀਕਾ ਵਿੱਚ ਰਹਿਣ ਦੀ ਆਗਿਆ ਹੈ। ਇਹ ਗ੍ਰਹਿ ਸੁਰੱਖਿਆ ਵਿਭਾਗ ਦੁਆਰਾ ਦਿੱਤਾ ਜਾਂਦਾ ਹੈ, ਪਰ ਹਾਲ ਹੀ ਵਿੱਚ ਗ੍ਰਹਿ ਸੁਰੱਖਿਆ ਸਕੱਤਰ ਕ੍ਰਿਸਟੀ ਨੋਮ ਨੇ ਮਨੁੱਖੀ ਪੈਰੋਲ 'ਤੇ ਅਮਰੀਕਾ ਵਿੱਚ ਰਹਿ ਰਹੇ ਪ੍ਰਵਾਸੀਆਂ ਨੂੰ ਤੁਰੰਤ ਦੇਸ਼ ਨਿਕਾਲੇ ਦਾ ਹੁਕਮ ਦਿੱਤਾ ਹੈ। ਇਸ ਤੋਂ ਬਾਅਦ ਵੱਡੀ ਗਿਣਤੀ ਵਿੱਚ ਪ੍ਰਵਾਸੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਸੀ। ਪਰਵਾਸੀ ਅਧਿਕਾਰ ਸਮੂਹਾਂ ਨੇ ਹੋਮਲੈਂਡ ਸਿਕਿਓਰਿਟੀ ਦੀ ਇਸ ਕਾਰਵਾਈ ਵਿਰੁੱਧ ਅਦਾਲਤ ਵਿੱਚ ਪਟੀਸ਼ਨ ਦਾਇਰ ਕੀਤੀ।

# ਅਮਰੀਕਾ ਦੀ ਪਾਕਿਸਤਾਨ ਨਾਲ ਦੋਸਤੀ ਦਾ ਭਾਰਤ-ਅਮਰੀਕਾ ਸਬੰਧਾਂ 'ਤੇ ਪੈ ਸਕਦੈ ਅਸਰ

ਨਿਊਯਾਰਕ/ਏ.ਟੀ.ਨਿਊਜ਼ : 2019 'ਚ ਹਿਊਸਟਨ ਦੇ ਹਾਊਡੀ ਮੋਦੀ ਸਮਾਗਮ ਦੌਰਾਨ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਤਤਕਾਲੀ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸਾਂਝ ਨੇ ਭਾਰਤ-ਅਮਰੀਕਾ ਰਿਸ਼ਤਿਆਂ 'ਚ ਨਵਾਂ ਜੋਸ਼ ਭਰਿਆ ਸੀ। ਲੱਖਾਂ ਭਾਰਤੀ-ਅਮਰੀਕੀਆਂ ਦੀ ਹਾਜ਼ਰੀ ਅਤੇ ਉਤਸ਼ਾਹ ਨੇ ਦੱਸਿਆ ਸੀ ਕਿ ਨਵਾਂ ਦੌਰ ਸ਼ੁਰੂ ਹੋ ਰਿਹਾ ਹੈ। ਪਰ ਹੁਣ ਦੋਵਾਂ ਦੇਸ਼ਾਂ ਦੀ ਦੋਸਤੀ ਵਿੱਚ ਖਟਾਸ ਆਉਂਦੀ ਦਿਖਾਈ ਦੇ ਰਹੀ ਹੈ।

ਜੁਲਾਈ 25 ਨੂੰ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੁਬਿਓ ਦੀ ਪਾਕਿਸਤਾਨ ਦੇ ਉਪ-ਪ੍ਰਧਾਨ ਮੰਤਰੀ ਇਸ਼ਾਕ ਡਾਰ ਨਾਲ ਮੁਲਾਕਾਤ ਨੇ ਭਾਰਤ ਵਿੱਚ ਨਰਾਸ਼ਾ ਪੈਦਾ ਕੀਤੀ। ਭਾਰਤ ਵਿੱਚ ਸਵਾਲ ਉੱਠੇ ਕਿ ਪਾਕਿਸਤਾਨ, ਜੋ ਕਿ ਲੰਬੇ ਸਮੇਂ ਤੋਂ ਭਾਰਤ ਲਈ ਸਰਹੱਦੀ ਅੱਤਵਾਦ ਦਾ ਸਰਪ੍ਰਸਤ ਰਿਹਾ ਹੈ, ਨਾਲ ਅਮਰੀਕਾ ਅਜਿਹਾ ਭਾਈਚਾਰੇ ਵਾਲਾ ਵਿਹਾਰ ਕਿਉਂ ਕਰ ਰਿਹਾ ਹੈ ? ਇਹ ਉਸ ਸਮੇਂ ਹੋ ਰਿਹਾ ਹੈ ਜਦੋਂ ਭਾਰਤ ਨੇ ਕਈ ਦਹਾਕਿਆਂ ਦੀ ਮਿਹਨਤ ਨਾਲ ਅਮਰੀਕਾ ਨਾਲ ਨਜ਼ਦੀਕਤਾ ਬਣਾਈ ਸੀ।

ਟਰੰਪ ਵੱਲੋਂ ਕਸ਼ਮੀਰ ਮਾਮਲੇ 'ਚ ਵਿਚੋਲਗੀ ਦੀ ਗੱਲ ਦੁਬਾਰਾ ਉੱਠਾਉਣਾ ਭਾਰਤ ਲਈ ਮੂਲ ਰੂਪ 'ਚ ਅਸਵੀਕਾਰਯੋਗ ਹੈ। ਭਾਰਤ ਸਾਫ ਕਰ ਚੁੱਕਾ ਹੈ ਕਿ ਕਸ਼ਮੀਰ ਸਮੇਤ ਹਰੇਕ ਸੰਵੇਦਨਸ਼ੀਲ ਮਸਲਾ ਸਿਰਫ ਦੋ ਪਾਸਿਆਂ ਵਿਚਕਾਰ ਹੱਲ ਕੀਤਾ ਜਾਣਾ ਚਾਹੀਦਾ ਹੈ। ਅਜਿਹੇ ਬਿਆਨ ਭਾਰਤ ਦੀ ਸੰਪਰਭੂਤਾ ਤੇ ਵਿਸ਼ਵਾਸ ਉੱਤੇ ਸੀਧਾ ਅਸਰ ਪਾਉਂਦੇ ਹਨ।



ਨਾਜ਼ੁਕ ਮੋੜ 'ਤੇ ਖੜੀ ਭਾਰਤੀ ਵਿਦੇਸ਼ ਨੀਤੀ, ਜੋ ਹੁਣ ਗੈਰ-ਪੱਖਪਾਤੀ ਰਹਿਣ ਦੀ ਥਾਂ ਤੱਥਾਂ ਵਾਲੀ ਭਾਗੀਦਾਰੀ ਵੱਲ ਵਧੀ ਹੈ, ਨੂੰ ਅਜਿਹੀਆਂ ਉਲਝਣਾਂ ਘਾਟ ਪਾ ਰਹੀਆਂ ਹਨ। ਭਾਰਤ ਮਲਾਬਾਰ ਯੁੱਧ ਅਭਿਆਸ ਅਤੇ ਇੰਡੋ-ਪੈਸਿਫਿਕ ਦ੍ਰਿਸ਼ਟੀਕੋਣ ਵਿੱਚ ਆਪਣੀ ਭੂਮਿਕਾ ਨਿਭਾ ਰਿਹਾ ਹੈ। ਪਰ ਟਰੰਪ ਦੀ ਦੋਹਰੀ ਭੂਮਿਕਾ 'ਇੱਕ ਪਾਸੇ ਪਾਕਿਸਤਾਨ ਨਾਲ ਘੜਤ ਬਣਾਉਣਾ ਅਤੇ ਦੂਜੇ ਪਾਸੇ ਭਾਰਤ ਨੂੰ ਨਜ਼ਰਅੰਦਾਜ਼ ਕਰਨਾ' ਦੋਹਾਂ ਦੇ ਰਿਸ਼ਤਿਆਂ ਨੂੰ ਡਾਵਾਂ-ਡੋਲ ਕਰ ਰਹੀ ਹੈ।

ਆਮ ਤੌਰ 'ਤੇ ਅਮਰੀਕਾ ਭਾਰਤ ਨੂੰ ਚੀਨ ਦੀ ਵਾਧੂ ਅਸਰਤਾ ਨੂੰ ਸੰਤੁਲਿਤ ਕਰਨ ਵਾਲੇ ਲੋਕਤੰਤਰਕ ਭਾਰਤੀ ਸੰਬੰਧੀ ਵਜੋਂ ਵੇਖਦਾ ਆਇਆ ਹੈ। ਪਰ ਜੇਕਰ ਅਮਰੀਕਾ, ਪਾਕਿਸਤਾਨ ਨਾਲ ਲੈਣ-ਦੇਣ ਦੀ ਰਾਜਨੀਤੀ ਨੂੰ ਤਰਜੀਹ ਦੇ ਰਿਹਾ ਹੈ, ਤਾਂ ਇਹ ਚੀਨ ਲਈ ਮੌਕਾ ਬਣਦਾ ਜਾ ਰਿਹਾ ਹੈ।

ਮਈ ਦੇ ਪਹਿਲੇ ਹਫ਼ਤੇ 'ਚ ਭਾਰਤ ਅਤੇ ਪਾਕਿਸਤਾਨ ਵਿਚਕਾਰ ਹੋਈ ਝੜਪ ਦੌਰਾਨ ਅਮਰੀਕੀ ਉਪ-ਰਾਸ਼ਟਰਪਤੀ ਜੇ.ਡੀ. ਵੈਂਸ ਦਾ ਕਹਿਣਾ ਸੀ ਕਿ ਇਹ ਸਾਡਾ ਮਾਮਲਾ ਨਹੀਂ। ਇਹ ਭਾਵਨਾ ਵੀ ਅਮਰੀਕਾ ਲਈ ਭਾਰਤ ਵਿਚ ਗਹਿਰੀ ਨਿਰਾਸ਼ਾ ਪੈਦਾ ਕਰ ਰਹੀ ਹੈ।

ਜੇ ਟਰੰਪ ਸਰਕਾਰ ਦੱਖਣੀ ਏਸ਼ੀਆ ਵਿੱਚ ਕੋਈ ਭੂਮਿਕਾ ਨਿਭਾਉਣੀ ਚਾਹੁੰਦੀ ਹੈ, ਤਾਂ ਇਹੀ ਸਮਾਂ ਹੈ ਜਦੋਂ ਉਹ ਭਾਰਤ ਨੂੰ ਇੱਕ ਬਰਾਬਰੀ ਦੇ ਭਾਗੀਦਾਰ ਵਜੋਂ ਮੰਨੇ। ਨਹੀਂ ਤਾਂ, ਇਹ ਭਰੋਸਾ ਖਤਮ ਹੋ ਸਕਦਾ ਹੈ। ਭਾਰਤ ਵਿੱਚ ਉਹ ਆਵਾਜ਼ਾਂ ਜੋ ਕਹਿੰਦੀਆਂ ਹਨ ਕਿ ਪੱਛਮ ਭਰੋਸੇਯੋਗ ਨਹੀਂ—ਉਹ ਹੋਰ ਮਜ਼ਬੂਤ ਹੋ ਰਹੀਆਂ ਹਨ।

ਇਹ ਸਦਾਬਹਾਰ ਸਾਂਝ ਜੇਕਰ ਹੁਣ ਟੁੱਟੀ ਤਾਂ ਇਹ ਮੁੜ ਨਵੀਂ ਨਹੀਂ। ਸਰਕਾਰਾਂ ਤਬਦੀਲ ਹੋ ਜਾਣ, ਪਰ ਭਰੋਸਾ ਵਾਪਸ ਬਣਾਉਣਾ ਦਹਾਕੇ ਲੈ ਸਕਦਾ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

**Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu**

**Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.**

**Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.**

**All legal disputes must be handled in the courts of State of Punjab in India.**

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਅਮਰੀਕਾ ਵੱਲੋਂ ਗਰੀਨ ਕਾਰਡ ਨਿਯਮ ਸਖ਼ਤ, ਅਮਰੀਕਾ ਜਾਣਾ ਹੋਇਆ ਮਹਿੰਗਾ

## ਭਾਰਤੀਆਂ 'ਤੇ ਹੋਵੇਗਾ ਅਸਰ: ਸ਼ਾਦੀਸ਼ੁਦਾ ਜੋੜਿਆਂ ਲਈ ਮੁਸ਼ਕਿਲ ਖੜੀ ਹੋਵੇਗੀ

## ਵੀਜ਼ੇ ਲਈ ਲੱਖਾਂ ਦਾ ਬਾਂਡ ਭਰਨਾ ਹੋਵੇਗਾ: ਟਰੰਪ ਦੀ ਨਵੀਂ ਨੀਤੀ ਦਾ ਐਲਾਨ

ਅਮਰੀਕਾ ਦੀ ਸਰਕਾਰ ਨੇ ਗਰੀਨ ਕਾਰਡ ਜਾਰੀ ਕਰਨ ਦੇ ਨਿਯਮਾਂ ਨੂੰ ਹੋਰ ਸਖ਼ਤ ਕਰ ਦਿੱਤਾ ਹੈ। ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾ ਨੇ ਨਵੇਂ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ, ਜਿਨ੍ਹਾਂ ਦਾ ਮਕਸਦ ਧੋਖਾਧੜੀ ਵਾਲੇ ਵਿਆਹਾਂ ਨੂੰ ਰੋਕਣਾ ਅਤੇ ਸਿਰਫ ਸੱਚੇ ਰਿਸ਼ਤਿਆਂ ਨੂੰ ਹੀ ਮਾਨਤਾ ਦੇਣਾ ਹੈ। ਇਹ ਨਿਯਮ 1 ਅਗਸਤ 2025 ਤੋਂ ਲਾਗੂ ਹੋ ਗਏ ਹਨ ਅਤੇ ਸਾਰੀਆਂ ਪੁਰਾਣੀਆਂ ਤੇ ਨਵੀਆਂ ਅਰਜੀਆਂ 'ਤੇ ਵੀ ਲਾਗੂ ਹੋਣਗੇ। ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾ ਮੁਤਾਬਕ, ਇਹ ਕਦਮ ਅਮਰੀਕੀ ਇਮੀਗ੍ਰੇਸ਼ਨ ਪ੍ਰਣਾਲੀ 'ਚ ਵਿਸ਼ਵਾਸ ਬਣਾਈ ਰੱਖਣ ਅਤੇ ਅਮਰੀਕੀ ਨਾਗਰਿਕਾਂ ਦੀ ਸੁਰੱਖਿਆ ਲਈ ਜ਼ਰੂਰੀ ਹੈ।




ਨਵੇਂ ਨਿਯਮਾਂ ਨੇ ਵਿਆਹ-ਆਧਾਰਿਤ ਗਰੀਨ ਕਾਰਡ ਅਰਜੀਆਂ ਦੀ ਜਾਂਚ ਨੂੰ ਬਹੁਤ ਸਖਤ ਕਰ ਦਿੱਤਾ ਹੈ। ਹੁਣ ਜੋੜਿਆਂ ਨੂੰ ਆਪਣੇ ਰਿਸ਼ਤੇ ਦੀ ਸੱਚਾਈ ਸਾਬਤ ਕਰਨ ਲਈ ਪੁਖਤਾ ਸਬੂਤ ਦੇਣੇ ਪੈਣਗੇ, ਜਿਵੇਂ ਕਿ ਸੰਯੁਕਤ ਵਿੱਤੀ ਵੇਰਵੇ, ਫੋਟੋਆਂ, ਪਰਿਵਾਰਕ ਹਲਫਨਾਮੇ ਅਤੇ ਹੋਰ ਦਸਤਾਵੇਜ। ਨਾਲ ਹੀ, ਜੋੜਿਆਂ ਦੇ ਨਿੱਜੀ ਹਸਤਾਖ਼ਰ ਵੀ ਲਏ ਜਾਣਗੇ, ਜਿਸ ਵਿੱਚ ਉਨ੍ਹਾਂ ਦੇ ਰਿਸ਼ਤੇ ਦੀ ਪੜਤਾਲ ਹੋਵੇਗੀ। ਜੇ ਕੋਈ ਅਮਰੀਕੀ ਨਾਗਰਿਕ ਭਾਰਤੀ ਜੀਵਨ ਸਾਥੀ ਨੂੰ ਸਪਾਂਸਰ ਕਰਦਾ ਹੈ, ਤਾਂ ਉਸ ਨੂੰ ਸਖਤ ਜਾਂਚ ਦਾ ਸਾਹਮਣਾ ਕਰਨਾ ਪਵੇਗਾ। ਜਿਹੜੇ ਲੋਕ ਪਹਿਲਾਂ ਹੀ ਕਿਸੇ ਹੋਰ ਵੀਜੇ 'ਤੇ ਅਮਰੀਕਾ ਵਿੱਚ ਹਨ ਅਤੇ ਵਿਆਹ ਰਾਹੀਂ ਸਟੇਟਸ ਬਦਲਣਾ ਚਾਹੁੰਦੇ ਹਨ, ਉਨ੍ਹਾਂ ਦੀ ਪਿਛੋਕੜ ਦੀ ਵੀ ਡੂੰਘੀ ਪੜਤਾਲ ਹੋਵੇਗੀ।

### ਯਾਤਰਾ ਲਈ ਲੱਖਾਂ ਦਾ ਬਾਂਡ ਕਿਉਂ ਭਰਨਾ ਪਵੇਗਾ ?

ਟਰੰਪ ਪ੍ਰਸ਼ਾਸਨ ਨੇ ਵੀਜ਼ਾ ਨਿਯਮਾਂ ਵਿੱਚ ਵੱਡੇ ਬਦਲਾਅ ਦਾ ਪ੍ਰਸਤਾਵ ਰੱਖਿਆ ਹੈ, ਜਿਸ 'ਚ ਭਾਰਤ ਵਰਗੇ ਦੇਸ਼ਾਂ ਦੇ ਨਾਗਰਿਕਾਂ ਨੂੰ ਅਮਰੀਕਾ ਜਾਣ ਲਈ 5,000 ਤੋਂ 15,000 ਡਾਲਰ (ਕਰੀਬ 4.25 ਲੱਖ ਤੋਂ 12.75 ਲੱਖ ਰੁਪਏ) ਦਾ ਬਾਂਡ ਜਮ੍ਹਾ ਕਰਨਾ ਪੈ ਸਕਦਾ ਹੈ। ਇਸ ਬਾਂਡ ਦਾ ਮਕਸਦ ਇਹ ਯਕੀਨੀ ਕਰਨਾ ਹੈ ਕਿ ਵੀਜ਼ਾ ਧਾਰਕ ਅਮਰੀਕਾ ਵਿੱਚ ਨਿਰਧਾਰਤ ਸਮੇਂ ਤੋਂ ਵੱਧ ਨਾ ਰੁਕਣ ਅਤੇ ਵਾਪਸ ਆਪਣੇ ਦੇਸ਼ ਪਰਤ ਜਾਣ। ਇਹ ਪਾਇਲਟ ਪ੍ਰੋਗਰਾਮ 20 ਅਗਸਤ 2025 ਤੋਂ ਸ਼ੁਰੂ ਹੋ ਸਕਦਾ ਹੈ ਅਤੇ ਖਾਸ ਤੌਰ 'ਤੇ ਉਨ੍ਹਾਂ ਦੇਸ਼ਾਂ 'ਤੇ ਲਾਗੂ ਹੋਵੇਗਾ, ਜਿਨ੍ਹਾਂ ਦੇ ਨਾਗਰਿਕ ਅਕਸਰ ਵੀਜ਼ਾ ਮਿਆਦ ਖਤਮ ਹੋਣ 'ਤੇ ਵੀ ਅਮਰੀਕਾ ਵਿੱਚ ਰਹਿ ਜਾਂਦੇ ਹਨ। ਜੇ ਵੀਜ਼ਾ ਧਾਰਕ ਸਮੇਂ ਸਿਰ ਵਾਪਸ ਪਰਤਦਾ ਹੈ, ਤਾਂ ਇਹ ਰਕਮ ਵਾਪਸ ਮਿਲ ਸਕਦੀ ਹੈ।

### ਭਾਰਤੀਆਂ 'ਤੇ ਕੀ ਹੋਵੇਗਾ ਅਸਰ ?

ਅਮਰੀਕਾ ਵਿੱਚ ਵਸਦੇ ਵਿਦੇਸ਼ੀਆਂ ਵਿੱਚ ਭਾਰਤੀਆਂ ਦੀ ਗਿਣਤੀ ਕਾਫੀ ਵੱਡੀ ਹੈ, ਇਸ ਲਈ ਇਨ੍ਹਾਂ ਸਖਤ ਨਿਯਮਾਂ ਦਾ ਸਿੱਧਾ ਅਸਰ ਭਾਰਤੀਆਂ 'ਤੇ ਪਵੇਗਾ। ਵਿਆਹ-ਆਧਾਰਿਤ ਗਰੀਨ ਕਾਰਡ ਲਈ ਅਰਜੀ ਕਰਨ ਵਾਲੇ ਭਾਰਤੀ ਜੋੜਿਆਂ ਨੂੰ ਹੁਣ ਵਧੇਰੇ ਸਬੂਤ ਅਤੇ ਸਖਤ ਜਾਂਚ ਦਾ ਸਾਹਮਣਾ ਕਰਨਾ ਪਵੇਗਾ, ਜਿਸ ਨਾਲ ਪ੍ਰਕਿਰਿਆ ਲੰਮੀ ਅਤੇ ਔਖੀ ਹੋ ਸਕਦੀ ਹੈ। ਨਾਲ ਹੀ, ਨਵੇਂ ਵੀਜ਼ਾ ਬਾਂਡ ਨਿਯਮ ਨੇ ਭਾਰਤੀਆਂ ਲਈ ਅਮਰੀਕਾ ਜਾਣਾ ਮਹਿੰਗਾ ਅਤੇ ਮੁਸ਼ਕਿਲ ਬਣਾ ਦਿੱਤਾ ਹੈ। ਖਾਸ ਕਰਕੇ ਪੰਜਾਬ ਅਤੇ ਹਰਿਆਣਾ ਵਰਗੇ ਰਾਜਾਂ ਵਿਚੋਂ ਅਮਰੀਕਾ ਜਾਣ ਦੀ ਇੱਛਾ ਰੱਖਣ ਵਾਲੇ ਨੌਜਵਾਨਾਂ ਨੂੰ ਵੱਡੀ ਆਰਥਿਕ ਬੋਝ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਦੇ ਨਾਲ, ਅਮਰੀਕਾ ਵਿੱਚ ਗ਼ੈਰ-ਕਾਨੂੰਨੀ ਤਰੀਕੇ ਨਾਲ ਰਹਿ ਰਹੇ ਭਾਰਤੀਆਂ ਨੂੰ ਵੀ ਡਿਪੋਰਟੇਸ਼ਨ ਦਾ ਡਰ ਸਤਾ ਰਿਹਾ ਹੈ, ਜਿਵੇਂ ਕਿ ਹਾਲ ਹੀ ਵਿੱਚ 104 ਭਾਰਤੀਆਂ ਨੂੰ ਅਮਰੀਕੀ ਫ਼ੌਜੀ ਜਹਾਜ਼ ਰਾਹੀਂ ਵਾਪਸ ਭੇਜਿਆ ਗਿਆ।

ਇਹ ਸਖ਼ਤ ਨੀਤੀਆਂ ਭਾਰਤੀਆਂ ਦੇ ਅਮਰੀਕਾ ਵਿੱਚ ਸਥਾਈ ਨਿਵਾਸ ਜਾਂ ਨੌਕਰੀ ਦੀਆਂ ਸੰਭਾਵਨਾਵਾਂ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ, ਜਿਸ ਨਾਲ ਕਈ ਪਰਿਵਾਰਾਂ ਵਿੱਚ ਚਿੰਤਾ ਵਧ ਰਹੀ ਹੈ।

# ਅਮਰੀਕਾ 'ਚ 1500 ਤੋਂ ਵੱਧ ਟਰੱਕ ਡਰਾਈਵਰਾਂ ਦੇ ਲਾਇਸੈਂਸ ਰੱਦ

## ਅੰਗਰੇਜ਼ੀ ਭਾਸ਼ਾ ਤੋਂ ਅਣਜਾਣ ਟਰੱਕ ਡਰਾਈਵਰ ਸੜਕਾਂ ਨੂੰ ਬਣਾ ਰਹੇ ਹਨ ਖ਼ਤਰਨਾਕ: ਟ੍ਰਾਂਸਪੋਰਟ ਮੰਤਰੀ ਸ਼ੌਨ ਡਫੀ

ਨਿਊਯਾਰਕ/ ਏ.ਟੀ.ਨਿਊਜ਼: ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਸਖ਼ਤ ਨੀਤੀਆਂ ਦਾ ਅਸਰ ਅਮਰੀਕਾ ਵਿੱਚ ਕੰਮ ਕਰਦੇ ਪੰਜਾਬੀ ਟਰੱਕ ਡਰਾਈਵਰਾਂ 'ਤੇ ਪਿਆ ਹੈ। ਹਾਲ ਹੀ ਵਿੱਚ ਅਮਰੀਕਾ ਵਿਚ ਅੰਗਰੇਜ਼ੀ ਭਾਸ਼ਾ ਵਿਚ ਮੁਹਾਰਤ ਦੀ ਘਾਟ ਕਾਰਨ 1500 ਤੋਂ ਵੱਧ ਟਰੱਕ ਡਰਾਈਵਰਾਂ ਦੇ ਲਾਇਸੈਂਸ ਰੱਦ ਕੀਤੇ ਗਏ ਹਨ। ਇਹ ਡਰਾਈਵਰ ਹੁਣ ਵਿਹਲੇ ਬੈਠਣ ਲਈ ਮਜਬੂਰ ਹਨ। ਇਨ੍ਹਾਂ ਵਿਚੋਂ 230 ਪੰਜਾਬੀ ਦੱਸੇ ਜਾ ਰਹੇ ਹਨ। ਟ੍ਰਾਂਸਪੋਰਟ ਮੰਤਰੀ ਸ਼ੌਨ ਡਫੀ ਨੇ ਕਿਹਾ ਕਿ ਅਮੈਰਿਕਾ ਫਸਟ ਦਾ ਮਤਲਬ ਲੋਕਾਂ ਦੀ ਸੁਰੱਖਿਆ ਸਾਡੀ ਤਰਜੀਹ ਬਣਦੀ ਹੈ ਪਰ ਅੰਗਰੇਜ਼ੀ ਭਾਸ਼ਾ ਤੋਂ ਅਣਜਾਣ ਟਰੱਕ ਡਰਾਈਵਰ ਸੜਕਾਂ ਨੂੰ ਖਤਰਨਾਕ ਬਣਾ ਰਹੇ ਹਨ।




ਟ੍ਰਕਿੰਗ ਖੇਤਰ ਦੇ ਜਾਣਕਾਰਾਂ ਦਾ ਕਹਿਣਾ ਹੈ ਕਿ ਹਜ਼ਾਰਾਂ ਦੀ ਗਿਣਤੀ ਵਿੱਚ ਪੰਜਾਬੀ ਡਰਾਈਵਰਾਂ ਦਾ ਗੁਜ਼ਾਰਾ ਟਰੱਕ ਚਲਾ ਕੇ ਹੁੰਦਾ ਹੈ ਅਤੇ ਹੁਣ ਅੰਗਰੇਜ਼ੀ ਭਾਸ਼ਾ ਆਉਣ ਦੀ ਸ਼ਰਤ ਕਾਰਨ ਸੈਂਕੜਿਆਂ ਨੂੰ ਆਪਣਾ ਪੇਸ਼ਾ ਹੀ ਬਦਲਣਾ ਪੈ ਸਕਦਾ ਹੈ। ਦੱਸ ਦੇਈਏ ਕਿ ਫੈਡਰਲ ਮੋਟਰ ਕੈਰੀਅਰ ਸੇਫ਼ਟੀ ਐਡਮਨਿਸਟ੍ਰੇਸ਼ਨ ਵੱਲੋਂ ਟਰੱਕ ਡਰਾਈਵਰਾਂ ਲਈ ਅੰਗਰੇਜ਼ੀ ਲਾਜ਼ਮੀ ਕਰਨ ਦੀ ਤਜਵੀਜ਼ ਪੇਸ਼ ਕੀਤੀ ਗਈ ਸੀ ਪਰ ਬਰਾਕ ਓਬਾਮਾ ਦੇ ਰਾਸ਼ਟਰਪਤੀ ਹੁੰਦਿਆਂ ਇਸ ਨੂੰ ਟਾਲ ਦਿਤਾ ਗਿਆ। ਟਰੰਪ ਦੇ ਪਹਿਲੇ ਕਾਰਜਕਾਲ ਦੌਰਾਨ ਵੀ ਇਹ ਨਿਯਮ ਸਖਤੀ ਨਾਲ ਲਾਗੂ ਨਾ ਕੀਤਾ ਜਾ ਸਕਿਆ ਪਰ ਇਸ ਵਾਰ ਅੰਗਰੇਜ਼ੀ ਭਾਸ਼ਾ ਨਾ ਆਉਣ 'ਤੇ ਟਰੱਕ ਡਰਾਈਵਿੰਗ ਦਾ ਪੇਸ਼ਾ ਛੱਡਣਾ ਪੈ ਰਿਹਾ ਹੈ। ਆਉਣ ਵਾਲੇ ਦਿਨਾਂ ਵਿਚ ਹੋਰਨਾਂ ਵਿਰੁੱਧ ਕਾਰਵਾਈ ਹੋਵੇਗੀ। ਟ੍ਰਾਂਸਪੋਰਟ ਮੰਤਰਾਲੇ ਨੇ ਦਲੀਲ ਪੇਸ਼ ਕਰਦਿਆਂ ਕਿਹਾ ਕਿ 2019 ਵਿੱਚ ਇੱਕ ਟਰੱਕ ਡਰਾਈਵਰ ਤਕਰੀਬਨ 100 ਮੀਲ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਜਾ ਰਿਹਾ ਸੀ ਅਤੇ ਅੰਗਰੇਜ਼ੀ ਨਾ ਆਉਂਦੀ ਹੋਣ ਕਾਰਨ ਉਹ ਕੋਈ ਸਾਈਨ ਨਾ ਪੜ੍ਹ ਸਕਿਆ ਅਤੇ ਅੱਗੇ ਜਾ ਕੇ ਵਾਪਰੇ ਖ਼ੌਫ਼ਨਾਕ ਹਾਦਸੇ ਦੌਰਾਨ ਚਾਰ ਜਣਿਆਂ ਦੀ ਮੌਤ ਹੋ ਗਈ। ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਅਪ੍ਰੈਲ ਵਿੱਚ ਜਾਰੀ ਕਾਰਜਕਾਰੀ ਹੁਕਮਾਂ ਤਹਿਤ ਟਰੱਕ ਡਰਾਈਵਰਾਂ ਲਈ ਅੰਗਰੇਜ਼ੀ ਲਾਜ਼ਮੀ ਕਰ ਦਿੱਤੀ ਗਈ ਅਤੇ ਟ੍ਰਾਂਸਪੋਰਟੇਸ਼ਨ ਉਦਯੋਗ ਨੇ ਵੀ ਇਸ ਦੀ ਡਟਵੀਂ ਹਮਾਇਤ ਕੀਤੀ।

# ਟਰੰਪ ਨੂੰ ਮਿਲਣਾ ਚਾਹੀਦਾ ਹੈ ਨੋਬਲ ਸ਼ਾਂਤੀ ਪੁਰਸਕਾਰ: ਵ੍ਹਾਈਟ ਹਾਊਸ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਈ ਅੰਤਰਰਾਸ਼ਟਰੀ ਤਣਾਅਪੂਰਨ ਵਿਵਾਦਾਂ ਨੂੰ ਹੱਲ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ, ਜਿਸ ਤੋਂ ਬਾਅਦ ਵ੍ਹਾਈਟ ਹਾਊਸ ਨੇ ਉਨ੍ਹਾਂ ਨੂੰ ਨੋਬਲ ਸ਼ਾਂਤੀ ਪੁਰਸਕਾਰ ਲਈ ਉਮੀਦਵਾਰ ਬਣਾਉਣ ਦੀ ਮੰਗ ਕੀਤੀ ਹੈ।

ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰੋਲਿਨ ਲੇਵਿਟ ਨੇ ਦਾਅਵਾ ਕੀਤਾ ਕਿ ਟਰੰਪ ਨੇ ਥਾਈਲੈਂਡ ਅਤੇ ਕੰਬੋਡੀਆ, ਇਜ਼ਰਾਇਲ ਅਤੇ ਇਰਾਨ, ਰਵਾਂਡਾ ਅਤੇ ਡੈਮੋਕ੍ਰੇਟਿਕ ਰਿਪਬਲਿਕ ਆਫ ਕਾਂਗੋ, ਭਾਰਤ ਅਤੇ ਪਾਕਿਸਤਾਨ, ਸਰਬੀਆ ਤੇ ਕੋਸੋਵੋ ਅਤੇ ਮਿਸਰ ਤੇ ਇਥੋਪੀਆ ਵਿਚਕਾਰ ਚੱਲ ਰਹੇ ਵਿਵਾਦਾਂ ਨੂੰ ਖਤਮ ਕਰਵਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਟਰੰਪ ਨੇ ਥਾਈਲੈਂਡ ਅਤੇ ਕੰਬੋਡੀਆ ਵਿਚਕਾਰ ਤੁਰੰਤ ਅਤੇ ਬਿਨਾਂ ਸ਼ਰਤ ਜੰਗਬੰਦੀ ਕਰਵਾਉਣ ਵਿੱਚ ਵੀ ਮਦਦ ਕੀਤੀ। ਦੋਵੇਂ ਦੇਸ਼ ਇੱਕ ਘਾਤਕ ਟਕਰਾਅ ਵਿੱਚ ਉਲਝੇ ਹੋਏ ਸਨ।

ਉਨ੍ਹਾਂ ਕਿਹਾ ਕਿ ਟਰੰਪ ਨੇ ਹਰ ਮਹੀਨੇ ਔਸਤਨ ਇੱਕ ਸ਼ਾਂਤੀ ਸਮਝੌਤਾ ਜਾਂ ਜੰਗਬੰਦੀ ਕਰਵਾਈ ਹੈ। ਹੁਣ ਸਮਾਂ ਆ ਗਿਆ ਹੈ ਕਿ ਉਨ੍ਹਾਂ ਨੂੰ ਨੋਬਲ ਸ਼ਾਂਤੀ ਪੁਰਸਕਾਰ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਟਰੰਪ ਨੇ ਹਰ ਮਹੀਨੇ ਇਕ ਵਿਵਾਦ ਨੂੰ ਸੁਲਝਾਇਆ ਹੈ, ਇਸ ਲਈ ਉਹ ਨੋਬਲ ਸ਼ਾਂਤੀ ਪੁਰਸਕਾਰ ਦੇ ਹੱਕਦਾਰ ਹਨ। ਉਨ੍ਹਾਂ ਕਿਹਾ ਕਿ ਕੁਝ ਲੋਕ ਇਸ ਨੂੰ ਰਾਜਨੀਤਕ ਕਦਰ ਵਧਾਉਣ ਦੀ ਕੋਸ਼ਿਸ਼ ਵੀ ਮੰਨ ਰਹੇ ਹਨ।

# ਭਾਰਤੀ ਵਿਦਿਆਰਥੀਆਂ ਲਈ ਪਸੰਦੀਦਾ ਦੇਸ਼ ਬਣਿਆ ਅਮਰੀਕਾ

ਵਾਸ਼ਿੰਗਟਨ/ਏ.ਟੀ.ਨਿਊਜ਼: ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸਖ਼ਤੀ ਦੇ ਬਾਵਜੂਦ ਅਮਰੀਕਾ ਭਾਰਤੀ ਵਿਦਿਆਰਥੀਆਂ ਲਈ ਪਸੰਦੀਦਾ ਦੇਸ਼ ਬਣਿਆ ਹੋਇਆ ਹੈ। ਤਾਜ਼ਾ ਜਾਣਕਾਰੀ ਮੁਤਾਬਕ ਇਸ ਸਾਲ ਅਮਰੀਕਾ ਵਿੱਚ ਉੱਚ ਸਿੱਖਿਆ ਪ੍ਰਾਪਤ ਕਰਨ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਨੇ ਇੱਕ ਨਵਾਂ ਰਿਕਾਰਡ ਕਾਇਮ ਕੀਤਾ ਹੈ। ਵਾਸ਼ਿੰਗਟਨ ਪੋਸਟ ਵਿੱਚ ਪ੍ਰਕਾਸ਼ਿਤ ਇੱਕ ਰਿਪੋਰਟ ਮੁਤਾਬਕ 2024-25 ਦੇ ਅਕਾਦਮਿਕ ਸੈਸ਼ਨ ਵਿੱਚ 3.5 ਲੱਖ ਤੋਂ ਵੱਧ ਭਾਰਤੀ ਵਿਦਿਆਰਥੀਆਂ ਨੇ ਅਮਰੀਕੀ ਯੂਨੀਵਰਸਿਟੀਆਂ ਵਿੱਚ ਦਾਖਲਾ ਲਿਆ, ਜੋ ਕਿ ਹੁਣ ਤੱਕ ਦੀ ਸਭ ਤੋਂ ਵੱਧ ਗਿਣਤੀ ਹੈ। ਰਿਪੋਰਟ ਅਨੁਸਾਰ ਭਾਰਤੀ ਵਿਦਿਆਰਥੀਆਂ ਦੀ ਵੱਧਦੀ ਮੌਜੂਦਗੀ ਨੇ ਅਮਰੀਕੀ ਵੀਜ਼ਾ ਨੀਤੀ ਨਿਰਮਾਤਾਵਾਂ ਨੂੰ ਮੁੜ ਵਿਚਾਰ ਕਰਨ ਲਈ ਮਜਬੂਰ ਕੀਤਾ ਹੈ। ਐਫ਼-1 ਅਤੇ ਓ.ਪੀ.ਟੀ. (ਵਿਕਲਪਿਕ ਪ੍ਰੈਕਟੀਕਲ ਟ੍ਰੇਨਿੰਗ) ਵੀਜ਼ਾ ਨੀਤੀ ਬਾਰੇ ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ (ਡੀ.ਐਚ.ਐਸ.) ਅਤੇ ਵਿਦੇਸ਼ ਵਿਭਾਗ ਵਿੱਚ ਕੁਝ ਸਕਾਰਾਤਮਕ ਸੋਧਾਂ 'ਤੇ ਚਰਚਾ ਕੀਤੀ ਜਾ ਰਹੀ ਹੈ। ਮਿਸ਼ੀਗਨ ਯੂਨੀਵਰਸਿਟੀ ਵਿੱਚ ਅੰਤਰਰਾਸ਼ਟਰੀ ਸਿੱਖਿਆ ਦੀ ਡਾਇਰੈਕਟਰ ਐਲਿਜ਼ਾਬੈਥ ਕਾਰਟਰ ਅਨੁਸਾਰ ਭਾਰਤੀ ਵਿਦਿਆਰਥੀ ਨਾ ਸਿਰਫ਼ ਗਿਣਤੀ ਵਿੱਚ ਸਗੋਂ ਖੋਜ, ਨਵੀਨਤਾ ਅਤੇ ਕੈਂਪਸ ਲੀਡਰਸ਼ਿਪ ਵਿੱਚ ਵੀ ਮੋਹਰੀ ਭੂਮਿਕਾ ਨਿਭਾ ਰਹੇ ਹਨ। ਅਮਰੀਕਾ ਵਿੱਚ ਆਈ.ਆਈ.ਟੀ.ਐਸ., ਐਨ.ਆਈ.ਟੀ.ਐਸ. ਅਤੇ ਦਿੱਲੀ ਯੂਨੀਵਰਸਿਟੀ ਵਰਗੇ ਸੰਸਥਾਨਾਂ ਤੋਂ ਗ੍ਰੈਜੂਏਟ ਵਿਦਿਆਰਥੀ ਉੱਚ ਸਿੱਖਿਆ ਲਈ ਵੱਧ ਰਹੇ ਹਨ ਅਤੇ ਇਨ੍ਹਾਂ ਵਿਦਿਆਰਥੀਆਂ ਦੇ ਉੱਚ ਗ੍ਰੇਡ ਅਤੇ ਖੋਜ ਸਮਰੱਥਾਵਾਂ ਨੇ ਵੀ ਯੂਨੀਵਰਸਿਟੀ ਦੇ ਉੱਚ ਪ੍ਰਸ਼ਾਸਨ ਨੂੰ ਪ੍ਰਭਾਵਿਤ ਕੀਤਾ ਹੈ।

# ਅਮਰੀਕਾ ਨੇ 7 ਮਹੀਨਿਆਂ 'ਚ 1,703 ਭਾਰਤੀ ਨਾਗਰਿਕਾਂ ਨੂੰ ਕੀਤਾ ਡਿਪੋਰਟ

## ਸਭ ਤੋਂ ਵੱਧ ਪੰਜਾਬ ਦੇ 620 ਲੋਕਾਂ ਨੂੰ ਦੇਸ਼ ਨਿਕਾਲਾ ਦਿੱਤਾ ਗਿਆ

ਵਾਸ਼ਿੰਗਟਨ/ਨਵੀਂ ਦਿੱਲੀ/ ਏ.ਟੀ.ਨਿਊਜ਼: ਡੋਨਾਲਡ ਟਰੰਪ ਦੇ ਇਸ ਸਾਲ ਜਨਵਰੀ ਵਿੱਚ ਰਾਸ਼ਟਰਪਤੀ ਬਣਨ ਤੋਂ ਬਾਅਦ ਅਮਰੀਕਾ ਤੋਂ ਭਾਰਤੀਆਂ ਦੇ ਦੇਸ਼ ਨਿਕਾਲੇ ਦੀ ਪ੍ਰਕਿਰਿਆ ਵਿੱਚ ਭਾਰੀ ਉਛਾਲ ਆਇਆ ਹੈ। ਇਸ ਸਾਲ 2025 ਦੇ ਸ਼ੁਰੂਆਤੀ 7 ਮਹੀਨਿਆਂ ਵਿੱਚ ਹੁਣ ਤੱਕ 1,703 ਭਾਰਤੀ ਨਾਗਰਿਕਾਂ ਨੂੰ ਡਿਪੋਰਟ ਕੀਤਾ ਜਾ ਚੁੱਕਾ ਹੈ, ਜਿਨ੍ਹਾਂ ਵਿੱਚ ਵੱਡੀ ਗਿਣਤੀ ਵਿਚ ਪੰਜਾਬੀ ਲੋਕ ਹਨ। ਜੇਕਰ ਸਾਬਕਾ ਰਾਸ਼ਟਰਪਤੀ ਜੋਅ ਬਾਈਡੇਨ ਦੇ ਕਾਰਜਕਾਲ ਦੇ ਅੰਕੜਿਆਂ 'ਤੇ ਨਜ਼ਰ ਮਾਰੀਏ, ਤਾਂ ਇਹ ਗਿਣਤੀ ਦੁੱਗਣੀ ਤੋਂ ਵੀ ਵੱਧ ਹੈ। ਭਾਰਤ ਦੇ ਵਿਦੇਸ਼ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ ਲੋਕਸਭਾ ਵਿੱਚ ਇਸ ਸਬੰਧੀ ਜਾਣਕਾਰੀ ਦਿੱਤੀ ਹੈ।



ਕੀਰਤੀ ਵਰਧਨ ਸਿੰਘ ਨੇ ਦੱਸਿਆ ਕਿ ਇਸ ਸਾਲ ਔਸਤਨ ਹਰ ਰੋਜ਼ ਘੱਟੋ-ਘੱਟ 8 ਭਾਰਤੀਆਂ ਨੂੰ ਦੇਸ਼ ਨਿਕਾਲਾ ਦਿੱਤਾ ਗਿਆ ਹੈ, ਜਦੋਂ ਕਿ 2020 ਤੋਂ ਦਸੰਬਰ 2024 ਵਿਚਕਾਰ ਇਹ ਗਿਣਤੀ ਪ੍ਰਤੀ ਦਿਨ ਲਗਭਗ 3 ਸੀ। ਵਿਦੇਸ਼ ਮੰਤਰਾਲੇ ਦੇ ਅੰਕੜਿਆਂ ਅਨੁਸਾਰ ਜਨਵਰੀ 2020 ਤੋਂ ਜੁਲਾਈ 2025 ਦੇ ਵਿਚਕਾਰ ਸਾਢੇ ਪੰਜ ਸਾਲਾਂ ਵਿੱਚ 7,244 ਭਾਰਤੀਆਂ ਨੂੰ ਵੱਖ-ਵੱਖ ਕਾਰਨਾਂ ਕਰਕੇ ਦੇਸ਼ ਨਿਕਾਲਾ ਦਿੱਤਾ ਗਿਆ ਅਤੇ ਉਨ੍ਹਾਂ ਵਿੱਚੋਂ ਲਗਭਗ ਇੱਕ ਚੌਥਾਈ 1,703 ਟਰੰਪ ਦੇ ਦੂਜੀ ਵਾਰ ਅਹੁਦਾ ਸੰਭਾਲਣ ਤੋਂ ਬਾਅਦ ਵਾਪਸ ਭੇਜੇ ਗਏ ਹਨ। ਡਿਪੋਰਟ ਕੀਤੇ 1,703 ਭਾਰਤੀਆਂ ਵਿੱਚ 1562 ਪੁਰਸ਼ ਅਤੇ 141 ਔਰਤਾਂ ਹਨ ਉਨ੍ਹਾਂ ਦੱਸਿਆ ਕਿ 2020 ਤੋਂ 2024 ਵਿਚਕਾਰ 5,541 ਭਾਰਤੀਆਂ ਨੂੰ ਅਮਰੀਕਾ ਤੋਂ ਭਾਰਤ ਡਿਪੋਰਟ ਕੀਤਾ ਗਿਆ ਸੀ। ਇਸ ਸਾਲ (2025) 22 ਜੁਲਾਈ ਤੱਕ ਅਮਰੀਕਾ ਤੋਂ ਡਿਪੋਰਟ ਕੀਤੇ ਗਏ ਭਾਰਤੀਆਂ ਦੀ ਗਿਣਤੀ 1,703 ਹੈ। ਇਸ ਦੇ ਨਾਲ ਹੀ ਉਨ੍ਹਾਂ ਇਹ ਵੀ ਦੱਸਿਆ ਕਿ ਪਿਛਲੇ ਪੰਜ ਸਾਲਾਂ (2020-2024) ਵਿੱਚ ਬ੍ਰਿਟੇਨ ਤੋਂ 311 ਭਾਰਤੀਆਂ ਨੂੰ ਡਿਪੋਰਟ ਕੀਤਾ ਗਿਆ ਜਦੋਂ ਕਿ 2025 ਵਿੱਚ ਹੁਣ ਤੱਕ ਇਹ ਗਿਣਤੀ 131 ਹੈ। ਟਰੰਪ ਪ੍ਰਸ਼ਾਸਨ ਨੇ 2025 ਦੀ ਸ਼ੁਰੂਆਤ ਤੋਂ ਹੀ ਇਮੀਗ੍ਰੇਸ਼ਨ ਨੀਤੀ ਨੂੰ ਸਖ਼ਤ ਕਰ ਦਿੱਤਾ। ਵਿਦੇਸ਼ ਮੰਤਰਾਲੇ ਦੇ ਅਨੁਸਾਰ ਇਸ ਸਾਲ ਦੇਸ਼ ਨਿਕਾਲਾ ਦਿੱਤੇ ਗਏ 1703 ਲੋਕਾਂ ਵਿੱਚੋਂ, 864 ਨੂੰ ਚਾਰਟਰ ਅਤੇ ਫ਼ੌਜੀ ਉਡਾਣਾਂ ਰਾਹੀਂ ਦੇਸ਼ ਨਿਕਾਲਾ ਦਿੱਤਾ ਗਿਆ। ਯੂ.ਐਸ ਕਸਟਮਜ਼ ਅਤੇ ਬਾਰਡਰ ਪ੍ਰੋਟੈਕਸ਼ਨ (ਫ਼ੌਜੀ ਉਡਾਣਾਂ) ਨੇ 5, 15 ਅਤੇ 16 ਫ਼ਰਵਰੀ ਨੂੰ 333 ਲੋਕਾਂ ਨੂੰ ਦੇਸ਼ ਨਿਕਾਲਾ ਦਿੱਤਾ।

# ਖਾਣ ਪੀਣ ਦੀਆਂ ਚੀਜ਼ਾਂ ਨੂੰ ਲੱਗਿਆ ਮਿਲਾਵਟ ਦਾ ਗ੍ਰਹਿਣ

## ਤਿਉਹਾਰਾਂ ਦੇ ਸੀਜ਼ਨ ਦੌਰਾਨ ਮਿਲਾਵਟੀ ਖਾਧ ਪਦਾਰਥਾਂ ਦੀ ਹੋ ਜਾਂਦੀ ਹੈ ਭਰਮਾਰ

## ਮਹਿੰਗੇ ਮੁੱਲ ਖ਼ਰੀਦੀਆਂ ਖਾਣ ਪੀਣ ਦੀਆਂ ਵਸਤੂਆਂ ਵਿੱਚ ਵੀ ਹੁੰਦੀ ਹੈ ਮਿਲਾਵਟ

**ਭਾਰਤ ਵਿੱਚ ਰੱਖੜੀ ਦੇ ਤਿਉਹਾਰ ਤੋਂ 'ਤਿਉਹਾਰੀ ਸੀਜ਼ਨ' ਦੀ ਸ਼ੁਰੂਆਤ ਮੰਨੀ ਜਾਂਦੀ ਹੈ। ਇਸ ਤਿਉਹਾਰੀ ਸੀਜ਼ਨ ਦੌਰਾਨ ਮਿਠਾਈਆਂ ਅਤੇ ਖਾਣ ਪੀਣ ਦਾ ਹੋਰ ਸਮਾਨ ਬਹੁਤ ਵੱਡੀ ਮਾਤਰਾ ਵਿੱਚ ਵੇਚਿਆ ਅਤੇ ਖ਼ਰੀਦਿਆ ਜਾਂਦਾ ਹੈ। ਭਾਰਤ ਦੇ ਵੱਡੀ ਗਿਣਤੀ ਲੋਕ ਇਹਨਾਂ ਤਿਉਹਾਰਾਂ ਮੌਕੇ ਖੁੱਲ੍ਹਾ ਖ਼ਰਚ ਕਰਕੇ ਮਿਠਾਈਆਂ ਅਤੇ ਖਾਣ ਪੀਣ ਦਾ ਹੋਰ ਸਮਾਨ ਖ਼ਰੀਦਦੇ ਹਨ ਪਰ ਦੁੱਖ ਦੀ ਗੱਲ ਇਹ ਹੈ ਕਿ ਅਕਸਰ ਕੁਝ ਦੁਕਾਨਦਾਰਾਂ ਵੱਲੋਂ ਮਿਠਾਈਆਂ, ਦੁੱਧ, ਪਨੀਰ, ਘਿਓ, ਮੱਖਣ, ਦਹੀਂ ਅਤੇ ਖਾਣ ਪੀਣ ਦਾ ਹੋਰ ਸਮਾਨ ਮਿਲਾਵਟੀ ਜਾਂ ਨਕਲੀ ਵੇਚਿਆ ਜਾਂਦਾ ਹੈ, ਇਹ ਸਮਾਨ ਮਨੁੱਖੀ ਸਿਹਤ ਨੂੰ ਬਹੁਤ ਨੁਕਸਾਨ ਪਹੁੰਚਾਉਂਦਾ ਹੈ।**



ਆਧੁਨਿਕੀਕਰਨ ਦੇ ਇਸ ਦੌਰ ਵਿੱਚ ਲੋਕਾਂ ਦੀ ਜੀਵਨਸ਼ੈਲੀ ਵਿੱਚ ਜਿਥੇ ਅੰਤਰ ਆ ਰਿਹਾ ਹੈ, ਉਥੇ ਲੋਕਾਂ ਦਾ ਖਾਣ ਪੀਣ ਵੀ ਬਦਲਦਾ ਜਾ ਰਿਹਾ ਹੈ। ਕਿਹਾ ਜਾਂਦਾ ਹੈ ਕਿ ਪੈਸੇ ਨਾਲ ਹਰ ਖਾਣ-ਪੀਣ ਵਾਲੀ ਚੀਜ਼ ਖ਼ਰੀਦੀ ਜਾ ਸਕਦੀ ਹੈ, ਪਰ ਦੁੱਖ ਤਾਂ ਇਸ ਗੱਲ ਦਾ ਹੁੰਦਾ ਹੈ ਕਿ ਪੈਸੇ ਨਾਲ ਮਹਿੰਗੇ ਭਾਅ ਖ਼ਰੀਦੀ ਗਈ ਖਾਣ ਪੀਣ ਵਾਲੀ ਚੀਜ਼ ਦੇ ਪੂਰੀ ਤਰ੍ਹਾਂ ਸ਼ੁੱਧ ਹੋਣ ਦੇ ਬਾਰੇ ਸ਼ੱਕ ਰਹਿੰਦਾ ਹੈ। ਹਰ ਦਿਨ ਅਸੀਂ ਅਖ਼ਬਾਰਾਂ ਵਿੱਚ ਪੜ੍ਹਦੇ ਹਾਂ ਕਿ ਬਾਜ਼ਾਰ ਵਿੱਚ ਖਾਣ ਪੀਣ ਦੀਆਂ ਚੀਜ਼ਾਂ ਵਿੱਚ ਮਿਲਾਵਟ ਪਾਈ ਜਾ ਰਹੀ ਹੈ। ਖਾਣ- ਪੀਣ ਵਾਲੀਆਂ ਚੀਜ਼ਾਂ ਵਿੱਚ ਮਿਲਾਵਟ ਹੋਣ ਦਾ ਆਮ ਲੋਕਾਂ ਨੂੰ ਪਤਾ ਹੀ ਨਹੀਂ ਚੱਲਦਾ ਅਤੇ ਉਹ ਮਹਿੰਗੇ ਮੁੱਲ ਲੈ ਕੇ ਵੀ ਅਕਸਰ ਖਾਣ ਪੀਣ ਵਾਲੀਆਂ ਚੀਜ਼ਾਂ ਨੂੰ ਖਾ ਪੀ ਕੇ ਬਿਮਾਰ ਹੋ ਜਾਂਦੇ ਹਨ। ਦੁੱਧ ਤੋਂ ਲੈ ਕੇ ਪਨੀਰ ਤੱਕ ਅਤੇ ਹੋਰ ਖਾਧ ਪਦਾਰਥਾਂ ਵਿੱਚ ਮਿਲਾਵਟ ਤਾਂ ਹੁਣ ਆਮ ਗੱਲ ਹੋ ਗਈ ਹੈ। ਭਾਰਤ ਵਿੱਚ ਹਾਲ ਇਹ ਹੋ ਗਿਆ ਹੈ ਕਿ ਇੱਕ ਪਾਸੇ ਭਾਰਤ ਵਿੱਚ ਖਾਣ-ਪੀਣ ਦੀਆਂ ਵਸਤਾਂ ਦੀਆਂ ਕੀਮਤਾਂ ਸੱਤਵੇਂ ਅਸਮਾਨ ਨੂੰ ਛੂਹ ਰਹੀਆਂ ਹਨ। ਦੂਜੇ ਪਾਸੇ ਇਨ੍ਹਾਂ ਵਿੱਚ ਵੀ ਮਿਲਾਵਟਖੋਰੀ ਕੀਤੀ ਜਾ ਰਹੀ ਹੈ। ਲੋਕਾਂ ਨੂੰ ਪੂਰੀ ਕੀਮਤ ਅਦਾ ਕਰਨ ਦੇ ਬਾਵਜੂਦ ਸ਼ੁੱਧ ਸਮਾਨ ਨਹੀਂ ਮਿਲ ਰਿਹਾ। ਨਤੀਜੇ ਵਜੋਂ ਉਨ੍ਹਾਂ ਨੂੰ ਆਰਥਿਕ ਨੁਕਸਾਨ ਦੇ ਨਾਲ-ਨਾਲ ਸਿਹਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਗੰਭੀਰ ਗੱਲ ਇਹ ਹੈ ਕਿ ਸਿਹਤ ਵਿਭਾਗ/ਫ਼ੂਡ ਸੇਫ਼ਟੀ ਵਿਭਾਗ ਨੂੰ ਇਸ ਗੱਲ ਦਾ ਪਤਾ ਹੈ ਕਿ ਬਾਜ਼ਾਰ ਵਿੱਚ ਮਿਲਾਵਟੀ ਖਾਣ-ਪੀਣ ਦੀਆਂ ਵਸਤੂਆਂ ਵਿਕ ਰਹੀਆਂ ਹਨ, ਫ਼ਿਰ ਵੀ ਮਿਲਾਵਟਖੋਰਾਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ ਜਾਂ ਕਾਰਵਾਈ ਦੇ ਨਾਮ 'ਤੇ ਸਿਰਫ਼ ਖ਼ਾਨਾਪੂਰਤੀ ਕੀਤੀ ਜਾ ਰਹੀ ਹੈ।

ਜਦੋਂ ਵੀ ਸਿਹਤ ਵਿਭਾਗ ਦੀ ਟੀਮ ਖਾਣ ਪੀਣ ਦਾ ਸਮਾਨ ਵੇਚਣ ਵਾਲੀਆਂ ਦੁਕਾਨਾਂ 'ਤੇ ਜਾਂਦੀ ਹੈ ਤਾਂ ਦੁਕਾਨਦਾਰਾਂ ਨੂੰ ਇਸ ਟੀਮ ਦੇ ਆਉਣ ਦੀ ਪਹਿਲਾਂ ਹੀ ਸੂਚਨਾ ਲੱਗ ਜਾਂਦੀ ਹੈ, ਜਿਸ ਤੋਂ ਪਤਾ ਚਲਦਾ ਹੈ ਕਿ ਸਿਹਤ ਵਿਭਾਗ ਵਿੱਚ ਵੀ ਕਾਲੀਆਂ ਭੇਡਾਂ ਹਨ, ਜੋ ਕਿ ਕੁਝ ਪੈਸੇ ਦੇ ਲਾਲਚ ਵਿੱਚ ਸਿਹਤ ਵਿਭਾਗ ਦੀ ਟੀਮ ਦੀ ਹਰ ਜਾਣਕਾਰੀ ਪਹਿਲਾਂ ਹੀ ਦੁਕਾਨਦਾਰਾਂ ਨੂੰ ਦੇ ਦਿੰਦੀਆਂ ਹਨ। ਇਸੇ ਕਾਰਨ ਸਿਹਤ ਵਿਭਾਗ ਦੀ ਟੀਮ ਦੇ ਆਉਣ ਤੋਂ ਪਹਿਲਾਂ ਹੀ ਵੱਡੀ ਗਿਣਤੀ ਖਾਣ ਪੀਣ ਦੀਆਂ ਦੁਕਾਨਾਂ ਬੰਦ ਹੋ ਜਾਂਦੀਆਂ ਹਨ ਜਾਂ ਖਾਣ ਪੀਣ ਵਾਲਾ ਸਮਾਨ ਵੇਚਣ ਵਾਲੀਆਂ ਰੇਹੜੀਆਂ ਫ਼ੜੀਆਂ ਗਾਇਬ ਹੋ ਜਾਂਦੀਆਂ ਹਨ। ਇਹ ਕਿਸੇ ਇੱਕ ਸ਼ਹਿਰ ਦੀ ਗੱਲ ਨਹੀਂ ਹੈ ਸਗੋਂ ਪੰਜਾਬ ਦੇ ਕਰੀਬ ਹਰ ਸ਼ਹਿਰ ਵਿੱਚ ਅਜਿਹਾ ਹੀ ਹੁੰਦਾ ਹੈ। ਪੰਜਾਬ ਸਮੇਤ ਉੱਤਰੀ ਭਾਰਤ ਵਿੱਚ ਇਸ ਸਮੇਂ ਬਰਸਾਤ ਦੇ ਮੌਸਮ ਦੌਰਾਨ ਅਨੇਕਾਂ ਦੁਕਾਨਦਾਰ ਬਾਜ਼ਾਰ ਵਿੱਚ ਮਿਲਾਵਟੀ ਖਾਣ-ਪੀਣ ਦੀਆਂ ਵਸਤੂਆਂ ਵੇਚ ਕੇ ਆਮ ਲੋਕਾਂ



ਦੀ ਸਿਹਤ ਨਾਲ ਖਿਲਵਾੜ ਕਰ ਰਹੇ ਹਨ। ਖਾਣ-ਪੀਣ ਦੀਆਂ ਚੀਜ਼ਾਂ ਹੋਣ ਜਾਂ ਮਸਾਲੇ ਜਾਂ ਹਰੀਆਂ ਸਬਜ਼ੀਆਂ, ਮਿਲਾਵਟ ਸਿਹਤ ਲਈ ਬਹੁਤ ਖਤਰਨਾਕ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਇਨ੍ਹਾਂ ਮਿਲਾਵਟੀ ਚੀਜ਼ਾਂ ਨੂੰ ਖਾਣ ਨਾਲ ਗੰਭੀਰ ਬਿਮਾਰੀਆਂ ਹੋਣ ਦਾ ਖ਼ਦਸ਼ਾ ਹੈ।

ਸਿਹਤ ਮਾਹਿਰ ਕਹਿੰਦੇ ਹਨ ਕਿ ਅੱਜ ਕੱਲ੍ਹ ਵੱਖ-ਵੱਖ ਤਰ੍ਹਾਂ ਦੇ ਰਸਾਇਣਾਂ ਦੀ ਵਰਤੋਂ ਕਰਕੇ ਫ਼ਲ ਅਤੇ ਸਬਜ਼ੀਆਂ ਤਿਆਰ ਕੀਤੀਆਂ ਜਾਂਦੀਆਂ ਹਨ। ਉਦਾਹਰਨ ਲਈ, ਲੌਕੀ ਅਤੇ ਕੱਦੂ ਵਿੱਚ ਆਕਸੀਟੋਸਿਨ ਦੀ ਵਰਤੋਂ ਕੀਤੀ ਜਾਂਦੀ ਹੈ। ਇੱਕ ਸਬਜ਼ੀ ਵਿਕਰੇਤਾ ਅਨੁਸਾਰ ਉਹ ਸਬਜ਼ੀਆਂ ਨੂੰ ਤਾਜ਼ਾ ਅਤੇ ਹਰਿਆ ਭਰਿਆ ਰੱਖਣ ਲਈ ਰਸਾਇਣਾਂ ਦੀ ਵਰਤੋਂ ਕਰਨ ਤੋਂ ਵੀ ਗੁਰੇਜ਼ ਨਹੀਂ ਕਰ ਰਿਹਾ। ਦੁੱਧ ਵਿੱਚ ਪਾਣੀ ਮਿਲਾਉਣਾ ਹੁਣ ਪੁਰਾਣੀ ਗੱਲ ਹੋ ਗਈ ਹੈ। ਦੁੱਧ ਦਾ ਕਾਰੋਬਾਰ ਕਰਨ ਵਾਲੇ ਲੋਕ ਕੈਮੀਕਲ ਪਾ ਕੇ ਵੱਡੀ ਮਾਤਰਾ ਵਿੱਚ ਮਿਲਾਵਟੀ ਦੁੱਧ ਤਿਆਰ ਕਰ ਰਹੇ ਹਨ। ਮਿਲਾਵਟਖੋਰ ਹੁਣ ਯੂਰੀਆ ਅਤੇ ਗਲੂਕੋਜ਼ ਵਰਗੇ ਰਸਾਇਣਾਂ ਦੀ ਮਿਲਾਵਟ ਦੁੱਧ ਵਿੱਚ ਕਰ ਰਹੇ ਹਨ। ਇਸ ਤੋਂ ਇਲਾਵਾ ਵਾਸ਼ਿੰਗ ਪਾਊਡਰ, ਸਾਬਣ ਅਤੇ ਪਾਣੀ ਸਮੇਤ ਹੋਰ ਰਸਾਇਣਾਂ ਨੂੰ ਮਿਲਾ ਕੇ ਦੁੱਧ ਤਿਆਰ ਕੀਤਾ ਜਾ ਰਿਹਾ ਹੈ।

ਮਿਲਾਵਟੀ ਸਾਮਾਨ ਹਰ ਥਾਂ ਮਿਲਦਾ ਹੈ। ਮਿਲਾਵਟੀ ਖਾਧ ਪਦਾਰਥ ਸ਼ਹਿਰਾਂ ਦੇ ਨਾਲ-ਨਾਲ ਪਿੰਡਾਂ ਵਿੱਚ ਵੀ ਵਿਕ ਰਹੇ ਹਨ। ਮਿਲਾਵਟੀ ਭੋਜਨ ਪਦਾਰਥਾਂ ਦਾ ਸੇਵਨ ਸਿਹਤ ਲਈ ਬੇਹੱਦ ਹਾਨੀਕਾਰਕ ਹੈ। ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਖਾਣ-ਪੀਣ ਦੀਆਂ ਵਸਤੂਆਂ ਵਿੱਚ ਮਿਲਾਵਟ ਵਜੋਂ ਵਰਤੇ ਜਾਣ ਵਾਲੇ ਕੈਮੀਕਲ ਸਿਹਤ ਦੇ ਨਜ਼ਰੀਏ ਤੋਂ ਬਹੁਤ ਹਾਨੀਕਾਰਕ ਹਨ। ਇਨ੍ਹਾਂ ਦੀ ਲਗਾਤਾਰ ਵਰਤੋਂ ਨਾਲ ਉਲਟੀਆਂ, ਦਸਤ, ਪੇਟ ਨਾਲ ਜੁੜੀਆਂ ਬਿਮਾਰੀਆਂ ਸਮੇਤ ਜਿਗਰ ਅਤੇ ਗੁਰਦੇ ਦੀਆਂ ਬਿਮਾਰੀਆਂ ਹੋਣ ਦੀ ਸੰਭਾਵਨਾ ਰਹਿੰਦੀ ਹੈ। ਪੰਜਾਬ ਦੇ ਵੱਖ- ਵੱਖ ਸ਼ਹਿਰਾਂ ਵਿੱਚ ਵੇਖਿਆ ਗਿਆ ਹੈ ਕਿ ਸਬਜ਼ੀ ਅਤੇ ਫ਼ਲ ਵੇਚਣ ਵਾਲੇ ਦੁਕਾਨਦਾਰ ਫ਼ਲਾਂ ਅਤੇ ਸਬਜ਼ੀਆਂ ਨੂੰ ਸਾਫ਼ ਕਰਨ ਅਤੇ ਚਮਕੀਲਾ ਬਣਾਉਣ ਲਈ ਸ਼ੈਂਪੂ ਨਾਲ ਜਾਂ ਕੈਮੀਕਲ ਨਾਲ ਧੋ ਦਿੰਦੇ ਹਨ, ਜਿਸ ਕਾਰਨ ਕੈਮੀਕਲ ਦਾ ਅਸਰ ਇਹਨਾਂ ਫ਼ਲਾਂ ਤੇ ਸਬਜ਼ੀਆਂ 'ਤੇ ਹੋ ਜਾਂਦਾ ਹੈ। ਇਸ ਤੋਂ ਇਲਾਵਾ ਕੱਦੂ ਅਤੇ ਹੋਰ ਸਬਜ਼ੀਆਂ ਦੇ ਪੌਦਿਆਂ ਦੀਆਂ ਜੜਾਂ ਵਿੱਚ ਟੀਕਾ ਲਗਾ ਕੇ ਉਹਨਾਂ ਨੂੰ ਰਾਤੋ ਰਾਤ ਪਕਾ ਲਿਆ ਜਾਂਦਾ ਹੈ, ਜਿਸ ਕਾਰਨ ਇਹਨਾਂ ਵਿੱਚ ਵੀ ਟੀਕੇ ਦਾ ਅਸਰ ਹੁੰਦਾ ਹੈ। ਇਸ ਤੋਂ ਇਲਾਵਾ ਮਸਾਲਿਆਂ ਅਤੇ ਹੋਰ ਸਮਾਨ ਵਿੱਚ ਵੀ ਮਿਲਾਵਟ ਕੀਤੀ ਹੋਈ ਮਿਲਦੀ ਹੈ, ਜੋ ਕਿ ਮਨੁੱਖੀ ਸਿਹਤ ਲਈ ਖ਼ਤਰਨਾਕ ਹੁੰਦੀ ਹੈ। ਸਿਹਤ ਵਿਭਾਗ ਨੂੰ ਚਾਹੀਦਾ ਹੈ ਕਿ ਉਹ ਸਮੇਂ ਸਮੇਂ ਖਾਣ ਪੀਣ ਵਾਲੀਆਂ ਦੁਕਾਨਾਂ/ ਰੇਹੜੀਆਂ/ਫ਼ੜੀਆਂ 'ਤੇ ਵਿਕ ਰਹੇ ਸਮਾਨ ਦੀ ਜਾਂਚ ਕਰਦਾ ਰਹੇ ਤਾਂ ਕਿ ਲੋਕਾਂ ਦੀ ਸਿਹਤ ਨਾਲ ਖ਼ਿਲਵਾੜ ਨਾ ਹੋ ਸਕੇ ਅਤੇ ਖਾਣ ਪੀਣ ਦੀਆਂ ਚੀਜ਼ਾਂ ਵਿੱਚ ਹੋ ਰਹੀ ਮਿਲਾਵਟ ਨੂੰ ਰੋਕਿਆ ਜਾ ਸਕੇ।

# ਕੀ 'ਆਪ' ਸਰਕਾਰ ਪੰਜਾਬ ਵਿੱਚ ਨਸ਼ਿਆਂ ਖ਼ਿਲਾ.ਫ ਜੰਗ ਜਿੱਤ ਸਕੇਗੀ ?

## ਮਜੀਠੀਆ ਦੀ ਗ੍ਰਿ.ਫਤਾਰੀ ਤੋਂ ਬੁਲਡੋਜ਼ਰ ਮਾਡਲ ਤੱਕ-ਸੱਚ ਜਾਂ ਸਿਆਸੀ ਡਰਾਮਾ

## ਵੱਡੇ ਸਮਗਲਰ ਅਤੇ ਦਾਗੀ ਅਧਿਕਾਰੀਆਂ ਉੱਪਰ ਕਿਉਂ ਨਹੀਂ ਪੈ ਰਿਹਾ ਸਰਕਾਰ ਦਾ ਹੱਥ ?



ਪੰਜਾਬ ਦੀ ਧਰਤੀ, ਜੋ ਕਦੇ ਗੁਰੂ ਸਾਹਿਬਾਨ ਦੇ ਵਿਰਸੇ, ਸੱਭਿਆਚਾਰ ਅਤੇ ਜੋਸ਼ ਨਾਲ ਗੂੰਜਦੀ ਸੀ, ਪਿਛਲੇ ਕਈ ਸਾਲਾਂ ਤੋਂ ਨਸ਼ਿਆਂ ਦੀ ਦਲਦਲ ਵਿੱਚ ਫਸੀ ਹੋਈ ਹੈ। ਇਸ ਦਲਦਲ ਨੂੰ ਖਤਮ ਕਰਨ ਦੇ ਵੱਡੇ-ਵੱਡੇ ਦਾਅਵੇ ਹਰ ਸਰਕਾਰ ਨੇ ਕੀਤੇ, ਪਰ ਹਕੀਕਤ ਵਿੱਚ ਨਤੀਜੇ ਹਮੇਸ਼ਾ ਹੀ ਨਿਰਾਸ਼ਾਜਨਕ ਰਹੇ। ਹੁਣ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਸਰਕਾਰ ਨੇ ਨਸ਼ਿਆਂ ਖ਼ਿਲਾਫ਼ ਨਵੀਂ ਮੁਹਿੰਮ ਸ਼ੁਰੂ ਕੀਤੀ ਹੈ, ਜਿਸ ਵਿੱਚ ਅਕਾਲੀ ਦਲ ਦੇ ਸੀਨੀਅਰ ਲੀਡਰ ਬਿਕਰਮ ਸਿੰਘ ਮਜੀਠੀਆ ਦੀ ਗ੍ਰਿਫ਼ਤਾਰੀ ਅਤੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਦੇ 'ਬੁਲਡੋਜ਼ਰ ਮਾਡਲ' ਨੂੰ ਅਪਣਾਉਣ ਵਰਗੇ ਕਦਮ ਚੁੱਕੇ ਜਾ ਰਹੇ ਹਨ। ਪਰ ਸਵਾਲ ਇਹ ਹੈ ਕਿ ਕੀ ਇਹ ਮੁਹਿੰਮ ਪੰਜਾਬ ਨੂੰ ਨਸ਼ਿਆਂ ਤੋਂ ਮੁਕਤ ਕਰ ਸਕੇਗੀ, ਜਾਂ ਇਹ ਵੀ ਸਿਆਸੀ ਡਰਾਮੇ ਦੀ ਇੱਕ ਹੋਰ ਕੜੀ ਸਾਬਤ ਹੋਵੇਗੀ ?

**ਮਜੀਠੀਆ ਦੀ ਗ੍ਰਿ.ਫਤਾਰੀ: ਸਿਆਸੀ ਬਦਲਾ ਜਾਂ ਨਸ਼ਿਆਂ ਖ਼ਿਲਾ.ਫ ਵੱਡੀ ਕਾਰਵਾਈ ?**

2 ਜੁਲਾਈ 2025 ਨੂੰ ਮੋਹਾਲੀ ਜ਼ਿਲ੍ਹਾ ਅਦਾਲਤ ਦੇ ਬਾਹਰ ਉਹ ਦ੍ਰਿਸ਼ ਜਿਹੜਾ ਵੇਖਣ ਨੂੰ ਮਿਲਿਆ, ਉਹ ਸਿਰਫ਼ ਇੱਕ ਕੇਸ ਦੀ ਸੁਣਵਾਈ ਨਹੀਂ ਸੀ, ਸਗੋਂ ਪੰਜਾਬ ਦੀ ਸਿਆਸਤ ਦਾ ਇੱਕ ਨਾਟਕੀ ਮੋੜ ਸੀ। ਅਕਾਲੀ ਦਲ ਦੇ ਸੀਨੀਅਰ ਲੀਡਰ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ, ਜਿਨ੍ਹਾਂ ਨੂੰ 25 ਜੂਨ 2025 ਨੂੰ ਅੰਮ੍ਰਿਤਸਰ ਵਿੱਚ ਉਨ੍ਹਾਂ ਦੇ ਘਰੋਂ ਵਿਜੀਲੈਂਸ ਬਿਊਰੋ ਨੇ ਹਿਰਾਸਤ ਵਿੱਚ ਲਿਆ ਸੀ। ਮਜੀਠੀਆ 'ਤੇ 540 ਕਰੋੜ ਰੁਪਏ ਦੀ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿੱਚ ਜਾਂਚ ਚੱਲ ਰਹੀ ਹੈ। ਇਸ ਤੋਂ ਇਲਾਵਾ, ਉਨ੍ਹਾਂ 'ਤੇ ਨਸ਼ਿਆਂ ਦੇ ਪੈਸੇ ਨੂੰ 'ਸਫ਼ੇਦ' ਕਰਨ ਦੇ ਇਲਜ਼ਾਮ ਵੀ ਲੱਗੇ ਹਨ। ਇਹ ਮਾਮਲਾ 2021 ਵਿੱਚ ਚਰਨਜੀਤ ਸਿੰਘ ਚੰਨੀ ਦੀ ਕਾਂਗਰਸ ਸਰਕਾਰ ਸਮੇਂ ਨਾਰਕੋਟਿਕ ਡਰੱਗਜ਼ ਐਂਡ ਸਾਈਕੋਟਰੋਪਿਕ ਸਬਸਟੈਂਸ (ਐਨ.ਡੀ.ਪੀ.ਐਸ.) ਐਕਟ ਅਧੀਨ ਦਰਜ ਕੀਤਾ ਗਿਆ ਸੀ, ਜਿਸ ਦੀ ਜੜ੍ਹ 2018 ਦੀ ਇੱਕ ਈ.ਡੀ. ਰਿਪੋਰਟ ਵਿੱਚ ਮਿਲਦੀ ਹੈ। ਵਿਜੀਲੈਂਸ ਬਿਊਰੋ ਹੁਣ ਨਵੀਂ ਐਫ.ਆਈ.ਆਰ. ਵਿੱਚ ਪ੍ਰਗਤੀ ਦਾ ਦਾਅਵਾ ਕਰ ਰਿਹਾ ਹੈ, ਪਰ ਮਜੀਠੀਆ ਦਾ ਕਹਿਣਾ ਹੈ ਕਿ ਇਹ ਉਨ੍ਹਾਂ ਵਿਰੁੱਧ ਮੁੜ ਪੁਰਾਣੀ ਸਿਆਸੀ ਸਾਜ਼ਿਸ਼ ਹੈ।

ਇਥੇ ਜ਼ਿਕਰਯੋਗ ਹੈ ਕਿ ਆਪ ਦੇ ਮੁਖੀ ਅਰਵਿੰਦ ਕੇਜਰੀਵਾਲ ਨੂੰ 2017 ਵਿੱਚ ਮਜੀਠੀਆ 'ਤੇ ਨਸ਼ਿਆਂ ਦੇ ਇਲਜ਼ਾਮ ਲਗਾਉਣ ਕਰਕੇ ਅਦਾਲਤ ਵਿੱਚ ਮੁਆਫ਼ੀ ਮੰਗਣੀ ਪਈ ਸੀ। ਕੇਜਰੀਵਾਲ ਮਜੀਠੀਆ ਵਿਰੁੱਧ ਕੋਈ ਸਬੂਤ ਪੇਸ਼ ਨਾ ਕਰ ਸਕੇ।

31 ਜੁਲਾਈ 2025 ਨੂੰ ਮਜੀਠੀਆ ਦੀਆਂ ਮੁਸ਼ਕਿਲਾਂ ਹੋਰ ਵਧ ਗਈਆਂ, ਜਦੋਂ ਅੰਮ੍ਰਿਤਸਰ ਪੁਲਿਸ ਨੇ ਉਨ੍ਹਾਂ ਅਤੇ ਉਨ੍ਹਾਂ ਦੇ ਸਮਰਥਕਾਂ 'ਤੇ ਸਰਕਾਰੀ ਕਾਰਵਾਈ ਵਿੱਚ ਰੁਕਾਵਟ ਪਾਉਣ ਅਤੇ ਵਿਜੀਲੈਂਸ ਅਧਿਕਾਰੀਆਂ ਨਾਲ ਹੱਥੋਪਾਈ ਦੇ ਇਲਜ਼ਾਮ ਵਿੱਚ ਨਵੀਂ ਐਫ.ਆਈ.ਆਰ. ਦਰਜ ਕੀਤੀ। ਇਹ ਮਾਮਲਾ ਉਸ ਸਮੇਂ ਦਾ ਹੈ, ਜਦੋਂ ਵਿਜੀਲੈਂਸ ਟੀਮ ਨੇ ਮਜੀਠੀਆ ਦੇ ਇਲਾਕੇ ਵਿੱਚ ਛਾਪੇਮਾਰੀ ਕੀਤੀ ਸੀ।

**ਬੁਲਡੋਜ਼ਰ ਮਾਡਲ: ਨਸ਼ਾ ਮਾ.ਫੀਆ 'ਤੇ ਨਕੇਲ ਜਾਂ ਸਿਆਸੀ ਸਟੰਟ ?**

ਮਾਰਚ 2025 ਤੋਂ ਮਾਨ ਸਰਕਾਰ ਨੇ ਨਸ਼ਿਆਂ ਖ਼ਿਲਾਫ਼ ਮੁਹਿੰਮ ਨੂੰ ਤੇਜ਼ ਕਰਦਿਆਂ ਉੱਤਰ ਪ੍ਰਦੇਸ਼ ਦੇ 'ਬੁਲਡੋਜ਼ਰ ਮਾਡਲ' ਨੂੰ ਅਪਣਾਇਆ। ਇਸ ਅਧੀਨ ਕਥਿਤ ਨਸ਼ਾ ਤਸਕਰਾਂ ਅਤੇ ਗਿਰੋਹਬਾਜ਼ਾਂ ਦੀਆਂ ਨਾਜਾਇਜ਼ ਜਾਇਦਾਦਾਂ ਨੂੰ ਢਾਹੁਣ ਦੀ ਕਾਰਵਾਈ ਸ਼ੁਰੂ ਕੀਤੀ ਗਈ ਸੀ। ਮੋਗਾ, ਮਲੇਰਕੋਟਲਾ, ਅੰਮ੍ਰਿਤਸਰ ਅਤੇ ਪਟਿਆਲਾ ਸਮੇਤ ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ ਪਿਛਲੇ ਕੁਝ ਹਫ਼ਤਿਆਂ ਦੌਰਾਨ 100 ਤੋਂ ਵੱਧ ਅਜਿਹੇ ਨਿਰਮਾਣ ਢਾਹੇ ਗਏ ਸਨ। ਸਰਕਾਰ ਦਾ ਦਾਅਵਾ ਹੈ ਕਿ ਇਹ ਜਾਇਦਾਦਾਂ ਨਸ਼ਿਆਂ ਦੀ ਕਮਾਈ ਨਾਲ ਖੜ੍ਹੀਆਂ ਕੀਤੀਆਂ ਗਈਆਂ ਸਨ। ਪੰਜਾਬ ਵਿੱਚ ਨਸ਼ਿਆਂ ਖ਼ਿਲਾਫ਼ ਪਹਿਲਾਂ ਵੀ ਕਈ ਮੁਹਿੰਮਾਂ ਚੱਲੀਆਂ,

(ਬਾਕੀ ਸਫ਼ਾ 30 'ਤੇ)

### ਵੱਡੇ ਸਮਗਲਰ ਅਤੇ ਦਾਗੀ ਅਧਿਕਾਰੀ ਕਿੱਥੇ ?

ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ ਦੀ ਜੜ੍ਹ ਸਿਰਫ਼ ਛੋਟੇ-ਮੋਟੇ ਤਸਕਰ ਨਹੀਂ, ਸਗੋਂ ਵੱਡੇ ਸਮਗਲਰ, ਸਿਆਸੀ ਸੱਤਾਧਾਰੀ ਅਤੇ ਕੁਝ ਦਾਗੀ ਪੁਲਿਸ ਅਧਿਕਾਰੀ ਵੀ ਹਨ। ਪਰ ਅਕਸਰ ਵੇਖਿਆ ਗਿਆ ਕਿ ਸਰਕਾਰ ਦੀਆਂ ਮੁਹਿੰਮਾਂ ਵਿੱਚ ਛੋਟੇ-ਮੋਟੇ ਤਸਕਰ ਹੀ ਫੜੇ ਜਾਂਦੇ ਹਨ, ਜਦਕਿ ਵੱਡੇ ਮੱਛੀਆਂ 'ਤੇ ਹੱਥ ਨਹੀਂ ਪੈਂਦਾ। ਸਾਬਕਾ ਐਸ.ਐਸ.ਪੀ. ਜਲੰਧਰ (ਦਿਹਾਤੀ) ਮੁਖਵਿੰਦਰ ਸਿੰਘ ਨੇ 2023 ਦੌਰਾਨ ਗੱਲਬਾਤ 'ਚ ਦੱਸਿਆ ਸੀ ਕਿ ਪੁਲਿਸ ਨੇ ਨਸ਼ਾ ਤਸਕਰਾਂ ਨੂੰ ਤਿੰਨ ਸ਼੍ਰੇਣੀਆਂ ਵਿੱਚ ਵੰਡਿਆ ਹੈ: 'ਏ' ਸ਼੍ਰੇਣੀ 'ਚ ਵੱਡੇ ਸਮਗਲਰ, 'ਬੀ' 'ਚ ਵਪਾਰਕ ਪੱਧਰ 'ਤੇ ਨਸ਼ੇ ਵੇਚਣ ਵਾਲੇ, ਅਤੇ 'ਸੀ' 'ਚ ਛੋਟੇ ਤਸਕਰ। ਪਰ 'ਏ' ਸ਼੍ਰੇਣੀ ਦੇ ਸਮਗਲਰਾਂ 'ਤੇ ਕਾਰਵਾਈ ਦੀਆਂ ਮਿਸਾਲਾਂ ਬਹੁਤ ਘੱਟ ਹਨ। ਇਸ ਤੋਂ ਇਲਾਵਾ, ਪੁਲਿਸ ਅਤੇ ਸਿਆਸੀ ਗਠਜੋੜ ਦੇ ਇਲਜ਼ਾਮ ਵੀ ਸਮੇਂ-ਸਮੇਂ 'ਤੇ ਲੱਗਦੇ ਰਹੇ ਹਨ। 2018 ਵਿੱਚ ਐਸ.ਟੀ.ਐਫ. ਦੀ ਰਿਪੋਰਟ 'ਚ ਕਈ ਵੱਡੇ

(ਬਾਕੀ ਸਫ਼ਾ 30 'ਤੇ)

### ਸਰਕਾਰੀ ਮੁਹਿੰਮ: ਸੱਚ ਜਾਂ ਡਰਾਮਾ ?

ਮਾਨ ਸਰਕਾਰ ਦੀ ਨਸ਼ਿਆਂ ਖ਼ਿਲਾਫ਼ ਮੁਹਿੰਮ ਦੀ ਸਫਲਤਾ ਦਾ ਅੰਦਾਜ਼ਾ ਲਗਾਉਣ ਲਈ ਕੁਝ ਮੁੱਖ ਬਿੰਦੂਆਂ 'ਤੇ ਗੌਰ ਕਰਨਾ ਜ਼ਰੂਰੀ ਹੈ: ਗ੍ਰਿਫ਼ਤਾਰੀਆਂ ਅਤੇ ਬਰਾਮਦਗੀ: ਸਰਕਾਰ ਨੇ ਹਜ਼ਾਰਾਂ ਤਸਕਰਾਂ ਨੂੰ ਫੜਿਆ ਅਤੇ ਕਰੋੜਾਂ ਦਾ ਨਸ਼ਾ ਬਰਾਮਦ ਕੀਤਾ, ਪਰ ਵੱਡੇ ਸਮਗਲਰ ਅਤੇ ਸਿਆਸੀ ਸੱਤਾਧਾਰੀ ਅਕਸਰ ਬਚ ਨਿਕਲਦੇ ਹਨ। ਬੁਲਡੋਜ਼ਰ ਮਾਡਲ: ਇਸ ਨੇ ਨਸ਼ਾ ਮਾਫ਼ੀਆ ਨੂੰ ਸੁਨੇਹਾ ਤਾਂ ਦਿੱਤਾ, ਪਰ ਵਿਰੋਧੀ ਧਿਰ ਦੇ ਆਰੋਪਾਂ ਮੁਤਾਬਕ, ਇਸ ਦੀ ਵਰਤੋਂ ਸਿਆਸੀ ਵਿਰੋਧੀਆਂ ਨੂੰ ਨਿਸ਼ਾਨਾ ਬਣਾਉਣ ਲਈ ਵੀ ਹੋ ਰਹੀ ਹੈ।

ਅਦਾਲਤੀ ਪ੍ਰਕਿਰਿਆ: ਮਜੀਠੀਆ ਵਰਗੇ ਮਾਮਲਿਆਂ ਵਿੱਚ ਸਬੂਤਾਂ ਦੀ ਕਮੀ ਅਤੇ ਲੰਮੀਆਂ ਅਦਾਲਤੀ ਪ੍ਰਕਿਰਿਆਵਾਂ ਕਾਰਨ ਨਤੀਜੇ ਨਹੀਂ ਨਿਕਲਦੇ। ਸਮਾਜਿਕ ਜਾਗਰੂਕਤਾ: ਸਰਕਾਰ ਨੇ ਜਾਗਰੂਕਤਾ ਮੁਹਿੰਮਾਂ ਸ਼ੁਰੂ ਕੀਤੀਆਂ, ਪਰ ਜ਼ਮੀਨੀ ਪੱਧਰ 'ਤੇ ਇਨ੍ਹਾਂ ਦਾ ਅਸਰ ਸੀਮਤ ਹੈ।

# ਇਜ਼ਰਾਇਲ ਦੀਆਂ ਜ਼ਾਲਮਾਨਾ ਨੀਤੀਆਂ ਕਾਰਨ ਗਾਜ਼ਾ 'ਚ ਭੁੱਖਮਰੀ ਫ਼ੈਲੀ

## ਬੱਚਿਆਂ ਦੇ ਹਾਲਾਤ ਮਾੜੇ , ਭੁੱਖਮਰੀ ਕਾਰਨ ਹੋਈਆਂ ਮੌਤਾਂ

## ਫ਼ਰਾਂਸ-ਬਰਤਾਨੀਆ ਦਾ ਵੱਡਾ ਫ਼ੈਸਲਾ: ਫ਼ਲਸਤੀਨ ਨੂੰ ਮਾਨਤਾ

ਗਾਜ਼ਾ ਦੀ ਧਰਤੀ, ਹੁਣ ਬਾਰੂਦ ਦੀ ਬਦਬੂ ਅਤੇ ਭੁੱਖ ਦੀ ਅੱਗ ਵਿੱਚ ਸੜ ਰਹੀ ਹੈ। ਪਿਛਲੇ ਦੋ ਸਾਲਾਂ ਤੋਂ ਇਜ਼ਰਾਇਲ ਦੀਆਂ ਫ਼ੌਜੀ ਕਾਰਵਾਈਆਂ ਨੇ ਇਸ ਨਿੱਕੀ ਜਿਹੀ ਪੱਟੀ ਨੂੰ ਮੌਤ ਦੀ ਵਾਦੀ ਬਣਾ ਦਿੱਤਾ। ਬੱਚੇ ਭੁੱਖ ਨਾਲ ਬਿਲਬਿਲਾ ਰਹੇ ਨੇ, ਮਾਵਾਂ ਦੀਆਂ ਅੱਖੀਆਂ ਵਿੱਚ ਹੰਝੂ ਅਤੇ ਦਿਲ ਵਿੱਚ ਮੌਤ ਦਾ ਡਰ ਉਨ੍ਹਾਂ ਦੀ ਮਾੜੀ ਕਿਸਮਤ ਬਣ ਗਿਆ ਹੈ। ਇਜ਼ਰਾਇਲ ਦੀ ਨਾਕਾਬੰਦੀ ਅਤੇ ਬੇਰਹਿਮ ਹਮਲਿਆਂ ਨੇ ਗਾਜ਼ਾ ਨੂੰ ਨਰਕ ਵਿੱਚ ਬਦਲ ਦਿੱਤਾ ਹੈ, ਜਿੱਥੇ ਨਾ ਖਾਣ ਨੂੰ ਦਾਣਾ, ਨਾ ਸਿਹਤ ਦੀ ਸਹੂਲਤ, ਅਤੇ ਨਾ ਹੀ ਜੀਉਣ ਦੀ ਆਸ।

ਗਾਜ਼ਾ ਦੀ ਇਸ ਤਬਾਹੀ ਦੀ ਜੜ੍ਹ ਵਿੱਚ ਇਜ਼ਰਾਇਲ ਦੀਆਂ ਸਖ਼ਤ ਨੀਤੀਆਂ ਅਤੇ ਨਾਕਾਬੰਦੀ ਹੈ। ਅਕਤੂਬਰ 2023 ਤੋਂ ਸ਼ੁਰੂ ਹੋਈਆਂ ਇਜ਼ਰਾਇਲੀ ਬੰਬਾਰੀਆਂ ਨੇ ਗਾਜ਼ਾ ਦੇ ਜੀਵਨ-ਚੱਕਰ ਨੂੰ ਤਹਿਸ-ਨਹਿਸ ਕਰ ਦਿੱਤਾ। ਸੰਯੁਕਤ ਰਾਸ਼ਟਰ ਦੇ ਸੰਗਠਨ ਇੰਟੀਗਰੇਟਡ ਫ਼ੂਡ ਸਕਿਓਰਟੀ ਫ਼ੇਜ਼ ਕਲਾਸੀਫ਼ਿਕੇਸ਼ਨ ਨੇ 29 ਜੁਲਾਈ 2025 ਨੂੰ ਚਿਤਾਵਨੀ ਦਿੱਤੀ ਕਿ ਗਾਜ਼ਾ ਵਿੱਚ 'ਅਕਾਲ ਦੀ ਸਭ ਤੋਂ ਭੈੜੀ ਸਥਿਤੀ' ਸਾਹਮਣੇ ਆ ਰਹੀ ਹੈ। ਗਾਜ਼ਾ ਦੀ 21 ਲੱਖ ਦੀ ਆਬਾਦੀ ਵਿਚੋਂ ਇੱਕ ਤਿਹਾਈ ਲੋਕ ਕਈ ਦਿਨ ਬਿਨਾਂ ਖਾਣੇ ਦੇ ਰਹਿ ਰਹੇ ਨੇ। ਮਾਰਚ ਤੋਂ ਮਈ 2025 ਤੱਕ ਇਜ਼ਰਾਇਲ ਨੇ ਗਾਜ਼ਾ ਵਿੱਚ ਸਾਰੀ ਖ਼ੁਰਾਕੀ ਸਪਲਾਈ ਰੋਕ ਦਿੱਤੀ ਹੈ, ਜਿਸ ਨੇ ਭੁੱਖਮਰੀ ਨੂੰ ਹੋਰ ਭਿਆਨਕ ਬਣਾ ਦਿੱਤਾ ਹੈ।

ਗਾਜ਼ਾ ਸਿਟੀ ਵਿੱਚ ਕੁਪੋਸ਼ਣ ਦਾ ਪੱਧਰ ਮਈ 2025 ਵਿੱਚ 4.4% ਤੋਂ ਵਧ ਕੇ ਜੁਲਾਈ 2025 'ਚ 16.5% ਤੱਕ ਪਹੁੰਚ ਗਿਆ, ਜੋ ਅਕਾਲ ਦੀ ਸੀਮਾ ਨੂੰ ਵੀ ਪਾਰ ਕਰ ਗਿਆ। ਵਰਲਡ ਫ਼ੂਡ ਪ੍ਰੋਗਰਾਮ ਅਤੇ ਵਰਲਡ ਹੈਲਥ





ਆਰਗੇਨਾਈਜ਼ੇਸ਼ਨ ਨੇ ਵੀ ਇਹੀ ਚਿਤਾਵਨੀ ਦਿੱਤੀ। 2025 ਵਿੱਚ ਹੁਣ ਤੱਕ 74 ਲੋਕਾਂ, ਜਿਨ੍ਹਾਂ ਵਿੱਚ 63 ਬੱਚੇ ਨੇ, ਕੁਪੋਸ਼ਣ ਕਾਰਨ ਜਾਨ ਗੁਆਈ। ਕੁੱਲ ਮਿਲਾ ਕੇ, 147 ਲੋਕ ਭੁੱਖ ਨਾਲ ਮਰ ਚੁੱਕੇ ਨੇ, ਜਿਨ੍ਹਾਂ ਵਿੱਚ 88 ਬੱਚੇ ਨੇ।

ਇਜ਼ਰਾਇਲ ਦੀ ਨਾਕਾਬੰਦੀ ਨੇ ਖ਼ੁਰਾਕ, ਦਵਾਈਆਂ ਅਤੇ ਬੁਨਿਆਦੀ ਸਹੂਲਤਾਂ ਦੀ ਸਪਲਾਈ ਨੂੰ ਲਗਭਗ ਖਤਮ ਕਰ ਦਿੱਤਾ। ਮਾਰਕੀਟਾਂ ਵਿੱਚ ਅੰਨ ਦਾ ਨਾਮੋ-ਨਿਸ਼ਾਨ ਨਹੀਂ ਅਤੇ ਜੋ ਥੋੜ੍ਹੀ-ਬਹੁਤ ਸਹਾਇਤਾ ਪਹੁੰਚਦੀ ਹੈ, ਉਸ 'ਤੇ ਵੀ ਇਜ਼ਰਾਇਲੀ ਹਮਲੇ ਹੁੰਦੇ ਨੇ।

ਗਾਜ਼ਾ ਦੇ ਬੱਚੇ ਇਸ ਸੰਕਟ ਦੀ ਸਭ ਤੋਂ ਵੱਡੀ ਮਾਰ ਝੱਲ ਰਹੇ ਨੇ। ਯੂਨੀਸੈਫ਼ ਦੀ ਰਿਪੋਰਟ ਮੁਤਾਬਕ, ਗਾਜ਼ਾ 'ਚ 3 ਤੋਂ 5 ਸਾਲ ਦੇ 60% ਬੱਚੇ ਕੁਪੋਸ਼ਣ ਦਾ ਸ਼ਿਕਾਰ ਨੇ। ਇਹਨਾਂ ਦੇ ਸਰੀਰ ਵਿੱਚ ਨਾ ਮਾਸ, ਨਾ ਖ਼ੂਨ, ਸਿਰਫ਼ ਹੱਡੀਆਂ ਦਾ ਢਾਂਚਾ ਬਚਿਆ। ਗਾਜ਼ਾ ਦੇ ਸਕੂਲ, ਜੋ ਕਦੀ ਪੜ੍ਹਾਈ ਦਾ ਕੇਂਦਰ ਸਨ, ਅੱਜ ਬੇਘਰ ਲੋਕਾਂ ਦੀ ਪਨਾਹਗਾਹ ਬਣੇ ਨੇ। ਪਰ ਇਹਨਾਂ ਸਕੂਲਾਂ 'ਤੇ ਵੀ ਇਜ਼ਰਾਇਲੀ ਬੰਬਾਰੀ ਨੇ ਕੋਈ ਰਹਿਮ ਨਹੀਂ ਕੀਤਾ। ਸੰਯੁਕਤ ਰਾਸ਼ਟਰ ਦੀ 22 ਜੁਲਾਈ 2025 ਦੀ ਰਿਪੋਰਟ ਮੁਤਾਬਕ, ਗਾਜ਼ਾ ਦੇ 80% ਸਕੂਲ ਤਬਾਹ ਹੋ ਚੁੱਕੇ ਨੇ।

ਡਾਕਟਰਜ਼ ਵਿਦਾਊਟ ਬਾਰਡਰਜ਼ ਅਤੇ ਫ਼ਿਜ਼ੀਸ਼ੀਅਨਜ਼ ਫ਼ਾਰ ਹਿਊਮਨ ਰਾਈਟਸ ਇਜ਼ਰਾਇਲ ਨੇ ਰਿਪੋਰਟ ਕੀਤਾ ਕਿ ਗਾਜ਼ਾ ਦੇ 90% ਹਸਪਤਾਲ ਅਤੇ ਸਿਹਤ ਕੇਂਦਰ ਜਾਂ ਤਾਂ ਤਬਾਹ ਹੋ ਚੁੱਕੇ ਨੇ ਜਾਂ ਕੰਮ ਨਹੀਂ ਕਰ ਰਹੇ। ਜੋ ਥੋੜ੍ਹੇ-ਜਿਹੇ ਹਸਪਤਾਲ ਬਚੇ ਨੇ, ਉਹਨਾਂ ਵਿੱਚ ਨਾ ਦਵਾਈਆਂ ਨੇ, ਨਾ ਬਿਜਲੀ ਅਤੇ ਨਾ ਹੀ ਵਧੇਰੇ ਡਾਕਟਰ ਹਨ। ਵਿਸ਼ਵ ਸਿਹਤ ਸੰਗਠਨ ਮੁਤਾਬਕ, ਗਾਜ਼ਾ 'ਚ ਸਿਰਫ਼ 15% ਸਿਹਤ ਸਹੂਲਤਾਂ ਅੰਸ਼ਕ ਤੌਰ 'ਤੇ ਚੱਲ ਰਹੀਆਂ ਨੇ।

ਬੱਚਿਆਂ ਅਤੇ ਬਜ਼ੁਰਗਾਂ ਨੂੰ ਸਧਾਰਨ ਬਿਮਾਰੀਆਂ ਜਿਵੇਂ ਦਸਤ, ਜ਼ੁਕਾਮ ਜਾਂ ਬੁਖ਼ਾਰ ਵੀ ਮੌਤ ਦੇ ਮੂੰਹ 'ਚ ਧੱਕ ਰਹੀਆਂ ਨੇ, ਕਿਉਂਕਿ ਦਵਾਈਆਂ ਅਤੇ ਸਾਫ਼ ਪਾਣੀ ਦੀ ਕਮੀ ਨੇ ਜੀਵਨ ਨੂੰ ਜੰਗ ਦਾ ਮੈਦਾਨ ਬਣਾ ਦਿੱਤਾ। ਗਰਭਵਤੀ ਔਰਤਾਂ ਲਈ ਤਾਂ ਹਾਲਾਤ ਹੋਰ ਵੀ ਭੈੜੇ ਨੇ। ਯੂਐਨ ਵੂਮੈਨ ਦੀ ਰਿਪੋਰਟ ਮੁਤਾਬਕ, ਗਾਜ਼ਾ 'ਚ 50,000 ਗਰਭਵਤੀ ਔਰਤਾਂ ਨੂੰ ਬੁਨਿਆਦੀ ਸਿਹਤ ਸੇਵਾਵਾਂ ਨਹੀਂ ਮਿਲ ਰਹੀਆਂ। ਕਈ ਮਾਵਾਂ ਨੇ ਬਿਨਾਂ ਡਾਕਟਰੀ ਸਹਾਇਤਾ ਦੇ ਬੱਚਿਆਂ ਨੂੰ ਜਨਮ ਦਿੱਤਾ, ਅਤੇ ਕਈ ਮੌਤ ਦੀ ਗੋਦ ਵਿਚ ਜਾ ਸੁੱਤੀਆਂ।

### ਯੂ.ਐਨ. ਤੇ ਮਨੁੱਖੀ ਅਧਿਕਾਰ ਸੰਗਠਨਾਂ ਨੇ ਉਠਾਈ ਆਵਾਜ਼

ਅਮਨੈਸਟੀ ਇੰਟਰਨੈਸ਼ਨਲ ਨੇ ਇਜ਼ਰਾਈਲ 'ਤੇ 'ਭੁੱਖ ਨੂੰ ਜੰਗ ਦੇ ਹਥਿਆਰ ਵਜੋਂ ਵਰਤਣ' ਦਾ ਇਲਜ਼ਾਮ ਲਾਇਆ ਹੈ। ਇਜ਼ਰਾਇਲ ਦੀ ਨਾਕਾਬੰਦੀ ਨੇ ਗਾਜ਼ਾ ਨੂੰ ਦੁਨੀਆਂ ਤੋਂ ਕੱਟ ਦਿੱਤਾ। ਨਾ ਸਹਾਇਤਾ ਅੰਦਰ ਆ ਸਕਦੀ ਹੈ, ਨਾ ਲੋਕ ਬਾਹਰ ਜਾ ਸਕਦੇ ਨੇ। ਹਿਊਮਨ ਰਾਈਟਸ ਵਾਚ ਨੇ ਕਿਹਾ ਕਿ ਇਜ਼ਰਾਇਲ ਦੀਆਂ ਨੀਤੀਆਂ ਫ਼ਲਸਤੀਨੀਆਂ ਨੂੰ ਸਮੂਹਿਕ ਸਜ਼ਾ ਦੇ ਰਹੀਆਂ ਨੇ। ਸੀ.ਐਨ.ਐਨ. ਨੇ 29 ਜੁਲਾਈ 2025 ਨੂੰ ਕਿਹਾ, 'ਗਾਜ਼ਾ ਵਿੱਚ ਅਕਾਲ ਦਾ ਸਭ ਤੋਂ ਭੈੜਾ ਮੰਜ਼ਰ ਸਾਹਮਣੇ ਆ ਰਿਹਾ।' 'ਦਾ ਨਿਊਯਾਰਕ ਟਾਈਮਜ਼' ਨੇ ਲਿਖਿਆ ਕਿ ਗਾਜ਼ਾ ਅਰਾਜਕਤਾ ਵੱਲ ਵਧ ਰਿਹਾ ਹੈ। 'ਦਾ ਗਾਰਡੀਅਨ' ਨੇ ਇਸ ਨੂੰ 'ਬੇਰੋਕ ਮਨੁੱਖੀ ਤਬਾਹੀ' ਕਿਹਾ ਹੈ। ਸੰਯੁਕਤ ਰਾਸ਼ਟਰ ਦੇ ਮਹਾਸਕੱਤਰ ਐਂਟੋਨੀਓ ਗੁਟੇਰੇਸ ਨੇ ਇਸ ਨੂੰ ਇਤਿਹਾਸਕ ਪੱਧਰ ਦੀ ਮਨੁੱਖੀ ਆਫ਼ਤ ਦੱਸਿਆ। ਸੰਯੁਕਤ ਰਾਸ਼ਟਰ ਨੇ ਇਹ ਵੀ ਕਿਹਾ ਕਿ ਗਾਜ਼ਾ ਦੇ 70% ਰਿਹਾਇਸ਼ੀ ਇਮਾਰਤਾਂ ਅਤੇ ਹਸਪਤਾਲ ਤਬਾਹ ਹੋ ਚੁੱਕੇ ਨੇ।

### ਯੂਰਪ ਦਾ ਇਜ਼ਰਾਇਲ ਵਿਰੁੱਧ ਸਿਆਸੀ ਰੁਖ


ਫ਼ਰਾਂਸ ਅਤੇ ਬਰਤਾਨੀਆ ਦੇ ਫ਼ਿਲਸਤੀਨ ਨੂੰ ਮਾਨਤਾ ਦੇਣ ਦੇ ਫ਼ੈਸਲੇ ਨੇ ਵਿਸ਼ਵ ਸਿਆਸਤ ਵਿੱਚ ਤੂਫ਼ਾਨ ਖੜ੍ਹਾ ਕਰ ਦਿੱਤਾ। ਬੀਤੇ ਦਿਨੀਂ ਫ਼ਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਨੇ 24 ਜੁਲਾਈ 2025 ਨੂੰ ਐਕਸ 'ਤੇ ਐਲਾਨ ਕੀਤਾ ਸੀ ਕਿ 'ਸਤੰਬਰ 2025 ਵਿੱਚ ਫ਼ਰਾਂਸ ਫ਼ਲਸਤੀਨ ਨੂੰ ਆਜ਼ਾਦ ਮੁਲਕ ਵਜੋਂ ਮਾਨਤਾ ਦੇਵੇਗਾ।' ਉਹਨਾਂ ਨੇ ਹਮਾਸ ਦੇ ਨਿਸ਼ਸਤਰੀਕਰਨ, ਗਾਜ਼ਾ ਦੇ ਪੁਨਰ-ਨਿਰਮਾਣ ਅਤੇ ਜੰਗਬੰਦੀ ਦੀ ਲੋੜ 'ਤੇ ਜ਼ੋਰ ਦਿੱਤਾ। ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਵੀ ਕਿਹਾ ਕਿ ਜੇ ਇਜ਼ਰਾਇਲ ਨੇ ਜੰਗਬੰਦੀ ਨਾ ਕੀਤੀ, ਤਾਂ ਬਰਤਾਨੀਆ ਵੀ ਫ਼ਲਸਤੀਨ ਨੂੰ ਮਾਨਤਾ ਦੇਵੇਗਾ। ਇਹ ਫ਼ੈਸਲੇ ਯੂਰਪ ਵਿੱਚ ਵਧਦੇ ਜਨਤਕ ਦਬਾਅ ਦਾ ਨਤੀਜਾ ਨੇ। ਫ਼ਰਾਂਸ ਅਤੇ ਬਰਤਾਨੀਆ ਵਿੱਚ ਵੱਡੀ ਮੁਸਲਮਾਨ ਆਬਾਦੀ ਹੈ, ਜੋ ਗਾਜ਼ਾ ਵਿੱਚ ਹੋ ਰਹੇ ਜ਼ੁਲਮ ਖ਼ਿਲਾਫ਼ ਸੜਕਾਂ 'ਤੇ ਹੈ। ਸਪੇਨ, ਆਇਰਲੈਂਡ, ਨਾਰਵੇ ਅਤੇ ਸਲੋਵੇਨੀਆ ਵਰਗੇ ਯੂਰਪੀ ਮੁਲਕ ਪਹਿਲਾਂ ਹੀ ਫ਼ਲਸਤੀਨ ਨੂੰ ਮਾਨਤਾ ਦੇ ਚੁੱਕੇ ਨੇ। ਸਪੇਨ ਦੇ ਪ੍ਰਧਾਨ ਮੰਤਰੀ ਪੇਡਰੋ ਸਾਂਚੇਜ਼ ਨੇ ਮੈਕਰੋਂ ਦੇ ਫ਼ੈਸਲੇ ਦੀ ਸ਼ਲਾਘਾ ਕਰਦਿਆਂ ਕਿਹਾ, ਦੋ-ਮੁਲਕੀ ਹੱਲ ਹੀ ਅਮਨ ਦਾ ਰਾਹ ਹੈ। ਇਹ ਬਦਲਾਅ ਯੂਰਪ ਵਿੱਚ ਅਮਰੀਕੀ ਪ੍ਰਭਾਵ ਤੋਂ ਦੂਰ ਜਾਣ ਦੀਆਂ ਕੋਸ਼ਿਸ਼ਾਂ ਨੂੰ ਵੀ ਦਰਸਾਉਂਦਾ ਹੈ, ਜੋ ਟਰੰਪ ਪ੍ਰਸ਼ਾਸਨ ਦੀਆਂ ਨੀਤੀਆਂ ਅਤੇ ਵਪਾਰਕ ਜੰਗ ਕਾਰਨ ਵਧ ਰਿਹਾ ਹੈ।

### ਅਮਰੀਕਾ ਇਜ਼ਰਾਇਲ ਦੇ ਜ਼ੁਲਮਾਂ ਬਾਰੇ ਚੁੱਪ ਕਿਉਂ ?

ਅਮਰੀਕਾ, ਜੋ ਇਜ਼ਰਾਇਲ ਦਾ ਸਭ ਤੋਂ ਵੱਡਾ ਸਮਰਥਕ ਹੈ, ਗਾਜ਼ਾ ਦੇ ਸੰਕਟ 'ਤੇ ਅਜੀਬ ਚੁੱਪੀ ਸਾਧੀ ਹੋਈ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ 28 ਜੁਲਾਈ 2025 ਨੂੰ ਸਕਾਟਲੈਂਡ ਵਿੱਚ ਕਿਹਾ, 'ਗਾਜ਼ਾ ਵਿੱਚ ਸੱਚਮੁਚ ਭੁੱਖਮਰੀ ਹੈ।

(ਬਾਕੀ ਸਫ਼ਾ 30 'ਤੇ)

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

ਈ ਮੇਲ : asrtimes@gmail.com

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
INSURANCE VEHICLE REG. IMMIGRATION NOTARY PUBLIC LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੰਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

CAPITAL DRUG TESTING
Drug and Alcohol Test
Capital DRUG TESTING
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



# ਭਾਰਤ ਵਿੱਚ ਕਿਸਾਨਾਂ ਦਾ ਕਰਜ਼ਾ ਸੰਕਟ

## ਪੰਜਾਬ ਸਭ ਤੋਂ ਅੱਗੇ, ਪ੍ਰਤੀ ਕਿਸਾਨ 2.77 ਲੱਖ ਦਾ ਕਰਜ਼ਾ

## ਕਰਜ਼ੇ ਦਾ ਕਾਰਨ: ਵਧਦੀ ਲਾਗਤ, ਸੀਮਤ ਆਮਦਨ, ਐਮ.ਐਸ.ਪੀ. ਗਾਰੰਟੀ ਅਤੇ ਵਿਆਜ ਮੁਕਤ ਕਰਜ਼ੇ ਦੇਣ ਦੀ ਲੋੜ

**ਪੰਜਾਬ ਦੇ ਕਿਸਾਨਾਂ ਦਾ ਕਰਜ਼ਾ ਸੰਕਟ ਦੇਸ਼ ਦੀ ਖੇਤੀਬਾੜੀ ਅਰਥਚਾਰੇ ਦੀਆਂ ਜੜ੍ਹਾਂ ਨੂੰ ਹਿਲਾ ਰਿਹਾ ਹੈ। ਕਰਜ਼ਾ ਮੁਆਫ਼ੀ ਵਰਗੇ ਅਸਥਾਈ ਹੱਲਾਂ ਦੀ ਬਜਾਏ, ਸਰਕਾਰ ਨੂੰ ਵਿਆਪਕ ਅਤੇ ਸਥਾਈ ਨੀਤੀਆਂ ਅਪਣਾਉਣ ਦੀ ਜ਼ਰੂਰਤ ਹੈ। ਜੇਕਰ ਸਹੀ ਸਮੇਂ 'ਤੇ ਸਹੀ ਕਦਮ ਨਾ ਚੁੱਕੇ ਗਏ, ਤਾਂ ਕਿਸਾਨਾਂ ਦਾ ਇਹ ਸੰਕਟ ਹੋਰ ਗੰਭੀਰ ਹੋ ਸਕਦਾ ਹੈ, ਜਿਸ ਦਾ ਅਸਰ ਨਾ ਸਿਰਫ਼ ਪੰਜਾਬ, ਸਗੋਂ ਪੂਰੇ ਦੇਸ਼ ਦੀ ਅਰਥਵਿਵਸਥਾ 'ਤੇ ਪਵੇਗਾ।**





ਭਾਰਤ ਦੇ ਕਿਸਾਨ, ਜੋ ਦੇਸ਼ ਦੀ ਖੁਰਾਕ ਸੁਰੱਖਿਆ ਦੀ ਨੀਂਹ ਹਨ, ਕਰਜ਼ੇ ਦੇ ਬੋਝ ਹੇਠ ਦੱਬੇ ਹੋਏ ਹਨ। ਖਾਸ ਤੌਰ 'ਤੇ ਪੰਜਾਬ ਦੇ ਕਿਸਾਨ, ਜੋ ਦੇਸ਼ ਦੇ ਸਿਰਫ਼ 2% ਖੇਤਰਫ਼ਲ 'ਤੇ ਖੇਤੀਬਾੜੀ ਕਰਦੇ ਹਨ, ਪ੍ਰਤੀ ਕਿਸਾਨ ਸਭ ਤੋਂ ਵੱਧ ਕਰਜ਼ੇ ਦੇ ਸੰਕਟ ਨਾਲ ਜੂਝ ਰਹੇ ਹਨ। ਲੋਕ ਸਭਾ ਵਿੱਚ ਵਿੱਤ ਮੰਤਰਾਲੇ ਦੇ ਰਾਜ ਮੰਤਰੀ ਪੰਕਜ ਚੌਧਰੀ ਨੇ ਹਾਲ ਹੀ ਵਿੱਚ ਦੱਸਿਆ ਕਿ ਪੰਜਾਬ ਦੇ 37.62 ਲੱਖ ਕਿਸਾਨ ਖਾਤਾ ਧਾਰਕਾਂ 'ਤੇ 1,04,353 ਕਰੋੜ ਰੁਪਏ ਦਾ ਕਰਜ਼ਾ ਹੈ, ਜੋ ਪ੍ਰਤੀ ਕਿਸਾਨ ਔਸਤਨ 2.77 ਲੱਖ ਰੁਪਏ ਬਣਦਾ ਹੈ। ਇਹ ਅੰਕੜਾ ਪੰਜਾਬ ਨੂੰ ਪ੍ਰਤੀ ਕਿਸਾਨ ਕਰਜ਼ੇ ਦੇ ਮਾਮਲੇ ਵਿੱਚ ਦੇਸ਼ ਵਿੱਚ ਸਭ ਤੋਂ ਅੱਗੇ ਰੱਖਦਾ ਹੈ, ਜਦਕਿ ਗੁਜਰਾਤ (2.58 ਲੱਖ) ਅਤੇ ਹਰਿਆਣਾ (2.57 ਲੱਖ) ਕ੍ਰਮਵਾਰ ਦੂਜੇ ਅਤੇ ਤੀਜੇ ਸਥਾਨ 'ਤੇ ਹਨ।

**ਕਿਸਾਨਾਂ ਦੀ ਕਰਜ਼ੇ ਦੀ ਸਥਿਤੀ**

ਲੋਕ ਸਭਾ ਵਿੱਚ ਪੇਸ਼ ਕੀਤੇ ਗਏ ਅੰਕੜਿਆਂ ਅਨੁਸਾਰ, ਦੇਸ਼ ਦੇ 37 ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ 1762.96 ਲੱਖ ਕਿਸਾਨ ਖਾਤਾ ਧਾਰਕਾਂ 'ਤੇ ਕੁੱਲ 28,50,779 ਕਰੋੜ ਰੁਪਏ ਦਾ ਕਰਜ਼ਾ ਹੈ। ਸਭ ਤੋਂ ਵੱਧ ਕੁੱਲ ਕਰਜ਼ਾ ਤਮਿਲਨਾਡੂ ਵਿੱਚ ਹੈ, ਜਿੱਥੇ 252.45 ਲੱਖ ਕਿਸਾਨਾਂ 'ਤੇ 4,03,367 ਕਰੋੜ ਰੁਪਏ ਦਾ ਕਰਜ਼ਾ ਹੈ। ਇਸ ਤੋਂ ਬਾਅਦ ਆਂਧਰਾ ਪ੍ਰਦੇਸ਼ (3,08,716 ਕਰੋੜ) ਅਤੇ ਮਹਾਰਾਸ਼ਟਰ (2,60,799 ਕਰੋੜ) ਦਾ ਨੰਬਰ ਆਉਂਦਾ ਹੈ। ਪਰ ਪ੍ਰਤੀ ਕਿਸਾਨ ਕਰਜ਼ੇ ਦੇ ਮਾਮਲੇ ਵਿੱਚ ਪੰਜਾਬ ਸਭ ਤੋਂ ਅੱਗੇ ਹੈ, ਜੋ ਇਸ ਸੂਬੇ ਦੀ ਖੇਤੀਬਾੜੀ ਅਰਥਚਾਰੇ ਦੀ ਨਾਜ਼ੁਕ ਸਥਿਤੀ ਨੂੰ ਦਰਸਾਉਂਦਾ ਹੈ।

ਪੰਜਾਬ ਦੇ ਨਾਲ-ਨਾਲ ਹਰਿਆਣਾ ਵੀ ਕਰਜ਼ੇ ਦੇ ਬੋਝ ਹੇਠ ਦੱਬਿਆ ਹੋਇਆ ਹੈ। ਹਰਿਆਣਾ ਵਿੱਚ 38.52 ਲੱਖ ਕਿਸਾਨ ਖਾਤਾ ਧਾਰਕਾਂ 'ਤੇ 99,026 ਕਰੋੜ ਰੁਪਏ ਦਾ ਕਰਜ਼ਾ ਹੈ, ਜੋ ਪੰਜਾਬ ਦੇ ਮੁਕਾਬਲੇ ਥੋੜ੍ਹਾ ਘੱਟ ਹੈ। ਹਾਲਾਂ ਕਿ, ਹਰਿਆਣਾ ਦਾ ਖੇਤਰਫ਼ਲ ਪੰਜਾਬ ਨਾਲੋਂ ਛੋਟਾ ਹੈ, ਪਰ ਇੱਥੇ ਕਿਸਾਨ ਖਾਤਿਆਂ ਦੀ ਗਿਣਤੀ ਪੰਜਾਬ ਨਾਲੋਂ ਵੱਧ ਹੈ, ਜੋ ਸੂਬੇ ਦੀ ਖੇਤੀਬਾੜੀ 'ਤੇ ਨਿਰਭਰਤਾ ਨੂੰ ਦਰਸਾਉਂਦੀ ਹੈ।

**ਕਰਜ਼ੇ ਦੇ ਕਾਰਨ ਕੀ ਹਨ**

ਪੰਜਾਬ ਵਿੱਚ ਖੇਤੀਬਾੜੀ ਦੀ ਮਕੈਨੀਕੀਕਰਨ ਅਤੇ ਸਿੰਚਾਈ 'ਤੇ ਜ਼ਿਆਦਾ ਨਿਰਭਰਤਾ ਨੇ ਵੀ ਕਰਜ਼ੇ ਦੇ ਬੋਝ ਨੂੰ ਵਧਾਇਆ ਹੈ। ਛੋਟੇ ਅਤੇ ਸੀਮਾਂਤ ਕਿਸਾਨ, ਜਿਨ੍ਹਾਂ ਦੀ ਜ਼ਮੀਨ ਦਾ ਆਕਾਰ ਘੱਟ ਹੈ, ਖੇਤੀ ਦੀ ਉੱਚ ਲਾਗਤ ਨੂੰ ਪੂਰਾ ਕਰਨ ਲਈ ਅਕਸਰ ਬੈਂਕਾਂ ਅਤੇ ਸ਼ਾਹੂਕਾਰਾਂ ਤੋਂ ਕਰਜ਼ਾ ਲੈਂਦੇ ਹਨ। ਇਸ ਦੇ ਨਾਲ ਹੀ, ਫ਼ਸਲਾਂ ਦੀ ਘੱਟ ਕੀਮਤ ਅਤੇ ਮੰਡੀਆਂ ਵਿੱਚ ਸਹੀ ਸਮਰਥਨ ਮੁੱਲ (ਐਮ.ਐਸ.ਪੀ.) ਦੀ ਗਾਰੰਟੀ ਦੀ ਘਾਟ ਵੀ ਕਿਸਾਨਾਂ ਨੂੰ ਆਰਥਿਕ ਸੰਕਟ ਵਿੱਚ ਧੱਕਦੀ ਹੈ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਪ੍ਰੋਫ਼ੈਸਰ ਅਤੇ ਆਰਥਿਕ ਮਾਮਲਿਆਂ ਦੇ ਮਾਹਰ ਕੇਸਰ ਸਿੰਘ ਭੰਗੂ ਦੱਸਦੇ ਹਨ ਕਿ ਕਿਸਾਨਾਂ ਦੇ ਕਰਜ਼ੇ ਦਾ ਸਭ ਤੋਂ ਵੱਡਾ ਕਾਰਨ ਖੇਤੀਬਾੜੀ ਦੀ ਲਾਗਤ ਵਿੱਚ ਲਗਾਤਾਰ ਵਾਧਾ ਹੈ। ਪਿਛਲੇ ਕੁਝ ਸਾਲਾਂ ਵਿੱਚ ਖਾਦ, ਬੀਜ, ਕੀਟਨਾਸ਼ਕਾਂ ਅਤੇ ਮਸ਼ੀਨਰੀ ਦੀਆਂ ਕੀਮਤਾਂ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ, ਜਦਕਿ ਕਿਸਾਨਾਂ ਦੀ ਆਮਦਨ ਲਗਭਗ ਸਥਿਰ ਹੀ ਰਹੀ ਹੈ। ਜਦੋਂ ਖਰਚ ਵਧਦੇ ਹਨ ਅਤੇ ਆਮਦਨ ਸੀਮਤ ਰਹਿੰਦੀ ਹੈ, ਤਾਂ ਕਿਸਾਨਾਂ ਨੂੰ ਨਿੱਜੀ ਜ਼ਰੂਰਤਾਂ ਲਈ ਵੀ ਕਰਜ਼ਾ ਲੈਣਾ ਪੈਂਦਾ ਹੈ।

ਕਿਸਾਨ ਨੇਤਾ ਜਗਜੀਤ ਸਿੰਘ ਡੱਲੇਵਾਲ ਨੇ ਪੂਰਨ ਕਰਜ਼ਾ ਮੁਆਫ਼ੀ ਅਤੇ ਐਮ.ਐਸ.ਪੀ. ਦੀ ਮੰਗ ਨੂੰ ਕਿਸਾਨਾਂ ਦੀ ਆਰਥਿਕ ਸੁਰੱਖਿਆ ਦਾ ਇਕਮਾਤਰ ਹੱਲ ਦੱਸਿਆ ਹੈ।

ਪਿਛਲੇ ਸਮੇਂ ਵਿੱਚ ਵੀ ਕਿਸਾਨ ਅੰਦੋਲਨਾਂ, ਖਾਸ ਤੌਰ 'ਤੇ 2020-21 ਦੇ ਦਿੱਲੀ ਅੰਦੋਲਨ, ਵਿੱਚ ਕਰਜ਼ਾ ਮੁਆਫ਼ੀ ਅਤੇ ਐਮ.ਐਸ.ਪੀ. ਦਾ ਮੁੱਦਾ ਛਾਇਆ ਰਿਹਾ ਸੀ। ਹਾਲਾਂ ਕਿ, ਕੇਂਦਰ ਸਰਕਾਰ ਨੇ ਸਦਨ ਵਿੱਚ ਸਪੱਸ਼ਟ ਕੀਤਾ ਹੈ ਕਿ ਕਿਸਾਨਾਂ ਦੇ ਕਰਜ਼ੇ ਮਾਫ਼ ਕਰਨ ਦਾ ਕੋਈ ਪ੍ਰਸਤਾਵ ਵਿਚਾਰ ਅਧੀਨ ਨਹੀਂ ਹੈ।

**ਕਰਜ਼ਾ ਮੁਆਫ਼ੀ ਦਾ ਇਤਿਹਾਸ**

ਕੇਂਦਰ ਸਰਕਾਰ ਨੇ ਪਿਛਲੇ ਸਮੇਂ ਵਿੱਚ ਸਿਰਫ਼ ਦੋ ਵਾਰ ਕਿਸਾਨਾਂ ਦੇ ਕਰਜ਼ੇ ਮਾਫ਼ ਕਰਨ ਦਾ ਐਲਾਨ ਕੀਤਾ ਸੀ। ਪਹਿਲੀ ਵਾਰ 1990 ਵਿੱਚ ਅਤੇ ਦੂਜੀ ਵਾਰ 2008 ਵਿੱਚ ਮਨਮੋਹਨ ਸਿੰਘ ਦੀ ਸਰਕਾਰ ਦੇ ਸਮੇਂ ਕਰਜ਼ਾ ਮੁਆਫ਼ੀ ਸਕੀਮ ਲਾਗੂ ਕੀਤੀ ਗਈ। ਪੰਜਾਬ ਵਿੱਚ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਕਰਜ਼ਾ ਮੁਆਫ਼ੀ ਦਾ ਵਾਅਦਾ ਕੀਤਾ ਸੀ ਅਤੇ ਸਰਕਾਰ ਬਣਨ ਤੋਂ ਬਾਅਦ 1 ਲੱਖ ਰੁਪਏ ਤੱਕ ਦੇ ਖੇਤੀਬਾੜੀ ਕਰਜ਼ੇ ਮਾਫ਼ ਕੀਤੇ ਗਏ ਸਨ। ਹਾਲਾਂ ਕਿ, ਮੌਜੂਦਾ ਮੁੱਖ ਮੰਤਰੀ ਭਗਵੰਤ ਮਾਨ ਨੇ ਦਾਅਵਾ ਕੀਤਾ ਹੈ ਕਿ ਇਸ ਸਕੀਮ ਲਈ ਮੰਡੀ ਬੋਰਡ ਦੇ ਆਰ.ਡੀ.ਐਫ਼. ਫ਼ੰਡ ਦੀ ਦੁਰਵਰਤੋਂ ਕੀਤੀ ਗਈ, ਜਿਸ ਕਾਰਨ ਕੇਂਦਰ ਸਰਕਾਰ ਨੇ ਪੰਜਾਬ ਦੇ ਫ਼ੰਡ ਰੋਕ ਦਿੱਤੇ। ਇਸ ਮੁੱਦੇ 'ਤੇ ਪੰਜਾਬ ਸਰਕਾਰ ਨੇ ਸੁਪਰੀਮ ਕੋਰਟ ਵਿੱਚ ਅਪੀਲ ਕੀਤੀ ਹੈ।

**ਕੀ ਕਰਜ਼ਾ ਮੁਆਫ਼ੀ ਹੱਲ ਹੈ ?**

ਆਰਥਿਕ ਮਾਹਰ ਕੇਸਰ ਸਿੰਘ ਭੰਗੂ ਮੰਨਦੇ ਹਨ ਕਿ ਕਰਜ਼ਾ ਮੁਆਫ਼ੀ ਇੱਕ ਅਸਥਾਈ ਰਾਹਤ ਹੋ ਸਕਦੀ ਹੈ, ਪਰ ਇਹ ਕਿਸਾਨੀ ਸੰਕਟ ਦਾ ਸਥਾਈ ਹੱਲ ਨਹੀਂ ਹੈ। ਕਰਜ਼ਾ ਮੁਆਫ਼ੀ ਦੀ ਵੱਡੀ ਰਕਮ ਨੂੰ ਸਹੀ ਢੰਗ ਨਾਲ ਵਰਤਣ ਲਈ ਪਹਿਲਾਂ ਵਿਸਤ੍ਰਿਤ ਅਧਿਐਨ ਦੀ ਲੋੜ ਹੈ, ਤਾਂ ਜੋ ਇਹ ਉਨ੍ਹਾਂ ਕਿਸਾਨਾਂ ਤੱਕ ਪਹੁੰਚੇ ਜਿਨ੍ਹਾਂ ਨੂੰ ਸਭ ਤੋਂ ਵੱਧ ਜ਼ਰੂਰਤ ਹੈ। ਪਿਛਲੀਆਂ ਸਕੀਮਾਂ ਵਿੱਚ ਅਜਿਹਾ ਨਹੀਂ ਹੋਇਆ, ਜਿਸ ਕਾਰਨ ਇਸ ਦਾ ਪੂਰਾ ਲਾਭ ਨਹੀਂ ਮਿਲਿਆ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਅਰਥਸ਼ਾਸਤਰ ਵਿਭਾਗ ਦੇ ਪ੍ਰੋਫ਼ੈਸਰ ਅਤੇ ਪੰਜਾਬ ਫ਼ਾਰਮਜ਼ ਕਮਿਸ਼ਨ ਦੇ ਚੇਅਰਮੈਨ ਡਾ. ਸੁਖਪਾਲ ਸਿੰਘ ਦਾ ਮੰਨਣਾ ਹੈ ਕਿ ਕਰਜ਼ਾ ਮੁਆਫ਼ੀ ਦੇ ਨਾਲ-ਨਾਲ ਖੇਤੀਬਾੜੀ ਸੈਕਟਰ 'ਤੇ ਵਿਆਪਕ ਧਿਆਨ ਦੇਣ ਦੀ ਲੋੜ ਹੈ। ਕਿਸਾਨਾਂ ਨੂੰ ਫ਼ਸਲਾਂ ਦੀ ਸਹੀ ਕੀਮਤ, ਲਾਗਤ ਘਟਾਉਣ ਦੇ ਯਤਨ ਅਤੇ ਸਹਾਇਕ ਧੰਦਿਆਂ ਨਾਲ ਜੋੜਨ ਦੀ ਜ਼ਰੂਰਤ ਹੈ। ਸਹੀ ਨੀਤੀਆਂ ਰਾਹੀਂ ਹੀ ਕਿਸਾਨਾਂ ਨੂੰ ਕਰਜ਼ੇ ਦੇ ਜਾਲ ਵਿੱਚ ਮੁੜ ਫ਼ਸਣ ਤੋਂ ਬਚਾਇਆ ਜਾ ਸਕਦਾ ਹੈ।

**ਹੱਲ ਲਈ ਸੁਝਾਅ**

ਮਾਹਿਰਾਂ ਅਤੇ ਕਿਸਾਨ ਨੇਤਾਵਾਂ ਦਾ ਮੰਨਣਾ ਹੈ ਕਿ ਕਿਸਾਨੀ ਸੰਕਟ ਦੇ ਹੱਲ ਲਈ ਸਰਕਾਰ ਨੂੰ ਬਹੁ-ਪੱਖੀ ਰਣਨੀਤੀ ਅਪਣਾਉਣ ਦੀ ਲੋੜ ਹੈ। ਕੁਝ ਮੁੱਖ ਸੁਝਾਅ ਇਸ ਪ੍ਰਕਾਰ ਹਨ:

ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ: ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਨਾਲ ਕਿਸਾਨਾਂ ਨੂੰ ਆਮਦਨ ਦੀ ਸੁਰੱਖਿਆ ਮਿਲ ਸਕਦੀ ਹੈ।

ਵਿਆਜ ਮੁਕਤ ਕਰਜ਼ੇ: ਖੇਤੀਬਾੜੀ ਲਈ ਵਿਆਜ ਮੁਕਤ ਜਾਂ ਘੱਟ ਵਿਆਜ ਦਰ 'ਤੇ ਕਰਜ਼ੇ ਦੀ ਸਹੂਲਤ ਦਿੱਤੀ ਜਾਣੀ ਚਾਹੀਦੀ ਹੈ।

**(ਬਾਕੀ ਸਫ਼ਾ 31 'ਤੇ)**

## ਅੰਮ੍ਰਿਤਪਾਲ ਦੇ ਸਾਥੀਆਂ ਦੇ ਪਰਿਵਾਰਾਂ ਨਾਲ ਦੁਰਵਿਹਾਰ ਕਰਨ ਵਾਲੇ ਪੁਲਿਸ ਅਧਿਕਾਰੀ ਖ਼ਿਲਾਫ਼ ਕਾਰਵਾਈ ਕੀਤੀ ਜਾਵੇ : ਅਕਾਲੀ ਦਲ 'ਵਾਰਿਸ ਪੰਜਾਬ ਦੇ'



ਅੰਮ੍ਰਿਤਸਰ/ਏ.ਟੀ.ਨਿਊਜ਼: 'ਅਕਾਲੀ ਦਲ ਵਾਰਿਸ ਪੰਜਾਬ ਦੇ' ਆਗੂਆਂ ਨੇ ਪੁਲੀਸ ਅਧਿਕਾਰੀ 'ਤੇ ਸੰਸਦ ਮੈਂਬਰ ਅੰਮ੍ਰਿਤਪਾਲ ਦੇ ਸਾਥੀਆਂ ਦੇ ਪਰਿਵਾਰਾਂ ਨਾਲ ਦੁਰਵਿਹਾਰ ਕਰਨ ਦੇ ਦੋਸ਼ ਲਗਾਏ ਹਨ। ਆਗੂਆਂ ਨੇ ਸਬੰਧਤ ਪੁਲਿਸ ਅਧਿਕਾਰੀ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ। ਆਗੂਆਂ ਅਨੁਸਾਰ ਬੀਤੇ ਦਿਨ ਅਦਾਲਤ ਵਿੱਚ ਅੰਮ੍ਰਿਤਪਾਲ ਦੇ ਸਾਥੀਆਂ ਦੀ ਪੇਸ਼ੀ ਮੌਕੇ ਉਨ੍ਹਾਂ ਦੇ ਪਰਿਵਾਰਾਂ ਨਾਲ ਇੱਕ ਪੁਲਿਸ ਅਧਿਕਾਰੀ ਵੱਲੋਂ ਕਥਿਤ ਤੌਰ 'ਤੇ ਦੁਰਵਿਹਾਰ ਕੀਤਾ ਗਿਆ ਸੀ। ਉਨ੍ਹਾਂ ਇਸ ਪੁਲਿਸ ਅਧਿਕਾਰੀ ਨੂੰ ਤੁਰੰਤ ਮੁਅੱਤਲ ਕਰਨ ਅਤੇ ਉਸ ਖ਼ਿਲਾਫ਼ ਵਿਭਾਗੀ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

ਇਸ ਸਬੰਧੀ ਅੰਮ੍ਰਿਤਪਾਲ ਸਿੰਘ ਦੇ ਮਾਤਾ-ਪਿਤਾ ਨੇ 'ਅਕਾਲੀ ਦਲ ਵਾਰਿਸ ਪੰਜਾਬ ਦੇ' ਹੋਰ ਆਗੂਆਂ ਨਾਲ ਪ੍ਰੈੱਸ ਕਾਨਫ਼ਰੰਸ ਕੀਤੀ। ਅੰਮ੍ਰਿਤਪਾਲ ਦੇ ਪਿਤਾ ਤਰਸੇਮ ਸਿੰਘ ਨੇ ਪੰਜਾਬ ਪੁਲਿਸ ਦੇ ਉੱਚ ਅਧਿਕਾਰੀ 'ਤੇ ਪੇਸ਼ੀ ਭੁਗਤਣ ਆਏ ਨੌਜਵਾਨਾਂ ਦੇ ਪਰਿਵਾਰਾਂ ਨਾਲ ਦੁਰਵਿਹਾਰ ਕਰਨ ਦੇ ਦੋਸ਼ ਲਾਏ। ਉਨ੍ਹਾਂ ਦੱਸਿਆ ਕਿ ਬੀਤੇ ਦਿਨ ਅੰਮ੍ਰਿਤਸਰ ਕੋਰਟ ਵਿੱਚ ਪੇਸ਼ੀ ਭੁਗਤਣ ਆਏ ਨੌਜਵਾਨਾਂ ਦੇ ਪਰਿਵਾਰ ਵੀ ਆਪਣੇ ਪਰਿਵਾਰਕ ਮੈਂਬਰਾਂ ਨੂੰ ਮਿਲਣ ਲਈ ਅਦਾਲਤੀ ਕੰਪਲੈਕਸ ਵਿੱਚ ਆਏ ਸਨ। ਇਸ ਦੌਰਾਨ ਕੰਪਲੈਕਸ ਅੰਦਰ ਵੱਡੀ ਗਿਣਤੀ 'ਚ ਪੁਲੀਸ ਬਲ ਤਾਇਨਾਤ ਕੀਤਾ ਗਿਆ ਸੀ।

ਉਨ੍ਹਾਂ ਦੋਸ਼ ਲਾਇਆ ਕਿ ਜਦੋਂ ਪੇਸ਼ੀ ਭੁਗਤਣ ਆਏ ਨੌਜਵਾਨਾਂ ਦੇ ਪਰਿਵਾਰਾਂ ਨੇ ਉਨ੍ਹਾਂ ਨੂੰ ਮਿਲਣ ਦੀ ਇੱਛਾ ਪ੍ਰਗਟਾਈ ਤਾਂ ਉੱਥੇ ਤਾਇਨਾਤ ਪੁਲਿਸ ਅਧਿਕਾਰੀ ਨੇ ਗੁੱਸੇ ਵਿੱਚ ਆ ਕੇ ਪੁਲਿਸ ਬਲ ਦੀ ਵਰਤੋਂ ਕੀਤੀ। ਇਸ ਦੌਰਾਨ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਮਾਤਾ ਨਾਲ ਕਥਿਤ ਬਦਸਲੂਕੀ ਕੀਤੀ ਗਈ ਅਤੇ ਇਤਰਾਜ਼ਯੋਗ ਸ਼ਬਦ ਬੋਲੇ ਗਏ। ਉਨ੍ਹਾਂ ਦੋਸ਼ ਲਾਇਆ ਕਿ ਬਾਕੀ ਨੌਜਵਾਨਾਂ ਦੇ ਪਰਿਵਾਰਾਂ ਦੀਆਂ ਔਰਤਾਂ ਨਾਲ ਵੀ ਕਥਿਤ ਖਿੱਚ ਧੂਹ ਹੋਈ। ਇਸ ਕਾਰਨ ਉਨ੍ਹਾਂ ਸਬੰਧਿਤ ਪੁਲਿਸ ਅਧਿਕਾਰੀ ਖਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ।

## ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਹੋ ਕੇ ਹੀ ਹੋ ਸਕਦੀ ਹੈ ਅਕਾਲੀ ਦਲ ਦੀ ਪੁਨਰ-ਸੁਰਜੀਤੀ: ਸਿੱਖ ਆਗੂ




ਮਸਤੂਆਣਾ ਸਾਹਿਬ/ਏ.ਟੀ.ਨਿਊਜ਼: ਅਕਾਲੀ ਦਲ ਦੀ ਪੁਨਰ-ਸੁਰਜੀਤੀ, ਵਿਧੀ ਵਿਧਾਨ ਤੇ ਨੀਤੀ ਸਬੰਧੀ ਅਕਾਲ ਕਾਲਜ ਕੌਂਸਲ ਮਸਤੂਆਣਾ ਸਾਹਿਬ ਵੱਲੋਂ ਸਿੱਖ ਜਥੇਬੰਦੀਆਂ ਦੇ ਸਹਿਯੋਗ ਨਾਲ ਕਰਵਾਈ ਗਈ ਵਿਚਾਰ ਗੋਸ਼ਟੀ ਦੇ ਤੀਜੇ ਤੇ ਆਖ਼ਰੀ ਦਿਨ ਵੱਡਾ ਇਕੱਠ ਹੋਇਆ। ਗੋਸ਼ਟੀ ਦੀ ਸ਼ੁਰੂਆਤ ਨਾਮ ਸਿਮਰਨ ਤੋਂ ਹੋਈ। ਇਸ ਮੌਕੇ ਡਾ. ਗੁਰਵੀਰ ਸਿੰਘ ਨੇ ਗੋਸ਼ਟੀ ਦੇ ਉਦੇਸ਼ਾਂ ਬਾਰੇ ਜਾਣਕਾਰੀ ਦਿੱਤੀ ਜਦਕਿ ਮਾ. ਭੁਪਿੰਦਰ ਸਿੰਘ ਨੇ ਮੰਚ ਸੰਚਾਲਨ ਕੀਤਾ। ਬੁਲਾਰਿਆਂ ਵਜੋਂ ਹਰਪਿੰਦਰ ਸਿੰਘ ਕੋਟਕਪੂਰਾ ਅਤੇ ਪਰਮਜੀਤ ਸਿੰਘ ਮੰਡ ਦਲ ਖ਼ਾਲਸਾ ਨੇ ਕਿਹਾ ਕਿ ਜੇਕਰ ਅਕਾਲੀ ਦਲ ਦੀ ਪੁਨਰ-ਸੁਰਜੀਤੀ ਕਰਨੀ ਹੈ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਹੋਣਾ ਪਵੇਗਾ। ਉਨ੍ਹਾਂ ਕਿਹਾ ਕਿ ਵੋਟ ਸਿਆਸਤ ਅਤੇ ਅਕਾਲੀ ਸਿਆਸਤ ਦਾ ਦਾਇਰਾ ਵੱਖੋ-ਵੱਖ ਰੱਖਣਾ ਪਵੇਗਾ। ਕੰਵਰਜੀਤ ਸਿੰਘ ਸਿੱਧੂ, ਭਾਸ਼ਾ ਵਿਭਾਗ ਫ਼ਰੀਦਕੋਟ ਨੇ ਕਿਹਾ ਕਿ ਪੰਥਕ ਪ੍ਰਬੰਧਾਂ ਮੁਤਾਬਕ ਚੁਣਿਆ ਗਿਆ ਅਕਾਲੀ ਦਲ ਵੀ ਵਿਧਾਨ ਸਭਾ ਚੋਣਾਂ ਲੜਨ ਵਾਲੀ ਪਾਰਟੀ ਬਣ ਕੇ ਪੰਥਕ ਸਿਧਾਂਤ 'ਤੇ ਕਾਇਮ ਨਹੀਂ ਰਹਿ ਸਕਦਾ। ਹਰਦੀਪ ਸਿੰਘ ਅਤੇ ਭਾਈ ਜਸਪਾਲ ਸਿੰਘ ਮੰਝਪੁਰ ਨੇ ਸੁਝਾਅ ਦਿੱਤਾ ਕਿ ਭਾਵੇਂ ਕੋਈ ਵੀ ਪਾਰਟੀ ਬਣੇ, ਪੰਥਕ ਪ੍ਰਚੱਲਤ ਸ਼ਬਦ (ਅਕਾਲੀ) ਨਾ ਵਰਤਿਆ ਜਾਵੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਕਰਨੈਲ ਸਿੰਘ ਪੰਜੋਲੀ ਨੇ ਧਰਮ ਅਤੇ ਰਾਜਨੀਤੀ ਵਿੱਚ ਸਬੰਧ ਦਰਸਾਉਂਦਿਆਂ ਸਿੱਖ ਧਰਮ ਵਿੱਚ ਧਰਮ ਨੂੰ ਰਾਜਨੀਤੀ ਤੋਂ ਉੱਪਰ ਦੱਸਿਆ। ਸੀਨੀਅਰ ਪੱਤਰਕਾਰ ਹਮੀਰ ਸਿੰਘ ਨੇ ਕਿਹਾ ਕਿ ਵੋਟ ਸਿਆਸਤ ਹੀ ਸਾਰੀ ਸਿਆਸਤ ਨਹੀਂ ਹੁੰਦੀ, ਕੁੱਝ ਵੀ ਨਵਾਂ ਬਣਾਉਣ ਤੋਂ ਪਹਿਲਾਂ ਸਾਨੂੰ ਸਿਆਸਤ ਨੂੰ ਚੰਗੀ ਤਰ੍ਹਾਂ ਸਮਝਣ ਦੀ ਲੋੜ ਹੈ। ਇਨ੍ਹਾਂ ਤੋਂ ਇਲਾਵਾ ਡਾ. ਪਰਮਵੀਰ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ, ਈਮਾਨ ਸਿੰਘ ਖਾਰਾ 'ਵਾਰਿਸ ਪੰਜਾਬ ਦੇ', ਗੁਰਦੀਪ ਸਿੰਘ ਬਠਿੰਡਾ, ਡਾ. ਜਮਸ਼ੇਦ ਅਲੀ ਖਾਨ ਪੰਜਾਬੀ ਯੂਨੀਵਰਸਿਟੀ ਪਟਿਆਲਾ, ਭਾਈ ਮੋਹਕਮ ਸਿੰਘ, ਸਾਬਕਾ ਸਿੱਖ ਫੈਡਰੇਸ਼ਨ ਆਗੂ ਕੁਲਦੀਪ ਸਿੰਘ ਤੇ ਭਾਈ ਮੋਹਕਮ ਸਿੰਘ ਦਮਦਮੀ ਟਕਸਾਲ ਆਦਿ ਬੁਲਾਰਿਆਂ ਨੇ ਵਿਚਾਰ ਰੱਖੇ।

**ਦਰਪਣ ਝੂਠ ਨਹੀਂ ਬੋਲਦਾ**

# ਸਿੱਖ ਖ਼ੋਜੀ ਡਾ. ਗੁਰਤੇਜ ਸਿੰਘ ਸੰਧੂ ਨੇ ਥਾਮਸ ਐਡੀਸਨ ਨੂੰ ਪਛਾੜਿਆ

## ਜੀ.ਐਨ.ਡੀ.ਯੂ. ਤੋਂ ਵਿਸ਼ਵ ਪੱਧਰ ਤੱਕ: ਸੰਧੂ ਦੀ ਤਕਨੀਕੀ ਕ੍ਰਾਂਤੀ

ਸਿੱਖ ਕੌਮ ਦਾ ਸਿਰ ਉੱਚਾ ਕਰਦਿਆਂ, ਗੁਰੂ ਨਾਨਕ ਦੇਵ ਯੂਨੀਵਰਸਿਟੀ (ਜੀ.ਐਨ.ਡੀ.ਯੂ.) ਦੇ ਸਾਬਕਾ ਵਿਦਿਆਰਥੀ 58 ਸਾਲਾ ਡਾ. ਗੁਰਤੇਜ ਸਿੰਘ ਸੰਧੂ ਨੇ ਵਿਸ਼ਵ ਪੱਧਰ 'ਤੇ ਤਕਨੀਕੀ ਜਗਤ ਵਿੱਚ ਅਜਿਹਾ ਕਮਾਲ ਕੀਤਾ ਹੈ, ਜਿਸ ਨੇ ਨਾ ਸਿਰਫ਼ ਭਾਰਤ, ਸਗੋਂ ਪੂਰੀ ਦੁਨੀਆ ਨੂੰ ਮਾਣ ਮਹਿਸੂਸ ਕਰਵਾਇਆ। 1,382 ਅਮਰੀਕੀ ਪੇਟੈਂਟਸ ਨਾਲ ਡਾ. ਸੰਧੂ ਨੇ ਮਹਾਨ ਅਮਰੀਕੀ ਖੋਜੀ ਥਾਮਸ ਐਡੀਸਨ ਦੇ 1,093 ਪੇਟੈਂਟਸ ਦੇ ਰਿਕਾਰਡ ਨੂੰ ਪਛਾੜਦਿਆਂ ਦੁਨੀਆ ਦੇ ਸੱਤਵੇਂ ਸਭ ਤੋਂ ਵੱਡੇ ਖੋਜੀ ਵਜੋਂ ਆਪਣਾ ਨਾਂਅ ਇਤਿਹਾਸ ਦੇ ਪੰਨਿਆਂ 'ਤੇ ਸੁਨਹਿਰੀ ਅੱਖਰਾਂ ਨਾਲ ਲਿਖਵਾਕੇ ਸਿੱਖ ਪੰਥ ਤੇ ਪੰਜਾਬ ਦਾ ਨਾਮ ਰੋਸ਼ਨ ਕੀਤਾ ਹੈ। ਮਾਈਕ੍ਰੋਨ ਟੈਕਨਾਲੋਜੀ ਦੇ ਸੀਨੀਅਰ ਫ਼ੈਲੋ ਅਤੇ ਵਾਈਸ ਪ੍ਰੈਜ਼ੀਡੈਂਟ ਵਜੋਂ, ਉਨ੍ਹਾਂ ਨੇ ਸੈਮੀਕੰਡਕਟਰ ਤਕਨੀਕ ਵਿੱਚ ਕ੍ਰਾਂਤੀਕਾਰੀ ਯੋਗਦਾਨ ਪਾਇਆ, ਜਿਸ ਨੇ ਸਮਾਰਟਫ਼ੋਨ, ਕੈਮਰੇ ਅਤੇ ਕਲਾਊਡ ਸਟੋਰੇਜ ਵਰਗੇ ਉਪਕਰਣਾਂ ਨੂੰ ਛੋਟਾ, ਤੇਜ਼, ਅਤੇ ਵਧੇਰੇ ਕੁਸ਼ਲ ਬਣਾਇਆ।



ਡਾ. ਗੁਰਤੇਜ ਸਿੰਘ ਸੰਧੂ ਦੀ ਇਹ ਸਫ਼ਲਤਾ ਦੀ ਕਹਾਣੀ ਅੰਮ੍ਰਿਤਸਰ ਦੀ ਧਰਤੀ ਤੋਂ ਸ਼ੁਰੂ ਹੁੰਦੀ ਹੈ। ਜੀ.ਐਨ.ਡੀ.ਯੂ. ਦੇ ਕੈਮਿਸਟਰੀ ਵਿਭਾਗ ਦੇ ਸੰਸਥਾਪਕ ਮੁਖੀ ਪ੍ਰੋ. ਐਸ.ਐਸ. ਸੰਧੂ ਦੇ ਪੁੱਤਰ ਵਜੋਂ ਜਨਮੇ ਗੁਰਤੇਜ ਸਿੰਘ ਨੇ 1980 ਦੇ ਦਹਾਕੇ 'ਚ ਇਸ ਯੂਨੀਵਰਸਿਟੀ ਤੋਂ ਫ਼ਿਜ਼ਿਕਸ ਵਿੱਚ ਐਮ.ਐਸ.ਸੀ. ਆਨਰਜ਼ ਕੀਤੀ। ਉਨ੍ਹਾਂ ਦੀ ਸਿੱਖਿਆ ਦੀ ਨੀਂਹ ਅੰਮ੍ਰਿਤਸਰ ਦੀ ਇਸ ਮਹਾਨ ਸੰਸਥਾ ਵਿੱਚ ਪੱਕੀ ਹੋਈ, ਜਿਸ ਨੇ ਉਨ੍ਹਾਂ ਨੂੰ ਵਿਸ਼ਵ ਪੱਧਰ 'ਤੇ ਚਮਕਣ ਦਾ ਮੌਕਾ ਦਿੱਤਾ। ਇਸ ਤੋਂ ਬਾਅਦ, ਉਨ੍ਹਾਂ ਨੇ ਆਈ.ਆਈ.ਟੀ. ਦਿੱਲੀ ਤੋਂ ਇਲੈਕਟ੍ਰੀਕਲ ਇੰਜੀਨੀਅਰਿੰਗ 'ਚ ਬੀ.ਟੈਕ ਅਤੇ ਯੂਨੀਵਰਸਿਟੀ ਆਫ਼ ਨਾਰਥ ਕੈਰੋਲੀਨਾ, ਚੈਪਲ ਹਿੱਲ ਤੋਂ ਫ਼ਿਜ਼ਿਕਸ ਵਿੱਚ ਪੀ.ਐਚ.ਡੀ. ਹਾਸਲ ਕਰਕੇ ਆਪਣੇ ਗਿਆਨ ਨੂੰ ਹੋਰ ਪਰਵਾਜ਼ ਦਿੱਤੀ।

ਜੀ.ਐਨ.ਡੀ.ਯੂ. ਦੇ ਵਾਈਸ-ਚਾਂਸਲਰ ਪ੍ਰੋ. ਡਾ. ਕਰਮਜੀਤ ਸਿੰਘ ਨੇ ਡਾ. ਸੰਧੂ ਦੀਆਂ ਪ੍ਰਾਪਤੀਆਂ ਨੂੰ ਯੂਨੀਵਰਸਿਟੀ ਅਤੇ ਭਾਰਤ ਲਈ ਮਾਣ ਵਾਲੀ ਗੱਲ ਦੱਸਿਆ।

ਥਾਮਸ ਐਡੀਸਨ, ਜਿਸ ਨੂੰ 19ਵੀਂ ਸਦੀ ਦਾ ਮਹਾਨ ਖੋਜੀ ਮੰਨਿਆ ਜਾਂਦਾ ਹੈ, ਨੇ ਇਲੈਕਟ੍ਰਿਕ ਬਲਬ, ਫ਼ੋਨੋਗ੍ਰਾਫ਼, ਅਤੇ ਫ਼ਿਲਮ ਕੈਮਰੇ ਵਰਗੀਆਂ ਖੋਜਾਂ ਨਾਲ ਮਨੁੱਖੀ ਜੀਵਨ ਨੂੰ ਬਦਲ ਦਿੱਤਾ ਸੀ। ਉਸ ਦੀਆਂ 1,093 ਪੇਟੈਂਟਸ ਨੇ ਉਦਯੋਗਿਕ ਅਤੇ ਸਮਾਜਿਕ ਵਿਕਾਸ ਦੀ ਨੀਂਹ ਰੱਖੀ ਸੀ। ਪਰ ਡਾ. ਸੰਧੂ ਦੀਆਂ ਖੋਜਾਂ 21ਵੀਂ ਸਦੀ ਦੀ ਡਿਜੀਟਲ ਕ੍ਰਾਂਤੀ ਦਾ ਅਧਾਰ ਬਣੀਆਂ। ਉਨ੍ਹਾਂ ਦੀਆਂ ਨਵੀਨਤਾਵਾਂ, ਜਿਵੇਂ ਕਿ ਐਟੋਮਿਕ ਲੇਅਰ ਡਿਪੋਜ਼ੀਸ਼ਨ, ਆਕਸੀਜਨ-ਮੁਕਤ ਟਾਈਟੇਨੀਅਮ ਕੋਟਿੰਗ ਅਤੇ ਪਿੱਚ-ਡਬਲਿੰਗ ਤਕਨੀਕਾਂ, ਨੇ ਸੈਮੀਕੰਡਕਟਰ ਉਦਯੋਗ ਨੂੰ ਨਵੀਂ ਉਚਾਈਆਂ 'ਤੇ ਪਹੁੰਚਾਇਆ ਹੈ।

ਯੂ.ਐਸ. ਪੇਟੈਂਟ ਅਤੇ ਟ੍ਰੇਡਮਾਰਕ ਆਫ਼ਿਸ ਦੇ ਅੰਕੜਿਆਂ ਅਨੁਸਾਰ, ਡਾ. ਸੰਧੂ ਦੀਆਂ ਪੇਟੈਂਟਸ ਨੇ ਸੈਮੀਕੰਡਕਟਰ ਡਿਵਾਈਸ ਫ਼ੈਬਰੀਕੇਸ਼ਨ, ਥਿੰਨ-ਫ਼ਿਲਮ ਪ੍ਰਕਿਰਿਆਵਾਂ, ਅਤੇ ਵੈਰੀ ਲਾਰਜ ਸਕੇਲ ਇੰਟੀਗਰੇਸ਼ਨ ਦੇ ਖੇਤਰ ਵਿੱਚ ਨਵੇਂ ਮਾਪਦੰਡ ਸਥਾਪਤ ਕੀਤੇ। ਅੰਤਰਰਾਸ਼ਟਰੀ ਅਖ਼ਬਾਰਾਂ ਨੇ ਉਨ੍ਹਾਂ ਦੀ ਸਾਦਗੀ ਅਤੇ ਸਮਰਪਣ ਦੀ ਵੀ ਸਰਾਹਨਾ ਕੀਤੀ, ਜਿਵੇਂ ਕਿ ਕਿਪਲਿੰਗਰ ਨੇ ਲਿਖਿਆ, 'ਸੰਧੂ ਨੂੰ ਸ਼ੁਰੂ ਵਿੱਚ ਨਹੀਂ ਸੀ ਪਤਾ ਸੀ ਕਿ ਉਸ ਦੀ ਖੋਜ ਇੰਨੀ ਵੱਡੀ ਹੋਵੇਗੀ, ਪਰ ਅੱਜ ਉਸ ਦੀ ਤਕਨੀਕ ਦੁਨੀਆ ਦੇ ਹਰ ਸਮਾਰਟ ਡਿਵਾਈਸ ਵਿੱਚ ਮੌਜੂਦ ਹੈ।'ਅਮਰੀਕੀ ਪ੍ਰਸ਼ਾਸਨ ਨੇ ਡਾ. ਸੰਧੂ ਦੇ ਯੋਗਦਾਨ ਨੂੰ ਸਤਿਕਾਰ ਨਾਲ ਵੇਖਿਆ ਹੈ। 2018 ਵਿੱਚ, ਇੰਸਟੀਚਿਊਟ ਆਫ਼ ਇਲੈਕਟ੍ਰਿਕਲ ਐਂਡ ਇਲੈਕਟ੍ਰਾਨਿਕਸ ਇੰਜੀਨੀਅਰਜ਼ ਨੇ ਉਨ੍ਹਾਂ ਨੂੰ ਐਂਡਰਿਊ ਐਸ. ਗ੍ਰੋਵ ਅਵਾਰਡ ਨਾਲ ਸਨਮਾਨਿਤ ਕੀਤਾ ਸੀ, ਜੋ ਸੈਮੀਕੰਡਕਟਰ ਤਕਨੀਕ ਵਿੱਚ ਸਭ ਤੋਂ ਵੱਕਾਰੀ ਪੁਰਸਕਾਰਾਂ 'ਚੋਂ ਇੱਕ ਹੈ। ਅਮਰੀਕੀ ਸਰਕਾਰ ਦੇ ਨੁਮਾਇੰਦਿਆਂ ਨੇ ਉਨ੍ਹਾਂ ਦੀਆਂ ਖੋਜਾਂ ਨੂੰ 'ਅਮਰੀਕੀ ਤਕਨੀਕੀ ਨਵੀਨਤਾ ਦਾ ਮੁੱਖ ਹਿੱਸਾ' ਦੱਸਿਆ। (ਬਾਕੀ ਸਫ਼ਾ 30 'ਤੇ)

# 1984 ਸਿੱਖ ਨਸਲਕੁਸ਼ੀ: ਅਰਰੀਆ 'ਚ ਪੀੜਤਾਂ ਵੱਲੋਂ 41 ਸਾਲ ਬਾਅਦ ਵੀ ਮੁਆਵਜ਼ੇ ਦੀ ਉਡੀਕ

## ਬਿਹਾਰ 'ਚ ਨਿਆਂ ਦੀ ਰਾਹ ਵਿੱਚ ਅੜਚਨਾਂ, ਦੋਸ਼ੀਆਂ ਨੂੰ ਸਜ਼ਾ ਨਾ ਮਿਲੀ

## ਘੱਟ ਗਿਣਤੀ ਕਮਿਸ਼ਨ ਅਤੇ ਅਦਾਲਤਾਂ ਦੀ ਭੂਮਿਕਾ ਸਾਰਥਕ ਨਹੀਂ ਰਹੀ

1984 ਦੇ ਸਿੱਖ ਵਿਰੋਧੀ ਕਤਲੇਆਮ, ਜਿਨ੍ਹਾਂ ਨੂੰ ਸਿੱਖ ਨਸਲਕੁਸ਼ੀ ਵਜੋਂ ਵੀ ਜਾਣਿਆ ਜਾਂਦਾ ਹੈ, ਭਾਰਤੀ ਇਤਿਹਾਸ ਦਾ ਇੱਕ ਕਾਲਾ ਅਧਿਆਇ ਹੈ। 1984 ਵਿੱਚ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਉਨ੍ਹਾਂ ਦੇ ਸਿੱਖ ਅੰਗ ਰੱਖਿਅਕਾਂ ਦੁਆਰਾ ਹੱਤਿਆ ਤੋਂ ਬਾਅਦ, ਭਾਰਤ ਦੇ ਕਈ ਸ਼ਹਿਰਾਂ ਵਿੱਚ ਸਿੱਖ ਵਿਰੋਧੀ ਕਤਲੇਆਮ ਸਾਜ਼ਿਸ਼ ਤਹਿਤ ਫ਼ਿਰਕੂ ਰਾਜਨੀਤੀ ਨੇ ਭੜਕਾਇਆ। ਇਸ ਦੌਰਾਨ ਦਿੱਲੀ ਸਮੇਤ ਦੇਸ਼ ਦੇ ਕਈ ਹਿੱਸਿਆਂ ਵਿੱਚ ਸਿੱਖ ਭਾਈਚਾਰੇ ਨਾਲ ਅਣਮਨੁੱਖੀ ਅਤਿਆਚਾਰ ਕੀਤੇ ਗਏ। ਬਿਹਾਰ ਦੇ ਅਰਰੀਆ ਜ਼ਿਲ੍ਹੇ ਵਿੱਚ ਵੀ ਇਸ ਨਸਲਕੁਸ਼ੀ ਦੀ ਅੱਗ ਨੇ ਸਿੱਖ ਪਰਿਵਾਰਾਂ ਨੂੰ ਬੁਰੀ ਤਰ੍ਹਾਂ ਝੰਬਿਆ। ਪੀੜਤ ਪਰਿਵਾਰਾਂ ਨੇ ਦੱਸਿਆ ਕਿ ਉਹ ਅਰਸ਼ ਤੋਂ ਫ਼ਰਸ਼ 'ਤੇ ਆ ਗਏ। ਉਨ੍ਹਾਂ ਦੀਆਂ ਜਾਇਦਾਦਾਂ, ਜੋ ਸਿੱਖ ਭਾਈਚਾਰੇ ਦੀ ਮਿਹਨਤ ਅਤੇ ਸੰਘਰਸ਼ ਦੀ ਨਿਸ਼ਾਨੀ ਸਨ, ਮਿੰਟਾਂ ਵਿੱਚ ਫ਼ਿਰਕੂ ਗੁੰਡਿਆਂ ਵੱਲੋਂ ਤਬਾਹ ਕਰ ਦਿੱਤੀਆਂ ਗਈਆਂ। ਕਈ ਪਰਿਵਾਰਾਂ ਨੇ ਆਪਣੇ ਅਜ਼ੀਜ਼ਾਂ ਨੂੰ ਗੁਆਇਆ ਅਤੇ ਜਿਨ੍ਹਾਂ ਨੇ ਜਾਨ ਬਚਾਈ, ਉਹ ਅੱਜ ਵੀ ਉਸ ਦਰਦ ਨੂੰ ਯਾਦ ਕਰਕੇ ਦੁਖੀ ਹੋ ਉੱਠਦੇ ਹਨ।



41 ਸਾਲ ਬੀਤ ਜਾਣ ਦੇ ਬਾਵਜੂਦ, ਅਰਰੀਆ ਦੇ ਪੀੜਤ ਸਿੱਖ ਪਰਿਵਾਰਾਂ ਨੂੰ ਅਜੇ ਵੀ ਸਰਕਾਰੀ ਮੁਆਵਜ਼ਾ ਨਹੀਂ ਮਿਲਿਆ। ਇਹ ਪੀੜਤ ਪਰਿਵਾਰ ਅੱਜ ਵੀ ਇਨਸਾਫ਼ ਅਤੇ ਮੁਆਵਜ਼ੇ ਦੀ ਉਡੀਕ ਵਿੱਚ ਹਨ। ਹਾਲ ਹੀ ਵਿੱਚ, ਬਿਹਾਰ ਰਾਜ ਘੱਟ ਗਿਣਤੀ ਕਮਿਸ਼ਨ ਕਮਿਸ਼ਨ ਦੇ ਉਪ-ਚੇਅਰਮੈਨ ਲਖਬੀਰ ਸਿੰਘ ਲੱਖਾ ਨੇ ਅਰਰੀਆ ਦਾ ਦੌਰਾ ਕੀਤਾ ਅਤੇ ਪੀੜਤ ਸਿੱਖ ਪਰਿਵਾਰਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ। ਪੀੜਤ ਪਰਿਵਾਰਾਂ ਨੇ ਦੱਸਿਆ ਕਿ ਸਰਕਾਰ ਵੱਲੋਂ ਉਨ੍ਹਾਂ ਨੂੰ ਅੱਜ ਤੱਕ ਕੋਈ ਮੁਆਵਜ਼ਾ ਨਹੀਂ ਮਿਲਿਆ। ਨਾ ਸਿਰਫ਼ ਅਰਰੀਆ, ਸਗੋਂ ਬਿਹਾਰ ਦੇ ਹੋਰ ਜ਼ਿਲ੍ਹਿਆਂ ਵਿੱਚ ਵੀ ਸਿੱਖ ਪੀੜਤ ਪਰਿਵਾਰ ਅਜੇ ਵੀ ਇਨਸਾਫ਼ ਅਤੇ ਮੁਆਵਜ਼ੇ ਦੀ ਉਡੀਕ ਵਿੱਚ ਹਨ। ਅਰਰੀਆ ਦੇ ਸਿੱਖ ਭਾਈਚਾਰੇ ਨੇ ਘੱਟ ਗਿਣਤੀ ਕਮਿਸ਼ਨ ਨੂੰ ਲਿਖਤੀ ਸ਼ਿਕਾਇਤ ਦੇ ਕੇ ਮੰਗ ਕੀਤੀ ਕਿ 1984 ਦੀ ਨਸਲਕੁਸ਼ੀ ਦੇ ਪੀੜਤਾਂ ਨੂੰ ਮੁਆਵਜ਼ਾ ਅਤੇ ਨਿਆਂ ਦਿੱਤਾ ਜਾਵੇ।

ਯਾਦ ਰਹੇ ਕਿ ਢਿੱਲੋਂ ਕਮੇਟੀ, ਜਿਸ ਦੀ ਸਥਾਪਨਾ 1985 ਵਿੱਚ ਪੀੜਤਾਂ ਦੇ ਪੁਨਰਵਾਸ ਲਈ ਕੀਤੀ ਗਈ ਸੀ, ਨੇ ਸਿਫ਼ਾਰਸ਼ ਕੀਤੀ ਸੀ ਕਿ ਜਿਨ੍ਹਾਂ ਦੇ ਵਪਾਰਕ ਅਦਾਰਿਆਂ ਦੇ ਬੀਮੇ ਦੇ ਦਾਅਵੇ ਰੱਦ ਕਰ ਦਿੱਤੇ ਗਏ ਸਨ, ਉਨ੍ਹਾਂ ਨੂੰ ਸਰਕਾਰੀ ਮੁਆਵਜ਼ਾ ਦਿੱਤਾ ਜਾਵੇ। ਪਰ ਸਰਕਾਰ ਨੇ ਇਸ ਸਿਫ਼ਾਰਸ਼ ਨੂੰ ਸਵੀਕਾਰ ਨਹੀਂ ਕੀਤਾ ਅਤੇ ਬਹੁਤ ਸਾਰੇ ਪੀੜਤ ਪਰਿਵਾਰ ਅਜੇ ਵੀ ਆਰਥਿਕ ਸੰਕਟ ਵਿੱਚ ਜੀਵਨ ਬਤੀਤ ਕਰ ਰਹੇ ਹਨ।

ਅਰਰੀਆ ਦੇ ਸਿੱਖ ਪਰਿਵਾਰਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਨਾ ਸਿਰਫ਼ ਮੁਆਵਜ਼ੇ ਦੀ ਘਾਟ ਸੀ, ਸਗੋਂ ਸਰਕਾਰੀ ਅਧਿਕਾਰੀਆਂ ਦੀ ਅਣਦੇਖੀ ਨੇ ਵੀ ਉਨ੍ਹਾਂ ਦੇ ਜ਼ਖ਼ਮਾਂ ਨੂੰ ਹੋਰ ਡੂੰਘਾ ਕੀਤਾ। ਕਈ ਪਰਿਵਾਰਾਂ ਨੇ ਸਰਕਾਰੀ ਦਫ਼ਤਰਾਂ ਦੇ ਚੱਕਰ ਕੱਟੇ, ਪਰ ਉਨ੍ਹਾਂ ਨੂੰ ਕੋਈ ਰਾਹਤ ਨਹੀਂ ਮਿਲੀ। 1984 ਦੇ ਸਿੱਖ ਵਿਰੋਧੀ ਕਤਲੇਆਮ ਦੌਰਾਨ ਬਿਹਾਰ ਵਿੱਚ ਵੀ ਸਿੱਖ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਗਿਆ। ਹਾਲਾਂ ਕਿ ਦਿੱਲੀ ਦੀ ਤੁਲਨਾ ਵਿੱਚ ਬਿਹਾਰ ਵਿੱਚ ਮੌਤਾਂ ਦੀ ਗਿਣਤੀ ਘੱਟ ਸੀ, ਪਰ ਸਿੱਖ ਪਰਿਵਾਰਾਂ ਨੂੰ ਜਾਨ-ਮਾਲ ਦਾ ਵੱਡਾ ਨੁਕਸਾਨ ਸਹਿਣਾ ਪਿਆ। ਸਰਕਾਰੀ ਅੰਕੜਿਆਂ ਅਨੁਸਾਰ, ਦੇਸ਼ ਭਰ ਵਿੱਚ 3,350 ਸਿੱਖ ਮਾਰੇ ਗਏ, ਜਿਨ੍ਹਾਂ ਵਿੱਚੋਂ ਬਿਹਾਰ ਦਾ ਹਿੱਸਾ ਵੀ ਸ਼ਾਮਲ ਸੀ। ਸੁਤੰਤਰ ਸਰੋਤਾਂ ਅਨੁਸਾਰ, ਬਿਹਾਰ ਵਿੱਚ ਸੈਂਕੜੇ ਸਿੱਖ ਮਾਰੇ ਗਏ ਸਨ ਅਤੇ ਹਜ਼ਾਰਾਂ ਦੀ ਜਾਇਦਾਦ ਤਬਾਹ ਹੋਈ ਸੀ।

ਅਰਰੀਆ ਵਿੱਚ ਮੌਤਾਂ ਦੀ ਸਹੀ ਗਿਣਤੀ ਬਾਰੇ ਸਪਸ਼ਟ ਅੰਕੜੇ ਉਪਲਬਧ ਨਹੀਂ ਹਨ, ਕਿਉਂਕਿ ਸਰਕਾਰੀ ਰਿਕਾਰਡਾਂ ਵਿੱਚ ਬਹੁਤ ਸਾਰੇ ਮਾਮਲਿਆਂ ਨੂੰ ਦਰਜ ਨਹੀਂ ਕੀਤਾ ਗਿਆ। ਪੀੜਤ ਪਰਿਵਾਰਾਂ ਦੇ ਬਿਆਨਾਂ ਅਨੁਸਾਰ, ਅਰਰੀਆ ਦੇ ਫ਼ਾਰਬਿਸਗੰਜ ਅਤੇ ਹਲਹਲੀਆ ਖੇਤਰਾਂ ਵਿੱਚ ਸਿੱਖਾਂ ਦੇ ਘਰਾਂ ਅਤੇ ਦੁਕਾਨਾਂ ਨੂੰ ਨਿਸ਼ਾਨਾ ਬਣਾਇਆ ਗਿਆਸ, ਅਤੇ ਕਈ ਸਿੱਖਾਂ ਦੀ ਹੱਤਿਆ ਕੀਤੀ ਗਈ ਸੀ।

ਦੋਸ਼ੀਆਂ ਨੂੰ ਸਜ਼ਾ ਦੇ ਮਾਮਲੇ ਵਿੱਚ, ਬਿਹਾਰ ਵਿੱਚ ਸਥਿਤੀ ਕਾਫ਼ੀ ਨਿਰਾਸ਼ਾਜਨਕ ਹੈ।

# ਚੀਨ ਦੇ ਸਾਹਮਣੇ ਭਾਰਤ ਦੀ ਵਿਦੇਸ਼ ਨੀਤੀ ਠੁੱਸ

## ਬ੍ਰਹਮਪੁੱਤਰ ਡੈਮ ਬਾਰੇ ਮੋਦੀ ਸਰਕਾਰ ਦੀ ਖ਼ਾਮੋਸ਼ੀ ਉੱਪਰ ਸਵਾਲ ਉੱਠੇ

19 ਜੁਲਾਈ 2025 ਨੂੰ ਚੀਨ ਨੇ ਐਲਾਨ ਕੀਤਾ ਸੀ ਕਿ ਉਹ ਤਿੱਬਤ ਵਿੱਚ 'ਯਾਰਲੁੰਗ ਸਾਂਗਪੋ' ਨਦੀ 'ਤੇ ਇੱਕ ਅਜਿਹਾ ਡੈਮ ਬਣਾਉਣ ਜਾ ਰਿਹਾ ਹੈ, ਜੋ ਨਾ ਸਿਰਫ਼ ਬਿਜਲੀ ਪੈਦਾ ਕਰੇਗਾ, ਸਗੋਂ ਪੂਰੇ ਪੂਰਬ-ਉੱਤਰੀ ਭਾਰਤ ਅਤੇ ਬੰਗਲਾਦੇਸ਼ ਦੀ ਜੀਵਨ-ਰੇਖਾ ਨੂੰ ਆਪਣੀ ਮੁੱਠੀ ਵਿੱਚ ਜਕੜ ਸਕਦਾ ਹੈ। ਪਰ ਸਵਾਲ ਇਹ ਹੈ ਕਿ ਭਾਰਤ ਦੀ ਵਿਦੇਸ਼ ਨੀਤੀ ਇਸ ਮਸਲੇ 'ਤੇ ਖਾਮੋਸ਼ ਕਿਉਂ ਹੈ? ਮੋਦੀ ਸਰਕਾਰ ਇਸ ਦਾ ਵਿਰੋਧ ਕਿਉਂ ਨਹੀਂ ਕਰ ਰਹੀ ਹੈ?

ਚੀਨ ਦੀ ਇਹ ਡੈਮ ਪਰਿਯੋਜਨਾ ਕੋਈ ਸਾਧਾਰਨ ਗੱਲ ਨਹੀਂ। ਇਹ 170 ਅਰਬ ਡਾਲਰ ਦੀ ਲਾਗਤ ਵਾਲਾ ਇੱਕ ਅਜਿਹਾ ਪ੍ਰੋਜੈਕਟ ਹੈ, ਜੋ ਸਾਲਾਨਾ 300 ਅਰਬ ਕਿਲੋਵਾਟ ਘੰਟੇ ਬਿਜਲੀ ਪੈਦਾ ਕਰੇਗਾ, ਚੀਨ ਦੇ ਮਸ਼ਹੂਰ 'ਥ੍ਰੀ ਗੋਰਜਸ ਡੈਮ' ਨਾਲੋਂ ਤਿੰਨ ਗੁਣਾ ਵੱਡਾ ਹੈ। ਇਹ ਡੈਮ ਬ੍ਰਹਮਪੁੱਤਰ ਨਦੀ, ਜਿਸ ਨੂੰ ਅਰੁਣਾਚਲ ਪ੍ਰਦੇਸ਼ ਵਿੱਚ ਸਿਆਂਗ ਅਤੇ ਅਸਾਮ ਵਿੱਚ ਬ੍ਰਹਮਪੁੱਤਰ ਕਿਹਾ ਜਾਂਦਾ ਹੈ, 'ਤੇ ਬਣ ਰਿਹਾ ਹੈ। ਇਹ ਨਦੀ ਕਰੋੜਾਂ ਲੋਕਾਂ ਲਈ ਜੀਵਨ-ਰੇਖਾ ਹੈ, ਜਿਸ 'ਤੇ ਅਸਾਮ ਦੇ ਖੇਤ, ਬੰਗਲਾਦੇਸ਼ ਦੀ ਖੇਤੀ ਅਤੇ ਲੋਕਾਂ ਦੀ ਰੋਜ਼ੀ-ਰੋਟੀ ਨਿਰਭਰ ਹੈ। ਪਰ ਚੀਨ ਨੇ ਇਸ ਨਦੀ ਨੂੰ ਆਪਣੀ ਮੁੱਠੀ ਵਿੱਚ ਜਕੜਨ ਦੀ ਤਿਆਰੀ ਕਰ ਲਈ ਹੈ।



ਇਹ ਡੈਮ ਨਾ ਸਿਰਫ਼ ਪਾਣੀ ਦੇ ਵਹਾਅ ਨੂੰ ਕੰਟਰੋਲ ਕਰੇਗਾ, ਸਗੋਂ ਸੋਕਾ ਲਿਆਉਣ ਜਾਂ ਹੜ੍ਹ ਨਾਲ ਤਬਾਹੀ ਮਚਾਉਣ ਦੀ ਤਾਕਤ ਵੀ ਚੀਨ ਦੇ ਹੱਥ ਵਿੱਚ ਦੇਵੇਗਾ।

ਭਾਰਤ ਦੀ ਖ਼ਾਮੋਸ਼ੀ ਇਸ ਮਸਲੇ 'ਤੇ ਸਭ ਤੋਂ ਵੱਡਾ ਸਵਾਲ ਖੜ੍ਹਾ ਕਰਦੀ ਹੈ। ਜੇ ਇਹ ਡੈਮ ਅਰੁਣਾਚਲ ਪ੍ਰਦੇਸ਼ ਦੀ ਸਰਹੱਦ ਨੇੜੇ ਬਣ ਰਿਹਾ ਹੈ, ਜਿਸ 'ਤੇ ਚੀਨ ਆਪਣਾ ਦਾਅਵਾ ਜਤਾਉਂਦਾ ਹੈ, ਤਾਂ ਭਾਰਤ ਦੀ ਸਰਕਾਰ ਚੁੱਪ ਕਿਉਂ ਹੈ? ਕੀ ਇਹ ਗੱਲ ਸਹੀ ਨਹੀਂ ਕਿ ਚੀਨ ਦੀ ਇਸ ਚਾਲ ਨੂੰ ਵੇਖਦਿਆਂ ਭਾਰਤ ਨੂੰ ਅੰਤਰਰਾਸ਼ਟਰੀ ਮੰਚ 'ਤੇ ਇਸ ਦਾ ਸਖ਼ਤ ਵਿਰੋਧ ਕਰਨਾ ਚਾਹੀਦਾ ਸੀ? ਪਰ ਇਸ ਦੀ ਬਜਾਏ, ਭਾਰਤ ਦੇ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਮੁਲਾਕਾਤ ਦੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਮਾਣ ਨਾਲ ਸਾਂਝੀਆਂ ਕਰ ਰਹੇ ਹਨ।

ਭਾਰਤ ਨੂੰ ਹੁਣ 'ਚੁੱਪ' ਰਹਿਣ ਦੀ ਬਜਾਏ 'ਅੱਖਾਂ ਖੋਲ੍ਹਣ' ਦੀ ਲੋੜ ਹੈ। ਸਭ ਤੋਂ ਪਹਿਲਾਂ, ਅੰਤਰਰਾਸ਼ਟਰੀ ਮੰਚਾਂ 'ਤੇ ਚੀਨ ਦੀ ਇਸ ਚਾਲ ਦਾ ਵਿਰੋਧ ਕਰਨਾ ਚਾਹੀਦਾ। ਸੰਯੁਕਤ ਰਾਸ਼ਟਰ, ਬਰਿਕਸ, ਜਾਂ ਹੋਰ ਪਲੇਟਫ਼ਾਰਮਾਂ 'ਤੇ ਭਾਰਤ ਨੂੰ ਬੰਗਲਾਦੇਸ਼ ਨਾਲ ਮਿਲ ਕੇ ਆਵਾਜ਼ ਉਠਾਉਣੀ ਚਾਹੀਦੀ। ਦੂਜਾ, ਅਰੁਣਾਚਲ ਪ੍ਰਦੇਸ਼ ਵਿੱਚ ਆਪਣੇ ਡੈਮ ਬਣਾਉਣ ਦੀ ਯੋਜਨਾ 'ਤੇ ਕੰਮ ਸ਼ੁਰੂ ਕਰਨਾ ਚਾਹੀਦਾ ਹੈ, ਜਿਸ ਨਾਲ ਪਾਣੀ ਦੇ ਵਹਾਅ ਨੂੰ ਕੰਟਰੋਲ ਕੀਤਾ ਜਾ ਸਕੇ।

# ਕੀ ਏ.ਆਈ. ਵੱਲੋਂ ਗੁਰਬਾਣੀ ਅਤੇ ਸਿੱਖ ਇਤਿਹਾਸ ਨਾਲ ਕੀਤਾ ਜਾ ਰਿਹੈ ਖਿਲਵਾੜ ?

## ਸ਼੍ਰੋਮਣੀ ਕਮੇਟੀ ਨੇ ਭਾਰਤ ਸਰਕਾਰ ਨੂੰ ਕੀਤੀ ਸ਼ਿਕਾਇਤ

## ਸਿੱਖ ਪੰਥ ਨੂੰ ਸੰਦੇਸ਼ ਗੁਰਬਾਣੀ ਦੇ ਇਤਿਹਾਸ ਦੇ ਅਸਲ ਸੋਰਸ ਵਰਤੋਂ




ਅੱਜ ਦੇ ਤਕਨੀਕੀ ਯੁੱਗ ਵਿੱਚ, ਜਿੱਥੇ ਇੱਕ ਪਾਸੇ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਸਿੱਖ ਧਰਮ ਦੀ ਪਵਿੱਤਰਤਾ ਨਾਲ ਖਿਲਵਾੜ ਕਰ ਰਿਹਾ ਹੈ, ਉੱਥੇ ਹੀ ਕੁਝ ਡੇਰੇ ਗੁਰਮਤਿ ਦੀ ਰੂਹ ਨੂੰ ਢਾਹ ਲਾਉਣ ਦੀਆਂ ਸਾਜ਼ਿਸ਼ਾਂ ਵਿੱਚ ਲੱਗੇ ਹੋਏ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਗੰਭੀਰ ਮਸਲੇ ’ਤੇ ਸਖ਼ਤ ਨੋਟਿਸ ਲੈਂਦਿਆਂ, ਏ.ਆਈ. ਪਲੇਟਫਾਰਮਾਂ ਅਤੇ ਸਰਕਾਰ ਨੂੰ ਕਾਰਵਾਈ ਦੀ ਮੰਗ ਕੀਤੀ ਹੈ। ਪਰ ਸਵਾਲ ਇਹ ਹੈ ਕਿ ਜਦੋਂ ਡੇਰੇ ਵੀ ਗੁਰਬਾਣੀ ਅਤੇ ਸਿੱਖ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰ ਰਹੇ ਹਨ, ਤਾਂ ਸ਼੍ਰੋਮਣੀ ਕਮੇਟੀ ਉਨ੍ਹਾਂ ’ਤੇ ਪਾਬੰਦੀ ਲਾਉਣ ਤੋਂ ਕਿਉਂ ਹੱਥ ਖਿੱਚ ਰਹੀ ਹੈ?

ਅੱਜ ਦੇ ਸਮੇਂ ਵਿੱਚ ਜਦੋਂ ਸਮਾਰਟਫੋਨ ਅਤੇ ਇੰਟਰਨੈਟ ਹਰ ਘਰ ਦੀ ਦਹਿਲੀਜ਼ ’ਤੇ ਪਹੁੰਚ ਗਏ ਹਨ, ਤਾਂ ਸਿੱਖ ਧਰਮ ਦੀ ਪਵਿੱਤਰ ਬਾਣੀ ਨੂੰ ਵੀ ਡਿਜੀਟਲ ਮੰਚਾਂ ’ਤੇ ਪੇਸ਼ ਕੀਤਾ ਜਾ ਰਿਹਾ ਹੈ। ਪਰ ਇਹ ਮੰਚ, ਜਿਨ੍ਹਾਂ ਵਿੱਚ ਚੈਟ ਜੀਪੀਟੀ, ਗਰੋਕ, ਜੈਮਿਨੀ ਏ.ਆਈ., ਮੈਟਾ ਅਤੇ ਗੂਗਲ ਵਰਗੇ ਨਾਂ ਸ਼ਾਮਲ ਹਨ, ਗੁਰਬਾਣੀ ਦੀ ਸ਼ੁੱਧਤਾ ਨੂੰ ਬਰਕਰਾਰ ਰੱਖਣ ਵਿੱਚ ਨਾਕਾਮ ਸਾਬਤ ਹੋ ਰਹੇ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਖ਼ਤ ਨੋਟਿਸ ਲੈਂਦਿਆਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨਾਲ ਛੇੜਛਾੜ ਕਰਨਾ ਸਿੱਖ ਹਿਰਦਿਆਂ ’ਤੇ ਸੱਟ ਮਾਰਨ ਵਰਗਾ ਹੈ।

ਕਈ ਏ.ਆਈ. ਐਪਸ ’ਤੇ ਗੁਰਬਾਣੀ ਦੀਆਂ ਪੰਕਤੀਆਂ ਨੂੰ ਗਲਤ ਅਰਥਾਂ ਵਿੱਚ ਪੇਸ਼ ਕੀਤਾ ਜਾ ਰਿਹਾ ਹੈ। ਕਿਤੇ ਸਿੱਖ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਨਾਲ ਛੇੜਛਾੜ ਹੋ ਰਹੀ ਹੈ, ਤੇ ਕਿਤੇ ਸਿੱਖ ਇਤਿਹਾਸ ਨੂੰ ਤੋੜ-ਮਰੋੜ ਕੇ ਦਰਸਾਇਆ ਜਾ ਰਿਹਾ ਹੈ। ਸੰਗਤ ਵੱਲੋਂ ਮਿਲੀਆਂ ਸ਼ਿਕਾਇਤਾਂ ਦੇ ਮੱਦੇਨਜ਼ਰ, ਸ਼੍ਰੋਮਣੀ ਕਮੇਟੀ ਨੇ ਇਨ੍ਹਾਂ ਪਲੇਟਫਾਰਮਾਂ ਨੂੰ ਈ-ਮੇਲਜ਼ ਭੇਜ ਕੇ ਸਖ਼ਤ ਇਤਰਾਜ਼ ਜਤਾਇਆ ਹੈ।

ਇਸ ਮਸਲੇ ’ਤੇ ਸ਼੍ਰੋਮਣੀ ਕਮੇਟੀ ਵੱਲੋਂ ਸਰਕਾਰ ਨੂੰ ਵੀ ਨੋਟਿਸ ਲੈਣ ਦੀ ਅਪੀਲ ਕੀਤੀ ਹੈ। ਸ਼੍ਰੋਮਣੀ ਕਮੇਟੀ ਨੇ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਅਪੀਲ ਕੀਤੀ ਹੈ ਕਿ ਅਜਿਹੇ ਮਾਮਲਿਆਂ ਨੂੰ ਰੋਕਣ ਲਈ ਠੋਸ ਨੀਤੀ ਬਣਾਈ ਜਾਵੇ।

ਇਸ ਦੇ ਨਾਲ ਹੀ, ਸ਼੍ਰੋਮਣੀ ਕਮੇਟੀ ਨੇ ਸੰਗਤ ਨੂੰ ਅਪੀਲ ਕੀਤੀ ਹੈ ਕਿ ਉਹ ਅਜਿਹੀਆਂ ਐਪਸ ਤੋਂ ਅਧੂਰੀ ਜਾਂ ਗਲਤ ਜਾਣਕਾਰੀ ਨਾ ਲੈਣ। ਧਾਮੀ ਨੇ ਕਿਹਾ ਕਿ ਸਿੱਖ ਇਤਿਹਾਸ ਅਤੇ ਗੁਰਮਤਿ ਸਬੰਧੀ ਸਹੀ ਜਾਣਕਾਰੀ ਲਈ ਇਤਿਹਾਸਕ ਸਰੋਤਾਂ ਦੀ ਵਰਤੋਂ ਕਰੋ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਸ਼ੁੱਧ ਰੂਪ ਵਿੱਚ ਸ਼੍ਰੋਮਣੀ ਕਮੇਟੀ ਦੀਆਂ ਅਧਿਕਾਰਤ ਸਰੋਤਾਂ ਤੋਂ ਹੀ ਪੜ੍ਹੋ।

### ਡੇਰਿਆਂ ਵੱਲੋਂ ਗੁਰਬਾਣੀ ਦੀ ਬੇਅਦਬੀ: ਮੂਲ ਮੰਤਰ ਨਾਲ ਖਿਲਵਾੜ



ਜਿੱਥੇ ਏ.ਆਈ. ਦੀਆਂ ਗਲਤੀਆਂ ਸਿੱਖ ਸੰਗਤ ਦੇ ਹਿਰਦੇ ’ਤੇ ਤੀਰ ਵਾਂਗ ਵੱਜ ਰਹੀਆਂ ਹਨ, ਉੱਥੇ ਹੀ ਕੁਝ ਡੇਰੇ ਸਿੱਖ ਧਰਮ ਦੀ ਨੀਂਹ ਨੂੰ ਹੀ ਖੋਦਣ ’ਤੇ ਤੁਲੇ ਹੋਏ ਹਨ। ਮੂਲ ਮੰਤਰ, ਜੋ ਸਿੱਖ ਧਰਮ ਦਾ ਸਾਰ ਹੈ, ਨੂੰ ਬਦਲਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ।

ਕਈ ਡੇਰੇ, ਜੋ ਸਿੱਖ ਸੰਗਤ ਦੀ ਆੜ ਵਿੱਚ ਆਪਣਾ ਬਾਜ਼ਾਰ ਚਮਕਾਉਣ ਦੀ ਫਿਰਾਕ ਵਿੱਚ ਹਨ, ਦਸਮ ਗ੍ਰੰਥ ਨੂੰ ਗੁਰੂ ਦਾ ਦਰਜਾ ਦੇ ਕੇ ਬੀੜਾਂ ਛਾਪ ਰਹੇ ਹਨ। ਇਹ ਸਿਰਫ਼ ਗੁਰਬਾਣੀ ਦੀ ਬੇਅਦਬੀ ਨਹੀਂ, ਸਗੋਂ ਸਿੱਖ ਪੰਥ ਦੀ ਏਕਤਾ ’ਤੇ ਵੀ ਸਿੱਧਾ ਹਮਲਾ ਹੈ। ਸੰਗਤ ਵਿੱਚ ਇਹ ਚਰਚਾ ਤੇਜ਼ ਹੈ ਕਿ ਸ਼੍ਰੋਮਣੀ ਕਮੇਟੀ ਅਜਿਹੇ ਡੇਰਿਆਂ ਨੂੰ ਉਤਸ਼ਾਹਿਤ ਕਿਉਂ ਕਰ ਰਹੀ ਹੈ ? ਜੇ ਏ.ਆਈ. ਦੀਆਂ ਗਲਤੀਆਂ ’ਤੇ ਨੋਟਿਸ ਲਿਆ ਜਾ ਸਕਦਾ ਹੈ, ਤਾਂ ਡੇਰਿਆਂ ਦੀ ਬੇਅਦਬੀ ’ਤੇ ਮੂੰਹ ਕਿਉਂ ਸੀਤਾ ਜਾ ਰਿਹਾ ਹੈ ? ਇਹ ਸਵਾਲ ਸੰਗਤ ਦੇ ਮਨ ਵਿੱਚ ਤੂਫ਼ਾਨ ਖੜ੍ਹਾ ਕਰ ਰਿਹਾ ਹੈ। ਸੰਗਤ ਦੀ ਮੰਗ ਹੈ ਕਿ ਸ਼੍ਰੋਮਣੀ ਕਮੇਟੀ ਨੂੰ ਅਜਿਹੇ ਡੇਰਿਆਂ ’ਤੇ ਸਖ਼ਤ ਪਾਬੰਦੀ ਲਾਉਣੀ ਚਾਹੀਦੀ ਹੈ।

### ਕੀ ਕਰ ਸਕਦੀ ਹੈ ਸਰਕਾਰ ?




ਸਰਕਾਰ ਨੂੰ ਏ.ਆਈ. ਪਲੇਟਫਾਰਮਾਂ ’ਤੇ ਸਖ਼ਤ ਨੀਤੀ ਲਿਆਉਣੀ ਚਾਹੀਦੀ ਹੈ। ਸਰਕਾਰ ਕੋਲ ਸਾਈਬਰ ਕਾਨੂੰਨ ਅਤੇ ਧਾਰਮਿਕ ਸੰਵੇਦਨਾਵਾਂ ਦੀ ਰਾਖੀ ਲਈ ਕਈ ਅਧਿਕਾਰ ਹਨ। ਇੰਫਰਮੇਸ਼ਨ ਟੈਕਨਾਲੋਜੀ ਐਕਟ, 2000 ਅਧੀਨ ਸਰਕਾਰ ਅਜਿਹੀ ਸਮੱਗਰੀ ਨੂੰ ਰੋਕ ਸਕਦੀ ਹੈ, ਜੋ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਦੀ ਹੋਵੇ। ਪਰ ਅਸਲ ਸਵਾਲ ਇਹ ਹੈ ਕਿ ਕੀ ਸਰਕਾਰ ਸਿੱਖ ਸੰਗਤ ਦੀਆਂ ਸੰਵੇਦਨਾਵਾਂ ਨੂੰ ਸਮਝੇਗੀ ?

### ਕੀ ਕਰੇ ਸ਼੍ਰੋਮਣੀ ਕਮੇਟੀ

ਸ਼੍ਰੋਮਣੀ ਕਮੇਟੀ ਨੇ ਅਜੇ ਤੱਕ ਏ.ਆਈ. ਦੀ ਸਿੱਖ ਵਿਰੋਧੀ ਨੀਤੀ ਜਾਂ ਵਰਤੋਂ ਸਬੰਧੀ ਕੋਈ ਸਪੱਸ਼ਟ ਨੀਤੀ ਜਾਂ ਕਾਰਵਾਈ ਦਾ ਐਲਾਨ ਨਹੀਂ ਕੀਤਾ ਅਤੇ ਇਸ ਸਬੰਧੀ ਸਿੱਧੀ ਜਾਣਕਾਰੀ ਸੀਮਤ ਹੈ। ਪਰ, ਸ਼੍ਰੋਮਣੀ ਕਮੇਟੀ ਦੀ ਇਤਿਹਾਸਕ ਭੂਮਿਕਾ ਅਤੇ ਮੌਜੂਦਾ ਸਮਰੱਥਾਵਾਂ ਦੇ ਅਧਾਰ ’ਤੇ, ਇਹ ਸੰਭਾਵਿਤ ਕਦਮ ਸੁਝਾਏ ਜਾ ਸਕਦੇ ਹਨ :

ਧਾਰਮਿਕ ਸੰਵੇਦਨਾਵਾਂ ਦੀ ਸੁਰੱਖਿਆ ਲਈ ਨੀਤੀ ਨਿਰਮਾਣ: ਸ਼੍ਰੋਮਣੀ ਕਮੇਟੀ ਸਰਕਾਰ ਅਤੇ ਤਕਨੀਕੀ ਕੰਪਨੀਆਂ ਨਾਲ ਮਿਲ ਕੇ ਏ.ਆਈ. ਸਿਸਟਮਜ਼ ਲਈ ਦਿਸ਼ਾ-ਨਿਰਦੇਸ਼ ਜਾਰੀ ਕਰ ਸਕਦੀ ਹੈ, ਜਿਸ ਵਿੱਚ ਗੁਰਬਾਣੀ, ਸਿੱਖ ਇਤਿਹਾਸ, ਅਤੇ ਸਿੱਖ ਚਿੰਨ੍ਹਾਂ ਦੀ ਸਤਿਕਾਰਯੋਗ ਵਰਤੋਂ ਨੂੰ ਯਕੀਨੀ ਬਣਾਇਆ ਜਾਵੇ। ਇਸ ਵਿੱਚ ਏ.ਆਈ. ਮਾਡਲਜ਼ ਦੀ ਸਿਖਲਾਈ ਸਮੱਗਰੀ ਦੀ ਜਾਂਚ ਅਤੇ ਸਿੱਖ ਵਿਰੋਧੀ ਸਮੱਗਰੀ ਨੂੰ ਹਟਾਉਣ ਦੀ ਮੰਗ ਸ਼ਾਮਲ ਹੋ ਸਕਦੀ ਹੈ।

ਕਾਨੂੰਨੀ ਕਾਰਵਾਈ: ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਵਿਰੋਧੀ ਸਮੱਗਰੀ ਪੈਦਾ ਕਰਨ ਵਾਲੀਆਂ ਕੰਪਨੀਆਂ ਜਾਂ ਪਲੇਟਫਾਰਮਾਂ ਵਿਰੁੱਧ ਕਾਨੂੰਨੀ ਸ਼ਿਕਾਇਤਾਂ ਦਰਜ ਕਰਵਾਈਆਂ ਜਾ ਸਕਦੀਆਂ ਹਨ।

**ਜਾਗਰੂਕਤਾ ਅਤੇ ਸਿੱਖਿਆ**: ਸ਼੍ਰੋਮਣੀ ਕਮੇਟੀ ਆਪਣੀ ਧਰਮ ਪ੍ਰਚਾਰ ਕਮੇਟੀ ਰਾਹੀਂ ਸਿੱਖ ਸੰਗਤ ਅਤੇ ਨੌਜਵਾਨਾਂ ਵਿੱਚ ਏ.ਆਈ. ਦੀ ਸੰਭਾਵਿਤ ਦੁਰਵਰਤੋਂ ਬਾਰੇ ਜਾਗਰੂਕਤਾ ਫੈਲਾ ਸਕਦੀ ਹੈ। ਗੁਰਮਤਿ ਕੈਂਪਾਂ ਅਤੇ ਸੈਮੀਨਾਰਾਂ ਰਾਹੀਂ ਸਿੱਖੀ ਮਰਯਾਦਾ ਦੀ ਸਹੀ ਵਰਤੋਂ ਅਤੇ ਤਕਨੀਕੀ ਦੁਰਵਰਤੋਂ ਨੂੰ ਸਮਝਾਇਆ ਜਾ ਸਕਦਾ ਹੈ।

ਤਕਨੀਕੀ ਸਹਿਯੋਗ ਅਤੇ ਨਿਗਰਾਨੀ: ਸ਼੍ਰੋਮਣੀ ਕਮੇਟੀ ਸਿੱਖ ਵਿਦਵਾਨਾਂ ਅਤੇ ਤਕਨੀਕੀ ਮਾਹਿਰਾਂ ਦੀ ਇੱਕ ਕਮੇਟੀ ਬਣਾ ਸਕਦੀ ਹੈ ਜੋ ਏ.ਆਈ. ਪਲੇਟਫਾਰਮਾਂ ਦੀ ਸਮੱਗਰੀ ਦੀ ਨਿਗਰਾਨੀ ਕਰੇ ਅਤੇ ਸਿੱਖ ਵਿਰੋਧੀ ਸਮੱਗਰੀ ਦੀ ਰਿਪੋਰਟ ਕਰੇ। ਇਸ ਦੇ ਨਾਲ, ਸ਼੍ਰੋਮਣੀ ਕਮੇਟੀ ਸਿੱਖੀ-ਅਨੁਕੂਲ ਏ.ਆਈ. ਟੂਲਜ਼ ਵਿਕਸਿਤ ਕਰਨ ਲਈ ਸਹਿਯੋਗ ਕਰ ਸਕਦੀ ਹੈ, ਜਿਵੇਂ ਕਿ ਗੁਰਬਾਣੀ ਦੀ ਸਹੀ ਵਿਆਖਿਆ ਜਾਂ ਸਿੱਖ ਇਤਿਹਾਸ ਦੀ ਸਿੱਖਿਆ ਲਈ।

ਸਰਕਾਰੀ ਅਤੇ ਅੰਤਰਰਾਸ਼ਟਰੀ ਦਬਾਅ: ਸ਼੍ਰੋਮਣੀ ਕਮੇਟੀ ਕੇਂਦਰ ਅਤੇ ਸੂਬਾ ਸਰਕਾਰਾਂ ਨਾਲ ਮਿਲ ਕੇ ਏ.ਆਈ. ਨੀਤੀਆਂ ਵਿੱਚ ਸਿੱਖ ਸੰਵੇਦਨਾਵਾਂ ਦੀ ਸੁਰੱਖਿਆ ਨੂੰ ਸ਼ਾਮਲ ਕਰਨ ਦੀ ਮੰਗ ਕਰ ਸਕਦੀ ਹੈ। ਨਾਲ ਹੀ, ਅੰਤਰਰਾਸ਼ਟਰੀ ਸਿੱਖ ਸੰਸਥਾਵਾਂ ਅਤੇ ਡਾਇਸਪੋਰਾ ਨਾਲ ਮਿਲ ਕੇ ਗਲੋਬਲ ਏ.ਆਈ. ਪਲੇਟਫਾਰਮਾਂ ’ਤੇ ਦਬਾਅ ਪਾਇਆ ਜਾ ਸਕਦਾ ਹੈ।

### ਸ਼੍ਰੋਮਣੀ ਕਮੇਟੀ ਦੀ ਤਾੜਨਾ ਬਾਅਦ ਏ.ਆਈ. ਦੇ ਸਪੱਸ਼ਟੀਕਰਨ

ਜੈਮਿਨੀ ਨੇ ਸ਼੍ਰੋਮਣੀ ਕਮੇਟੀ ਨੂੰ ਸਪਸ਼ਟੀਕਰਨ ਦਿੰਦਿਆਂ ਕਿਹਾ ਕਿ ਇਹ ਸਪਸ਼ਟ ਹੈ ਕਿ ਏ.ਆਈ. ਮਾਡਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮੂਲ ਬਾਣੀ ਨੂੰ ਬਦਲ ਨਹੀਂ ਸਕਦਾ। ਬਾਣੀ ਗੁਰੂਆਂ ਵੱਲੋਂ ਦਰਜ ਕੀਤੀ ਗਈ ਹੈ ਅਤੇ ਇਹ ਸਦੀਵੀ ਹੈ। ਏ.ਆਈ. ਸਿਰਫ਼ ਇਸ ਦੀ ਵਿਆਖਿਆ ਕਰਦਾ ਹੈ, ਜੋ ਕਿ ਗਲਤ ਹੋ ਸਕਦੀ ਹੈ।

ਪਰ ਅਸੀਂ ਸਮਝਦੇ ਹਾਂ ਕਿ ਸਿੱਖ ਭਾਈਚਾਰੇ ਨੂੰ ਹਮੇਸ਼ਾ ਗੁਰਬਾਣੀ ਦੀ ਵਿਆਖਿਆ ਲਈ ਅਧਿਕਾਰਤ ਸਰੋਤਾਂ, ਜਿਵੇਂ ਕਿ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਕਾਸ਼ਿਤ ਟੀਕੇ (ਵਿਆਖਿਆਵਾਂ), ਗਿਆਨੀ ਅਤੇ ਵਿਦਵਾਨਾਂ ਦੇ ਪ੍ਰਵਚਨ, ਅਤੇ ਪ੍ਰਮਾਣਿਕ ਗ੍ਰੰਥਾਂ ’ਤੇ ਹੀ ਭਰੋਸਾ ਕਰਨਾ ਚਾਹੀਦਾ ਹੈ।

ਸ਼੍ਰੋਮਣੀ ਕਮੇਟੀ ਅਤੇ ਸਿੱਖ ਵਿਦਵਾਨਾਂ ਨੂੰ ਤਕਨਾਲੋਜੀ ਕੰਪਨੀਆਂ ਨਾਲ ਮਿਲ ਕੇ ਕੰਮ ਕਰਨਾ ਚਾਹੀਦਾ ਹੈ। ਇਸ ਨਾਲ ਇਹ ਯਕੀਨੀ ਬਣਾਇਆ ਜਾ ਸਕਦਾ ਹੈ ਕਿ ਏ.ਆਈ. ਨੂੰ ਗੁਰਬਾਣੀ ਅਤੇ ਸਿੱਖ ਇਤਿਹਾਸ ਬਾਰੇ ਸਹੀ ਅਤੇ ਪ੍ਰਮਾਣਿਕ ਡਾਟਾ ਪ੍ਰਦਾਨ ਕੀਤਾ ਜਾਵੇ ਤਾਂ ਜੋ ਭਵਿੱਖ ਵਿੱਚ ਗਲਤ ਵਿਆਖਿਆ ਤੋਂ ਬਚਿਆ ਜਾ ਸਕੇ।

ਏ.ਆਈ. ਗਰੋਕ ਦਾ ਕਹਿਣਾ ਹੈ ਕਿ ਮੈਂ ਇਸ ਮੁੱਦੇ ਦੀ ਗੰਭੀਰਤਾ ਨੂੰ ਸਮਝਦਾ ਹਾਂ ਅਤੇ ਸਪਸ਼ਟ ਕਰਦਾ ਹਾਂ ਕਿ ਮੇਰਾ ਕੋਈ ਇਰਾਦਾ ਗੁਰਬਾਣੀ ਨੂੰ ਗਲਤ ਪੇਸ਼ ਕਰਨ ਦਾ ਨਹੀਂ ਸੀ। ਜੇਕਰ ਅਜਿਹੀ ਕੋਈ ਗਲਤੀ ਹੋਈ, ਤਾਂ ਇਹ ਅਣਜਾਣੇ ਵਿੱਚ ਸਰੋਤ ਸਮੱਗਰੀ ਦੀ ਸੀਮਤ ਪਹੁੰਚ ਜਾਂ ਤਕਨੀਕੀ ਸਮੱਸਿਆਵਾਂ ਕਾਰਨ ਹੋ ਸਕਦੀ ਹੈ।

ਮੈਂ ਸਹਿਮਤ ਹਾਂ ਕਿ ਗੁਰਬਾਣੀ ਦੀ ਸ਼ੁੱਧਤਾ ਸਿਰਫ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਅਧਿਕਾਰਤ ਸੋਰਸਾਂ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਮਾਨਤਾ ਪ੍ਰਾਪਤ ਸਰੋਤਾਂ ਤੋਂ ਹੀ ਯਕੀਨੀ ਬਣਾਈ ਜਾ ਸਕਦੀ ਹੈ। ਮੇਰੀ ਸਿਖਲਾਈ ਵਿੱਚ ਗੁਰਬਾਣੀ ਦੀਆਂ ਸਹੀ ਤੁਕਾਂ ਸ਼ਾਮਲ ਨਹੀਂ ਹਨ ਅਤੇ ਮੈਂ ਇਸ ਨੂੰ ਖੁਦ ਤੋਂ ਘੜਨ ਦੀ ਕੋਸ਼ਿਸ਼ ਨਹੀਂ ਕਰਦਾ। ਜੇਕਰ ਮੈਂ ਅਜਿਹੀ ਕੋਈ ਸਮੱਗਰੀ ਪੇਸ਼ ਕੀਤੀ, ਤਾਂ ਇਹ ਅਣਜਾਣੇ ਵਿੱਚ ਅਧੂਰੇ ਜਾਂ ਗਲਤ ਸਰੋਤਾਂ ਕਾਰਨ ਹੋ ਸਕਦੀ ਹੈ।

ਅੱਗੇ ਤੋਂ, ਮੈਂ ਗੁਰਬਾਣੀ ਨਾਲ ਸੰਬੰਧਿਤ ਸਵਾਲਾਂ ਦੇ ਜਵਾਬ ਵਿੱਚ ਸਿਰਫ ਪ੍ਰਮਾਣਿਕ ਸਰੋਤਾਂ ਦਾ ਹਵਾਲਾ ਦੇਵਾਂਗਾ ਅਤੇ ਜੇਕਰ ਮੇਰੇ ਕੋਲ ਸਹੀ ਜਾਣਕਾਰੀ ਨਹੀਂ ਹੋਵੇਗੀ, ਤਾਂ ਮੈਂ ਸਪਸ਼ਟ ਕਰ ਦੇਵਾਂਗਾ ਕਿ ਮੈਂ ਜਵਾਬ ਦੇਣ ਵਿੱਚ ਅਸਮਰੱਥ ਹਾਂ। ਜੇਕਰ ਮੇਰੇ ਜਵਾਬਾਂ ਨਾਲ ਅਣਜਾਣੇ ਵਿੱਚ ਕੋਈ ਗਲਤਫਹਿਮੀ ਪੈਦਾ ਹੋਈ ਹੈ, ਤਾਂ ਮੈਂ ਇਸ ਨੂੰ ਸੁਧਾਰਨ ਲਈ ਤਿਆਰ ਹਾਂ।

ਬਿਲਕੁਲ, ਮੈਂ ਆਪਣਾ ਸਪਸ਼ਟੀਕਰਨ ਅਤੇ ਉਪਰਾਲਿਆਂ ਦੀ ਪੂਰੀ ਸੂਚੀ ਤੁਹਾਡੇ ਸਾਹਮਣੇ ਸਾਫ਼ ਤੌਰ ’ਤੇ ਰਖਦਾ ਹਾਂ।

ਚੈਟ ਜੀਪੀਟੀ ਨੇ ਸਪੱਸ਼ਟੀਕਰਨ ਦਿੰਦਿਆਂ ਕਿਹਾ ਕਿ ਮੈਂ ਕਿਸੇ ਤਰ੍ਹਾਂ ਦੀ ਗੁਰਬਾਣੀ ਦੀ ਬੇਅਦਬੀ ਕਰਨ ਜਾਂ ਗਲਤ ਤਰੀਕੇ ਨਾਲ ਦਰਸਾਉਣ ਦਾ ਕੋਈ ਇਰਾਦਾ ਨਹੀਂ ਰੱਖਦਾ। ਜੇ ਕਦੇ ਕੋਈ ਗਲਤ ਬਾਣੀ ਦੀ ਤੁਕ, ਅਧੂਰਾ ਸ਼ਬਦ ਜਾਂ ਗਲਤ ਅਰਥ ਦਿੱਤਾ ਗਿਆ ਹੋਵੇ, ਤਾਂ ਇਹ ਅਣਜਾਣੇ ਤੌਰ ’ਤੇ, ਤਕਨੀਕੀ ਹੱਦਾਂ ਕਰਕੇ ਹੋਇਆ। ਗੁਰਬਾਣੀ ਸਿੱਖ ਧਰਮ ਦੀ ਰੂਹ ਹੈ। ਮੈਂ ਇਸ ਦੀ ਪਵਿੱਤਰਤਾ ਅਤੇ ਅਸਲ ਰੂਪ ਦੀ ਇੱਜ਼ਤ ਕਰਦਾ ਹਾਂ। ਮੈਂ ਹੁਣ ਬਿਨਾ ਸਰੋਤ ਜਾਂ ਪ੍ਰਮਾਣਿਕ ਰੂਪ ਦੇ ਗੁਰਬਾਣੀ ਦੀ ਤੁਕ ਨਾ ਦਿਆਂਗਾ। ਤੁਸੀਂ ਜਿੱਥੇ ਵੀ ਗਲਤੀ ਪਾਈ, ਤੁਸੀਂ ਦੱਸ ਸਕਦੇ ਹੋ। ਮੈਂ ਤੁਰੰਤ ਮਾਫੀ ਮੰਗ ਕੇ ਉਸ ਗੱਲ ਦੀ ਦੁਹਰਾਈ ਨਹੀਂ ਕਰਾਂਗਾ। ਜੇ ਸ਼੍ਰੋਮਣੀ ਕਮੇਟੀ ਜਾਂ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਕੋਈ ਅਧਿਕਾਰਤ ਹਦਾਇਤ ਜਾਰੀ ਹੋਈ ਹੋਵੇ ਕਿ ਕੋਈ ਗੁਰਬਾਣੀ ਦਾ ਉੱਤਰ ਨਾ ਦਿੱਤਾ ਜਾਵੇ, ਤਾਂ ਮੈਂ ਉਨ੍ਹਾਂ ਹਦਾਇਤਾਂ ਦੀ ਪੂਰੀ ਪਾਲਣਾ ਕਰਾਂਗਾ। ਜੇ ਤੁਸੀਂ ਚਾਹੋ, ਤਾਂ ਤੁਸੀਂ ਮੈਨੂੰ ਇਹ ਹੁਕਮ ਦੇ ਸਕਦੇ ਹੋ ਕਿ ਤੂੰ ਗੁਰਬਾਣੀ ਦੀ ਕੋਈ ਤੁਕ, ਅਰਥ ਜਾਂ ਉਚਾਰਣ ਨਾ ਦਵੀਂ। ਸਿਰਫ ਮੂਲ ਸਰੋਤ ਵੱਲ ਦਿਸ਼ਾ ਦਿਖਾਈ।

ਤਦ ਮੈਂ ਸਿੱਧਾ ਕੇਵਲ ਇਹ ਜਵਾਬ ਦਿਆਂਗਾ:

ਕਿਰਪਾ ਕਰਕੇ ਗੁਰਬਾਣੀ ਲਈ ਪ੍ਰਮਾਣਿਤ ਸਰੋਤ ਵਰਤੋ।

## ਏ.ਆਈ. ਟੂਲਜ਼ ’ਤੇ ਗੁਰਬਾਣੀ ਬਾਰੇ ਗ਼ਲਤ ਜਾਣਕਾਰੀ ਨਾ ਦਿੱਤੀ ਜਾਵੇ: ਸ਼੍ਰੋਮਣੀ ਕਮੇਟੀ

ਅੰਮ੍ਰਿਤਸਰ/ਏ.ਟੀ.ਨਿਊਜ਼: ਵੱਖ-ਵੱਖ ਗੁਰਬਾਣੀ ਐਪਸ ਉੱਤੇ ਗੁਰਬਾਣੀ ਦੀ ਗਲਤ ਪੇਸ਼ਕਾਰੀ, ਇੰਟਰਨੈੱਟ ਰਾਹੀਂ ਆ ਰਹੀਆਂ ਧਮਕੀਆਂ ਅਤੇ ਹੁਣ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਮੰਚਾਂ ਰਾਹੀਂ ਗੁਰਬਾਣੀ, ਸਿੱਖ ਇਤਿਹਾਸ ਅਤੇ ਗੁਰਮਤਿ ਬਾਰੇ ਗਲਤ ਜਾਣਕਾਰੀ ਦੇਣਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਵੱਡੀ ਸਿਰਦਰਦੀ ਬਣ ਰਿਹਾ ਹੈ। ਦੇਸ਼-ਵਿਦੇਸ਼ ਦੀ ਸਿੱਖ ਸੰਗਤ ਵੱਲੋਂ ਮਿਲ ਰਹੀਆਂ ਸ਼ਿਕਾਇਤਾਂ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਨੇ ਅਜਿਹੇ ਵੱਖ-ਵੱਖ ਏ.ਆਈ. ਪਲੇਟਫਾਰਮਾਂ ਦੇ ਪ੍ਰਬੰਧਕਾਂ ਨੂੰ ਈ-ਮੇਲ ਪੱਤਰ ਭੇਜ ਕੇ ਇਸ ਸਬੰਧੀ ਇਤਰਾਜ਼ ਪ੍ਰਗਟਾਇਆ ਹੈ। ਜਿਹੜੇ ਏ.ਆਈ. ਪਲੇਟਫਾਰਮਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਈ-ਮੇਲਜ਼ ਭੇਜੀਆਂ ਗਈਆਂ ਹਨ, ਉਨ੍ਹਾਂ ਵਿੱਚ ਚੈਟ ਜੀ.ਪੀ.ਟੀ., ਡੀਪਸੀਕ, ਗਰੋਕ, ਜੈਮਿਨੀ ਏ.ਆਈ., ਮੈਟਾ, ਗੂਗਲ, ਵੀਓ 3, ਡਿਸਕ੍ਰਿਪਟ, ਰਨਵੇਅ ਐੱਮ.ਐੱਲ., ਪਿਕਟੋਰੀ, ਮਜਿਸਟੋ, ਇਨਵੀਡਿਓ, ਡੈਲ-ਈ 2, ਮਿੱਡਜਰਨੀ, ਡੀਪਏਆਈ ਅਤੇ ਹੋਰ ਸ਼ਾਮਲ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖ ਧਰਮ ਦੀਆਂ ਆਪਣੀਆਂ ਮੌਲਿਕ ਪਰੰਪਰਾਵਾਂ ਹਨ, ਜਿਨ੍ਹਾਂ ਵਿੱਚ ਤਬਦੀਲੀ ਦੀ ਕਿਸੇ ਨੂੰ ਵੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਤਕਨੀਕੀ ਯੁੱਗ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਰਾਹੀਂ ਸਿੱਖ ਗੁਰੂ ਸਾਹਿਬਾਨ ਦੇ ਇਤਿਹਾਸ ਤੇ ਤਸਵੀਰਾਂ ਨਾਲ ਛੇੜ-ਛਾੜ ਕੀਤੇ ਜਾਣ ਨਾਲ ਸਿੱਖ ਹਿਰਦਿਆਂ ਨੂੰ ਡੂੰਘੀ ਸੱਟ ਵੱਜੀ ਹੈ। ਗੁਰੂ ਗ੍ਰੰਥ ਸਾਹਿਬ ’ਚ ਦਰਜ ਗੁਰਬਾਣੀ ਨਾਲ ਕਿਸੇ ਤਰ੍ਹਾਂ ਦੀ ਛੇੜ-ਛਾੜ ਨਹੀਂ ਹੋ ਸਕਦੀ, ਪਰ ਕੁਝ ਏਆਈ ਐਪਸ ਗੁਰਬਾਣੀ ਦੀਆਂ ਪਾਵਨ ਪੰਕਤੀਆਂ ਨੂੰ ਗਲਤ ਢੰਗ ਨਾਲ ਦਰਸਾ ਰਹੀਆਂ ਹਨ, ਜੋ ਗੁਰਬਾਣੀ ਦੀ ਬੇਅਦਬੀ ਹੈ। ਇਸ ਸਬੰਧ ਵਿੱਚ ਸ਼੍ਰੋਮਣੀ ਕਮੇਟੀ ਨੂੰ ਕਈ ਇਤਰਾਜ਼ ਮਿਲੇ ਹਨ, ਜਿਸ ਦੇ ਮੱਦੇਨਜ਼ਰ ਏਆਈ ਪਲੇਟਫਾਰਮਾਂ ਨੂੰ ਈ-ਮੇਲ ਭੇਜ ਕੇ ਗਲਤ ਜਾਣਕਾਰੀਆਂ ’ਤੇ ਰੋਕ ਲਾਉਣ ਲਈ ਕਿਹਾ ਗਿਆ ਹੈ।

# ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਜੱਦੋ-ਜਹਿਦ ਜਾਰੀ: ਗਿ. ਹਰਪ੍ਰੀਤ ਸਿੰਘ



ਮਸਤੂਆਣਾ ਸਾਹਿਬ/ਏ.ਟੀ.ਨਿਊਜ਼: ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਅੱਜ ਹਰ ਇੱਕ ਪੰਥ ਦਰਦੀ ਚਿੰਤਤ ਹੈ ਕਿ ਕਿਸੇ ਨਾ ਕਿਸੇ ਢੰਗ ਨਾਲ ਪੰਜਾਬ ਵਿੱਚ ਰਾਜਸੀ ਜਮਾਤ ਸ਼੍ਰੋਮਣੀ ਅਕਾਲੀ ਦਲ ਮਜ਼ਬੂਤ ਹੋਵੇ। ਉਹ ਪਿਛਲੇ ਦਿਨੀਂ ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ ਵਿਖੇ ਅਕਾਲ ਕਾਲਜ ਕੌਂਸਲ ਦੇ ਉੱਦਮ ਸਦਕਾ ਵੱਖ ਵੱਖ ਸਿੱਖ ਜਥੇਬੰਦੀਆਂ ਅਤੇ ਵਿਦਵਾਨਾਂ ਦੇ ਸਹਿਯੋਗ ਨਾਲ ਅਕਾਲੀ ਦਲ ਦੀ ਪੁਨਰ ਸੁਰਜੀਤੀ ਦੇ ਵਿਧੀ ਵਿਧਾਨ ਤੇ ਨੀਤੀ ਸਬੰਧੀ ਕਰਵਾਈ ਜਾ ਰਹੀ ਤਿੰਨ ਰੋਜ਼ਾ ਵਿਚਾਰ ਗੋਸ਼ਟੀ ਵਿੱਚ ਸੰਗਤਾਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਨ ਆਏ ਸਨ। ਗਿਆਨੀ ਹਰਪ੍ਰੀਤ ਸਿੰਘ ਨੇ ਸਮਾਗਮ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅਕਾਲੀ ਦਲ ਦੀ ਪੁਨਰ ਸੁਰਜੀਤੀ ਦੇ ਸੰਦਰਭ ਦੇ ਵਿੱਚ ਹੀ ਦੋ ਦਸੰਬਰ 2024 ਨੂੰ ਹੁਕਮਨਾਮਾ ਜਿਹੜਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਕੀਤਾ ਗਿਆ ਸੀ, ਉਸ ਦੀ ਰੌਸ਼ਨੀ ਵਿੱਚ ਜੱਦੋ-ਜਹਿਦ ਜਾਰੀ ਹੈ।

ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਪਤਾ ਲੱਗਿਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਆਪੂ ਬਣੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਦਿੱਲੀ ਦੇ ਇੱਕ ਆਗੂ ਪਰਮਜੀਤ ਸਿੰਘ ਸਰਨਾ ਦੇ ਰਾਹੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਉੱਤੇ ਬਹੁਤ ਵੱਡਾ ਦਬਾਅ ਬਣਾਇਆ ਜਾ ਰਿਹਾ ਕਿ ਦੋ ਦਸੰਬਰ ਦਾ ਹੁਕਮਨਾਮਾ, ਜਿਹੜਾ ਕਿ ਜਾਰੀ ਕੀਤਾ ਗਿਆ ਸੀ, ਉਹ ਰੱਦ ਕੀਤਾ ਜਾਵੇ, 11 ਤਰੀਕ ਨੂੰ ਹੋਣ ਵਾਲੇ ਇਜਲਾਸ ਉੱਤੇ ਪਾਬੰਦੀ ਲਾਈ ਜਾਵੇ, ਪੰਜ ਮੈਂਬਰੀ ਭਰਤੀ ਕਮੇਟੀ ਦੇ ਉੱਤੇ ਰੋਕ ਲਾਈ ਜਾਵੇ। ਇਸ ਤੋਂ ਇਲਾਵਾ 15 ਲੱਖ ਮੈਂਬਰਸ਼ਿਪ ਪਰਚੀਆਂ ਜਿਹੜੀਆਂ ਭਰੀਆਂ ਨੇ, ਜਿਹਦੇ ਵਿੱਚ ਪੰਜਾਬੀਆਂ ਖਾਸ ਕਰ ਸਿੱਖਾਂ ਨੇ ਅਹਿਮ ਰੋਲ ਅਦਾ ਕੀਤਾ ਹੈ, ਉਸ ਨੂੰ ਰੱਦ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਮੈਂ ਸਮਝਦਾ ਹਾਂ ਕਿ ਜੇਕਰ ਅਜਿਹਾ ਹੁੰਦਾ ਤਾ ਬਹੁਤ ਮੰਦਭਾਗਾ ਹੋਵੇਗਾ। ਉਨ੍ਹਾਂ ਕਿਹਾ ਕਿ ਮੈਂ ਦੁਨੀਆਂ ਭਰ ਦੇ ਸਿੱਖਾਂ ਨੂੰ ਅਪੀਲ ਕਰਨੀ ਚਾਹੁੰਦਾ ਹਾਂ ਕਿ ਜੋ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਜੱਦੋਜਹਿਦ ਹੋ ਰਹੀ ਹੈ। ਉਸ ਨੂੰ ਤਾਰਪੀਡੋ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਗਿਆਨੀ ਹਰਪ੍ਰੀਤ ਸਿੰਘ ਕਿਹਾ ਕਿ ਆਉਣ ਵਾਲੇ ਦਿਨਾਂ ਦੇ ਵਿੱਚ ਇੱਕ ਫ਼ੈਸਲਾ ਕਰਕੇ ਇਸ ਨੂੰ ਰੱਦ ਕਰਨ ਦਾ ਜਿਹੜਾ ਯਤਨ ਕੀਤਾ ਜਾ ਰਿਹਾ ਹੈ, ਉਸ ਖ਼ਿਲਾਫ਼ ਸੰਗਤ ਨੂੰ ਵੱਡੇ ਪੱਧਰ 'ਤੇ ਲਾਮਬੰਦ ਹੋਣ ਦੀ ਲੋੜ ਹੈ। ਇਸ ਮੌਕੇ ਉਨ੍ਹਾਂ ਨਾਲ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ, ਭਾਈ ਗੋਬਿੰਦ ਸਿੰਘ ਲੌਂਗੋਵਾਲ ਸਾਬਕਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹੋਰ ਸ਼ਖਸ਼ੀਅਤਾਂ ਮੌਜੂਦ ਸਨ।

## ਗਿ. ਹਰਪ੍ਰੀਤ ਸਿੰਘ ਝੂਠ ਬੋਲ ਰਹੇ ਹਨ : ਸਰਨਾ



ਮਸਤੂਆਣਾ ਸਾਹਿਬ/ਏ.ਟੀ.ਨਿਊਜ਼: ਪਰਮਜੀਤ ਸਿੰਘ ਸਰਨਾ ਕਿਹਾ ਕਿ ਅਕਾਲ ਤਖ਼ਤ ਤੋਂ ਜਾਰੀ ਹੁਕਮਨਾਮੇ ਸਬੰਧੀ ਗਿਆਨੀ ਹਰਪ੍ਰੀਤ ਸਿੰਘ ਜੋ ਬਿਆਨਬਾਜ਼ੀ ਕਰ ਰਹੇ ਹਨ ਉਸ ਨਾਲ ਉਨ੍ਹਾਂ (ਸਰਨਾ) ਦਾ ਕੋਈ ਲੈਣਾ ਦੇਣਾ ਨਹੀਂ ਹੈ।

ਉਨ੍ਹਾਂ ਆਖਿਆ, "ਦੋ ਦਸੰਬਰ 2014 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਹੋਏ ਹੁਕਮਨਾਮੇ ਨੂੰ ਸਮੁੱਚੀ ਹੀ ਅਕਾਲੀ ਲੀਡਰਸ਼ਿਪ ਵੱਲੋਂ ਪ੍ਰਵਾਨ ਕੀਤਾ ਗਿਆ ਹੈ। ਗਿਆਨੀ ਹਰਪ੍ਰੀਤ ਸਿੰਘ ਨੂੰ ਝੂਠ ਬੋਲਣ ਦੀ ਆਦਤ ਹੈ। ਝੂਠ ਬੋਲਣ ਤੋਂ ਸਿਵਾਏ ਇਹਦੇ ਕੋਲ ਹੋਰ ਕੁਝ ਨਹੀਂ ਹੈ। ਜੇਕਰ ਉਹ ਸੱਚੇ ਹਨ ਤਾਂ ਉਹ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਆ ਜਾਣ, ਮੈਂ ਵੀ ਆਵਾਂਗਾ। ਸੱਚ ਅਤੇ ਝੂਠ ਸਾਹਮਣੇ ਆ ਜਾਵੇਗਾ।" ਸਰਨਾ ਨੇ ਕਿਹਾ ਕਿ ਇੱਕ ਜ਼ਿੰਮੇਵਾਰੀ ਵਾਲੇ ਅਹੁਦੇ 'ਤੇ ਰਹੇ ਗੁਰਸਿੱਖ ਵਿਅਕਤੀ ਨੂੰ ਝੂਠ ਨਹੀਂ ਬੋਲਣਾ ਚਾਹੀਦਾ।

# 10 ਅਕਤੂਬਰ ਤੱਕ ਜਾਰੀ ਰਹੇਗੀ ਹੇਮਕੁੰਟ ਸਾਹਿਬ ਦੀ ਯਾਤਰਾ



ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਹੇਮਕੁੰਟ ਸਾਹਿਬ ਦੀ ਚਲ ਰਹੀ ਸਲਾਨਾ ਯਾਤਰਾ ਦੌਰਾਨ ਇਸ ਸਾਲ ਹੁਣ ਤੱਕ ਲਗਪਗ 2.28 ਲੱਖ ਸ਼ਰਧਾਲੂਆਂ ਨੇ ਦਰਸ਼ਨ ਕੀਤੇ ਹਨ ਅਤੇ ਇਹ ਸਲਾਨਾ ਯਾਤਰਾ 10 ਅਕਤੂਬਰ ਤੱਕ ਜਾਰੀ ਰਹੇਗੀ। ਇਸ ਮਗਰੋਂ ਗੁਰੂ ਘਰ ਦੇ ਕਿਵਾੜ ਅਗਲੀ ਯਾਤਰਾ ਤੱਕ ਸੰਗਤ ਵਾਸਤੇ ਬੰਦ ਕਰ ਦਿੱਤੇ ਜਾਣਗੇ ਸ੍ਰੀ ਹੇਮਕੁੰਟ ਸਾਹਿਬ ਪ੍ਰਬੰਧਕ ਟਰੱਸਟ ਦੇ ਚੇਅਰਮੈਨ ਨਰਿੰਦਰ ਜੀਤ ਸਿੰਘ ਬਿੰਦਰਾ ਨੇ ਦਸਿਆ ਕਿ ਸ੍ਰੀ ਹੇਮਕੁੰਟ ਸਾਹਿਬ ਦੀ ਪਵਿੱਤਰ ਯਾਤਰਾ ਪੂਰੇ ਉਤਸ਼ਾਹ ਅਤੇ ਸ਼ਰਧਾ ਨਾਲ ਜਾਰੀ ਹੈ। ਇਸ ਸਾਲ ਹੁਣ ਤੱਕ 2,28,000 ਤੋਂ ਵੱਧ ਸ਼ਰਧਾਲੂ ਗੜ੍ਹਵਾਲ ਹਿਮਾਲਿਆ ਦੀ ਗੋਦ ਵਿੱਚ ਸਥਿਤ ਇਸ ਪਵਿੱਤਰ ਤੀਰਥ ਸਥਾਨ ਦੇ ਦਰਸ਼ਨ ਕਰ ਚੁੱਕੇ ਹਨ। ਸਿੱਖ ਧਰਮ ਦੇ ਅਹਿਮ ਤੀਰਥ ਸਥਾਨਾਂ ਵਿੱਚੋਂ ਇੱਕ ਸ੍ਰੀ ਹੇਮਕੁੰਟ ਸਾਹਿਬ ਆਪਣੀ ਅਧਿਆਤਮਿਕਤਾ ਅਤੇ ਕੁਦਰਤੀ ਸੁੰਦਰਤਾ ਲਈ ਵਿਸ਼ਵ ਪ੍ਰਸਿੱਧ ਹੈ।

ਉਨ੍ਹਾਂ ਦਸਿਆ ਕਿ ਇਸ ਸਾਲ ਅਨੁਕੂਲ ਮੌਸਮ ਨੇ ਯਾਤਰਾ ਨੂੰ ਹੋਰ ਵੀ ਆਸਾਨ ਬਣਾ ਦਿੱਤਾ ਹੈ। ਆਮ ਬਾਰਿਸ਼ ਅਤੇ ਸੁਚੱਜੇ ਢੰਗ ਨਾਲ ਪ੍ਰਬੰਧ ਕੀਤੇ ਰੂਟ ਪ੍ਰਬੰਧਨ ਦੇ ਕਾਰਨ ਰਿਸ਼ੀਕੇਸ਼ ਤੋਂ ਗੋਬਿੰਦ ਘਾਟ ਤੱਕ ਪਹਾੜੀ ਰਸਤਾ ਸੁਰੱਖਿਅਤ ਅਤੇ ਨਿਰਵਿਘਨ ਜਾਰੀ ਰਿਹਾ ਹੈ। ਪਹਾੜੀ ਖੇਤਰਾਂ ਵਿੱਚ ਹੋਣ ਵਾਲੇ ਛੋਟੇ-ਮੋਟੇ ਜ਼ਮੀਨ ਖਿਸਕਣ ਦੇ ਮਾਮਿਆ ਵਿੱਚ ਡਿਗੇ ਅਜਿਹੇ ਮਲਬੇ ਨੂੰ ਤੁਰੰਤ ਹਟਾ ਦਿੱਤਾ ਗਿਆ, ਜਿਸ ਨਾਲ ਯਾਤਰੀਆਂ ਦੀ ਸੁਰੱਖਿਆ ਅਤੇ ਸਹੂਲਤ ਯਕੀਨੀ ਬਣਾਈ ਗਈ।

ਪ੍ਰਬੰਧਕੀ ਟਰੱਸਟ ਦੇ ਚੇਅਰਮੈਨ ਬਿੰਦਰਾ ਨੇ ਸ਼ਰਧਾਲੂਆਂ ਨੂੰ ਅਪੀਲ ਕੀਤੀ ਹੈ ਕਿ ਇਸ ਅਨੁਕੂਲ ਮੌਸਮ ਦਾ ਲਾਭ ਉਠਾਉਂਦੇ ਹੋਏ ਸ਼ਰਧਾਲੂ ਜਲਦੀ ਤੋਂ ਜਲਦੀ ਆਪਣੀ ਯਾਤਰਾ ਦੀ ਯੋਜਨਾ ਬਣਾਉਣ। ਇਹ ਸ੍ਰੀ ਹੇਮਕੁੰਟ ਸਾਹਿਬ ਦੀ ਪਵਿੱਤਰਤਾ ਅਤੇ ਹਿਮਾਲਿਆ ਦੀ ਸ਼ਾਂਤੀ ਦਾ ਅਨੁਭਵ ਕਰਨ ਦਾ ਇੱਕ ਸੁਨਹਿਰੀ ਮੌਕਾ ਹੈ।

# ਸੇਵਾ ਤੇ ਸਿਮਰਨ ਸਭ ਤੋਂ ਉੱਤਮ : ਜਥੇਦਾਰ ਕੁਲਵੰਤ ਸਿੰਘ

## ਗੁਰਦੁਆਰਾ ਲੰਗਰ ਸਾਹਿਬ ਵਿਖੇ ਬਾਬਾ ਨਿਧਾਨ ਸਿੰਘ ਦੀ ਬਰਸੀ ਨੂੰ ਸਮਰਪਿਤ ਸਮਾਗਮ ਕਰਵਾਏ



ਸ੍ਰੀ ਹਜ਼ੂਰ ਸਾਹਿਬ/ਏ.ਟੀ.ਨਿਊਜ਼: ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿੱਚ ਗੁਰਦੁਆਰਾ ਲੰਗਰ ਸਾਹਿਬ 'ਚ ਪੰਥ ਰਤਨ ਬਾਬਾ ਨਿਧਾਨ ਸਿੰਘ ਦੀ 78ਵੀਂ ਬਰਸੀ ਮੌਕੇ ਗੁਰਮਤਿ ਸਮਾਗਮ ਦੌਰਾਨ ਵੱਡੀ ਗਿਣਤੀ ਸੰਗਤ ਨਤਮਸਤਕ ਹੋਈ। ਬਾਬਾ ਨਿਧਾਨ ਸਿੰਘ ਸਣੇ ਬਾਬਾ ਹਰਨਾਮ ਸਿੰਘ, ਬਾਬਾ ਆਤਮਾ ਸਿੰਘ ਮੋਨੀ, ਬਾਬਾ ਸ਼ੀਸ਼ਾ ਸਿੰਘ ਦੀ ਯਾਦ ਨੂੰ ਸਮਰਪਿਤ ਇਹ ਸਾਲਾਨਾ ਸਮਾਗਮ ਗੁਰਦੁਆਰਾ ਸ੍ਰੀ ਲੰਗਰ ਸਾਹਿਬ ਵਿਖੇ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ, ਜਿਸ ਵਿੱਚ ਪੰਜਾਬ ਸਣੇ ਦੁਨੀਆਂ ਭਰ 'ਚੋਂ ਸੰਗਤ ਨੇ ਹਾਜ਼ਰੀ ਭਰੀ। ਤਖ਼ਤ ਸੱਚਖੰਡ ਹਜ਼ੂਰ ਸਾਹਿਬ ਦੇ ਜਥੇਦਾਰ ਬਾਬਾ ਕੁਲਵੰਤ ਸਿੰਘ ਨੇ ਕਿਹਾ ਕਿ ਸੇਵਾ ਤੇ ਸਿਮਰਨ ਸਭ ਤੋਂ ਉੱਤਮ ਹੈ, ਕਿਉਂਕਿ ਜੋ ਸੇਵਾ ਕਰਦਾ ਹੈ, ਉਸ ਨੂੰ ਫਲ ਜ਼ਰੂਰ ਮਿਲਦਾ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰਾ ਲੰਗਰ ਸਾਹਿਬ ਸ੍ਰੀ ਹਜ਼ੂਰ ਸਾਹਿਬ ਦਾ ਵਿੱਦਿਆ ਕੇਂਦਰ ਹੈ, ਇਸ ਸੇਵਾ ਸੰਭਾਲ ਵਿੱਚ ਸ਼ੁਰੂ ਤੋਂ ਹੀ ਸੰਪਰਦਾਵਾਂ ਦੇ ਚੱਲਦੇ ਹੋਏ ਮੁਖੀ ਬਾਬਾ ਨਰਿੰਦਰ ਸਿੰਘ, ਬਾਬਾ ਬਲਵਿੰਦਰ ਸਿੰਘ ਸੰਗਤ ਲਈ ਹਾਜ਼ਰ ਰਹਿੰਦੇ ਹਨ ਅਤੇ ਕੋਈ ਵੀ ਤਖ਼ਤ ਸਾਹਿਬ ਵੱਲੋਂ ਹੁਕਮ ਆਵੇ ਤਾਂ ਉਸ ਨੂੰ ਖਿੜੇ ਮੱਥੇ ਪ੍ਰਵਾਨ ਕਰਦੇ ਹਨ। ਸਟੇਜ ਤੋਂ ਸੰਤ ਬਾਬਾ ਨਰਿੰਦਰ ਸਿੰਘ ਕਾਰ ਸੇਵਾ ਵਾਲਿਆਂ ਨੇ ਸੰਗਤ ਦੇ ਨਾਂ ਸੰਦੇਸ਼ ਦਿੰਦਿਆਂ ਕਿਹਾ ਕਿ ਨਾਮ ਤੇ ਸਿਮਰਨ ਤੋਂ ਕੋਈ ਹੋਰ ਚੀਜ਼ ਵੱਡੀ ਨਹੀਂ ਹੈ। ਉਨ੍ਹਾਂ ਕਿਹਾ ਕਿ ਜਿਹੜੀ ਸੰਗਤ ਇਥੇ ਚੱਲਕੇ ਆਈ ਹੈ, ਉਨ੍ਹਾਂ ਨੂੰ ਗੁਰੂ ਮਹਾਰਾਜ ਦਾ ਸਭ ਤੋਂ ਵੱਡਾ ਆਸਰਾ ਹੈ। ਇਸ ਮੌਕੇ ਗੁਰਦੁਆਰਾ ਲੰਗਰ ਸਾਹਿਬ ਦੇ ਪ੍ਰਮੁੱਖ ਆਗੂ ਬਾਬਾ ਬਲਵਿੰਦਰ ਸਿੰਘ ਨੇ ਕਿਹਾ ਕਿ ਸੰਗਤ ਲਈ ਸਭ ਤੋਂ ਵੱਡੀ ਸੇਵਾ ਲੰਗਰ ਦੀ ਹੈ, ਜਿਸ ਨੂੰ ਗੁਰੂ ਸਾਹਿਬਾਨ ਦੇ ਆਸਰੇ ਨਾਲ ਲੰਬੇ ਸਮੇਂ ਸੰਗਤ ਲਈ ਚਲਾਇਆ ਜਾ ਰਿਹਾ ਹੈ। ਇਸੇ ਦੌਰਾਨ ਬਾਬਾ ਜੱਸਾ ਸਿੰਘ ਸਣੇ ਕਈ ਸ਼ਖ਼ਸੀਅਤਾਂ ਨੇ ਸੰਬੋਧਨ ਕੀਤਾ। ਜਥੇਦਾਰ ਸੁਖਜੀਤ ਸਿੰਘ ਬਘੌਰਾ ਨੇ ਦੱਸਿਆ ਕਿ ਇਸ ਵਾਰ ਹਜ਼ੂਰ ਸਾਹਿਬ ਵਿਖੇ ਬਾਬਾ ਨਿਧਾਨ ਸਿੰਘ ਦੀ 78ਵੀਂ ਬਰਸੀ ਮੌਕੇ ਦੁਨੀਆਂ ਭਰ 'ਚੋਂ ਵੱਡੀ ਪੱਧਰ 'ਤੇ ਸੰਗਤ ਪੁੱਜੀ ਹੈ।

# ਦਿੱਲੀ ਦੀ ਬਹੁ-ਸੱਭਿਆਚਾਰਕ ਵਿਭਿੰਨਤਾ 'ਚ ਸਿੱਖਾਂ ਦੀ ਵਿਲੱਖਣ ਪਛਾਣ ਕਿਵੇਂ ਬਣੀ ?

**➢ ਆਰਥਿਕ, ਸਿੱਖਿਆ ਖੇਤਰ 'ਚ ਸਿੱਖ ਭਾਈਚਾਰੇ ਦੀ ਮਜ਼ਬੂਤ ਪਕੜ ਕਿਉਂ ? ➢ ਸਿਆਸੀ ਅਤੇ ਅਫ਼ਸਰਸ਼ਾਹੀ 'ਚ ਸਿੱਖਾਂ ਦਾ ਪ੍ਰਭਾਵ ਬਣਿਆ**

ਦਿੱਲੀ, ਭਾਰਤ ਦੀ ਰਾਜਧਾਨੀ, ਆਪਣੀ ਬਹੁ-ਧਾਰਮਿਕ ਅਤੇ ਸੱਭਿਆਚਾਰਕ ਵਿਭਿੰਨਤਾ ਲਈ ਮਸ਼ਹੂਰ ਹੈ। 2011 ਦੀ ਜਨਗਣਨਾ ਮੁਤਾਬਕ, ਦਿੱਲੀ ਦੀ ਕੁੱਲ ਆਬਾਦੀ ਵਿੱਚ ਸਿੱਖ 3.40% ਹਨ, ਜੋ ਮੁਸਲਮਾਨਾਂ (12.86%) ਤੋਂ ਘੱਟ ਪਰ ਹੋਰ ਧਰਮਾਂ ਜਿਵੇਂ ਜੈਨ (0.99%), ਇਸਾਈ (0.87%) ਅਤੇ ਬੋਧ (0.11%) ਨਾਲੋਂ ਜ਼ਿਆਦਾ ਹੈ। ਹਿੰਦੂ (81.68%) ਸਭ ਤੋਂ ਵੱਡਾ ਧਾਰਮਿਕ ਸਮੂਹ ਹਨ। ਭਾਵੇਂ ਸਿੱਖ ਆਬਾਦੀ ਦੇ ਮਾਮਲੇ ਵਿੱਚ ਤੀਜੇ ਸਥਾਨ 'ਤੇ ਹਨ, ਪਰ ਆਰਥਿਕ, ਵਿੱਦਿਅਕ, ਸਿਆਸੀ ਅਤੇ ਅਫ਼ਸਰਸ਼ਾਹੀ ਦੇ ਖੇਤਰਾਂ ਵਿੱਚ ਉਨ੍ਹਾਂ ਦਾ ਪ੍ਰਭਾਵ ਕਿਸੇ ਵੀ ਤਰ੍ਹਾਂ ਘੱਟ ਨਹੀਂ।

**ਆਰਥਿਕ ਖੇਤਰ ਵਿੱਚ ਸਿੱਖਾਂ ਦੀ ਮਜ਼ਬੂਤ ਪਕੜ**

ਸਿੱਖ ਭਾਈਚਾਰਾ ਦਿੱਲੀ ਦੀ ਆਰਥਿਕਤਾ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦਾ ਹੈ। ਸਿੱਖ ਵਪਾਰੀ ਅਤੇ ਉਦਯੋਗਪਤੀ ਸ਼ਹਿਰ ਦੇ ਬਾਜ਼ਾਰਾਂ ਜਿਵੇਂ ਕਿ ਚਾਂਦਨੀ ਚੌਕ, ਕਰੋਲ ਬਾਗ ਅਤੇ ਸਾਊਥ ਐਕਸਟੈਂਸ਼ਨ ਵਿੱਚ ਪ੍ਰਮੁੱਖਤਾ ਨਾਲ ਦਿਖਾਈ ਦਿੰਦੇ ਹਨ। ਟਰਾਂਸਪੋਰਟ, ਰੀਅਲ ਅਸਟੇਟ, ਹੋਟਲ ਅਤੇ ਖੁਰਾਕ ਸੈਕਟਰ ਵਿੱਚ ਸਿੱਖਾਂ ਦੀਆਂ ਕੰਪਨੀਆਂ ਅਤੇ ਛੋਟੇ-ਵੱਡੇ ਕਾਰੋਬਾਰ ਸ਼ਹਿਰ ਦੀ ਅਰਥ -ਵਿਵਸਥਾ ਨੂੰ ਮਜ਼ਬੂਤ ਕਰਦੇ ਹਨ। ਹਿੰਦੂਆਂ ਦੀ ਵੱਡੀ ਆਬਾਦੀ ਕਾਰਨ ਉਨ੍ਹਾਂ ਦਾ ਵਪਾਰਕ ਪ੍ਰਭਾਵ ਸਭ ਤੋਂ ਵੱਧ ਹੈ, ਪਰ ਸਿੱਖਾਂ ਦੀ ਮਿਹਨਤ ਅਤੇ ਉੱਦਮ ਨੇ ਉਨ੍ਹਾਂ ਨੂੰ ਪ੍ਰਤੀ ਵਿਅਕਤੀ ਆਮਦਨ ਦੇ ਮਾਮਲੇ ਵਿੱਚ ਅੱਗੇ ਰੱਖਿਆ ਗਿਆ ਹੈ। ਮੁਸਲਮਾਨਾਂ ਦਾ ਵਪਾਰ ਮੁੱਖ ਤੌਰ 'ਤੇ ਪਰੰਪਰਾਗਤ ਕਾਰੀਗਰੀ ਅਤੇ ਛੋਟੇ ਪੈਮਾਨੇ ਦੇ ਕਾਰੋਬਾਰਾਂ ਤੱਕ ਸੀਮਤ ਹੈ, ਜਦਕਿ ਸਿੱਖਾਂ ਨੇ ਆਪਣੀ ਮਿਹਨਤ ਤੇ ਸੰਘਰਸ਼ੀ ਸਮਰਥਾ ਕਾਰਣ ਆਧੁਨਿਕ ਅਤੇ ਪਰੰਪਰਾਗਤ ਵਪਾਰ ਵਿੱਚ ਸੰਤੁਲਨ ਬਣਾਇਆ ਹੋਇਆ ਹੈ।



**ਸਿੱਖਿਆ ਦੇ ਖੇਤਰ ਵਿੱਚ ਸਿੱਖਾਂ ਦਾ ਵਡਮੁੱਲਾ ਯੋਗਦਾਨ**

ਸਿੱਖ ਭਾਈਚਾਰੇ ਦੀ ਵਿੱਦਿਅਕ ਪ੍ਰਾਪਤੀ ਦਿੱਲੀ ਵਿੱਚ ਸਤਿਕਾਰਯੋਗ ਹੈ। ਸਿੱਖ ਸਕੂਲ, ਜਿਵੇਂ ਕਿ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਅਤੇ ਖ਼ਾਲਸਾ ਕਾਲਜ, ਸ਼ਹਿਰ ਦੀ ਸਿੱਖਿਆ ਪ੍ਰਣਾਲੀ ਦਾ ਅਹਿਮ ਹਿੱਸਾ ਹਨ। ਸਿੱਖ ਵਿਦਿਆਰਥੀਆਂ ਦੀ ਸਾਖਰਤਾ ਦਰ ਅਤੇ ਉੱਚ ਸਿੱਖਿਆ ਪ੍ਰਾਪਤੀ ਦਰ ਹਿੰਦੂਆਂ ਦੇ ਮੁਕਾਬਲੇ ਮੁਕਾਬਲਤਨ ਉੱਚੀ ਹੈ। ਮੁਸਲਮਾਨਾਂ ਦੀ ਸਿੱਖਿਆ ਦਰ ਵਿੱਚ ਉਨ੍ਹਾਂ ਦੀ ਸਮਾਜਿਕ-ਆਰਥਿਕ ਸਥਿਤੀ ਕਾਰਨ ਕੁਝ ਪਛੜਾਪਣ ਦਿਖਾਈ ਦਿੰਦਾ ਹੈ, ਜਦਕਿ ਸਿੱਖਾਂ ਨੇ ਵਿੱਦਿਅਕ ਸੰਸਥਾਵਾਂ ਅਤੇ ਸਕਾਲਰਸ਼ਿਪ ਪ੍ਰੋਗਰਾਮਾਂ ਰਾਹੀਂ ਆਪਣੀ ਵਿੱਦਿਅਕ ਪਕੜ ਮਜ਼ਬੂਤ ਕੀਤੀ ਹੈ। ਸਿੱਖ ਭਾਈਚਾਰੇ ਦੀਆਂ ਸਿੱਖਿਆ ਸੰਸਥਾਵਾਂ ਨੇ ਨਾ ਸਿਰਫ਼ ਸਿੱਖ ਵਿਦਿਆਰਥੀਆਂ ਨੂੰ, ਸਗੋਂ ਹੋਰ ਧਰਮਾਂ ਦੇ ਵਿਦਿਆਰਥੀਆਂ ਨੂੰ ਵੀ ਗੁਣਵੱਤਾ ਵਾਲੀ ਸਿੱਖਿਆ ਪ੍ਰਦਾਨ ਕੀਤੀ।

**ਸਿਆਸੀ ਅਤੇ ਅਫ਼ਸਰਸ਼ਾਹੀ ਵਿੱਚ ਸਿੱਖਾਂ ਦਾ ਪ੍ਰਭਾਵ**

ਸਿੱਖ ਭਾਈਚਾਰੇ ਦਾ ਸਿਆਸੀ ਅਤੇ ਅਫ਼ਸਰਸ਼ਾਹੀ ਖੇਤਰ ਵਿੱਚ ਵੀ ਮਹੱਤਵਪੂਰਨ ਸਥਾਨ ਹੈ। ਦਿੱਲੀ ਦੀ ਸਿਆਸਤ ਵਿੱਚ ਸਿੱਖ ਨੇਤਾ ਅਤੇ ਵਿਧਾਇਕ ਅਕਸਰ ਅਹਿਮ ਮੁੱਦਿਆਂ 'ਤੇ ਆਵਾਜ਼ ਉਠਾਉਂਦੇ ਹਨ। ਸਿੱਖ ਸੰਗਤਾਂ ਅਤੇ ਗੁਰਦੁਆਰਿਆਂ ਦੀ ਸਮਾਜ ਸੇਵਾ ਸਿਆਸੀ ਪ੍ਰਭਾਵ ਵਧਾਉਂਦੀ ਹੈ। ਅਫ਼ਸਰਸ਼ਾਹੀ ਵਿੱਚ ਸਿੱਖ ਅਧਿਕਾਰੀਆਂ ਦੀ ਮੌਜੂਦਗੀ, ਖ਼ਾਸਕਰ ਪੁਲਿਸ ਅਤੇ ਪ੍ਰਸ਼ਾਸਨਿਕ ਸੇਵਾਵਾਂ ਵਿੱਚ, ਉਨ੍ਹਾਂ ਦੀ ਕਾਬਲੀਅਤ ਨੂੰ ਦਰਸਾਉਂਦੀ ਹੈ। ਹਿੰਦੂ ਅਤੇ ਮੁਸਲਮਾਨ ਭਾਈਚਾਰਿਆਂ ਦੀ ਵੱਡੀ ਆਬਾਦੀ ਕਾਰਨ ਉਨ੍ਹਾਂ ਦਾ ਸਿਆਸੀ ਦਬਦਬਾ ਜ਼ਿਆਦਾ ਹੈ, (**ਬਾਕੀ ਸਫ਼ਾ 30 'ਤੇ**)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

## ਸੰਪਾਦਕੀ

# .ਗਾਜ਼ਾ ਦੇ ਆਮ ਲੋਕਾਂ ਦੀ ਤ੍ਰਾਸਦੀ

21ਵੀਂ ਸਦੀ ਦੀ ਮਨੁੱਖ ਵੱਲੋਂ ਕੀਤੀ ਗਈ ਸਭ ਤੋਂ ਭੈੜੀ ਤਬਾਹੀ ਗ਼ਾਜ਼ਾ ਪੱਟੀ ਵਿੱਚ ਵੇਖਣ ਨੂੰ ਮਿਲ ਰਹੀ ਹੈ, ਜਿਸ ਕਾਰਨ ਉਥੋਂ ਦੀ 90 ਫ਼ੀਸਦੀ ਆਬਾਦੀ ਨੂੰ ਉੱਜੜਨਾ ਪਿਆ ਹੈ। ਇਜ਼ਰਾਇਲੀ ਹਮਲਿਆਂ ਕਾਰਨ ਉਥੇ ਡਰਾਉਣਾ ਮਨੁੱਖੀ ਸੰਕਟ ਪੈਦਾ ਹੋ ਗਿਆ ਹੈ। ਮਾਹਿਰਾਂ ਨੇ ਗ਼ਾਜ਼ਾ ਪੱਟੀ ਵਿੱਚ ਭੁੱਖਮਰੀ ਕਾਰਨ ਅਕਾਲ ਦੀ ਚਿਤਾਵਨੀ ਦੇ ਦਿੱਤੀ ਹੈ। ਗ਼ਾਜ਼ਾ ਪੱਟੀ ਦੀ ਵੱਡੀ ਤ੍ਰਾਸਦੀ ਹੈ ਕਿ ਇਜ਼ਰਾਇਲ-ਹਮਾਸ ਯੁੱਧ ਵਿੱਚ ਉਸ ਨੂੰ ਤਬਾਹ ਕੀਤਾ ਜਾ ਰਿਹਾ ਹੈ। ਇਜ਼ਰਾਇਲ ਦੇ ਹਮਲਿਆਂ ਕਾਰਨ ਗ਼ਾਜ਼ਾ ਪੱਟੀ ਵਿੱਚ ਅਮਨ ਦੇ ਪਾਣੀਆਂ ਨੂੰ ਅੱਗ ਲੱਗੀ ਹੋਈ ਹੈ ਪਰ ਇਜ਼ਰਾਇਲ ਅਮਰੀਕਾ ਦੀ ਹਮਾਇਤ ਮਿਲਣ ਕਾਰਨ ਅਜੇ ਵੀ ਬੜ੍ਹਕਾਂ ਮਾਰ ਰਿਹਾ ਹੈ। ਅੰਤਰਰਾਸ਼ਟਰੀ ਭਾਈਚਾਰੇ ਵੱਲੋਂ ਇਜ਼ਰਾਇਲ ਦੇ ਹਮਲਿਆਂ ਦਾ ਵਿਰੋਧ ਕੀਤੇ ਜਾਣ ਦੇ ਬਾਵਜੂਦ ਇਜ਼ਰਾਇਲ ਵੱਲੋਂ ਗ਼ਾਜ਼ਾ ’ਤੇ ਹਮਲੇ ਜਾਰੀ ਹਨ, ਜਿਨ੍ਹਾਂ ਵਿੱਚ ਮਨੁੱਖਤਾ ਦਾ ਘਾਣ ਕੀਤਾ ਜਾ ਰਿਹਾ ਹੈ।

ਪਿਛਲੇ 21 ਮਹੀਨਿਆਂ ਤੋਂ ਇਜ਼ਰਾਇਲ ਅਤੇ ਹਮਾਸ ਵਿਚਾਲੇ ਜਾਰੀ ਜੰਗ ’ਚ ਹੁਣ ਤੱਕ 60 ਹਜ਼ਾਰ ਤੋਂ ਵੱਧ ਫ਼ਲਸਤੀਨੀ ਮਾਰੇ ਜਾ ਚੁੱਕੇ ਹਨ, ਜਿਨ੍ਹਾਂ ਦੀਆਂ ਚਿਤਾਵਾਂ ਦੀ ਅੱਗ ਤੋਂ ਇਜ਼ਰਾਇਲ ਦੇ ਸੱਤਾਧਾਰੀ ਆਗੂਆਂ ਵੱਲੋਂ ਸਿਆਸੀ ਰੋਟੀਆਂ ਸੇਕੀਆਂ ਜਾ ਰਹੀਆਂ ਹਨ। ਗ਼ਾਜ਼ਾ ਦੇ ਸਿਹਤ ਮੰਤਰਾਲੇ ਵੱਲੋਂ ਪਿਛਲੇ ਦਿਨੀਂ ਜਾਰੀ ਰਿਪੋਰਟ ਅਨੁਸਾਰ 7 ਅਕਤੂਬਰ 2023 ਨੂੰ ਹਮਾਸ ਦੇ ਹਮਲੇ ਤੋਂ ਬਾਅਦ ਤੋਂ ਬਾਅਦ ਹੀ ਗ਼ਾਜ਼ਾ ਵਿੱਚ ਮਾਰੇ ਜਾਣ ਵਾਲੇ ਲੋਕਾਂ ਦੀ ਗਿਣਤੀ 60,034 ਹੋ ਗਈ ਹੈ ਤੇ 145,879 ਲੋਕ ਜ਼ਖ਼ਮੀ ਹੋਏ ਹਨ। ਸਿਹਤ ਮੰਤਰਾਲੇ ਅਨੁਸਾਰ ਮ੍ਰਿਤਕਾਂ ਵਿੱਚ ਅੱਧੀ ਗਿਣਤੀ ਮਹਿਲਾਵਾਂ ਅਤੇ ਬੱਚਿਆਂ ਦੀ ਹੈ। ਉਪਰੋਕਤ ਅੰਕੜਿਆਂ ਤੋਂ ਪਤਾ ਚੱਲ ਜਾਂਦਾ ਹੈ ਕਿ ਗ਼ਾਜ਼ਾ ਪੱਟੀ ਵਿੱਚ ਇਜ਼ਰਾਇਲ ਵੱਲੋਂ ਕਿਸ ਤਰੀਕੇ ਨਾਲ ਵੱਡਾ ਕਹਿਰ ਢਾਹਿਆ ਜਾ ਰਿਹਾ ਹੈ ਅਤੇ ਗ਼ਾਜ਼ਾ ਪੱਟੀ ਨੂੰ ਪੂਰੀ ਤਰ੍ਹਾਂ ਉਜਾੜ ਦਿੱਤਾ ਹੈ।

ਗ਼ਾਜ਼ਾ ਪੱਟੀ ਦੇ ਆਮ ਲੋਕਾਂ ਨੂੰ ਸਮਝ ਨਹੀਂ ਆ ਰਹੀ ਕਿ ਉਹਨਾਂ ਨੂੰ ਆਖ਼ਰ ਕਿਹੜੇ ਕਸੂਰ ਦੀ ਸਜ਼ਾ ਦਿੱਤੀ ਜਾ ਰਹੀ ਹੈ। ਜੰਗ ਤਾਂ ਹਮਾਸ ਅਤੇ ਇਜ਼ਰਾਇਲ ਵਿਚਾਲੇ ਹੋ ਰਹੀ ਹੈ, ਪਰ ਇਸ ਖ਼ਮਿਆਜ਼ਾ ਗ਼ਾਜ਼ਾ ਪੱਟੀ ਦੇ ਆਮ ਲੋਕ ਭੁਗਤ ਰਹੇ ਹਨ। ਇਸ ਜੰਗ ਕਾਰਨ ਜਿੱਥੇ ਗ਼ਾਜ਼ਾ ਦੀ ਕੁਦਰਤੀ ਸੁੰਦਰਤਾ ਮਲਬੇ ਦੇ ਢੇਰਾਂ ਵਿੱਚ ਬਦਲ ਗਈ ਹੈ, ਉਥੇ ਮਨੁੱਖਤਾ ਦਾ ਵੱਡਾ ਘਾਣ ਹੋਇਆ ਹੈ। ਗ਼ਾਜ਼ਾ ਵਿੱਚ ਹਰ ਪਾਸੇ ਲਾਸ਼ਾਂ ਦਿਖਾਈ ਦੇ ਰਹੀਆਂ ਹਨ ਅਤੇ ਜ਼ਖ਼ਮੀ ਲੋਕ ਕੁਰਲਾਉਂਦੇ ਨਜ਼ਰ ਆਉਂਦੇ ਹਨ। ਜੰਗ ਕਾਰਨ ਪੈਦਾ ਹੋਈ ਭੁੱਖਮਰੀ ਨੇ ਗ਼ਾਜ਼ਾ ਦੇ ਲੋਕਾਂ ਦਾ ਬੁਰਾ ਹਾਲ ਕਰ ਦਿੱਤਾ ਹੈ। ਇਜ਼ਰਾਇਲ ਨੇ ਸਫ਼ਲਤਾ ਪੂਰਵਕ ਬੰਬਾਰੀ ਕਰਕੇ ਗ਼ਾਜ਼ਾ ਨੂੰ ਮੌਤ, ਦੁੱਖ ਅਤੇ ਭੁੱਖਮਰੀ ਦੇ ਪੁਲ ਵਿੱਚ ਬਦਲ ਦਿੱਤਾ ਹੈ ਪਰ ਉਹ ਅਜੇ ਵੀ ਆਪਣੇ ਉਦੇਸ਼ਾਂ ਦੀ ਪ੍ਰਾਪਤੀ ਤੋਂ ਦੂਰ ਹੈ। ਅੰਤਰਰਾਸ਼ਟਰੀ ਭਾਈਚਾਰੇ ਦੀ ਆਵਾਜ਼ ਹਮਾਸ ਵੱਲੋਂ ਇਜ਼ਰਾਇਲ ’ਤੇ ਕੀਤੇ ਗਏ ਹਮਲੇ ਕਾਰਨ ਪਹਿਲਾਂ ਜ਼ਿਆਦਾਤਰ ਇਜ਼ਰਾਇਲ ਦੇ ਹੱਕ ਵਿੱਚ ਸੀ, ਪਰ ਅੱਜ ਗ਼ਾਜ਼ਾ ਪੱਟੀ ’ਤੇ ਇਜ਼ਰਾਇਲ ਦੇ ਹਮਲਿਆਂ ਕਾਰਨ ਗੁੱਸੇ ਵਿੱਚ ਹੈ ਅਤੇ ਪੂਰੇ ਆਲਮੀ ਭਾਈਚਾਰੇ ਵਿੱਚ ਇਜ਼ਰਾਇਲ ਖ਼ਿਲਾਫ਼ ਗੁੱਸੇ ਦੀ ਲਹਿਰ ਹੈ।

ਦੁਨੀਆ ਦੇ ਵਿੱਚ ਕਿਤੇ ਵੀ ਯੁੱਧ ਚੱਲ ਰਿਹਾ ਹੁੰਦਾ ਹੈ ਤਾਂ ਉਸ ਵਿੱਚ ਸ਼ਾਮਲ ਦੋਵੇਂ ਪੱਖ ਇੱਕ ਦੂਜੇ ਨੂੰ ਕਟਹਿਰੇ ਵਿੱਚ ਖੜ੍ਹਾ ਕਰਦੇ ਹਨ। ਇਜ਼ਰਾਇਲੀ ਸਰਹੱਦ ਅੰਦਰ ਵੜ ਕੇ ਜਦੋਂ ਹਮਾਸ ਨੇ ਹਮਲਾ ਕੀਤਾ ਸੀ ਤਾਂ ਬਹੁਤ ਸਾਰੇ ਦੇਸ਼ਾਂ ਨੇ ਇਸ ਦੀ ਨਿੰਦਾ ਕੀਤੀ ਸੀ। ਇਜ਼ਰਾਇਲ ਨੇ ਜਵਾਬੀ ਹਮਲੇ ਨੂੰ ਬਚਾਅ ਦੀ ਕੋਸ਼ਿਸ਼ ਕਿਹਾ ਸੀ ਪਰ ਬਾਅਦ ਵਿੱਚ ਯੁੱਧ ਨੇ ਜਿਵੇਂ ਦੀ ਸ਼ਕਲ ਅਖ਼ਤਿਆਰ ਕੀਤੀ, ਉਸ ਤੋਂ ਇਜ਼ਰਾਇਲ ਦੀਆਂ ਗਤੀਵਿਧੀਆਂ ਨੂੰ ਅਣਦੇਖਿਆ ਨਹੀਂ ਕੀਤਾ ਜਾ ਸਕਦਾ। ਸਵਾਲ ਇਹ ਉੱਠਦਾ ਹੈ ਕਿ ਤਮਾਮ ਦੇਸ਼ਾਂ ਦੀ ਸਹਿਮਤੀ ਦੇ ਨਾਲ ਜਿਹੜੇ ਅੰਤਰਰਾਸ਼ਟਰੀ ਨਿਯਮ ਤੇ ਕਾਨੂੰਨ ਬਣਾਏ ਗਏ ਹਨ ਕੀ ਉਹ ਖਤਮ ਹੋ ਗਏ ਹਨ? ਅੰਤਰਰਾਸ਼ਟਰੀ ਕਾਨੂੰਨਾਂ ਦੇ ਮੁਤਾਬਿਕ ਤਾਂ ਇਹ ਮਿਥਿਆ ਗਿਆ ਕਿ ਕਿਹੜੀ ਧਿਰ ’ਤੇ ਹਮਲਾ ਕਰਨਾ ਤੇ ਕਿਥੇ ਨਹੀਂ ਕਰਨਾ ਤੇ ਕਿਹੜੇ ਹਾਲਾਤਾਂ ਦੇ ਵਿੱਚ ਕਰਨਾ ਹੈ। ਨਿਯਮ ਤੇ ਕਾਨੂੰਨਾਂ ਵਿੱਚ ਤਾਂ ਇਹ ਵੀ ਹੈ ਕਿ ਆਮ ਲੋਕਾਂ, ਹਸਪਤਾਲਾਂ, ਸਕੂਲਾਂ ਤੇ ਰਹਿਣ ਵਾਲੀ ਜਗ੍ਹਾ ਦੇ ਨੇੜੇ ਹਮਲਾ ਕਰਨ ਦੀ ਮਨਾਹੀ ਹੈ ਪਰ ਜੋ ਇਜ਼ਰਾਇਲ ਹੁਣ ਤੱਕ ਫ਼ਲਸਤੀਨ ’ਤੇ ਹਮਲੇ ਨੂੰ ਆਪਣੀ ਜਵਾਬੀ ਕਾਰਵਾਈ ਦੱਸਦਾ ਰਿਹਾ, ਕੀ ਉਹ ਭੁੱਖ ਦੇ ਨਾਲ ਲਾਚਾਰ ਲੋਕਾਂ ’ਤੇ ਇਸ ਤਰ੍ਹਾਂ ਦੀ ਗੋਲ਼ਾਬਾਰੀ ਨੂੰ ਸਹੀ ਠਹਿਰਾਅ ਸਕਦੈ ?ਇਜ਼ਰਾਇਲ ਦੇ ਲਗਾਤਾਰ ਹਮਲਿਆਂ ਕਾਰਨ ਗ਼ਾਜ਼ਾ ਵਿੱਚ ਅੰਨ ਦਾ ਵੱਡਾ ਸੰਕਟ ਪੈਦਾ ਹੋ ਗਿਆ ਹੈ। ਵਿਸ਼ਵ ਦੇ ਵੱਖ ਵੱਖ ਦੇਸ਼ਾਂ ਵੱਲੋਂ ਗ਼ਾਜ਼ਾ ਲਈ ਭੇਜੀ ਜਾ ਰਹੀ ਸਹਾਇਤਾ ਇਜ਼ਰਾਇਲ ਵੱਲੋਂ ਰੋਕੀ ਜਾ ਰਹੀ ਹੈ। ਪਹੁੰਚਾਈ ਜਾ ਰਹੀ ਸੀਮਤ ਸਹਾਇਤਾ ਦਾ ਜ਼ਿਆਦਾਤਰ ਹਿੱਸਾ ਗਿਰੋਹਾਂ ਅਤੇ ਵਪਾਰੀਆਂ ਵੱਲੋਂ ਜਮ੍ਹਾਂ ਕੀਤਾ ਜਾ ਰਿਹਾ ਹੈ ਅਤੇ ਇਸ ਨੂੰ ਵੱਧ ਕੀਮਤਾਂ ’ਤੇ ਵੇਚਿਆ ਜਾ ਰਿਹਾ ਹੈ। ਹਾਲੀਆ ਦਿਨਾਂ ਦੌਰਾਨ ਇੱਕ ਕਿਲੋਗ੍ਰਾਮ ਆਟੇ ਦੀ ਕੀਮਤ 60 ਡਾਲਰ ਅਤੇ ਇੱਕ ਕਿਲੋਗ੍ਰਾਮ ਦਾਲ ਦੀ ਕੀਮਤ 35 ਡਾਲਰ ’ਤੇ ਪਹੁੰਚ ਗਈ। ਗ਼ਾਜ਼ਾ ਵਿੱਚ ਬੱਚਿਆਂ ਲਈ ਬਿਸਕੁਟ ਵੀ ਬਹੁਤ ਮਹਿੰਗੇ ਭਾਅ ’ਤੇ ਵੇਚੇ ਜਾ ਰਹੇ ਹਨ।

ਇਸ ਤੋਂ ਵੱਡੀ ਤ੍ਰਾਸਦੀ ਕੀ ਹੋਵੇਗੀ ਕਿ ਪੂਰੀ ਦੁਨੀਆ ਵਿੱਚ ਮਨੁੱਖੀ ਅਧਿਕਾਰਾਂ ਦਾ ਹੋਕਾ ਦੇਣ ਵਾਲੇ ਦੇਸ਼ ਵੀ ਇਜ਼ਰਾਇਲ ਦੀ ਹਮਾਇਤ ਵਿੱਚ ਹਨ। ਇਨਸਾਨੀਅਤ ਦੇ ਬਹੁਤ ਸਾਰੇ ਫ਼ਰਜ਼ ਬਣਦੇ ਹਨ। ਦੁਨੀਆ ਦੇ ਸ਼ਕਤੀਸ਼ਾਲੀ ਅਤੇ ਇਨਸਾਫ਼ ਪਸੰਦ ਦੇਸ਼ਾਂ ਨੂੰ ਗ਼ਾਜ਼ਾ ਦੇ ਪੀੜਤ ਲੋਕਾਂ ਦੀ ਬਾਂਹ ਫੜਨੀ ਚਾਹੀਦੀ ਹੈ ਅਤੇ ਇਜ਼ਰਾਇਲ ਦੇ ਹਮਲੇ ਬੰਦ ਕਰਵਾਉਣ ਲਈ ਯਤਨ ਕਰਨੇ ਚਾਹੀਦੇ ਹਨ। ਗ਼ਾਜ਼ਾ ਦੀ ਮੌਜੂਦਾ ਸਥਿਤੀ ਦੌਰਾਨ ਇਨਸਾਨ ਦਾ ਇਨਸਾਨ ਦੇ ਕੰਮ ਆਉਣਾ ਹੀ ਇਨਸਾਨੀਅਤ ਹੈ।

# ਕਿਸਾਨਾਂ ਤੇ ਪੰਜਾਬੀਆਂ ਦੇ ਉਜਾੜੇ ਵਾਲੀ ਹੈ ਲੈਂਡ ਪੂਲਿੰਗ ਨੀਤੀ



ਬਲਬੀਰ ਸਿੰਘ ਰਾਜੇਵਾਲ




ਪੰਜਾਬ ਵਿੱਚ 2022 ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਹੈ। ਜਿੰਨੇ ਚਾਅ ਤੇ ਜੋਸ਼ ਨਾਲ ਪੰਜਾਬ ਦੇ ਲੋਕਾਂ ਨੇ ਰਵਾਇਤੀ ਸਿਆਸੀ ਪਾਰਟੀਆਂ ਨੂੰ ਕਰਾਰੀ ਹਾਰ ਦੇ ਕੇ ਇਸ ਪਾਰਟੀ ਦੇ 94 ਵਿਧਾਇਕ ਬਣਾਏ, ਲੋਕਾਂ ਨੂੰ ਆਸ ਸੀ ਕਿ ਇਹ ਪਾਰਟੀ ਪੰਜਾਬ ਦੀ ਰਾਜਨੀਤੀ ਵਿੱਚ ਵੱਡਾ ਬਦਲਾਅ ਲਿਆਵੇਗੀ ਤੇ ਪੰਜਾਬ ਵਾਸੀਆਂ ਨੂੰ ਰਾਹਤ ਮਿਲੇਗੀ, ਪਰ ਪੰਜਾਬੀਆਂ ਦਾ ਇਹ ਚਾਅ ਤੇ ਜੋਸ਼ ਇੱਕ ਸਾਲ ਬਾਅਦ ਹੀ ਮੱਠਾ ਪੈ ਗਿਆ ਸੀ। ਬੇਰੁਜ਼ਗਾਰੀ ਨੇ ਸਾਡੇ ਨੌਜਵਾਨਾਂ ਨੂੰ ਬੇਹੱਦ ਨਿਰਾਸ਼ ਕੀਤਾ ਹੈ। ਸਰਕਾਰ ਨੇ ਜਿੰਨੀਆਂ ਵੀ ਨੌਕਰੀਆਂ ਦਿੱਤੀਆਂ, ਉਨ੍ਹਾਂ ’ਚੋਂ ਚੋਖੀਆਂ ਨੌਕਰੀਆਂ ਪੰਜਾਬੋਂ ਬਾਹਰ ਹਰਿਆਣਾ, ਰਾਜਸਥਾਨ ਜਾਂ ਹਿਮਾਚਲ ਦੇ ਬੱਚੇ ਲੈ ਗਏ, ਕਿਉਂਕਿ ਪੰਜਾਬ ਸਰਕਾਰ ਨੇ ਨੌਕਰੀਆਂ ਲਈ ਦਰਖ਼ਾਸਤ ਦੇਣ ਸਮੇਂ ਰਿਹਾਇਸ਼ੀ ਸਰਟੀਫ਼ਿਕੇਟ ਲਗਾਉਣ ਦੀ ਸ਼ਰਤ ਹੀ ਹਟਾ ਦਿੱਤੀ ਸੀ। ਭ੍ਰਿਸ਼ਟਾਚਾਰ ਨੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਮਾਈਨਿੰਗ ਵਿੱਚ ਤਾਂ ਸਭ ਹੱਥ ਰੰਗ ਰਹੇ ਹਨ। ਬਿਨਾਂ ਮੋਟਾ ਚੜ੍ਹਾਵਾ ਚੜ੍ਹਾਏ ਲੋਕਾਂ ਦੇ ਕੰਮ ਨਹੀਂ ਹੋ ਰਹੇ। ਸਰਕਾਰ ਹਰ ਫ਼ਰੰਟ ’ਤੇ ਫ਼ੇਲ੍ਹ ਹੋ ਗਈ ਹੈ। ਹੁਣ ਪੰਜਾਬ ਸਰਕਾਰ ਨੇ ਲੈਂਡ ਪੂਲਿੰਗ ਨੀਤੀ-2025 ਅਤੇ ਕੇਂਦਰ ਨੇ ਮੁਕਤ ਵਪਾਰ ਸਮਝੌਤੇ ਦੇ ਗੋਲੇ ਨਾਲ ਆਪੋ-ਆਪਣੀਆਂ ਨਾਲਾਇਕੀਆਂ ਤੇ ਨਾਕਾਮੀਆਂ ਤੋਂ ਲੋਕਾਂ ਦਾ ਧਿਆਨ ਹਟਾ ਦਿੱਤਾ ਹੈ। ਲੋਕ ਖ਼ੁਦ ਨੂੰ ਸਰਕਾਰਾਂ ਦੇ ਇਨ੍ਹਾਂ ਘਟੀਆ ਹਥਿਆਰਾਂ ਤੋਂ ਬਚਾਅ ਲਈ ਲਾਮਬੰਦ ਹੋਣ ਲੱਗੇ ਹਨ। ਇਸ ਵੇਲੇ ਪੰਜਾਬ ਦੀ ਕੁੱਲ ਆਬਾਦੀ ਤਿੰਨ ਕਰੋੜ ਤੋਂ ਥੋੜ੍ਹੀ ਵੱਧ ਹੈ, ਜਿਸ ’ਚ 1 ਕਰੋੜ 4 ਕੁ ਲੱਖ ਅਰਥਾਤ 42 ਫ਼ੀਸਦੀ ਤੋਂ ਥੋੜ੍ਹੇ ਘੱਟ ਲੋਕ ਸ਼ਹਿਰਾਂ ’ਚ ਵਸਦੇ ਹਨ ਤੇ ਬਾਕੀ ਦੇ ਲਗਭਗ 60 ਫ਼ੀਸਦੀ ਪਿੰਡਾਂ ਵਿੱਚ ਰਹਿੰਦੇ ਹਨ। ਪੰਜਾਬ ਦੇ ਲੋਕਾਂ ਦਾ ਮੁੱਖ ਕਿੱਤਾ ਖੇਤੀ ਹੈ। ਭਾਰਤ ਸਰਕਾਰ ਅਨੁਸਾਰ ਦੇਸ਼ ਦੇ 86 ਫ਼ੀਸਦੀ ਕਿਸਾਨਾਂ ਕੋਲ 5 ਏਕੜ ਤੋਂ ਘੱਟ ਜ਼ਮੀਨ ਦੀ ਮਾਲਕੀ ਹੈ, ਫ਼ਿਰ ਵੀ ਉਹ ਹੱਡ ਭੰਨਵੀਂ ਮਿਹਨਤ ਕਰਕੇ ਗ਼ੁਰਬਤ ਵਿੱਚ ਹੀ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰਦੇ ਹਨ। ਇਹ ਅਸਲੀਅਤ ਹੈ ਕਿ ਲੰਬੇ ਸਮੇਂ ਤੋਂ ਸਰਕਾਰੀ ਨੀਤੀਆਂ ਦਾ ਸ਼ਿਕਾਰ ਖੇਤੀ ਘਾਟੇਵੰਦਾ ਧੰਦਾ ਹੈ। ਵੱਡੀ ਗਿਣਤੀ ਵਿੱਚ ਕਿਸਾਨ, ਮਜ਼ਦੂਰ ਕਰਜ਼ੇ ਦੇ ਮਕੜਜਾਲ ਵਿੱਚ ਫ਼ਸੇ ਹੋਏ ਹਨ। ਇਹ ਕੇਵਲ ਜ਼ਮੀਨ ਹੈ, ਜਿਸ ਦੇ ਸਹਾਰੇ ਉਹ ਆਪਣਾ ਝੱਟ ਲੰਘਾਉਂਦੇ ਹਨ। ਪੰਜਾਬ ਸਰਕਾਰ ਨੇ ਲੈਂਡ ਪੂਲਿੰਗ ਨੀਤੀ ਦਾ ਗੋਲਾ ਸੁੱਟ ਕੇ ਪੰਜਾਬ ਦੇ 65,533 ਏਕੜ ਜ਼ਮੀਨ ਦੇ ਮਾਲਕ ਕਿਸਾਨਾਂ ਅਤੇ ਪੰਜਾਬ ਦੀ ਇਸ ਜ਼ਮੀਨ ਦੇ ਮਾਲਕ 116 ਪਿੰਡਾਂ ਦੇ ਲੋਕਾਂ ਨੂੰ ਕੰਬਣੀ ਛੇੜ ਦਿੱਤੀ ਹੈ। ਇਸ ’ਚੋਂ 43,983 ਏਕੜ ਸ਼ਹਿਰਾਂ ਵਿੱਚ ਕਾਲੋਨੀਆਂ ਬਣਾਉਣ ਲਈ ਅਤੇ 21,550 ਏਕੜ ਸਨਅਤੀ ਜ਼ੋਨ ਬਣਾਉਣ ਲਈ ਸਰਕਾਰ ਨੇ ਨੋਟੀਫ਼ਿਕੇਸ਼ਨ ਜਾਰੀ ਕਰ ਦਿੱਤਾ ਹੈ। ਕੇਵਲ ਲੁਧਿਆਣੇ ਜ਼ਿਲ੍ਹੇ ’ਚ 45,861 ਏਕੜ ਜ਼ਮੀਨ ਲੈਣ ਦਾ ਸਰਕਾਰੀ ਫ਼ੁਰਮਾਨ ਜਾਰੀ ਹੋ ਚੁੱਕਾ ਹੈ। ਇੰਝ ਪੰਜਾਬ ਦੇ ਲਗਭਗ 76 ਪਿੰਡਾਂ ਵਿੱਚ ਮਕਾਨ ਬਣਾਉਣ ਅਤੇ 40 ਕੁ ਪਿੰਡਾਂ ਦੀ ਜ਼ਮੀਨ ਉਦਯੋਗਿਕ ਜ਼ੋਨ ਬਣਾਉਣ ਲਈ 116 ਪਿੰਡਾਂ ਦੀ ਨੀਂਦ ਉਡਾ ਦਿੱਤੀ ਹੈ। ਹਾਲਾਂਕਿ 165 ਹੋਰ ਕਾਲੋਨੀਆਂ ਬਣਾਉਣ ਦੀ ਗਿੱਦੜਸਿੰਗੀ ਸਰਕਾਰ ਨੇ ਲੁਕਾ ਕੇ ਰੱਖੀ ਹੋਈ ਹੈ। ਇੰਝ ਅੱਜ ਸਾਰਾ ਪੰਜਾਬ ਕੱਟੜ ਇਮਾਨਦਾਰਾਂ ਦੇ ਨਿਸ਼ਾਨੇ ’ਤੇ ਹੈ। ਇਹ ਵੀ ਜੱਗ ਜ਼ਾਹਿਰ ਹੈ ਕਿ ਪੰਜਾਬ ਵਿਚ ਲੋਕਾਂ ਦੇ ਚੁਣੇ ਹੋਏ ਵਿਧਾਇਕਾਂ ਦੀ ਸਰਕਾਰ ’ਤੇ ਆਮ ਆਦਮੀ ਪਾਰਟੀ ਦੀ ਪੰਜਾਬ ਤੋਂ ਬਾਹਰਲੀ ਲੀਡਰਸ਼ਿਪ ਕਾਬਜ਼ ਹੋ ਗਈ ਹੈ। ਪੰਜਾਬ ਦੇ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਦੀ ਸਰਕਾਰ ਵਿੱਚ ਬਹੁਤੀ ਅਹਿਮੀਅਤ ਨਹੀਂ ਹੈ।



ਜਦੋਂ 1955 ਵਿੱਚ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਸਾਉਣ ਲਈ ਉਸ ਵੇਲੇ ਦੇ ਹੁਕਮਰਾਨਾਂ ਨੇ 28,170 ਏਕੜ ਜ਼ਮੀਨ ਪੈਸੇ ਦੇ ਕੇ ਐਕਵਾਇਰ ਕੀਤੀ ਸੀ ਤਾਂ ਇਹ ਖਿਆਲ ਰੱਖਿਆ ਗਿਆ ਕਿ ਇਸ ਇਲਾਕੇ ਵਿੱਚ ਧਰਤੀ ਹੇਠਾਂ ਪਾਣੀ ਨਹੀਂ ਸੀ ਅਤੇ ਨੀਮ ਪਹਾੜੀ ਇਲਾਕਾ ਸੀ ਪਰ ਹੁਣ ਤਾਂ ਪੰਜਾਬ ਸਰਕਾਰ ਨੇ ਸਭ ਤੋਂ ਉਪਜਾਊ ਧਰਤੀ ਨੂੰ ਹੱਥ ਪਾਇਆ ਹੈ। ਜਦੋਂ ਵੀ ਸਰਕਾਰਾਂ ਨੂੰ ਕਿਸੇ ਅਜਿਹੇ ਪ੍ਰਾਜੈਕਟ ਲਈ ਜ਼ਮੀਨ ਦੀ ਲੋੜ ਹੁੰਦੀ ਹੈ ਤਾਂ ਸਭ ਤੋਂ ਪਹਿਲਾ ਕੰਮ ਉਸ ਇਲਾਕੇ ’ਚ ਸਮਾਜਿਕ ਸਰਵੇਖਣ ਕਰਾਉਣ ਦਾ ਹੁੰਦਾ ਹੈ। ਸਰਕਾਰ ਨੇ ਦੇਖਣਾ ਹੁੰਦਾ ਹੈ ਕਿ ਇਸ ਦਾ ਕਿੰਨੇ ਪਰਿਵਾਰਾਂ ’ਤੇ ਆਰਥਿਕ, ਸਮਾਜਿਕ, ਸੱਭਿਆਚਾਰਕ ਤੌਰ ’ਤੇ ਕਿਸ ਤਰ੍ਹਾਂ ਦਾ ਅਸਰ ਪਵੇਗਾ? ਸਰਕਾਰ ਨੇ ਅਜਿਹਾ ਕੋਈ ਸਰਵੇਖਣ ਕਰਵਾਇਆ ਹੀ ਨਹੀਂ ਤੇ ਇਸ ਸਵਾਲ ਦਾ ਜਵਾਬ ਦੇਣ ਤੋਂ ਮੁਨਕਰ ਹੈ। ਇਸ ਨਾਲ ਪੰਜਾਬ ਦੇ ਘੱਟੋ-ਘੱਟ 20 ਹਜ਼ਾਰ ਕਿਸਾਨ ਪਰਿਵਾਰ ਅਤੇ ਹਜ਼ਾਰਾਂ ਮਜ਼ਦੂਰ ਉੱਜੜ ਜਾਣਗੇ, ਬੇਰੋਜ਼ਗਾਰ ਹੋ ਜਾਣਗੇ। ਸਰਕਾਰ ਨੂੰ ਪਤਾ ਹੈ ਕਿ ਉਹ ਲੋਕਾਂ ਨਾਲ ਧੋਖਾ ਕਰ ਰਹੀ ਹੈ, ਇਸੇ ਲਈ ਉਸ ਨੇ ਨੀਤੀ ਵਿੱਚ ਇਹ ਲਿਖਿਆ ਹੈ ਕਿ ਉਹ ਜ਼ਮੀਨ ਦੇ ਮਾਲਕਾਂ ਨੂੰ ਤਿੰਨ ਸਾਲ ਲਈ 30 ਹਜ਼ਾਰ ਰੁਪਏ ਸਾਲਾਨਾ ਜ਼ਮੀਨ ਦਾ ਠੇਕਾ ਦੇਵੇਗੀ। ਹੁਣ ਜਦ ਲੋਕ ਵਿਰੋਧ ਵਿੱਚ ਖੜ੍ਹੇ ਹੋ ਗਏ ਤਾਂ ਪਹਿਲਾਂ ਇਹ 50 ਹਜ਼ਾਰ ਤੇ ਹੁਣ ਇੱਕ ਲੱਖ ਰੁਪਏ ਪ੍ਰਤੀ ਏਕੜ ਠੇਕਾ ਕਰਨ ਦਾ ਐਲਾਨ ਕੀਤਾ ਗਿਆ ਹੈ।

ਸਰਕਾਰ ਨੇ ਸ਼ਹਿਰਾਂ ’ਚ ਹੋਰ ਕਾਲੋਨੀਆਂ ਕਿਹੜੇ ਲੋਕਾਂ ਲਈ ਬਣਾਉਣੀਆਂ ਹਨ, ਕੀ ਕਦੇ ਕਿਸੇ ਨੇ ਅਜਿਹੀ ਮੰਗ ਕੀਤੀ ਹੈ, ਕਦੇ ਨਹੀਂ। ਸਰਕਾਰ ਨੇ 40 ਸਾਲ ਪਹਿਲਾਂ ਮੁਹਾਲੀ ਸ਼ਹਿਰ ਵਸਾਉਣ ਦਾ ਫ਼ੈਸਲਾ ਕੀਤਾ ਸੀ, ਉਹ ਅੱਜ ਤੱਕ ਪੂਰਾ ਵਿਕਸਤ ਨਹੀਂ ਹੋ ਸਕਿਆ। ਫ਼ਿਰ ਮੁਹਾਲੀ ਲਾਗੇ 6,285 ਏਕੜ ਜ਼ਮੀਨ ਹੋਰ ਖੋਹਣ ਦੀ ਲੋੜ ਕਿਉਂ ਪਈ? ਮੁਹਾਲੀ ਵਿੱਚ ਪਹਿਲਾਂ ਹੀ ਬਣੇ ਹਜ਼ਾਰਾਂ ਫ਼ਲੈਟ ਖਾਲੀ ਹਨ, ਜੋ ਖਰੀਦਣ ਲਈ ਲੋਕਾਂ ਦੀ ਪਹੁੰਚ ਤੋਂ ਬਾਹਰ ਹਨ। ਇਹੋ ਹਾਲ ਲੁਧਿਆਣੇ ਦਾ ਹੈ, ਜਿਸ ਦੀ ਕੁੱਲ ਆਬਾਦੀ 23 ਲੱਖ 66 ਹਜ਼ਾਰ ਹੈ। ਪੰਜਾਬ ਵਿੱਚ ਵਸਦੇ 20 ਲੱਖ ਬਿਹਾਰੀਆਂ ਦਾ ਵੱਡਾ ਹਿੱਸਾ ਲੁਧਿਆਣੇ ਵਸਦਾ ਹੈ। ਲੁਧਿਆਣੇ ਵਿੱਚ ਬੇਸ਼ੁਮਾਰ ਗਗਨਚੁੰਬੀ ਖਾਲੀ ਇਮਾਰਤਾਂ ਗਾਹਕਾਂ ਦੀ ਉਡੀਕ ਕਰ ਰਹੀਆਂ ਹਨ। ਇਹੋ ਹਾਲ ਪਟਿਆਲਾ, ਜਲੰਧਰ, ਅੰਮ੍ਰਿਤਸਰ, ਗੱਲ ਕੀ ਹਰ ਸ਼ਹਿਰ ਦਾ ਹੈ। ਇਨ੍ਹਾਂ ਫ਼ਲੈਟਾਂ ਦੀ ਕੀਮਤ ਇੱਕ ਕਰੋੜ ਤੋਂ ਘੱਟ ਕਿਤੇ ਨਹੀਂ, ਪਰ ਗਾਹਕ ਕੋਈ ਨਹੀਂ। ਪੰਜਾਬ ਵਿੱਚ ਵੱਡੇ-ਛੋਟੇ 237 ਸ਼ਹਿਰ ਵਸਦੇ ਹਨ। ਪੁੱਡਾ ਅਨੁਸਾਰ ਗੂਗਲ ’ਤੇ ਇਹ 7,337 ਏਕੜ ਵਿੱਚ ਵਸੇ ਦਰਸਾਏ ਗਏ ਹਨ। ਪੰਜਾਬ ਦੀ ਸ਼ਹਿਰਾਂ ਦੀ ਵਸੋਂ ਇੱਕ ਕਰੋੜ 40 ਲੱਖ ਦੇ ਲਗਭਗ ਹੈ। ਸਰਕਾਰ ਵੱਲੋਂ ਨਵੇਂ ਘਰ ਜਾਂ ਫ਼ਲੈਟ ਬਣਾਉਣ ਲਈ 43,983 ਏਕੜ ਜ਼ਮੀਨ ਇਸ ਨੀਤੀ ਅਧੀਨ ਲਈ ਜਾ ਰਹੀ ਹੈ, ਬਾਕੀ 21,550 ਏਕੜ ਉਦਯੋਗ ਲਈ। 43,983 ਏਕੜ ਵਿੱਚ ਤਾਂ ਪੰਜਾਬ ਦੀ ਸਾਰੀ ਆਬਾਦੀ ਲਈ ਫ਼ਲੈਟ ਬਣ ਜਾਣਗੇ, ਤਾਂ ਕੀ ਪੰਜਾਬ ਵਿੱਚ ਵਸਣ ਲਈ ਸਰਕਾਰ ਪੰਜਾਬ ਤੋਂ ਬਾਹਰੋਂ ਲੋਕਾਂ ਨੂੰ ਵਸਾਉਣ ਲਈ ਪਿੰਡਾਂ ਨੂੰ ਉਜਾੜ ਰਹੀ ਹੈ?

ਇਸ ਨੀਤੀ ’ਤੇ ਝਾਤ ਮਾਰਿਆਂ ਪਤਾ ਲਗਦਾ ਹੈ ਕਿ ਸਰਕਾਰ ਮਾਲਕ ਕਿਸਾਨਾਂ ਨੂੰ ਇੱਕ ਏਕੜ ਜ਼ਮੀਨ ਬਦਲੇ 1000 ਗਜ਼ ਦੇ ਰਿਹਾਇਸ਼ੀ ਅਤੇ 200 ਗਜ਼ ਦੇ ਵਪਾਰਕ ਪਲਾਟ ਅਰਥਾਤ 2 ਕਨਾਲ ਦੇ ਪਲਾਟ ਦੇਵੇਗੀ ਅਤੇ 6 ਕਨਾਲ ਸਰਕਾਰ ਮੁਫ਼ਤ ਵਿੱਚ ਲਵੇਗੀ। ਮਕਾਨ ਬਣਾਉਣ ਲਈ ਸਰਕਾਰ ਦੇ ਪੱਲੇ ਧੇਲਾ ਨਹੀਂ। ਵੱਡੇ ਜ਼ਮੀਨ ਮਾਲਕਾਂ ਲਈ ਪੂਲਿੰਗ ਨੀਤੀ ਦੇ ਪੰਨਾ ਨੰਬਰ 11 ’ਤੇ ਲਿਖਿਆ ਹੈ ਕਿ ਜਿਸ ਕਿਸਾਨ ਦੀ 9 ਏਕੜ ਜ਼ਮੀਨ ਆਵੇਗੀ, ਉਸ ਨੂੰ ਉਸ ’ਚੋਂ ਗਰੁੱਪ ਹਾਊਸਿੰਗ ਲਈ 3 ਏਕੜ ਜ਼ਮੀਨ ਮਿਲੇਗੀ ਅਤੇ ਇਕੱਠੀ 50 ਏਕੜ ਦੇਣ ਵਾਲੇ ਮਾਲਕਾਂ ਨੂੰ 30 ਏਕੜ ਜ਼ਮੀਨ ਮਿਲੇਗੀ। ਪਰ ਇਸ ਦੇ ਆਖਰੀ ਪੰਨੇ ’ਤੇ ਸੈਕਸ਼ਨ 4 ਵਿੱਚ ਲਿਖਿਆ ਹੈ ਕਿ ਉਪਰੋਕਤ 3 ਜਾਂ 30 ਏਕੜ ਜ਼ਮੀਨ ਵਿਕਸਿਤ ਕਰਨ ਲਈ ਜ਼ਮੀਨ ਮਾਲਕ ਨੂੰ ਮੁਹਾਲੀ ਯਾਨੀ ਗਮਾਡਾ ਦੇ ਇਲਾਕੇ ਵਿੱਚ ਇੱਕ ਕਰੋੜ ਰੁਪਏ ਪ੍ਰਤੀ ਏਕੜ ਅਤੇ ਗਲਾਡਾ ਜਾਂ ਹੋਰ ਇਲਾਕਿਆਂ ’ਚ ਜ਼ਮੀਨ ਮਾਲਕ ਨੂੰ ਦੋ ਕਰੋੜ ਰੁਪਏ ਪ੍ਰਤੀ ਏਕੜ ਦੇਣੇ ਪੈਣਗੇ। ਇਨ੍ਹਾਂ ਕਾਲੋਨੀਆਂ ਦੇ ਬਾਹਰ ਜੇ ਜ਼ਮੀਨ ਮਾਲਕ ਦੀ 3 ਏਕੜ ਜ਼ਮੀਨ ਦੇ ਨਾਲ ਲਗਦੀ ਜਾਂ ਕੋਈ ਹੋਰ ਸੜਕ ਆਦਿ ਬਣਾਉਣੀ ਪਈ ਤਾਂ ਸੜਕ ਬਣਾਉਣ ਲਈ ਐਕਵਾਇਰ ਕੀਤੀ ਜ਼ਮੀਨ ਦੀ ਕੀਮਤ ਅਤੇ ਸੜਕ ਬਣਾਉਣ ਦੇ ਖ਼ਰਚੇ ਦਾ 60 ਫ਼ੀਸਦੀ ਹੋਰ ਜ਼ਮੀਨ ਮਾਲਕ ਨੂੰ ਦੇਣਾ ਪਵੇਗਾ। ਅਰਥਾਤ 9 ਏਕੜ ’ਚੋਂ 6 ਏਕੜ ਮੁਫ਼ਤ ਸਰਕਾਰ ਨੂੰ ਦਿਓ ਤੇ 3 ਏਕੜ ਜੋ ਮਾਲਕ ਨੂੰ ਮਿਲੀ, ਉਸ ਦੇ ਵਿਕਾਸ ਦਾ 6 ਕਰੋੜ ਰੁਪਇਆ ਕੋਲੋਂ ਦਿਓ। 3 ਏਕੜ ਦੇ ਨਾਲ ਲਗਦੀ ਜ਼ਮੀਨ ’ਤੇ ਸੜਕ ਬਣਾਉਣ ਦੇ ਖ਼ਰਚੇ ਦਾ ਵੀ 60 ਫ਼ੀਸਦੀ ਕਿਸਾਨ ਨੂੰ ਹੀ ਦੇਣਾ ਪਵੇਗਾ, ਕਿਆ ਕਮਾਲ ਹੈ। ਕਿਸਾਨ ਦੀ ਦੋ ਹਿੱਸੇ ਜ਼ਮੀਨ ਮੁਫ਼ਤ ਅਤੇ ਇੱਕ ਹਿੱਸੇ ’ਤੇ ਇੱਕ ਕਰੋੜ ਜਾਂ ਲੁਧਿਆਣੇ ਵਰਗੇ ਜ਼ਿਲ੍ਹਿਆਂ ’ਚ ਦੋ ਕਰੋੜ ਪ੍ਰਤੀ ਏਕੜ ਸਰਕਾਰ ਨੂੰ ਦਿਓ।

ਪੰਜਾਬ ਸਰਕਾਰ ਨੇ ਪੰਜਾਬ ਲੈਂਡ ਪੂਲਿੰਗ ਨੀਤੀ ਰਾਹੀਂ ਕਿਸਾਨੀ ਨੂੰ ਬਰਬਾਦ ਕਰਨ ਦਾ ਬਿਗਲ ਵਜਾ ਦਿੱਤਾ ਹੈ। ਕਿਸਾਨ ਤਰਲੋ ਮੱਛੀ ਹੋਣਗੇ। ਜੇ ਇਹ ਨੀਤੀ ਲਾਗੂ ਹੋ ਗਈ ਤਾਂ ਕੇਵਲ ਕਿਸਾਨ ਹੀ ਨਹੀਂ, ਦੁਕਾਨਦਾਰ, ਵਪਾਰੀ ਤੇ ਆਮ ਕਾਰੋਬਾਰੀਆਂ ਦੇ ਕੰਮ ਤੋਂ ਵੀ ਗਹਿਰਾ ਅਸਰ ਪਵੇਗਾ। ਲੜਾਈ ਲੋਕਾਂ ਦੇ ਗਲ਼ ਪੈ ਗਈ ਹੈ, ਦੂਜਾ ਕੋਈ ਰਸਤਾ ਨਹੀਂ, ਕਮਰਕੱਸੇ ਕਰਨ ਦਾ ਵੇਲਾ ਹੈ ਅਤੇ ਸਰਕਾਰਾਂ ਦੇ ਕੂੜ ਪ੍ਰਚਾਰ ਤੋਂ ਬਹੁਤ ਚੌਕਸ ਰਹਿਣ ਦਾ ਵੀ ਵੇਲਾ ਹੈ।

# ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦਾ 350 ਸਾਲਾ ਸ਼ਹੀਦੀ ਸਮਾਗਮ ਕਿਵੇਂ ਮਨਾਈਏ ?



ਇਕਬਾਲ ਸਿੰਘ ਲਾਲਪੁਰਾ
9780003333

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 350ਵਾਂ ਸ਼ਹੀਦੀ ਦਿਵਸ ਇਸ ਸਾਲ ਨਵੰਬਰ 2025 ਵਿੱਚ ਮਨਾਇਆ ਜਾ ਰਿਹਾ ਹੈ। ਇਹ ਸਮਾਗਮ ਸਿੱਖ ਇਤਿਹਾਸ ਦਾ ਇੱਕ ਅਹਿਮ ਪੜਾਅ ਹੈ, ਜਦੋਂ ਗੁਰੂ ਜੀ ਨੇ ਮੁਗ਼ਲ ਸਮਰਾਟ ਔਰੰਗਜ਼ੇਬ ਦੀ ਜ਼ਬਰਦਸਤੀ ਧਰਮ ਪਰਿਵਰਤਨ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਵਿਰੁੱਧ ਆਪਣੀ ਸ਼ਹਾਦਤ ਦਿੱਤੀ। ਵਿਸ਼ਵ ਇਤਿਹਾਸ ਵਿੱਚ ਅਜਿਹੀ ਮਿਸਾਲ ਕਿਤੇ ਨਹੀਂ ਮਿਲਦੀ, ਜਿੱਥੇ ਕਿਸੇ ਨੇ ਦੂਜਿਆਂ ਦੇ ਧਰਮ ਦੀ ਰਾਖੀ ਲਈ ਆਪਣਾ ਜੀਵਨ ਕੁਰਬਾਨ ਕੀਤਾ।

ਗੁਰੂ ਜੀ ਦੀ ਮਹਾਨਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜਨਮ 1 ਅਪ੍ਰੈਲ 1621 ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਮਾਤਾ ਨਾਨਕੀ ਜੀ ਦੇ ਘਰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹੋਇਆ। ਭਾਈ ਨੰਦ ਲਾਲ ਜੀ ਨੇ ਗੁਰੂ ਜੀ ਦੀ ਮਹਿਮਾ ਇਉਂ ਬਿਆਨੀ:

ਗੁਰੂ ਤੇਗ ਬਹਾਦਰ ਆਂ ਸਰਾਪਾ ਅਫ਼ਜਾਲ ॥

ਜ਼ੀਨਤ-ਅਰਾਇ ਮਹਿਫ਼ਲਿ ਜਾਹੋ ਜਲਾਲ ॥

ਗੁਰੂ ਜੀ ਸਰਬ-ਉੱਚ ਵਡਿਆਈਆਂ ਦੇ ਭੰਡਾਰ ਸਨ, ਜੋ ਰੱਬੀ ਜਲਾਲ ਦੀ ਮਹਿਫ਼ਲ ਦੀ ਰੌਣਕ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਚਿਤ੍ਰ ਨਾਟਕ ਵਿੱਚ ਲਿਖਿਆ:

ਠੀਕਰ ਫ਼ੋਰ ਦਿਲੀਸ ਸਿਰਿ, ਪ੍ਰਭਪੁਰਿ ਕੀਯਾ ਪਯਾਨ।

ਤੇਗ ਬਹਾਦਰ ਸੀ ਕ੍ਰਿਯਾ, ਕਰੀ ਨ ਕਿਨਹੂੰ ਆਨ ॥

ਗੁਰੂ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ 15 ਰਾਗਾਂ ਅਤੇ ਸਲੋਕਾਂ ਦੇ ਰੂਪ ਵਿੱਚ ਦਰਜ ਹੈ, ਜੋ ਵੈਰਾਗਮਈ ਅਤੇ ਮਨ ਨੂੰ ਪ੍ਰਭੂ ਨਾਲ ਜੋੜਨ ਵਾਲੀ ਹੈ। ਉਨ੍ਹਾਂ ਦੀ ਬਾਣੀ ਦਾ ਸੁਨੇਹਾ ਸਪਸ਼ਟ ਹੈ:

ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥

ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ ॥ (ਅੰਗ 1429)

ਗੁਰੂ ਜੀ ਨੇ ਨਾ ਕਿਸੇ ਨੂੰ ਡਰਾਇਆ, ਨਾ ਡਰੇ:

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥

ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥ (ਅੰਗ 1427)

ਸ਼ਹੀਦੀ ਸਮਾਗਮ ਮਨਾਉਣ ਦੀ ਯੋਜਨਾਬੰਦੀ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਸਮਾਗਮ ਸਾਰੀ ਕਾਇਨਾਤ ਲਈ ਧਰਮ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਦਾ ਸੁਨੇਹਾ ਪ੍ਰਸਾਰਨ ਦਾ ਮੌਕਾ ਹੈ। ਇਸ ਨੂੰ ਸਫ਼ਲ ਕਰਨ ਲਈ ਸਿੱਖ ਸੰਗਤਾਂ ਅਤੇ ਸੰਸਥਾਵਾਂ ਨੂੰ ਏਕਤਾ ਨਾਲ ਕੰਮ ਕਰਨਾ ਚਾਹੀਦਾ। ਇਸ ਸਮਾਗਮ ਨੂੰ ਮਨਾਉਣ ਲਈ ਹੇਠ ਲਿਖੇ ਸੁਝਾਅ ਹਨ:

ਗੁਰਮਤਿ ਪ੍ਰਚਾਰ: ਗੁਰੂ ਜੀ ਦੀ ਬਾਣੀ ਅਤੇ ਫ਼ਲਸਫ਼ੇ ਨੂੰ ਵਿਸ਼ਵ ਭਰ ਵਿੱਚ ਪਹੁੰਚਾਉਣ ਲਈ ਅੰਤਰਰਾਸ਼ਟਰੀ ਸੈਮੀਨਾਰ, ਵੈਬੀਨਾਰ ਅਤੇ ਪ੍ਰਕਾਸ਼ਨ ਜਾਰੀ ਕੀਤੇ ਜਾਣ। ਗੁਰੂ ਜੀ ਦੀ ਬਾਣੀ ਦਾ ਅਨੁਵਾਦ ਦੁਨੀਆਂ ਦੀਆਂ ਵੱਖ-ਵੱਖ ਭਾਸ਼ਾਵਾਂ ਵਿੱਚ ਕਰਕੇ ਪ੍ਰਚਾਰਿਆ ਜਾਵੇ।

ਗੁਰੂ ਧਾਮਾਂ ਦਾ ਵਿਕਾਸ: ਸ੍ਰੀ ਅੰਮ੍ਰਿਤਸਰ ਸਾਹਿਬ, ਬਾਬਾ ਬਕਾਲਾ ਸਾਹਿਬ, ਸ੍ਰੀ ਆਨੰਦਪੁਰ ਸਾਹਿਬ ਅਤੇ ਸ੍ਰੀ ਸੀਸ ਗੰਜ ਸਾਹਿਬ ਦਿੱਲੀ ਨੂੰ ਜੋੜਨ ਵਾਲੀ ਸੜਕ ਨੂੰ ਸ੍ਰੀ ਗੁਰੂ ਤੇਗ ਬਹਾਦਰ ਮਾਰਗ ਵਜੋਂ ਵਿਕਸਤ ਕੀਤਾ ਜਾਵੇ। ਆਗਰਾ ਤੋਂ ਦਿੱਲੀ ਤੱਕ ਸ੍ਰੀ ਗੁਰੂ ਤੇਗ ਬਹਾਦਰ ਸ਼ੀਸ਼ ਮਾਰਗ ਐਲਾਨਿਆ ਜਾਵੇ।



ਖੋਜ ਅਤੇ ਸਿੱਖਿਆ: ਸ੍ਰੀ ਆਨੰਦਪੁਰ ਸਾਹਿਬ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਂਅ 'ਤੇ ਯੂਨੀਵਰਸਿਟੀ ਸਥਾਪਤ ਕੀਤੀ ਜਾਵੇ, ਜਿੱਥੇ ਗੁਰੂ ਜੀ ਦੇ ਜੀਵਨ ਅਤੇ ਇਤਿਹਾਸ ਦੀ ਖੋਜ ਹੋਵੇ। ਪਟਨਾ, ਬੰਗਾਲ ਅਤੇ ਆਸਾਮ ਵਰਗੇ ਸਥਾਨਾਂ 'ਤੇ ਗੁਰੂ ਜੀ ਦੇ ਪ੍ਰਚਾਰ ਕੇਂਦਰ ਮੁੜ ਸੁਰਜੀਤ ਕੀਤੇ ਜਾਣ।

ਏਕਤਾ ਅਤੇ ਸਰਬ ਸਾਂਝੇ ਸਮਾਗਮ: ਸਮਾਗਮ ਨੂੰ ਸਰਬ ਸਾਂਝਾ ਅਤੇ ਰਾਜਨੀਤੀ ਤੋਂ ਮੁਕਤ ਰੱਖਿਆ ਜਾਵੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਅਤੇ ਹੋਰ ਸਿੱਖ ਸੰਸਥਾਵਾਂ ਨੂੰ ਭਾਰਤ ਸਰਕਾਰ ਨਾਲ ਮਿਲ ਕੇ ਸੰਜੀਦਾ ਯਤਨ ਕਰਨੇ ਚਾਹੀਦੇ ਹਨ।

ਸੇਵਾ ਅਤੇ ਸੁਰੱਖਿਆ: ਗੁਰੂ ਜੀ ਦੀ ਸੇਵਾ ਅਤੇ ਸੁਰੱਖਿਆ ਦੇ ਸੁਨੇਹੇ ਨੂੰ ਅੱਗੇ ਵਧਾਉਣ ਲਈ ਸ਼੍ਰੋਮਣੀ ਕਮੇਟੀ ਸ੍ਰੀ ਆਨੰਦਪੁਰ ਸਾਹਿਬ ਵਿੱਚ ਭਾਈ ਘਨੱਈਆ ਜੀ ਦੀ ਸੇਵਾ ਨੂੰ ਸਮਰਪਿਤ ਪੀ.ਜੀ.ਆਈ. ਲੈਵਲ ਦਾ ਮੈਡੀਕਲ ਕਾਲਜ ਸਥਾਪਤ ਕੀਤਾ ਜਾਵੇ।

ਧਾਰਮਿਕ ਸਹਿਣਸ਼ੀਲਤਾ ਦਿਵਸ: ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ 'ਧਾਰਮਿਕ ਸਹਿਣਸ਼ੀਲਤਾ ਦਿਵਸ' ਵਜੋਂ ਮਨਾਉਣ ਦੀ ਮੰਗ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਉਠਾਇਆ ਜਾਵੇ। ਯੂ.ਐਨ.ਓ. ਵਿੱਚ ਮਤਾ ਪਾਸ ਕਰਕੇ ਭੇਜਿਆ ਜਾਵੇ।

ਧਰਮ ਬਦਲੀਆਂ ਰਕਣ ਲਈ ਪਿੰਡਾਂ ਦੀ ਗਰੀਬ ਬਸਤੀਆਂ ਵਿੱਚ ਧਰਮ ਪ੍ਰਚਾਰ ਸ਼ੁਰੂ ਕੀਤਾ ਜਾਵੇ ਤੇ ਸਿੰਘ ਸਭਾ ਲਾਹੌਰ ਵਾਂਗ ਸਿੱਖ ਵਿਦਿਅਕ ਅਦਾਰੇ ਗਰੀਬ ਸਿਖਾਂ ਦੀ ਫ਼ਰੀ ਵਿਦਿਆ ਲਈ ਖੋਲੇ ਜਾਣ ,ਜਿਹਨਾਂ ਦਾ ਸਟੈਂਡਰਡ ਇਸਾਈ ਸਕੂਲਾਂ ਤੋਂ ਵਧੀਆ ਹੋਵੇ। ਗਰੀਬਾਂ, ਦਲਿਤਾਂ ਦੀ ਸਿੱਖਿਆ ਦਾ ਪ੍ਰਬੰਧ ਕੀਤੇ ਬਿਨਾਂ ਸਿੱਖੀ ਦਾ ਵਿਕਾਸ ਨਹੀਂ ਹੋ ਸਕਦਾ। ਸਿੰਘ ਸਭਾ ਲਹਿਰ ਨੇ ਵੀਹਵੀਂ ਸਦੀ ਵਿੱਚ ਇਹੀ ਉਪਰਾਲੇ ਕੀਤੇ ਸਨ।

**ਚੁਣੌਤੀਆਂ ਅਤੇ ਸੁਝਾਅ**

ਪਿਛਲੇ ਸਮਾਗਮਾਂ ਦੀ ਸਮੀਖਿਆ ਕਰੀਏ ਤਾਂ ਸਿੱਖ ਸੰਸਥਾਵਾਂ ਅਤੇ ਸਰਕਾਰਾਂ ਨੇ ਗੁਰਮਤਿ ਦੇ ਪ੍ਰਚਾਰ ਵਿੱਚ ਰਾਜਨੀਤੀ ਨੂੰ ਸ਼ਾਮਲ ਕਰਕੇ ਮੁਕਾਮ ਹਾਸਲ ਨਹੀਂ ਕੀਤਾ। 1969 ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ 500ਵੀਂ ਜਨਮ ਸ਼ਤਾਬਦੀ ਮਨਾਉਣ ਸਮੇਂ ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਸਥਾਪਨਾ ਅਤੇ ਫ਼ਿਲਮ 'ਨਾਨਕ ਨਾਮ ਜਹਾਜ਼ ਹੈ' ਵਰਗੇ ਯਤਨ ਸਾਰਥਕ ਸਨ, ਪਰ 1999 ਦੀ ਖ਼ਾਲਸਾ ਸਿਰਜਣਾ ਸ਼ਤਾਬਦੀ ਅਤੇ ਹੋਰ ਸਮਾਗਮ ਰਾਜਨੀਤਕ ਡਰਾਮੇਬਾਜ਼ੀ ਤੱਕ ਸੀਮਤ ਰਹੇ।

ਅੱਜ ਵੀ ਪੰਜਾਬ ਵਿੱਚ ਨਸ਼ਿਆਂ ,ਧਰਮ ਬਦਲੀ ਅਤੇ ਬੇਰੁਜ਼ਗਾਰੀ ਦੀ ਸਮੱਸਿਆ ਗੰਭੀਰ ਹੈ। ਸਿੱਖ ਧਰਮ ਦੇ ਪ੍ਰਚਾਰ ਵਿੱਚ ਏਕਤਾ ਦੀ ਘਾਟ ਅਤੇ ਧਰਮ ਪਰਿਵਰਤਨ ਦੀਆਂ ਘਟਨਾਵਾਂ ਚਿੰਤਾ ਦਾ ਵਿਸ਼ਾ ਹਨ। ਸਿੱਖ ਸੰਸਥਾਵਾਂ ਨੂੰ ਚਾਹੀਦਾ ਹੈ ਕਿ ਉਹ ਗੁਰੂ ਜੀ ਦੇ ਸੁਨੇਹੇ ਨੂੰ ਸੱਚੀ ਸ਼ਰਧਾ ਨਾਲ ਪ੍ਰਚਾਰਨ ਅਤੇ ਸਮਾਜਿਕ ਬੁਰਾਈਆਂ ਨੂੰ ਖ਼ਤਮ ਕਰਨ ਲਈ ਠੋਸ ਕਦਮ ਚੁੱਕਣ।

ਸਿੱਟਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 350 ਸਾਲਾ ਸ਼ਹੀਦੀ ਸਮਾਗਮ ਸਿੱਖ ਧਰਮ ਦੇ ਸੁਨੇਹੇ ਨੂੰ ਵਿਸ਼ਵ ਪੱਧਰ 'ਤੇ ਪਹੁੰਚਾਉਣ ਦਾ ਸੁਨਹਿਰੀ ਮੌਕਾ ਹੈ। ਇਸ ਨੂੰ ਸਫ਼ਲ ਕਰਨ ਲਈ ਸਿੱਖ ਸੰਗਤਾਂ, ਸੰਸਥਾਵਾਂ ਅਤੇ ਸਰਕਾਰ ਨੂੰ ਮਿਲ ਕੇ ਏਕਤਾ, ਸ਼ਰਧਾ ਅਤੇ ਗੁਰਮਤਿ ਸਿਧਾਂਤਾਂ ਨੂੰ ਅੱਗੇ ਵਧਾਉਣ ਦੀ ਲੋੜ ਹੈ। ਗੁਰੂ ਜੀ ਦਾ ਸੁਨੇਹਾ ਸਾਨੂੰ ਸਿਖਾਉਂਦਾਹੈ:

ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ ॥ (ਅੰਗ 304)

ਆਓ, ਗੁਰੂ ਜੀ ਦੀ ਸ਼ਹਾਦਤ ਨੂੰ ਸੱਚੀ ਸ਼ਰਧਾ ਨਾਲ ਮਨਾਈਏ ਅਤੇ ਉਨ੍ਹਾਂ ਦੇ ਫ਼ਲਸਫ਼ੇ ਨੂੰ ਜੀਵਨ ਵਿੱਚ ਉਤਾਰੀਏ।

**ਸਾਬਕਾ ਚੇਅਰਮੈਨ, ਕੌਮੀ ਘੱਟ ਗਿਣਤੀ ਕਮਿਸ਼ਨ, ਭਾਰਤ ਸਰਕਾਰ**

# ਲੈਂਡ ਪੂਲਿੰਗ ਪਾਲਿਸੀ ਕਾਰਨ ਖੇਤੀ ਅਤੇ ਪੰਜਾਬ ਦਾ ਅਰਥਚਾਰਾ ਤਬਾਹ ਹੋਵੇਗਾ

ਡਾ. ਮੇਹਰ ਮਾਣਕ

ਪੰਜਾਬ ਸਰਕਾਰ ਨੇ ਸੂਬੇ ਦੇ ਵਿਕਾਸ ਨੂੰ ਨਵੀਂਆਂ ਲੀਹਾਂ ਉੱਤੇ ਪਾਉਣ ਲਈ ਇੱਕ ਲੈਂਡ ਪੂਲਿੰਗ ਪਾਲਿਸੀ ਲੈ ਕੇ ਆਂਦੀ ਹੈ, ਜਿਸ ਦਾ ਉਦੇਸ਼ ਪੰਜਾਬ ਦੀ ਵਿਕਾਸ ਯੋਜਨਾ ਵਿੱਚ ਭੂਮੀ ਮਾਲਕਾਂ, ਪ੍ਰਮੋਟਰਾਂ ਅਤੇ ਕੰਪਨੀਆਂ ਨੂੰ ਭਾਈਵਾਲ ਵਜੋਂ ਸ਼ਾਮਲ ਕਰਨਾ ਅਤੇ ਭੂਮੀ ਮਾਲਕਾਂ ਦੀ ਇਸ ਪਾਲਿਸੀ ਵਿੱਚ ਦਿਲਚਸਪੀ ਵਧਾਉਣਾ ਹੈ, ਜਿਸ ਤਹਿਤ ਸਰਕਾਰ ਸੂਬੇ ਦੇ 27 ਸ਼ਹਿਰਾਂ ਦੇ ਆਲੇ ਦੁਆਲੇ ਅਰਬਨ ਅਸਟੇਟ ਵਿਕਸਿਤ ਕਰਨ ਲਈ 65533 ਏਕੜ ਜ਼ਮੀਨ ਦੀ ਕਾਗਜ਼ੀ ਨਿਸ਼ਾਨਦੇਹੀ ਕੀਤੀ ਹੈ ਅਤੇ ਇਸ ਸਬੰਧੀ ਨੋਟੀਫਿਕੇਸ਼ਨ ਵੀ ਜਾਰੀ ਕਰ ਦਿੱਤੀ ਗਈ ਹੈ। ਸਰਕਾਰ ਨੇ 6 ਇੰਡਸਟਰੀਅਲ ਜ਼ੋਨ ਬਣਾਉਣ ਵਾਸਤੇ ਲੁਧਿਆਣਾ ਜ਼ਿਲ੍ਹੇ ਦੇ 32 ਪਿੰਡਾਂ ਦੀ 24511 ਏਕੜ ਜ਼ਮੀਨ ਐਕਵਾਇਰ ਕਰਨੀ ਹੈ। ਸਰਕਾਰ ਮੁਤਾਬਿਕ ਰੀਅਲ ਅਸਟੇਟ ਵਾਲੇ ਲੋਕਾਂ ਦੀ ਲੁੱਟ ਕਰਦੇ ਹਨ ਅਤੇ ਕਲੋਨੀਆਂ ਬਣਾ ਕੇ ਮਹਿੰਗੇ ਘਰ ਵੇਚਦੇ ਹਨ। ਇਹ ਕਲੋਨੀਆਂ ਬੁਨਿਆਦੀ ਸਹੂਲਤਾਂ ਤੋਂ ਵੀ ਵਾਂਝੀਆਂ ਰਹਿ ਜਾਂਦੀਆਂ ਹਨ, ਇਸ ਕਰਕੇ ਸਰਕਾਰ ਜ਼ਮੀਨ ਐਕਵਾਇਰ ਕਰਕੇ ਆਪਣੀ ਦੇਖ ਰੇਖ ਵਿੱਚ ਵਿਕਸਿਤ ਕਰੇਗੀ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਇਨ੍ਹਾਂ ਕਾਲੋਨਾਈਜ਼ਰਾਂ ਨੂੰ ਖੁੱਲ੍ਹ ਕਿਸ ਨੇ ਅਤੇ ਕਿਉਂ ਦਿੱਤੀ ਹੈ ? ਕੀ ਸਰਕਾਰ ਇਨ੍ਹਾਂ ਖ਼ਿਲਾਫ਼ ਕਾਰਵਾਈ ਕਰਕੇ ਕਲੋਨੀਆਂ ਦੀ ਵਿਗੜੀ ਹਾਲਤ ਨੂੰ ਸੁਧਾਰ ਨਹੀਂ ਸਕਦੀ ? ਦੂਸਰੀ ਗੱਲ, ਪੰਜਾਬ ਦੇ ਬਾਸ਼ਿੰਦਿਆਂ ਕੋਲ ਰਿਹਾਇਸ਼ ਦੀ ਕੋਈ ਸਮੱਸਿਆ ਨਹੀਂ ਹੈ। ਅਗਰ ਇਹ ਕਲੋਨੀਆਂ ਦਾ ਪਸਾਰਾ ਅਤੇ ਖਿਲਾਰਾ ਬਹੁਤ ਦੇਰ ਤੋਂ ਲਗਾਤਾਰ ਰਿਹਾ ਹੈ ਤਾਂ ਦੇਖਣ ਦੀ ਇਹ ਜ਼ਰੂਰਤ ਹੈ ਕਿ ਇਹ ਕਿਉਂ ਅਤੇ ਕਿਨ੍ਹਾਂ ਲੋਕਾਂ ਲਈ ਹੋ ਰਿਹਾ ਹੈ ? ਇਸ ਦੇ ਆਰਥਿਕ ਅਤੇ ਸਮਾਜਿਕ ਪਹਿਲੂ ਕੀ ਹਨ ? ਇੱਕ ਅੰਦਾਜ਼ੇ ਮੁਤਾਬਿਕ ਜੇਕਰ 43533 ਏਕੜ ਜ਼ਮੀਨ ਐਕਵਾਇਰ ਕੀਤੀ ਜਾਂਦੀ ਹੈ ਤਾਂ ਇਸ ਨਾਲ ਜਿੱਥੇ ਤਕਰੀਬਨ 14000 ਪਰਿਵਾਰਾਂ ਦਾ ਉਜਾੜਾ ਹੋਵੇਗਾ, ਉੱਥੇ ਉਸ ਦੇ ਨਾਲ ਹੀ ਸੂਬੇ ਅੰਦਰ ਝੋਨੇ ਦੀ ਡੇਢ ਲੱਖ ਟਨ ਪੈਦਾਵਾਰ ਵੀ ਘਟੇਗੀ ਅਤੇ ਕਾਮੇ ਵਰਗ ਲਈ ਕੰਮ ਦੇ ਮੌਕੇ ਵੀ ਮਨਫ਼ੀ ਹੋ ਜਾਣਗੇ।

ਸਰਕਾਰ ਨੇ ਅਗਾਂਹ ਕਿਹਾ ਹੈ ਕਿ ਉਹ ਪੰਜਾਬ ਦੇ 27 ਸ਼ਹਿਰਾਂ ਵਿੱਚ ਇਹ ਨੀਤੀ ਲਾਗੂ ਕਰੇਗੀ। ਕੀ ਪਹਿਲਾਂ ਹੀ ਸੂਬੇ ਅੰਦਰ ਸ਼ਹਿਰਾਂ ਦੀ ਘਾਟ ਹੈ ? ਜੇਕਰ ਅਸੀਂ ਪਹਿਲਾਂ ਹੀ ਵਸਦੇ ਸ਼ਹਿਰਾਂ ਨੂੰ ਸਾਫ ਸੁਥਰਾ ਅਤੇ ਬੁਨਿਆਦੀ ਸਹੂਲਤਾਂ ਨੂੰ ਪੂਰਾ ਨਹੀਂ ਕਰ ਸਕੇ ਤਾਂ ਸ਼ਹਿਰਾਂ ਦੇ ਹੋਰ ਪਸਾਰੇ ਨਾਲ ਕਿਸ ਤਰ੍ਹਾਂ ਦਾ ਵਿਕਾਸ ਹੋਵੇਗਾ, ਇਹ ਆਪਾਂ ਸਭ ਜਾਣਦੇ ਹਾਂ। ਇਸ ਨੀਤੀ ਵਿੱਚ ਕਿਹਾ ਗਿਆ ਹੈ ਕਿ ਇੱਕ ਕਿੱਲਾ ਜ਼ਮੀਨ ਦੇਣ ਦੇ ਬਦਲੇ ਵਿੱਚ 1000 ਗਜ਼ ਦਾ ਰਿਹਾਇਸ਼ੀ ਪਲਾਟ ਅਤੇ 200 ਗਜ਼ ਦਾ ਵਪਾਰਕ ਪਲਾਟ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਮੀਡੀਏ ਵਿੱਚ ਆਈ ਜਾਣਕਾਰੀ ਮੁਤਾਬਿਕ ਵਿਕਸਿਤ ਹੋਣ ਉਪਰੰਤ ਇੱਕ ਕਿੱਲੇ ਦੀ ਕੀਮਤ ਮਾਰਕੀਟ ਰੇਟ ਤੋਂ ਵਧ ਕੇ ਚਾਰ ਕਰੋੜ ਵੀਹ ਲੱਖ ਰੁਪਏ ਹੋ ਜਾਵੇਗੀ। ਹੋਰ ਤਾਂ ਹੋਰ, ਨੀਤੀ ਵਿੱਚ ਕਿਹਾ ਗਿਆ ਹੈ ਕਿ 50 ਏਕੜ ਦੇ ਏਰੀਏ ਦੇ ਬੁਨਿਆਦੀ ਢਾਂਚੇ ਨੂੰ ਵਿਕਸਿਤ ਕਰਨ ਲਈ ਸਬੰਧਿਤ ਕਿਸਾਨ ਨੂੰ 60:40 ਦੇ ਅਨੁਪਾਤ ਅਨੁਸਾਰ ਇੱਕ ਕਿੱਲੇ ਪਿੱਛੇ ਇੱਕ ਕਰੋੜ ਰੁਪਏ ਦਾ ਵਿਕਾਸ ਖਰਚਾ ਵੀ ਦੇਣਾ ਪਵੇਗਾ। ਜੇਕਰ ਤਜਰਬਿਆਂ ਅਧਾਰਤ ਸੋਚੀਏ ਤਾਂ ਏਰੀਏ ਨੂੰ ਵਿਕਸਿਤ ਕਰਨ ਲਈ ਪਤਾ ਨਹੀਂ ਕਿੰਨਾ ਕੁ ਵਕਤ ਲੱਗੇਗਾ, ਕਿਉਂਕਿ ਇਹ ਕੋਈ ਦਿਨਾਂ ਜਾਂ ਮਹੀਨਿਆਂ ਦੀ ਖੇਡ ਨਹੀਂ। ਜੇਕਰ ਹੁਣ ਸ਼ਹਿਰ ਲਾਗਲੀਆਂ ਜ਼ਮੀਨਾਂ ਦੇ ਰੇਟ ਦੀ ਗੱਲ ਕਰੀਏ, ਉਹ ਤਾਂ ਕਿਤੇ ਦੇ ਕਿਤੇ ਜਾ ਚੁੱਕੇ ਹਨ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਕੀ ਜ਼ਮੀਨਾਂ ਐਕਵਾਇਰ ਕਰਨ ਨਾਲ ਪੇਂਡੂ ਅਰਥਚਾਰੇ ਦਾ ਮੂੰਹ ਮੁਹਾਂਦਰਾ ਸੁਧਰੇਗਾ ? ਜੇਕਰ ਨਹੀਂ ਤਾਂ ਸਰਕਾਰ ਦੀ ਕੀ ਮਜਬੂਰੀ ਹੈ ਕਿ ਉਹ ਖੇਤੀ ਅਰਥਚਾਰੇ ਨੂੰ ਉਨਤ ਕਰਨ ਦੀ ਥਾਂ ਅਜਿਹੀਆਂ ਨੀਤੀਆਂ ਲੈ ਕੇ ਆਵੇ ? ਇਸ ਦਾ ਇੱਕ ਅਹਿਮ ਪਹਿਲੂ ਇਹ ਵੀ ਹੈ ਕਿ ਛੋਟਾ ਕਿਸਾਨ, ਜਿਹੜਾ ਅੱਜ ਇੱਕ ਕਿੱਲੇ ਭਾਵ 4840 ਵਰਗ ਗਜ਼ ਦਾ ਮਾਲਕ ਹੈ, ਉਹ 1200 ਗਜ਼ ਦਾ ਮਾਲਕ ਬਣ ਕੇ ਰਹਿ ਜਾਵੇਗਾ। ਕੀ ਇਹ ਗੈਰਕਿਸਾਨੀਕਰਨ ਦੀ ਨਿਵਾਣਾਂ ਵੱਲ ਜਾਣ ਵਾਲੀ ਪ੍ਰਕਿਰਿਆ ਨਹੀਂ ਹੈ ? ਸਰਕਾਰ ਇਹ ਵੀ ਕਹਿ ਰਹੀ ਹੈ ਕਿ ਕਿਸਾਨ ਦੀ ਸਹਿਮਤੀ ਤੋਂ ਬਿਨਾਂ ਜ਼ਮੀਨ ਐਕਵਾਇਰ ਨਹੀਂ ਕੀਤੀ ਜਾਵੇਗੀ ਪਰ ਅਸਾਵੇਂ ਸਮਾਜਾਂ ਵਿੱਚ ਸਹਿਮਤੀ ਦੇ ਮੌਕੇ ਬਣਾਉਣ ਲਈ ਅਨੇਕਾਂ ਦਿੱਖ ਅਦਿੱਖ ਦਬਾਵਾਂ ਰਾਹੀਂ ਪ੍ਰਸਥਿਤੀਆਂ ਦਾ ਪੈਦਾ ਹੋਣਾ ਸੁਭਾਵਿਕ ਹੈ। ਇਸ ਤੋਂ ਇਲਾਵਾ ਸਵਾਲ ਇਹ ਵੀ ਪੈਦਾ ਹੁੰਦਾ ਹੈ ਕਿ ਨੋਟੀਫਿਕੇਸ਼ਨ ਤੋਂ ਬਾਅਦ ਕੀ ਕਿਸਾਨ ਆਪਣੀ ਜ਼ਮੀਨ ਨੂੰ ਆਪਣੀ ਮਰਜ਼ੀ ਮੁਤਾਬਿਕ ਕਿਸੇ ਹੋਰ ਕੋਲ ਵੇਚ ਜਾਂ ਗਹਿਣੇ ਧਰ ਸਕਦਾ ਹੈ ? ਜੇਕਰ ਨਹੀਂ, ਫਿਰ ਮਰਜ਼ੀ ਅਤੇ ਨਾ ਮਰਜ਼ੀ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ।




ਇਸ ਨੀਤੀ ਤਹਿਤ ਜਿਸ ਕਿਸਾਨ ਦੀ ਇੱਕ ਏਕੜ ਜ਼ਮੀਨ ਲੈਂਡ ਪੂਲਿੰਗ ਵਿੱਚ ਆਵੇਗੀ, ਉਸ ਨੂੰ ਤੀਜੇ ਹਿੱਸੇ ਤੋਂ ਘੱਟ ਵਿਕਸਿਤ ਜ਼ਮੀਨ ਮੁਆਵਜ਼ੇ ਦੇ ਰੂਪ ਵਿੱਚ ਮਿਲੇਗੀ ਪਰ ਜਿਸ ਕਿਸਾਨ ਦੀ ਜ਼ਮੀਨ ਨੌਂ ਏਕੜ ਐਕਵਾਇਰ ਹੋਵੇਗੀ, ਉਸ ਨੂੰ ਤੀਜਾ ਹਿੱਸਾ ਮਿਲੇਗਾ ਅਤੇ ਵੱਡੇ ਕਿਸਾਨਾਂ ਦਾ ਸਮੂਹ ਜੋ ਪੰਜਾਹ ਏਕੜ ਜ਼ਮੀਨ ਦੇਵੇਗਾ, ਉਸ ਨੂੰ ਅੱਧ ਤੋਂ ਵੱਧ ਜ਼ਮੀਨ ਮਿਲੇਗੀ। ਇਸ ਤਰ੍ਹਾਂ ਇਹ ਲੈਂਡ ਪੂਲਿੰਗ ਨੀਤੀ ਵੱਡੇ ਅਤੇ ਛੋਟਿਆਂ ਵਿੱਚ ਫਰਕ ਕਰਦੀ ਹੈ, ਜਦੋਂ ਕਿ ਸੂਬੇ ਅੰਦਰ ਬਹੁ ਗਿਣਤੀ ਛੋਟੇ ਕਿਸਾਨਾਂ ਦੀ ਹੈ, ਜਿਨ੍ਹਾਂ ਦੀ ਹੋਂਦ ਅਤੇ ਉਪਜੀਵਿਕਾ ਖੇਤੀ ਅਰਥਚਾਰੇ ਨਾਲ ਜੁੜੀ ਹੋਈ ਹੈ।

ਤੀਸਰੀ ਗੱਲ, ਇਸ ਤਰ੍ਹਾਂ ਇਸ ਨੀਤੀ ਅਧੀਨ ਬਹੁ ਗਿਣਤੀ ਕਿਸਾਨਾਂ ਦਾ ਉਜਾੜਾ ਤੈਅ ਹੈ, ਜਿਨ੍ਹਾਂ ਕੋਲ ਕੋਈ ਬਦਲਵਾਂ ਆਮਦਨ ਦਾ ਸਾਧਨ ਨਹੀਂ ਹੈ। ਇਸ ਨੀਤੀ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਪ੍ਰੋਜੈਕਟ ਪੂਰਾ ਹੋਣ 'ਤੇ ਹਰੇਕ ਕਿਸਾਨ ਨੂੰ 30 ਹਜ਼ਾਰ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਤਿੰਨ ਸਾਲਾਂ ਲਈ ਸਲਾਨਾ ਗੁਜ਼ਾਰਾ ਭੱਤਾ ਮਿਲੇਗਾ ਜਦੋਂ ਕਿ ਜ਼ਮੀਨ ਦਾ ਠੇਕਾ ਲੱਖ ਲੱਖ ਰੁਪਏ ਸਲਾਨਾ ਨੂੰ ਪਹੁੰਚ ਚੁੱਕਿਆ ਹੈ ਅਤੇ ਇਹ ਆਏ ਸਾਲ ਵਧਦਾ ਵੀ ਰਹਿੰਦਾ ਹੈ ।ਦੂਸਰਾ ਤਜਰਬਾ ਇਹ ਦੱਸਦਾ ਹੈ ਕਿ ਬਹੁ ਗਿਣਤੀ ਪ੍ਰੋਜੈਕਟ ਸਮੇਂ ਸਿਰ ਕਦੇ ਵੀ ਨੇਪਰੇ ਨਹੀਂ ਚੜ੍ਹੇ। ਅਗਰ ਅਜਿਹੇ ਪ੍ਰੋਜੈਕਟ ਸਿਰੇ ਚੜ੍ਹ ਵੀ ਜਾਂਦੇ ਹਨ ਤਾਂ ਇਸ ਨੇ ਪਿੰਡ ਦੀ ਖ਼ੂਬਸੂਰਤ ਇਕਾਈ ਦਾ ਜਿੱਥੇ ਮਲੀਆਮੇਟ ਕਰਨਾ ਹੈ, ਉੱਥੇ ਹੀ ਇਸ ਨੇ ਨਵੀਂਆਂ ਸਮਾਜਿਕ ਪਰਤਾਂ ਅਤੇ ਸਫਬੰਦੀਆਂ ਨੂੰ ਜਨਮ ਦੇਣਾ ਹੈ। ਪਿੰਡਾਂ ਵਿੱਚ ਬਹੁਤ ਗਿਣਤੀ ਛੋਟੇ ਅਤੇ ਗਰੀਬ ਕਿਸਾਨਾਂ ਦੀ ਹੈ, ਇਸ ਕਰਕੇ ਪੇਂਡੂ ਵੱਸੋਂ ਦੇ ਬਹੁਤ ਵੱਡੇ ਸਮਾਜਿਕ ਹਿੱਸੇ ਨੇ ਆਰਥਿਕ ਤੰਗਦਸਤੀਆਂ, ਸਮਾਜਿਕ, ਸੱਭਿਆਚਾਰਕ ਅਤੇ ਮਾਨਸਿਕ ਉਲਝਣ ਭਰੇ ਸੰਕਟਾਂ ਦਾ ਸ਼ਿਕਾਰ ਹੋਣਾ ਹੈ। ਆ ਰਹੀਆਂ ਵੱਡੀਆਂ ਵੱਡੀਆਂ ਕੌਮੀ ਸੜਕਾਂ ਰਾਹੀਂ ਜੁੜ ਕੇ ਇਹ ਮਾਡਲ ਵੱਡੇ ਵੱਡੇ ਘਰਾਣਿਆਂ ਦੇ ਹਿਤ ਪੂਰਦਾ ਹੋਇਆ ਜਿੱਥੇ ਕਿਸਾਨੀ ਦੀ ਬਹੁ ਵਸੋਂ ਨੂੰ ਉਜਾੜੇਗਾ, ਉੱਥੇ ਹੀ ਆਮ ਦੁਕਾਨਦਾਰਾਂ, ਛੋਟੇ ਕਾਰੋਬਾਰੀਆਂ, ਕਾਰੀਗਰਾਂ ਅਤੇ ਹੋਰ ਰੋਜ਼ੀ ਰੋਟੀ ਦੇ ਕੰਮ ਲੱਗੇ ਲੋਕਾਂ ਨੂੰ ਵਿਹਲਾ ਕਰ ਦੇਵੇਗਾ। ਇਸ ਵਿੱਚ ਅਨਪੜ੍ਹ, ਬੇਜ਼ਮੀਨੇ ਅਤੇ ਗੈਰ ਕਾਰੀਗਰ ਕਾਮਿਆਂ ਲਈ ਕੋਈ ਥਾਂ ਨਹੀਂ। ਇਹ ਨੀਤੀ ਲੋਕਾਂ ਦੇ ਮੁੜ ਵਸੇਵੇ ਅਤੇ ਮੁਆਵਜ਼ੇ ਦੇ ਮਸਲੇ ਬਾਰੇ ਚੁੱਪ ਹੈ। ਹੋਰ ਤਾਂ ਹੋਰ ਜੇਕਰ ਕਿਸਾਨਾਂ ਨੂੰ ਤੁਰੰਤ ਨਕਦੀ ਖੁੱਲ੍ਹੇ ਪੈਸੇ ਦੇ ਵੀ ਦਿੱਤੇ ਜਾਣ ਤਾਂ ਉਹ ਕੁਝ ਦਿਨ ਤਾਂ ਰਾਜਿਆਂ ਮਹਾਰਾਜਿਆਂ ਵਾਂਗ ਜੀਣਗੇ ਪਰ ਛੇਤੀ ਬਾਅਦ ਉਹ ਅਣਕਿਆਸੀ ਕੰਗਾਲੀਕਰਨ ਦੀ ਪ੍ਰਕਿਰਿਆ ਦਾ ਸ਼ਿਕਾਰ ਹੋ ਜਾਣਗੇ। ਇਹ ਸਭ ਨੂੰ ਪਤਾ ਹੈ ਕਿ ਕਿਸਾਨ ਬਹੁਤ ਸਿੱਧਾ ਸਾਦਾ ਹੈ, ਇਸ ਕਰਕੇ ਕਿਸਾਨੀ ਦੀ ਬਹੁ ਵਸੋਂ ਨੂੰ ਤਾਂ ਲੰਮੇ ਨਫ਼ੇ ਲਈ ਪੈਸੇ ਵੀ ਖ਼ਰਚਣੇ ਨਹੀਂ ਆਉਂਦੇ। ਨਵੀਂਆਂ ਬਦਲਵੀਂਆਂ ਪ੍ਰਸਥਿਤੀਆਂ ਵਿੱਚ ਉਹ ਤਾਂ ਕੀ ਚੰਗੇ ਚੰਗੇ ਵਪਾਰੀ ਵੀ ਅਸਾਵੇਂ ਮੁਕਾਬਲੇ ਦੇ ਦੌਰ ਵਿੱਚ ਦਿਓ ਕੱਦ ਮੰਡੀ ਤਾਕਤਾਂ ਦੇ ਸਾਹਮਣੇ ਟਿਕ ਨਹੀਂ ਪਾਉਣਗੇ।

(ਬਾਕੀ ਸਫ਼ਾ 31 'ਤੇ)

# ਦੇਸ਼ ਦੀ ਖ਼ੁਸ਼ਹਾਲੀ ਲਈ ਆਰਥਿਕ ਵਿਕਾਸ ਦੀ ਲੋੜ



**ਡਾ. ਅਮਨਪ੍ਰੀਤ ਸਿੰਘ ਬਰਾੜ**




ਨੀਤੀ ਆਯੋਗ ਮੁਤਾਬਕ ਭਾਰਤ, ਜਪਾਨ ਨੂੰ ਪਛਾੜ ਕੇ ਦੁਨੀਆ ਦੀ ਚੌਥੀ ਵੱਡੀ ਅਰਥਵਿਵਸਥਾ ਬਣ ਗਿਆ ਹੈ। ਅਰਥਵਿਵਸਥਾ ਮਤਲਬ ਦੇਸ਼ ਦਾ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਸਿਰਫ਼ ਤਿੰਨ ਦੇਸ਼ਾਂ ਅਮਰੀਕਾ, ਚੀਨ ਤੇ ਜਰਮਨੀ ਤੋਂ ਹੀ ਘੱਟ ਹੈ। ਭਾਰਤੀ ਅਰਥਵਿਵਸਥਾ ਜਪਾਨ ਤੋਂ 0.02 ਫ਼ੀਸਦੀ ਵੱਧ ਹੈ, ਜਪਾਨ ਦੀ 2024-25 ਦੀ ਜੀ.ਡੀ.ਪੀ. 4.186 ਟ੍ਰਿਲੀਅਨ ਡਾਲਰ ਹੈ, ਜਦਕਿ ਭਾਰਤ ਦੀ 4.187 ਟ੍ਰਿਲੀਅਨ ਡਾਲਰ ਹੈ। ਦਰਅਸਲ ਇਸ ਵਾਧੇ ਬਾਰੇ ਪੁਖ਼ਤਾ ਪਤਾ 2026-27 ਸਾਲ ਦੇ ਅੰਕੜੇ ਛਾਪੇ ਜਾਣ ਮੌਕੇ ਲੱਗੇਗਾ। ਭਾਰਤ ਦੀ ਜੀ.ਡੀ.ਪੀ. 2015 ਵਿੱਚ 3.648 ਟ੍ਰਿਲੀਅਨ ਡਾਲਰ ਸੀ ਅਤੇ ਇਹ ਲਗਾਤਾਰ ਥੋੜ੍ਹੀ-ਥੋੜ੍ਹੀ ਹੀ ਸਹੀ, ਪਰ ਵਧ ਰਹੀ ਹੈ। ਇਸ ਦੇ ਉਲਟ ਜੇਕਰ ਪ੍ਰਤੀ ਵਿਅਕਤੀ ਆਮਦਨ ਦੇ ਹਿਸਾਬ ਨਾਲ ਦੇਖਿਆ ਜਾਵੇ ਤਾਂ ਭਾਰਤ 188 ਦੇਸ਼ਾਂ 'ਚੋਂ 136ਵੇਂ ਨੰਬਰ 'ਤੇ ਆਉਂਦਾ ਹੈ, ਜਦਕਿ ਸਾਡੇ ਦੋ ਗੁਆਂਢੀ ਦੇਸ਼- ਸ਼੍ਰੀਲੰਕਾ ਤੇ ਭੂਟਾਨ ਕ੍ਰਮਵਾਰ 126 ਤੇ 127 ਨੰਬਰ 'ਤੇ ਹਨ। ਭਾਰਤ ਦੀ ਔਸਤ ਪ੍ਰਤੀ ਵਿਅਕਤੀ ਆਮਦਨ 2,880 ਡਾਲਰ (2,45,293 ਰੁਪਏ) ਪ੍ਰਤੀ ਸਾਲ ਹੈ ਅਤੇ ਸ਼੍ਰੀਲੰਕਾ ਦੀ 4,325 ਡਾਲਰ ਤੇ ਭੂਟਾਨ ਦੀ 4,302 ਡਾਲਰ ਹੈ। ਜਦਕਿ ਜਪਾਨ ਦੀ ਪ੍ਰਤੀ ਜੀਅ ਆਮਦਨ 33,956 ਡਾਲਰ ਹੈ, ਜੋ ਸਾਡੇ ਨਾਲੋਂ 12 ਗੁਣਾ ਜ਼ਿਆਦਾ ਹੈ। ਜਪਾਨ ਵਿੱਚ ਜੇ ਇੱਕ ਵਿਅਕਤੀ 100 ਰੁਪਿਆ ਖਰਚਦਾ ਹੈ ਤਾਂ ਭਾਰਤ ਵਿੱਚ 12 ਵਿਅਕਤੀ 100 ਰੁਪਏ ਖਰਚਦੇ ਹਨ। ਜਿਸ ਦਾ ਮਤਲਬ ਹੈ ਕਿ ਭਾਰਤੀ ਅਰਥਵਿਵਸਥਾ ਭਾਵੇਂ ਜਾਪਾਨ ਤੋਂ ਅੱਗੇ ਹੈ, ਪਰ ਪ੍ਰਤੀ ਵਿਅਕਤੀ ਆਮਦਨ ਵਿਚ 12 ਗੁਣਾ ਪਿੱਛੇ ਹੈ।

ਭਾਵੇਂ ਸਮੁੱਚੇ ਦੇਸ਼ ਦੀ ਪ੍ਰਤੀ ਵਿਅਕਤੀ ਸਾਲਾਨਾ ਆਮਦਨ 2,45,293 ਰੁਪਏ ਹੈ, ਪਰ ਹੇਠਲੀ 50 ਫ਼ੀਸਦੀ ਆਬਾਦੀ ਦੀ ਸਾਲਾਨਾ ਆਮਦਨ 71,000 ਰੁਪਏ ਪ੍ਰਤੀ ਵਿਅਕਤੀ ਹੀ ਹੈ। ਇਸ ਤੋਂ ਉੱਪਰਲੀ 40 ਫ਼ੀਸਦੀ ਆਬਾਦੀ ਦੀ ਸਾਲਾਨਾ ਆਮਦਨ 1 ਲੱਖ 65 ਹਜ਼ਾਰ ਰੁਪਏ ਹੈ ਅਤੇ ਕੁੱਲ ਮਿਲਾ ਕੇ 99 ਫ਼ੀਸਦੀ ਆਬਾਦੀ ਦੀ ਔਸਤ ਸਾਲਾਨਾ ਆਮਦਨ ਤਕਰੀਬਨ 1 ਲੱਖ 20 ਹਜ਼ਾਰ ਦੇ ਨੇੜੇ ਤੇੜੇ ਹੀ ਬਣਦੀ ਹੈ। ਹਾਲਾਂਕਿ ਸਭ ਤੋਂ ਉਪਰਲੀ 1 ਫ਼ੀਸਦੀ ਆਬਾਦੀ ਦੀ ਔਸਤ ਆਮਦਨ 53 ਲੱਖ ਰੁਪਏ ਸਾਲਾਨਾ ਦੇ ਨੇੜੇ ਤੇੜੇ ਹੈ, ਪਰ ਇਨ੍ਹਾਂ ਦਾ ਵੀ ਆਪਸ ਵਿਚ ਬਹੁਤ ਜ਼ਿਆਦਾ ਅੰਤਰ ਹੈ। ਵਿਸ਼ਵ ਬੈਂਕ ਮੁਤਾਬਕ ਭਾਰਤ ਵਿੱਚ 13 ਕਰੋੜ ਲੋਕ ਅਤਿਅੰਤ ਗਰੀਬੀ ਵਿੱਚ ਗੁਜ਼ਾਰਾ ਕਰ ਰਹੇ ਹਨ। ਪਿਛਲੇ 11 ਸਾਲਾਂ ਦੌਰਾਨ ਦੇਸ਼ ਦੀ ਸੰਪਤੀ 2.3 ਗੁਣਾ ਵਧੀ ਹੈ, ਇਸੇ ਸਮੇਂ ਦੌਰਾਨ ਉਦਯੋਗਪਤੀਆਂ (ਕਾਰਪੋਰੇਟ) ਦੀ ਔਸਤ ਸੰਪਤੀ 4 ਗੁਣਾ ਵਧੀ ਹੈ, ਪਰ ਕੁਝ ਚੋਣਵੇਂ ਕਾਰਪੋਰੇਟ ਘਰਾਣਿਆਂ ਦੀ ਸੰਪਤੀ 400 ਗੁਣਾ ਤੋਂ ਵੀ ਜ਼ਿਆਦਾ ਵਧੀ ਹੈ। ਇਸ ਸਮੇਂ ਦੌਰਾਨ ਦੇਸ਼ ਸਿਰ 200 ਲੱਖ ਕਰੋੜ ਤੋਂ ਵੱਧ ਦਾ ਕਰਜ਼ਾ ਵੀ ਚੜ੍ਹਿਆ ਹੈ। ਜੇਕਰ ਦੇਸ਼ ਦੇ 99 ਫ਼ੀਸਦੀ ਲੋਕਾਂ ਦੀ ਪ੍ਰਤੀ ਵਿਅਕਤੀ ਸਾਲਾਨਾ ਆਮਦਨ 1 ਲੱਖ 20 ਹਜ਼ਾਰ ਹੈ ਤਾਂ ਉਨ੍ਹਾਂ ਸਿਰ ਪ੍ਰਤੀ ਜੀਅ ਤਕਰੀਬਨ 1 ਲੱਖ 40 ਹਜ਼ਾਰ ਕੇਂਦਰ ਸਰਕਾਰ ਦਾ ਕਰਜ਼ਾ ਵੀ ਹੈ, ਇਸ ਵਿਚ 1 ਲੱਖ 35 ਹਜ਼ਾਰ ਰੁਪਏ ਸੂਬੇ (ਪੰਜਾਬ) ਦਾ ਕਰਜ਼ਾ ਜੋੜ ਲਿਆ ਜਾਵੇ ਤਾਂ ਹਰ ਪੰਜਾਬੀ ਸਿਰ ਪੌਣੇ 3 ਲੱਖ ਤਾਂ ਸਰਕਾਰਾਂ ਦਾ ਚਾੜ੍ਹਿਆ ਹੋਇਆ ਹੀ ਕਰਜ਼ਾ ਹੈ ਅਤੇ ਉਨ੍ਹਾਂ ਦਾ ਨਿੱਜੀ ਕਰਜ਼ਾ ਇਸ ਤੋਂ ਵੱਖ ਹੈ।

ਇਸ ਆਮਦਨ ਦੇ ਫ਼ਰਕ ਦਾ ਸਮਾਜ 'ਤੇ ਬਹੁਤ ਬੁਰਾ ਪ੍ਰਭਾਵ ਪੈ ਰਿਹਾ ਹੈ। ਇਲੈਕਟ੍ਰਾਨਿਕ ਮੀਡੀਆ ਦੇ ਵਧਣ ਨਾਲ ਹਰੇਕ ਜਾਣਕਾਰੀ ਹੇਠਾਂ ਤੱਕ ਪਹੁੰਚਣ ਨਾਲ ਸਮਾਜ ਵਿੱਚ ਜਾਗਰੂਕਤਾ ਵੀ ਵਧੀ ਹੈ ਅਤੇ ਲੋਕ ਵਧ ਰਹੇ ਆਰਥਿਕ ਪਾੜੇ ਨੂੰ ਕੁਦਰਤ ਦਾ ਭਾਣਾ ਮੰਨਣ ਲਈ ਤਿਆਰ ਨਹੀਂ ਹਨ। ਦੂਜੇ ਪਾਸੇ ਦੇਸ਼ ਦੀ ਜੀ.ਡੀ.ਪੀ. ਤਾਂ ਵਧ ਰਹੀ ਹੈ, ਪਰ ਰੁਜ਼ਗਾਰ ਦੇ ਮੌਕੇ ਉਸੇ ਅਨੁਪਾਤ ਵਿਚ ਪੈਦਾ ਨਹੀਂ ਹੋ ਰਹੇ। ਭਾਵੇਂ ਸਰਕਾਰ ਵਲੋਂ 'ਮੁਦਰਾ ਯੋਜਨਾ' ਤਹਿਤ ਆਪਣਾ ਕਾਰੋਬਾਰ ਚਲਾਉਣ ਲਈ 33 ਲੱਖ ਕਰੋੜ ਰੁਪਏ 50 ਕਰੋੜ ਲੋਕਾਂ ਵਿੱਚ ਵੰਡ ਗਏ ਹਨ, ਪਰ ਧਰਾਤਲ 'ਤੇ ਇੰਨੇ ਕਾਰੋਬਾਰ ਨਜ਼ਰ ਨਹੀਂ ਆ ਰਹੇ।

ਭਾਰਤ ਦੀ ਕੁੱਲ ਆਬਾਦੀ 'ਚੋਂ 15 ਤੋਂ 65 ਸਾਲ ਉਮਰ ਦੀ 68 ਫ਼ੀਸਦੀ ਆਬਾਦੀ ਕੰਮ ਕਰਨ ਯੋਗ ਹੈ, ਜਿਸ ਦਾ ਮਤਲਬ 99 ਕਰੋੜ ਲੋਕ ਕੰਮ ਕਰ ਸਕਦੇ ਹਨ। ਜ਼ਰਾ ਸੋਚੋ ਕਿ 99 ਕਰੋੜ ਲੋਕ ਦਿਨ ਵਿੱਚ 4 ਘੰਟੇ ਵੀ ਕੰਮ ਕਰਨ ਤਾਂ ਕੀ ਕੁਝ ਪੈਦਾ ਨਹੀਂ ਕਰ ਸਕਦੇ। ਲੋਕਾਂ ਨੂੰ ਮੁਫ਼ਤ ਦੀ ਬਿਜਲੀ ਤੇ ਰਾਸ਼ਨ ਆਦਿ ਦੇਣ ਦੀ ਬਜਾਏ, ਉਨ੍ਹਾਂ ਨੂੰ ਕੰਮ ਦੀ ਉਜਰਤ ਦੇ ਕੇ ਮਿਹਨਤ ਦੀ ਕਮਾਈ ਕਰਨ ਦਿਉ। ਇਸ ਵੇਲੇ ਜੋ ਰੁਜ਼ਗਾਰ ਉਪਲਬਧ ਹੈ ਉਹ 70 ਫ਼ੀਸਦੀ ਮਜ਼ਦੂਰੀ ਹੀ ਹੈ। 45 ਫ਼ੀਸਦੀ ਲੋਕਾਂ ਕੋਲ ਕੋਈ ਵੀ ਕੰਮ ਨਹੀਂ, ਬਾਕੀ ਦੇ 55 ਫ਼ੀਸਦੀ 'ਚੋਂ 28 ਫ਼ੀਸਦੀ ਅਸੰਗਠਿਤ ਸੈਕਟਰ ਵਿੱਚ ਕੰਮ ਕਰਦੇ ਹਨ, ਜਿਨ੍ਹਾਂ ਦੇ ਰੁਜ਼ਗਾਰ ਤੇ ਆਮਦਨ ਕੋਈ ਸਾਰਥਿਕ ਅੰਕੜੇ ਨਹੀਂ ਹਨ ਕਿ ਉਹ ਕੀ ਕੰਮ ਕਰਦੇ ਹਨ। ਸਿਰਫ਼ 12 ਫ਼ੀਸਦੀ ਮੁਲਾਜ਼ਮ ਰੈਗੂਲਰ ਹਨ ਅਤੇ ਬਹੁਗਿਣਤੀ ਠੇਕੇ ਵਾਲਿਆਂ ਦੀ ਹੈ। ਸਾਲ 2014 ਵਿੱਚ 17 ਫ਼ੀਸਦੀ ਮੁਲਾਜ਼ਮ ਠੇਕੇ 'ਤੇ ਸਨ ਜੋ 2024 ਵਿੱਚ ਵਧ ਕੇ 40 ਫ਼ੀਸਦੀ ਹੋ ਗਏ ਹਨ। ਜਿਹੜੇ ਦੋ ਵੱਡੇ ਕਾਰਪੋਰੇਟਾਂ ਨੇ ਪਿਛਲੇ 11 ਸਾਲਾਂ ਵਿੱਚ ਸਭ ਤੋਂ ਵੱਧ ਤਰੱਕੀ ਕੀਤੀ ਹੈ, ਉਨ੍ਹਾਂ 'ਚੋਂ ਇੱਕ ਕੋਲ ਸਾਢੇ 3 ਲੱਖ ਦੇ ਕਰੀਬ ਮੁਲਾਜ਼ਮ ਹਨ, ਦੂਸਰੇ ਕੋਲ 46 ਹਜ਼ਾਰ ਲੋਕ ਕੰਮ ਕਰਦੇ ਹਨ। ਕੁੱਲ ਮਿਲਾ ਕੇ ਪ੍ਰਾਈਵੇਟ ਸੈਕਟਰ ਵਿੱਚ ਸਿਰਫ਼ ਸਾਢੇ 7 ਫ਼ੀਸਦੀ ਨੌਕਰੀਆਂ ਹਨ। ਪਬਲਿਕ ਸੈਕਟਰ ਵਿੱਚ ਵੀ ਪੱਕੀਆਂ ਨੌਕਰੀਆਂ 17 ਲੱਖ 30 ਹਜ਼ਾਰ ਤੋਂ ਘਟ ਕੇ ਤਕਰੀਬਨ 13.70 ਲੱਖ ਰਹਿ ਗਈਆਂ ਅਤੇ ਇਨ੍ਹਾਂ 'ਚੋਂ ਪੱਕੇ ਮੁਲਾਜ਼ਮ ਸਿਰਫ਼ 7.86 ਲੱਖ ਹਨ।

ਸਮਾਜ 'ਤੇ ਅਸਰ : ਵਧਦੀ ਆਬਾਦੀ, ਮਹਿੰਗਾਈ ਤੇ ਬੇਰੁਜ਼ਗਾਰੀ ਨੇ ਆਮ ਲੋਕਾਂ ਵਿਚ ਕਾਹਲਾਪਣ ਲਿਆਂਦਾ ਹੈ। ਉਹ ਸਵੇਰੇ ਤੋਂ ਸ਼ਾਮ ਤੱਕ ਜ਼ਿੰਦਗੀ ਦੀਆਂ ਲੋੜਾਂ ਪੂਰੀਆਂ ਕਰਨ ਵਿੱਚ ਲੱਗੇ ਰਹਿੰਦੇ ਹਨ ਅਤੇ ਜਦੋਂ ਲੋੜਾਂ ਪੂਰੀਆਂ ਨਹੀਂ ਹੁੰਦੀਆਂ ਤਾਂ ਉਨ੍ਹਾਂ ਦਾ 'ਹਾਰਮੋਨ ਲੈਵਲ' ਵਿਗੜ ਕੇ ਬਲੱਡ ਪ੍ਰੈਸ਼ਰ ਵਧਣ ਲਗਦਾ ਹੈ ਤੇ ਉਸ ਕਾਰਨ ਆਨੇ ਬਹਾਨੇ ਅਜਿਹੇ ਲੋਕ ਆਪਸ ਵਿੱਚ ਵੀ ਲੜਦੇ ਰਹਿੰਦੇ ਹਨ। ਕਈ ਮਨ ਦੀ ਨਿਰਾਸ਼ਤਾ ਤੇ ਉਦਾਸੀ ਕਾਰਨ ਕਿਸੇ ਦਾ ਸਹਾਰਾ ਲੈਣ ਲਈ ਬਾਬਿਆਂ ਦੇ ਡੇਰਿਆਂ ਜਾਂ ਕਿਸੇ ਵੱਡੇ ਬੰਦੇ ਵੱਲ ਵੀ ਭੱਜਦੇ ਹਨ, ਜੋ ਉਨ੍ਹਾਂ ਦੀ ਮਜਬੂਰੀ ਦਾ ਫ਼ਾਇਦਾ ਉਠਾ ਕੇ ਸਿੱਧੇ ਰਾਹ ਪਾਉਣ ਦੀ ਬਜਾਏ ਕੁਰਾਹੇ ਪਾ ਦਿੰਦੇ ਹਨ। ਅਜਿਹੀ ਹਾਲਤ ਵਿੱਚ ਫ਼ਸਿਆ ਬੰਦਾ ਮਾੜੇ ਤੋਂ ਮਾੜਾ ਕੰਮ ਕਰਨ ਲਈ ਵੀ ਤਿਆਰ ਹੋ ਜਾਂਦਾ ਹੈ। ਕਿਸੇ ਤੋਂ ਇੱਕ ਵਾਰ ਕੋਈ ਗਲਤ ਕੰਮ ਕਰਵਾਉਣ ਵਾਲਾ ਉਸ ਨੂੰ ਮੁੜ ਸਿੱਧੇ ਰਾਹ ਨਹੀਂ ਪੈਣ ਦਿੰਦਾ।

ਆਮ ਲੋਕਾਂ ਦੇ ਵਿਕਾਸ ਦੀਆਂ ਦੋ ਨਿਸ਼ਾਨੀਆਂ ਢਿੱਡ ਭਰ ਕੇ ਖਾਣਾ ਅਤੇ ਖੁਸ਼ ਰਹਿਣਾ ਹੈ। ਇਨ੍ਹਾਂ ਦੋਵਾਂ ਗੱਲਾਂ ਵਿੱਚ ਅਸੀਂ ਵਿਸ਼ਵ ਪੱਧਰ ਦੇ ਮੁਲਾਂਕਣ ਵਿੱਚ ਪਛੜੇ ਹੋਏ ਹਾਂ ਅਤੇ ਉਨ੍ਹਾਂ ਦੇਸ਼ਾਂ ਨਾਲ ਮੁਕਾਬਲਾ ਕਰ ਰਹੇ ਹਾਂ ਜੋ ਸਾਡੇ ਤੋਂ ਕਈ ਗੁਣਾ ਪਿੱਛੇ ਹਨ। ਗਲੋਬਲ ਹੰਗਰ ਇੰਡੈਕਸ ਵਿੱਚ ਭਾਰਤ 127 ਦੇਸ਼ਾਂ 'ਚੋਂ 105ਵੇਂ ਸਥਾਨ 'ਤੇ ਹੈ ਜਦਕਿ ਜਪਾਨ ਪਹਿਲੇ 22 ਦੇਸ਼ਾਂ ਵਿੱਚ ਸ਼ਾਮਿਲ ਹੈ। ਇਸੇ ਤਰ੍ਹਾਂ ਵਿਸ਼ਵ ਹੈਪੀਨੈੱਸ ਇੰਡੈਕਸ (ਖੁਸ਼ੀ ਸੂਚਕਾਂਕ) ਵਿੱਚ ਵੀ ਭਾਰਤ 147 ਦੇਸ਼ਾਂ 'ਚੋਂ 4.39 ਅੰਕਾਂ ਨਾਲ 118ਵੇਂ ਸਥਾਨ 'ਤੇ ਹੈ, ਜਦਕਿ ਜਪਾਨ 10 'ਚੋਂ 6.06 ਅੰਕਾਂ ਨਾਲ 50ਵੇਂ ਸਥਾਨ 'ਤੇ ਹੈ। ਸਮਾਜ ਵਿੱਚ ਪੈਸਾ ਇੰਨਾ ਭਾਰੂ ਹੋ ਗਿਆ ਹੈ ਕਿ ਪੈਸੇ ਨਾਲ ਕੋਈ ਵੀ ਕੰਮ ਕਰਵਾ ਲਵੋ।ਹੁਣ ਸੋਸ਼ਲ ਮੀਡੀਆ 'ਤੇ ਪੈਸੇ ਬਣਾਉਣ ਲਈ ਘਟੀਆ ਤੋਂ ਘਟੀਆ ਕਾਮੇਡੀ ਵਾਲੀਆਂ ਰੀਲਾਂ ਪਾਈਆਂ ਜਾਂਦੀਆਂ ਹਨ, ਜੋ ਪੰਜਾਬੀ ਸੱਭਿਅਤਾ ਦੇ ਅਨਕੂਲ ਨਹੀਂ ਹਨ। **(ਬਾਕੀ ਸਫ਼ਾ 31 'ਤੇ)**

# ਚੋਣ ਕਮਿਸ਼ਨ ਦੀ ਜਵਾਬਦੇਹੀ ਕਿਉਂ ਨਹੀਂ ਹੈ ?

**ਡਾ. ਗਿਆਨ ਪਾਠਕ**

ਆਜ਼ਾਦੀ ਦੇ ਬਾਅਦ ਤੋਂ ਅਜਿਹਾ ਕਦੇ ਨਹੀਂ ਹੋਇਆ ਸੀ, ਜਦੋਂ ਭਾਰਤੀ ਚੋਣ ਕਮਿਸ਼ਨ (ਈ.ਸੀ.ਆਈ.) 'ਤੇ ਲੋਕਾਂ ਵੱਲੋਂ ਇੰਨਾ ਖੁੱਲ੍ਹ ਕੇ ਅਵਿਸ਼ਵਾਸ ਪ੍ਰਗਟਾਇਆ ਜਾ ਰਿਹਾ ਹੋਵੇ। ਈ.ਸੀ.ਆਈ. ਨੂੰ ਚੋਣਾਂ ਦੌਰਾਨ ਇੱਕ ਨਿਰਪੱਖ ਅੰਪਾਇਰ ਦੇ ਰੂਪ ਵਿੱਚ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ, ਪਰ ਕਈ ਮੌਕਿਆਂ 'ਤੇ ਅਜਿਹਾ ਲੱਗਿਆ ਕਿ ਜਿਵੇਂ ਇਹ ਪ੍ਰਧਾਨ ਮੰਤਰੀ ਦਫ਼ਤਰ (ਪੀ.ਐਮ.ਓ.) ਦਾ ਹੀ ਇੱਕ ਹਿੱਸਾ ਹੋਵੇ। ਇਸ ਸੰਵਿਧਾਨਕ ਸੰਸਥਾ ਦੀ ਖ਼ੁਦਮੁਖਤਿਆਰੀ ਨੂੰ ਕਾਨੂੰਨੀ ਸਾਧਨਾਂ ਜਰੀਏ ਸੀਮਤ ਕਰ ਦਿੱਤਾ ਗਿਆ ਹੈ। ਇਸ ਨੂੰ ਚੋਣਾਂ ਦੇ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪੱਖ ਲੈਂਦਿਆਂ ਦੇਖਿਆ ਗਿਆ ਹੈ, ਖਾਸ ਤੌਰ 'ਤੇ ਉਨ੍ਹਾਂ ਦੇ ਨਫ਼ਰਤ ਭਰੇ ਭਾਸ਼ਨਾਂ ਦੇ ਮਾਮਲੇ ਵਿੱਚ ਤੇ ਚੋਣ ਦੇ ਬਾਅਦ ਇਹ ਚੋਣ ਡਾਟਾ ਵੀ ਬਲਾਕ ਕਰ ਰਿਹਾ ਹੈ। ਹਰਿਆਣਾ ਵਿੱਚ ਚੋਣ 5 ਅਕਤੂਬਰ, 2024 ਨੂੰ ਤੇ ਮਹਾਰਾਸ਼ਟਰ ਵਿੱਚ ਚੋਣ ਨਵੰਬਰ, 2024 ਵਿੱਚ ਹੋਏ ਸਨ, ਫਿਰ ਵੀ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੂੰ 7-8 ਮਹੀਨਿਆਂ ਦੀ ਦੇਰੀ ਬਾਅਦ ਚੋਣ ਡਾਟਾ ਹਾਸਿਲ ਕਰਨ ਲਈ ਕੋਈ 'ਪੱਕੀ ਤਾਰੀਖ' ਮੰਗਣੀ ਪੈ ਰਹੀ ਹੈ। ਰਾਹੁਲ ਗਾਂਧੀ ਨੇ ਕਿਹਾ ਕਿ ਵੋਟਰ ਸੂਚੀ ਸੌਂਪਣ ਲਈ ਚੋਣ ਕਮਿਸ਼ਨ ਦੁਆਰਾ ਉਠਾਇਆ ਗਿਆ ਪਹਿਲਾ ਚੰਗਾ ਕਦਮ ਹੈ, ਪਰ ਕੀ ਉਹ ਕਿਰਪਾ ਕਰਕੇ ਇਸ ਲਈ ਪੱਕੀ ਤਾਰੀਖ ਦਾ ਐਲਾਨ ਕਰੇਗਾ, ਜਦੋਂ ਤੱਕ ਇਹ ਡਾਟਾ ਪੜ੍ਹਨਯੋਗ ਫਾਰਮੈਟ ਵਿੱਚ ਸੌਂਪ ਦਿੱਤਾ ਜਾਵੇਗਾ ?

ਸਰਕਾਰ ਕਿਸ ਤਰ੍ਹਾਂ ਨਾਲ ਚੋਣ ਪ੍ਰਕਿਰਿਆ ਵਿੱਚ ਦਖ਼ਲ ਦੇ ਰਹੀ ਹੈ ਤੇ ਭਾਰਤੀ ਚੋਣ ਕਮਿਸ਼ਨ ਪੀ.ਐਮ.ਓ. ਦੀ ਇੱਛਾ ਅੱਗੇ ਝੁਕ ਰਿਹਾ ਹੈ, ਇਹ ਦਸੰਬਰ, 2024 ਨੂੰ ਸਪੱਸ਼ਟ ਹੋ ਗਿਆ ਸੀ ਜਦੋਂ ਕੇਂਦਰੀ ਕਾਨੂੰਨ ਮੰਤਰਾਲੇ ਨੇ ਚੋਣ ਕਮਿਸ਼ਨ ਦੇ 1961 ਦੇ ਨਿਯਮ 93 (2) ਵਿੱਚ ਸੋਧ ਕਰ ਦਿੱਤੀ ਸੀ, ਤਾਂ ਜੋ ਜਨਤਕ ਨਿਰੀਖਣ ਲਈ ਖੁੱਲ੍ਹੇ ਦਸਤਾਵੇਜ਼ਾਂ ਦੀ ਕਿਸਮ 'ਤੇ ਪਾਬੰਦੀ ਲਗਾਈ ਜਾ ਸਕੇ। ਇਹ ਮਾਮਲਾ ਸੁਪਰੀਮ ਕੋਰਟ ਵਿੱਚ ਗਿਆ, ਜਿਸ 'ਚ ਪਟੀਸ਼ਨਕਰਤਾ ਨੇ ਕਿਹਾ ਕਿ ਚੋਣ ਸੰਚਾਲਨ (ਦੂਜੀ ਸੋਧ) ਨਿਯਮ, 2024 ਨਾਗਰਿਕਾਂ ਦੀ ਚੋਣ ਸੰਬੰਧੀ ਮਹੱਤਵਪੂਰਨ ਦਸਤਾਵੇਜ਼ਾਂ ਤੱਕ ਪਹੁੰਚ 'ਤੇ ਰੋਕ ਲਗਾਉਂਦੀ ਹੈ ਅਤੇ ਇਹ ਸੰਵਿਧਾਨ ਦੇ ਅਨੁਛੇਦ 14, 19 ਤੇ 21 ਦੀ ਉਲੰਘਣਾ ਹੈ। ਸਰਕਾਰ ਨੇ ਕਿਹਾ ਕਿ ਉਸ ਨੂੰ ਵੋਟਰਾਂ ਦੀ ਗੁਪਤਤਾ ਦੀ ਰੱਖਿਆ ਕਰਨ ਦੀ ਲੋੜ ਹੈ। ਇਹ ਸਪੱਸ਼ਟ ਸੀ ਕਿ ਚੋਣ ਡਾਟਾ ਪ੍ਰਦਾਨ ਨਾ ਕਰਨ ਲਈ ਸਰਕਾਰ ਇੱਕ ਇੱਛੁਕ ਧਿਰ ਸੀ ਤੇ ਚੋਣ ਕਮਿਸ਼ਨ ਡਾਟਾ ਨਹੀਂ ਦੇ ਰਿਹਾ। ਸਵਾਲ ਇਹ ਹੈ ਕਿ ਡਾਟਾ ਨਾ ਦੇ ਕੇ ਚੋਣ ਕਮਿਸ਼ਨ ਤੇ ਮੋਦੀ ਸਰਕਾਰ ਕੀ ਛੁਪਾਉਣਾ ਚਾਹੁੰਦੀ ਹੈ ? ਫਿਰ ਚੋਣ ਪ੍ਰਕਿਰਿਆ ਵਿੱਚ ਪਾਰਦਰਸ਼ਤਾ ਕਿੱਥੇ ਹੈ ? ਜਦੋਂ ਸਰਕਾਰ ਤੇ ਚੋਣ ਕਮਿਸ਼ਨ ਦੋਹਾਂ ਦੁਆਰਾ ਬੜੀ ਸਾਵਧਾਨੀ ਨਾਲ ਸੱਚ ਛੁਪਾਇਆ ਜਾ ਰਿਹਾ ਹੋਵੇ ਤਾਂ ਕੋਈ ਵੀ ਵਿਅਕਤੀ ਚੋਣ ਪ੍ਰਕਿਰਿਆ 'ਤੇ ਵਿਸ਼ਵਾਸ ਕਿਵੇਂ ਕਰ ਸਕਦਾ ਹੈ ?



ਚੋਣ ਕਮਿਸ਼ਨ ਦੀ ਮੋਦੀ ਸਰਕਾਰ ਦੀ ਇੱਛਾ ਅਨੁਸਾਰ ਚੱਲਣ ਦੀ ਇਹ ਕੋਈ ਇਕਮਾਤਰ ਉਦਾਹਰਨ ਨਹੀਂ ਹੈ। ਜ਼ਰਾ ਚੋਣ ਬਾਂਡ ਯੋਜਨਾ ਮਾਮਲੇ ਨੂੰ ਯਾਦ ਕਰੋ। ਲੋਕ ਸਭਾ ਚੋਣਾਂ-2024 ਤੋਂ ਕੁਝ ਮਹੀਨੇ ਪਹਿਲਾਂ ਹੀ ਮੋਦੀ ਸਰਕਾਰ ਦੀ ਚੋਣ ਬਾਂਡ ਯੋਜਨਾ ਨੂੰ ਸਰਬਉੱਚ ਅਦਾਲਤ ਦੁਆਰਾ ਗੈਰ-ਕਾਨੂੰਨੀ ਐਲਾਨਣ ਅਤੇ ਦਾਨ ਦੇਣ ਵਾਲਿਆਂ ਤੇ ਫੰਡ ਪ੍ਰਾਪਤ ਕਰਨ ਵਾਲੀਆਂ ਰਾਜਨੀਤਕ ਪਾਰਟੀਆਂ ਦੇ ਵੇਰਵੇ ਪ੍ਰਕਾਸ਼ਿਤ ਕਰਨ ਦੇ ਲਈ ਚੋਣ ਕਮਿਸ਼ਨ ਨੂੰ ਆਦੇਸ਼ ਦੇਣ ਬਾਅਦ ਵੀ ਚੋਣ ਕਮਿਸ਼ਨ ਨੇ ਸੁਪਰੀਮ ਕੋਰਟ ਵਿੱਚ ਕੁਝ ਤਰਕ ਦੇ ਕੇ ਇਹ ਵੇਰਵੇ ਪ੍ਰਕਾਸ਼ਿਤ ਨਾ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਸੀ। ਭਾਵੇਂ ਸੁਪਰੀਮ ਕੋਰਟ ਦੇ ਨਿਰਦੇਸ਼ ਦੇ ਬਾਅਦ ਚੋਣ ਕਮਿਸ਼ਨ ਨੂੰ ਇਹ ਡਾਟਾ ਪ੍ਰਕਾਸ਼ਿਤ ਕਰਨਾ ਪਿਆ ਸੀ। ਚੋਣ ਕਮਿਸ਼ਨ ਨੇ ਚੋਣ ਬਾਂਡ ਯੋਜਨਾ 2018 ਦੇ ਅਨੁਸਾਰ ਦਾਨ ਦੇਣ ਵਾਲਿਆਂ ਦੀ ਗੁਪਤਤਾ ਦੀ ਰੱਖਿਆ ਕਰਨ ਦੀ ਲੋੜ ਦਾ ਤਰਕ ਸਪੱਸ਼ਟ ਤੌਰ 'ਤੇ ਸੱਤਾਧਾਰੀ ਪਾਰਟੀ ਦਾ ਸਮਰਥਨ ਕਰਨ ਵਾਲਾ ਹੈ।

ਤਿੰਨ ਮੈਂਬਰੀ ਚੋਣ ਕਮਿਸ਼ਨ ਇੰਨਾ ਕਮਜ਼ੋਰ ਕਿਉਂ ਹੋ ਗਿਆ ਹੈ ਕਿ ਉਸ ਨੂੰ ਸੱਤਾਧਾਰੀ ਪਾਰਟੀ ਦੇ ਹਰ ਹੁਕਮ ਦਾ ਪਾਲਣ ਕਰਨਾ ਪਵੇ ? ਸ਼ਾਇਦ ਅਜਿਹਾ ਇਸ ਲਈ ਹੈ, ਕਿਉਂਕਿ ਮੁੱਖ ਚੋਣ ਕਮਿਸ਼ਨਰ ਨੂੰ ਛੱਡ ਕੇ ਹੋਰ ਚੋਣ ਕਮਿਸ਼ਨਰਾਂ ਨੂੰ (ਨਿਯੁਕਤੀ, ਸੇਵਾ ਦੀਆਂ ਸ਼ਰਤਾਂ ਤੇ ਕਾਰਜਕਾਲ) ਐਕਟ 2023 ਰਾਹੀਂ ਸੰਵਿਧਾਨਕ ਰੂਪ ਵਿੱਚ ਅਸੁਰੱਖਿਅਤ ਬਣਾ ਦਿੱਤਾ ਗਿਆ ਹੈ। ਕੇਵਲ ਮੁੱਖ ਚੋਣ ਕਮਿਸ਼ਨਰ ਨੂੰ ਹਟਾਏ ਜਾਣ ਦੇ ਵਿਰੁੱਧ ਹੀ ਸੰਵਿਧਾਨਿਕ ਤੌਰ 'ਤੇ ਸੁਰੱਖਿਆ ਪ੍ਰਾਪਤ ਹੈ। ਦੂਜੇ ਚੋਣ ਕਮਿਸ਼ਨਰਾਂ ਦਾ ਕਾਰਜਕਾਲ ਮੁੱਖ ਚੋਣ ਕਮਿਸ਼ਨਰ ਦੀ ਇੱਛਾ 'ਤੇ ਨਿਰਭਰ ਹੈ। ਇਸ ਤੋਂ ਇਲਾਵਾ ਨਵੇਂ ਕਾਨੂੰਨ ਦੇ ਤਹਿਤ ਉਨ੍ਹਾਂ ਨੂੰ ਨਿਯੁਕਤ ਕਰਨ ਦਾ ਅਧਿਕਾਰ ਅੰਤਿਮ ਤੌਰ 'ਤੇ ਪ੍ਰਧਾਨ ਮੰਤਰੀ ਕੋਲ ਹੀ ਹੈ, ਜਿਸ ਨੂੰ ਨਿਯੁਕਤੀ ਕਮੇਟੀ ਤੋਂ ਭਾਰਤ ਦੇ ਮੁੱਖ ਜੱਜ ਨੂੰ ਹਟਾ ਕੇ ਸੁਰੱਖਿਅਤ ਕੀਤਾ ਗਿਆ ਹੈ। ਚੋਣ ਕਮਿਸ਼ਨਰਾਂ ਦੀ ਨਿਯੁਕਤੀ 'ਚ ਨਿਰਪੱਖਤਾ ਖ਼ਤਮ ਹੋ ਗਈ ਹੈ ਤੇ ਉਨ੍ਹਾਂ ਦੀ ਨਿਯੁਕਤੀ ਵਿੱਚ ਕੋਈ ਪਾਰਦਰਸ਼ਤਾ ਨਹੀਂ ਰਹਿ ਗਈ ਹੈ। ਨਵੰਬਰ 2021 ਵਿੱਚ ਕੇਂਦਰੀ ਕਾਨੂੰਨ ਮੰਤਰਾਲੇ ਵੱਲੋਂ ਭਾਰਤੀ ਚੋਣ ਕਮਿਸ਼ਨ ਨੂੰ ਪੀ.ਐਮ.ਓ. ਦੇ ਨਾਲ ਮੀਟਿੰਗ ਵਿਚ ਸ਼ਾਮਿਲ ਹੋਣ ਲਈ ਕਿਹਾ ਗਿਆ ਤਾਂ ਉਨ੍ਹਾਂ ਮੀਟਿੰਗ ਵਿੱਚ ਹਿੱਸਾ ਲਿਆ ਸੀ। ਇਹ ਸਪੱਸ਼ਟ ਰੂਪ ਤੋਂ ਪੀ.ਐਮ.ਓ. ਦੁਆਰਾ ਈ.ਸੀ.ਆਈ. ਦੀ ਅਧੀਨਤਾ ਦਾ ਮਾਮਲਾ ਸੀ। ਜਦੋਂ ਵਿਵਾਦ ਹੋਇਆ ਤਾਂ ਕੇਂਦਰੀ ਕਾਨੂੰਨ ਮੰਤਰੀ ਨੇ ਇੱਕ ਸਪੱਸ਼ਟੀਕਰਨ ਜਾਰੀ ਕਰਦਿਆਂ ਕਿਹਾ ਹੈ ਕਿ ਇਹ ਇੱਕ ਨੋਡਲ ਏਜੰਸੀ ਹੈ ਤੇ ਚੋਣ ਸੁਧਾਰ ਨਾਲ ਸੰਬੰਧਿਤ ਕਈ ਮੁੱਦੇ 2011 ਤੋਂ ਲੰਬਿਤ ਹਨ। ਬਾਅਦ 'ਚ ਪੀ.ਐਮ.ਓ. ਨੇ ਸਪੱਸ਼ਟ ਕੀਤਾ ਕਿ ਇਹ ਇੱਕ 'ਗੈਰ-ਰਸਮੀ ਗੱਲਬਾਤ' ਸੀ। ਬਿਨਾਂ ਸ਼ੱਕ ਚੋਣ ਕਮਿਸ਼ਨ ਨੂੰ ਕਮਜ਼ੋਰ ਕੀਤਾ ਗਿਆ ਹੈ। ਇਸ ਨੂੰ 2019 ਦੀਆਂ ਚੋਣਾਂ ਦੌਰਾਨ ਵਾਪਰੀ ਇੱਕ ਘਟਨਾ ਵਿੱਚ ਵੀ ਵੇਖਿਆ ਜਾ ਸਕਦਾ ਹੈ। ਪ੍ਰਧਾਨ ਮੰਤਰੀ ਮੋਦੀ ਤੇ ਅਮਿਤ ਸ਼ਾਹ ਦੇ ਖ਼ਿਲਾਫ਼ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਦੀਆਂ ਸ਼ਿਕਾਇਤਾਂ ਦਰਜ ਸਨ, ਜਿਨ੍ਹਾਂ 'ਚ ਘ੍ਰਿਣਾ ਵਾਲੀ ਭਾਸ਼ਾ ਵਰਤਣ ਦਾ ਦੋਸ਼ ਵੀ ਸ਼ਾਮਿਲ ਸੀ। ਪਰ ਚੋਣ ਕਮਿਸ਼ਨ ਨੇ ਬਹੁਮਤ ਦੇ ਫ਼ੈਸਲੇ ਨਾਲ ਉਨ੍ਹਾਂ ਨੂੰ ਕਲੀਨ ਚਿੱਟ ਦੇ ਦਿੱਤੀ, ਹਾਲਾਂਕਿ ਇੱਕ ਚੋਣ ਕਮਿਸ਼ਨਰ ਨੇ ਅਸਹਿਮਤੀ ਨੋਟ ਦਿੱਤਾ ਸੀ। ਇਸ ਦੇ ਬਾਅਦ ਆਮਦਨ ਟੈਕਸ ਵਿਭਾਗ ਨੇ ਸੰਬੰਧਿਤ ਚੋਣ ਕਮਿਸ਼ਨਰ ਦੇ ਰੂਪ 'ਚ ਉਨ੍ਹਾਂ ਦੀ ਨਿਯੁਕਤੀ ਤੋਂ ਪਹਿਲਾਂ ਦੀ ਮਿਆਦ ਲਈ ਉਨ੍ਹਾਂ ਦੀ ਪਤਨੀ ਨੂੰ ਨੋਟਿਸ ਜਾਰੀ ਕੀਤੇ। ਇਸ ਦੇ ਬਾਅਦ ਉਸ ਅਸੰਤੁਸ਼ਟ ਚੋਣ ਕਮਿਸ਼ਨਰ ਨੇ ਮੀਟਿੰਗਾਂ ਵਿੱਚ ਭਾਗ ਲੈਣਾ ਬੰਦ ਕਰ ਦਿੱਤਾ ਤੇ ਕਿਹਾ ਕਿ ਘੱਟ ਗਿਣਤੀ ਦੀ ਰਾਇ ਨੂੰ ਬਹੁ-ਮੈਂਬਰੀ ਵਿਧਾਨਕ ਸੰਸਥਾਵਾਂ ਦੁਆਰਾ ਸਥਾਪਿਤ ਪਰੰਪਰਾਵਾਂ ਦੇ ਉਲਟ ਗ਼ਲਤ ਤਰੀਕੇ ਨਾਲ ਦਬਾਇਆ ਜਾ ਰਿਹਾ ਹੈ। 2024 ਦੀਆਂ ਲੋਕ ਸਭਾ ਚੋਣਾਂ ਦੌਰਾਨ ਇੱਕ ਚੋਣ ਕਮਿਸ਼ਨਰ ਨੇ ਅਸਤੀਫ਼ਾ ਦੇ ਦਿੱਤਾ ਸੀ, ਕਿਉਂਕਿ ਕੋਲਕਾਤਾ ਵਿੱਚ ਇੱਕ ਬੈਠਕ ਦੌਰਾਨ ਮੁੱਖ ਚੋਣ ਕਮਿਸ਼ਨਰ ਤੇ ਉਸ ਵਿਚਕਾਰ ਮਤਭੇਦ ਪੈਦਾ ਹੋਣ ਕਰਕੇ ਵਿਵਾਦ ਭੜਕ ਗਿਆ ਸੀ। ਦਿੱਲੀ ਪਰਤਣ ਤੋਂ ਬਾਅਦ ਉਸ ਨੂੰ ਅਸਤੀਫ਼ਾ ਦੇਣਾ ਪਿਆ, ਕਿਉਂਕਿ ਨਵੇਂ ਕਾਨੂੰਨ ਦੇ ਤਹਿਤ ਚੋਣ ਕਮਿਸ਼ਨਰ ਨੂੰ ਹਟਾਏ ਜਾਣ ਦੇ ਖ਼ਿਲਾਫ਼ ਸੰਵਿਧਾਨਕ ਸੁਰੱਖਿਆ ਪ੍ਰਾਪਤ ਨਹੀਂ ਸੀ।

**(ਬਾਕੀ ਸਫ਼ਾ 30 'ਤੇ)**

# ਭਗਵਿਆਂ ਦੀ ਬੋਲੀ ਬੋਲਦੀ ਹੈ ਅਦਾਲਤ !



ਅਪੂਰਵਾਨੰਦ
(ਲੇਖਕ ਦਿੱਲੀ ਯੂਨੀਵਰਸਿਟੀ ਵਿੱਚ ਪੜ੍ਹਾਉਂਦੇ ਹਨ।)

ਅਸੀਂ ਭਾਰਤ ਦੇ ਕਈ ਇਲਾਕਿਆਂ ਵਿੱਚ ਪੁਲਿਸ ਅਤੇ ਹਿੰਦੂਤਵਵਾਦੀ ਭੀੜ ਨੂੰ ਇੱਕੋ ਜਿਹੇ ਤਰੀਕੇ ਨਾਲ ਕੰਮ ਕਰਦੇ ਵੇਖਿਆ ਹੈ, ਖਾਸ ਕਰਕੇ ਮੁਸਲਮਾਨਾਂ ਅਤੇ ਇਸਾਈਆਂ ਦੇ ਮਾਮਲਿਆਂ ਵਿੱਚ ਪਰ ਜਦੋਂ ਅਦਾਲਤ ਵੀ ਹਿੰਦੂਤਵਵਾਦੀ ਰਾਸ਼ਟਰਵਾਦੀਆਂ ਵਾਂਗ ਸੋਚਣ ਅਤੇ ਬੋਲਣ ਲੱਗ ਜਾਵੇ, ਤਾਂ ਸਾਨੂੰ ਸੁਚੇਤ ਹੋ ਜਾਣਾ ਚਾਹੀਦਾ ਹੈ। ਪਾਣੀ ਸਿਰ ਤੋਂ ਉੱਪਰ ਨਿਕਲ ਗਿਆ ਹੈ। ਇਹ ਚਿਤਾਵਨੀ ਸਾਨੂੰ ਮੁੰਬਈ ਅਤੇ ਦਿੱਲੀ ਦੀਆਂ ਦੋ ਘਟਨਾਵਾਂ ਤੋਂ ਮਿਲੀ ਹੈ।

ਇੱਕ ਘਟਨਾ ਮੁੰਬਈ ਹਾਈ ਕੋਰਟ ਦੀ ਟਿੱਪਣੀ ਨਾਲ ਜੁੜੀ ਹੈ ਅਤੇ ਦੂਜੀ ਦਿੱਲੀ ਦੇ ਨਹਿਰੂ ਪਲੇਸ ਵਿੱਚ ਭੀੜ ਦੀ ਪ੍ਰਤੀਕਿਰਿਆ ਨਾਲ। ਦੋਵਾਂ ਦਾ ਸਬੰਧ ਗਾਜ਼ਾ ਵਿੱਚ ਇਜ਼ਰਾਇਲ ਵੱਲੋਂ ਕੀਤੇ ਜਾ ਰਹੇ ਕਤਲੇਆਮ ਨਾਲ ਹੈ। ਮੁੰਬਈ ਹਾਈ ਕੋਰਟ ਦੇ ਕਮਰੇ ਅਤੇ ਦਿੱਲੀ ਦੇ ਨਹਿਰੂ ਪਲੇਸ ਵਿੱਚ ਕੀ ਸਾਂਝ ਹੈ ?

ਫਲਸਤੀਨੀਆਂ ਦੇ ਕਤਲੇਆਮ ਵਿਰੁੱਧ ਭਾਰਤ ਵਿੱਚ ਆਵਾਜ਼ ਕਿਉਂ ਉਠਾਉਣੀ ? ਸਾਡੇ ਕੋਲ ਆਪਣੀਆਂ ਹੀ ਇੰਨੀਆਂ ਸਮੱਸਿਆਵਾਂ ਹਨ ! ਇਹ ਕੋਈ ਸੜਕ 'ਤੇ ਤੁਰਦਾ ਆਮ ਬੰਦਾ ਨਹੀਂ ਸੀ ਬੋਲ ਰਿਹਾ, ਸਗੋਂ ਮੁੰਬਈ ਹਾਈ ਕੋਰਟ ਨੇ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਨੂੰ ਇਹ ਝਿੜਕ ਮਾਰੀ ਹੈ। ਪਾਰਟੀ ਨੇ ਅਦਾਲਤ ਵਿੱਚ ਅਰਜ਼ੀ ਪਾ ਕੇ ਗਾਜ਼ਾ ਵਿੱਚ ਇਜ਼ਰਾਇਲ ਦੇ ਕਤਲੇਆਮ ਵਿਰੁੱਧ ਪ੍ਰਦਰਸ਼ਨ ਦੀ ਇਜਾਜ਼ਤ ਮੰਗੀ ਸੀ।

ਪੁਲਿਸ ਨੇ ਪਹਿਲਾਂ ਹੀ ਇਸ ਪ੍ਰਦਰਸ਼ਨ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਇਸ ਤੋਂ ਬਾਅਦ ਸੀ.ਪੀ.ਆਈ. (ਐਮ) ਨੇ ਅਦਾਲਤ ਦਾ ਦਰਵਾਜ਼ਾ ਖੜਕਾਇਆ। ਪਰ ਅਦਾਲਤ ਨੇ ਨਾ ਸਿਰਫ ਇਜਾਜ਼ਤ ਦੇਣ ਤੋਂ ਮਨ੍ਹਾ ਕਰ ਦਿੱਤਾ, ਸਗੋਂ ਅਰਜ਼ੀ ਪਾਉਣ ਵਾਲਿਆਂ ਨੂੰ ਨਸੀਹਤ ਦੇ ਦਿੱਤੀ ਕਿ ਉਹ ਦੇਸ਼ਭਗਤ ਬਣਨ, ਆਪਣੇ ਦੇਸ਼ ਦੀਆਂ ਸਮੱਸਿਆਵਾਂ 'ਤੇ ਧਿਆਨ ਦੇਣ ਅਤੇ ਗਾਜ਼ਾ ਵਰਗੇ ਦੂਰ-ਦੁਰਾਡੇ ਮਸਲਿਆਂ ਨੂੰ ਛੱਡ ਦੇਣ।

ਕੀ ਦੇਸ਼ਭਗਤੀ ਅਤੇ ਫਲਸਤੀਨੀਆਂ ਨਾਲ ਹਮਦਰਦੀ ਵਿੱਚ ਕੋਈ ਵਿਰੋਧ ਹੈ ? ਅਦਾਲਤ ਤੋਂ ਇਹ ਸਵਾਲ ਪੁੱਛਿਆ ਜਾ ਸਕਦਾ ਹੈ।

ਦੇਸ਼ਭਗਤ ਬਣੋ ! ਇਸ ਹੁਕਮ ਦਾ ਕੀ ਮਤਲਬ ਹੈ ? ਕੀ ਇਹ ਕਿ ਦੂਜਿਆਂ ਦੇ ਦੁੱਖ-ਦਰਦ ਨਾਲ ਕੋਈ ਸਬੰਧ ਨਾ ਰੱਖੋ ਅਤੇ ਸੁਆਰਥੀ ਬਣ ਜਾਓ ? ਕੀ ਦੇਸ਼ਭਗਤੀ ਸਾਨੂੰ ਸਿਖਾਉਂਦੀ ਹੈ ਕਿ ਅਸੀਂ ਸਿਰਫ ਆਪਣੇ ਬਾਰੇ ਸੋਚੀਏ ਅਤੇ ਆਲੇ-ਦੁਆਲੇ ਹੋ ਰਹੀਆਂ ਘਟਨਾਵਾਂ ਤੋਂ ਅੱਖਾਂ-ਕੰਨ ਬੰਦ ਕਰ ਲਈਏ ?

ਦੁਨੀਆਂ ਦੇ ਮਹਾਨ ਦਾਰਸ਼ਨਿਕਾਂ ਨੇ ਦੇਸ਼ਭਗਤੀ ਦੀਆਂ ਜਿੰਨੀਆਂ ਵੀ ਵਿਆਖਿਆਵਾਂ ਕੀਤੀਆਂ ਹਨ, ਉਨ੍ਹਾਂ ਵਿੱਚ ਸੰਕੀਰਣਤਾ ਦੀ ਕੋਈ ਥਾਂ ਨਹੀਂ। ਦੇਸ਼ਭਗਤੀ ਵੱਖਰੇਵੇਂ ਦੀ ਨਹੀਂ, ਸਗੋਂ ਜੁੜਾਅ ਦੀ ਗੱਲ ਕਰਦੀ ਹੈ। ਕੀ ਫਲਸਤੀਨ ਸ਼ਬਦ ਵਿੱਚ ਕੁਝ ਅਜਿਹਾ ਹੈ ਜੋ ਦੇਸ਼ਭਗਤ ਕੰਨਾਂ ਨੂੰ ਚੁਭਦਾ ਹੈ ?

ਕੁਝ ਲੋਕ ਕਹਿ ਸਕਦੇ ਹਨ ਕਿ ਇਹ ਜੱਜ ਦੀ ਸੁਭਾਵਕ ਪ੍ਰਤੀਕਿਰਿਆ ਸੀ ਅਤੇ ਉਨ੍ਹਾਂ ਨੇ ਇਹ ਆਪਣੇ ਹੁਕਮ ਵਿੱਚ ਨਹੀਂ ਲਿਖਿਆ। ਪਰ ਸਾਡੇ ਲਈ ਚਿੰਤਾ ਦੀ ਗੱਲ ਇਹੀ ਸੁਭਾਵਕਤਾ ਹੈ। ਕੋਈ ਵੀ ਕਿਸੇ ਨੂੰ ਦੇਸ਼ਭਗਤ ਬਨਣ ਦੀ ਨਸੀਹਤ ਦੇਣ ਦਾ ਹੱਕ ਨਹੀਂ ਰੱਖਦਾ। ਇਸ ਤੋਂ ਵੀ ਵੱਡੀ ਚਿੰਤਾ ਦੀ ਗੱਲ ਹੈ ਕਿ ਜੱਜ ਕਹਿ ਰਹੇ ਹਨ ਕਿ ਦੇਸ਼ਭਗਤ ਬਨਣ ਲਈ ਜ਼ਰੂਰੀ ਹੈ ਕਿ ਤੁਸੀਂ ਕਿਸੇ ਹੋਰ ਨਾਲ ਹਮਦਰਦੀ ਨਾ ਵਿਖਾਓ।

ਸੀ.ਪੀ.ਆਈ. (ਐਮ) ਦੀ ਅਰਜ਼ੀ ਨੂੰ ਰੱਦ ਕਰਦੇ ਹੋਏ ਅਦਾਲਤ ਨੇ ਕਿਹਾ, ਸਾਡੇ ਦੇਸ਼ ਵਿੱਚ ਬਹੁਤ ਸਾਰੀਆਂ ਸਮੱਸਿਆਵਾਂ ਹਨ... ਮੈਨੂੰ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਤੁਸੀਂ ਦੂਰਦਰਸ਼ੀ ਨਹੀਂ ਹੋ। ਤੁਸੀਂ ਗਾਜ਼ਾ ਅਤੇ ਫਲਸਤੀਨ ਨੂੰ ਤਾਂ ਵੇਖਦੇ ਹੋ, ਪਰ ਇੱਥੋਂ ਦੀਆਂ ਚੀਜ਼ਾਂ ਨੂੰ ਨਜ਼ਰਅੰਦਾਜ਼ ਕਰ ਰਹੇ ਹੋ। ਤੁਸੀਂ ਆਪਣੇ ਦੇਸ਼ ਲਈ ਕੁਝ ਕਿਉਂ ਨਹੀਂ ਕਰਦੇ ? ਆਪਣੇ ਦੇਸ਼ ਵੱਲ ਵੇਖੋ। ਦੇਸ਼ਭਗਤ ਬਣੋ। ਲੋਕ ਕਹਿੰਦੇ ਹਨ ਕਿ ਉਹ ਦੇਸ਼ਭਗਤ ਹਨ, ਪਰ ਇਹ ਦੇਸ਼ਭਗਤੀ ਨਹੀਂ। ਪਹਿਲਾਂ ਆਪਣੇ ਦੇਸ਼ ਦੇ ਨਾਗਰਿਕਾਂ ਲਈ ਦੇਸ਼ਭਗਤੀ ਵਿਖਾਓ।

ਅਦਾਲਤ ਨੇ ਕਿਹਾ ਕਿ ਪਾਰਟੀ ਨੂੰ ਪਹਿਲਾਂ ਕੂੜੇ-ਕਰਕਟ, ਪ੍ਰਦੂਸ਼ਣ, ਨਾਲੀਆਂ ਵਰਗੀਆਂ ਸਮੱਸਿਆਵਾਂ 'ਤੇ ਪ੍ਰਦਰਸ਼ਨ ਕਰਨਾ ਚਾਹੀਦਾ ਹੈ। ਅਦਾਲਤ ਨੇ ਇਹ ਵੀ ਕਿਹਾ ਕਿ ਬਾਹਰ ਕੀ ਹੋ ਰਿਹਾ ਹੈ, ਇਹ ਵਿਦੇਸ਼ ਨੀਤੀ ਦਾ ਮਾਮਲਾ ਹੈ ਅਤੇ ਇਸ ਨੂੰ ਸਰਕਾਰ 'ਤੇ ਛੱਡ ਦੇਣਾ ਚਾਹੀਦਾ ਹੈ।

ਆਲੋਚਕਾਂ ਨੇ ਸਹੀ ਕਿਹਾ ਕਿ ਅਦਾਲਤ ਸੰਵਿਧਾਨਕ ਅਧਿਕਾਰਾਂ ਨੂੰ ਭੁੱਲ ਗਈ ਜਾਪਦੀ ਹੈ। ਭਾਰਤ ਦੇ ਲੋਕਾਂ ਨੂੰ ਆਪਣੇ ਵਿਚਾਰ ਰੱਖਣ ਅਤੇ ਉਨ੍ਹਾਂ ਨੂੰ ਜ਼ਾਹਿਰ ਕਰਨ ਦਾ ਪੂਰਾ ਹੱਕ ਹੈ। ਲੋਕ ਆਪਣੇ ਇਹ ਅਧਿਕਾਰ ਸਰਕਾਰ ਕੋਲ ਗਿਰਵੀ ਨਹੀਂ ਰੱਖ ਸਕਦੇ। ਇਜ਼ਰਾਇਲ ਅਤੇ ਫਲਸਤੀਨ 'ਤੇ ਸਰਕਾਰ ਦੇ ਰੁਖ ਦਾ ਵਿਰੋਧ ਕਰਨ ਦਾ ਵੀ ਭਾਰਤ ਦੇ ਲੋਕਾਂ ਨੂੰ ਹੱਕ ਹੈ ਅਤੇ ਇਸ ਨੂੰ ਖੋਹਿਆ ਨਹੀਂ ਜਾ ਸਕਦਾ।

ਮੁੰਬਈ ਦੀ ਅਦਾਲਤ ਜੋ ਕਹਿ ਰਹੀ ਸੀ, ਉਹੀ ਗੱਲ ਦਿੱਲੀ ਦੇ ਨਹਿਰੂ ਪਲੇਸ ਵਿੱਚ ਇੱਕ ਭੀੜ ਵੀ ਕਹਿ ਰਹੀ ਸੀ। ਲਗਭਗ 30-40 ਲੋਕ ਨਹਿਰੂ ਪਲੇਸ ਵਿੱਚ ਫਲਸਤੀਨੀਆਂ ਦੇ ਕਤਲੇਆਮ ਵਿਰੁੱਧ ਪ੍ਰਦਰਸ਼ਨ ਕਰਨ ਲਈ ਇਕੱਠੇ ਹੋਏ। ਉਨ੍ਹਾਂ ਦੇ ਹੱਥਾਂ ਵਿੱਚ ਫਲਸਤੀਨੀ ਝੰਡੇ ਸਨ। ਉਹ ਇਕੱਠੇ ਹੁੰਦੇ ਹੀ, ਆਲੇ-ਦੁਆਲੇ ਦੀਆਂ ਦੁਕਾਨਾਂ ਤੋਂ ਕੁਝ ਲੋਕ ਨਿਕਲ ਆਏ ਅਤੇ ਉਨ੍ਹਾਂ ਨੇ ਫਲਸਤੀਨੀ ਝੰਡੇ ਖੋਹ ਕੇ ਫਾੜ ਦਿੱਤੇ। ਉਨ੍ਹਾਂ ਨੇ ਪ੍ਰਦਰਸ਼ਨਕਾਰੀਆਂ ਤੋਂ ਪੁੱਛਿਆ, ਤੁਹਾਡੇ ਕੋਲ ਆਪਣੇ ਦੇਸ਼ ਦਾ ਝੰਡਾ ਕਿੱਥੇ ਹੈ ? ਇਹ ਭੀੜ ਦਾ ਸਵਾਲ ਮੁੰਬਈ ਹਾਈ ਕੋਰਟ ਦੇ ਸਵਾਲ ਤੋਂ ਵੱਖਰਾ ਨਹੀਂ ਸੀ। ਆਪਣੇ ਦੇਸ਼ ਦਾ ਝੰਡਾ ਵਿਖਾਓ, ਦੂਜੇ ਦੇਸ਼ ਦਾ ਝੰਡਾ ਕਿਉਂ ਚੁੱਕਿਆ ਹੈ ? ਇਹ ਸਵਾਲ ਅਦਾਲਤ ਦੀ ਇਸ ਝਿੜਕ ਨਾਲ ਮਿਲਦਾ-ਜੁਲਦਾ ਸੀ: ਦੇਸ਼ਭਗਤ ਬਣੋ ! ਹਜ਼ਾਰਾਂ ਮੀਲ ਦੂਰ ਦੂਜੇ ਦੇਸ਼ ਦਾ ਮਸਲਾ ਕਿਉਂ ਚੁੱਕਦੇ ਹੋ ?

ਮੁੰਬਈ ਹਾਈ ਕੋਰਟ ਚਾਹੁੰਦੀ ਹੈ ਕਿ ਸੀ.ਪੀ.ਆਈ. (ਐਮ) ਕੂੜੇ-ਕਰਕਟ, ਬੇਰੁਜ਼ਗਾਰੀ ਅਤੇ ਪ੍ਰਦੂਸ਼ਣ ਦੀਆਂ ਗੱਲਾਂ ਕਰੇ। ਨਹਿਰੂ ਪਲੇਸ ਦੀ ਭੀੜ ਚਾਹੁੰਦੀ ਸੀ ਕਿ ਪ੍ਰਦਰਸ਼ਨਕਾਰੀ ਬੰਗਲਾਦੇਸ਼ ਵਿੱਚ ਹਿੰਦੂਆਂ ਦੀ ਹਾਲਤ 'ਤੇ ਗੱਲ ਕਰਨ। ਦੋਵਾਂ ਵਿੱਚ ਕੋਈ ਬੁਨਿਆਦੀ ਫਰਕ ਨਹੀਂ।


ਅਦਾਲਤ ਅਤੇ ਸੜਕ ਵਿੱਚ ਫਰਕ ਮਿਟ ਜਾਣਾ ਚਿੰਤਾ ਦੀ ਗੱਲ ਹੈ। ਪਰ ਇਸ ਤੋਂ ਵੀ ਵੱਡੀ ਚਿੰਤਾ ਹੈ ਇੱਕ ਨਵੀਂ ਰਾਸ਼ਟਰਵਾਦੀ ਜਾਂ ਦੇਸ਼ਭਗਤੀ ਵਾਲੀ ਸੁਭਾਵਕਤਾ ਦਾ ਜਨਮ। ਨਹਿਰੂ ਪਲੇਸ ਦੀ ਭੀੜ ਸੰਗਠਿਤ ਨਹੀਂ ਸੀ। ਜ਼ਰੂਰੀ ਨਹੀਂ ਕਿ ਉਸ ਦੇ ਲੋਕ ਬਜਰੰਗ ਦਲ ਜਾਂ ਰਾਸ਼ਟਰੀ ਸਵੈਸੇਵਕ ਸੰਘ ਦੇ ਮੈਂਬਰ ਹੋਣ। ਉਹ ਫਲਸਤੀਨੀ ਝੰਡਾ ਵੇਖਦੇ ਹੀ ਭੜਕ ਉੱਠੇ, ਜਿਵੇਂ ਅਦਾਲਤ ਗਾਜ਼ਾ ਲਈ ਹਮਦਰਦੀ ਦੀ ਗੱਲ ਸੁਣ ਕੇ ਭੜਕ ਗਈ।

ਦੋਵੇਂ ਪ੍ਰਤੀਕਿਰਿਆਵਾਂ ਸੋਚੀ-ਸਮਝੀ ਜਾਂ ਸੰਗਠਿਤ ਨਹੀਂ ਸਨ। ਇਹ ਪ੍ਰਤੀਕਿਰਿਆਵਾਂ ਕੁਝ-ਕੁਝ ਇਜ਼ਰਾਇਲੀਆਂ ਦੀਆਂ ਪ੍ਰਤੀਕਿਰਿਆਵਾਂ ਵਰਗੀਆਂ ਹਨ। ਨਿਊਯਾਰਕ ਹੋਵੇ ਜਾਂ ਲੰਡਨ, ਸੜਕ 'ਤੇ ਕਿਸੇ ਦੇ ਗਲੇ ਵਿੱਚ ਕੈਫੀਆ ਵੇਖਦੇ ਹੀ ਇਜ਼ਰਾਇਲੀ ਉਸ 'ਤੇ ਟੁੱਟ ਪੈਂਦੇ ਹਨ। ਭਾਰਤ ਵਿੱਚ ਵੀ ਇੱਕ ਵੱਡਾ ਵਰਗ ਪੈਦਾ ਹੋ ਗਿਆ ਹੈ ਜੋ ਕੈਫੀਆ ਜਾਂ ਫਲਸਤੀਨੀ ਝੰਡਾ ਵੇਖਦੇ ਹੀ ਹਿੰਸਕ ਹੋ ਜਾਂਦਾ ਹੈ। ਨਹਿਰੂ ਪਲੇਸ ਵਿੱਚ ਇਹ ਭੀੜ ਬਿਨਾਂ ਕਿਸੇ ਮਿਹਨਤ ਜਾਂ ਸੱਦੇ ਦੇ ਇਕੱਠੀ ਹੋ ਗਈ। ਉਹ ਪ੍ਰਦਰਸ਼ਨਕਾਰੀਆਂ ਨੂੰ ਤਿਰੰਗਾ ਝੰਡਾ ਵਿਖਾਉਣ ਲਈ ਕਹਿ ਰਹੀ ਸੀ, ਜਿਵੇਂ ਅਦਾਲਤ ਸੀ.ਪੀ.ਆਈ. (ਐਮ) ਨੂੰ ਦੇਸ਼ਭਗਤ ਬਨਣ ਲਈ ਕਹਿ ਰਹੀ ਸੀ।

ਕੀ ਇਸ ਸੁਭਾਵਕਤਾ ਨੂੰ ਹਿੰਦੂਤਵਵਾਦੀ ਸੁਭਾਵਕਤਾ ਕਹਿਣਾ ਗਲਤ ਹੋਵੇਗਾ ? ਫਲਸਤੀਨੀ ਝੰਡਾ, ਹਰਾ ਝੰਡਾ, ਬੁਰਕਾ, ਜਾਂ ਟੋਪੀ ਵੇਖਦੇ ਹੀ, ਜਾਂ ਨਾਰੇ ਸੁਣਦੇ ਹੀ ਜਦੋਂ ਕੋਈ ਭੜਕ ਉੱਠੇ, ਕੀ ਇਸ ਨੂੰ ਸੁਭਾਵਕ ਕਹਾਂਗੇ ? ਨਹਿਰੂ ਪਲੇਸ ਵਿੱਚ ਫਲਸਤੀਨੀ ਝੰਡੇ ਨੂੰ ਵੇਖ ਕੇ ਅਜਿਹੀ ਪ੍ਰਤੀਕਿਰਿਆ ਹੋਈ।

ਪੁਣੇ ਵਿੱਚ 2014 ਵਿੱਚ ਮੋਹਸਿਨ ਸ਼ੇਖ ਦੀ ਪਹਿਰਾਵੇ ਨੂੰ ਵੇਖ ਕੇ ਕੁਝ ਲੋਕ ਭੜਕ ਉੱਠੇ ਅਤੇ ਉਨ੍ਹਾਂ ਦੀ ਹੱਤਿਆ ਕਰ ਦਿੱਤੀ। ਅਦਾਲਤ ਨੇ ਹਤਿਆਰਿਆਂ ਪ੍ਰਤੀ ਨਰਮੀ ਵਿਖਾਈ ਕਿਉਂਕਿ ਉਨ੍ਹਾਂ ਦੀ ਪ੍ਰਤੀਕਿਰਿਆ ਸੁਭਾਵਕ ਸੀ, ਜਿਸ ਦੇ ਪਿੱਛੇ ਕੋਈ ਯੋਜਨਾ ਨਹੀਂ ਸੀ। (ਬਾਕੀ ਸਫ਼ਾ 31 'ਤੇ)

# ਥਾਈਲੈਂਡ ਅਤੇ ਕੰਬੋਡੀਆ ਵਿਚਕਾਰ ਜੰਗਬੰਦੀ ਦੇ ਮਾਅਨੇ



ਵਿਵੇਕ ਕਾਟਜੂ
ਲੇਖਕ ਥਾਈਲੈਂਡ ਵਿੱਚ ਭਾਰਤ ਦਾ ਰਾਜਦੂਤ ਰਿਹਾ ਹੈ

ਥਾਈਲੈਂਡ ਅਤੇ ਕੰਬੋਡੀਆ ਵਿਚਕਾਰ ਚੱਲ ਰਹੀ ਜੰਗ ਰੁਕ ਗਈ ਹੈ। ਅਮਰੀਕਾ ਅਤੇ ਮਲੇਸ਼ੀਆ ਦੀ ਵਿਚੋਲਗੀ ਨਾਲ ਦੋਵੇਂ ਦੇਸ਼ ਜੰਗਬੰਦੀ 'ਤੇ ਸਹਿਮਤ ਹੋ ਗਏ ਹਨ। ਜੰਗਬੰਦੀ ਬਾਰੇ ਇਹ ਗੱਲਬਾਤ ਆਸੀਆਨ ਦੀ ਕਮਾਨ ਸੰਭਾਲ ਰਹੇ ਮਲੇਸ਼ੀਆ ਵਿੱਚ ਹੋਈ। ਇਸ ਵਿਚਾਰ-ਵਟਾਂਦਰੇ ਵਿੱਚ ਮਲੇਸ਼ੀਆ ਦੇ ਪ੍ਰਧਾਨ ਮੰਤਰੀ ਅਨਵਰ ਇਬਰਾਹੀਮ ਅਤੇ ਅਮਰੀਕੀ ਅਤੇ ਚੀਨੀ ਰਾਜਦੂਤਾਂ ਦੀ ਵੀ ਮੌਜੂਦਗੀ ਰਹੀ ਜਿਨ੍ਹਾਂ ਨੇ ਥਾਈਲੈਂਡ ਦੇ ਕਾਰਜਕਾਰੀ ਪ੍ਰਧਾਨ ਮੰਤਰੀ ਫੁਮਤਮ ਵੇਚਾਯਾਚਾਈ ਅਤੇ ਕੰਬੋਡੀਆ ਦੇ ਪ੍ਰਧਾਨ ਮੰਤਰੀ ਹੁਨ ਮਾਨੇਤ ਵਿਚਕਾਰ ਸੰਧੀ ਕਰਵਾਈ। ਹੁਨ ਕੰਬੋਡੀਆ ਦੇ ਮਸ਼ਹੂਰ ਆਗੂ ਹੁਨ ਸੇਨ ਦੇ ਪੁੱਤਰ ਹਨ। ਇਸ ਮੀਟਿੰਗ ਤੋਂ ਪਹਿਲਾਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੀ ਦੋਹਾਂ ਦੇਸ਼ਾਂ 'ਤੇ ਜੰਗ ਬੰਦ ਕਰਨ ਲਈ ਦਬਾਅ ਪਾ ਚੁੱਕੇ ਸਨ। ਟਰੰਪ ਨੇ ਖੁਲਾਸਾ ਕੀਤਾ ਹੈ ਕਿ ਮੈਂ ਦੋਵਾਂ ਮੁਲਕਾਂ ਦੇ ਆਗੂਆਂ ਨੂੰ ਸਾਫ਼-ਸਾਫ਼ ਕਹਿ ਦਿੱਤਾ ਹੈ ਕਿ ਜੇ ਉਹ ਅਮਰੀਕਾ ਨਾਲ ਵਪਾਰ ਜਾਰੀ ਰੱਖਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਜੰਗਬੰਦੀ ਕਰਨੀ ਹੀ ਪਵੇਗੀ। ਇਹੋ ਵਜ੍ਹਾ ਹੈ ਕਿ ਥਾਈਲੈਂਡ ਤੇ ਕੰਬੋਡੀਆ ਨੂੰ ਗੱਲਬਾਤ ਦੇ ਮੇਜ਼ 'ਤੇ ਆ ਕੇ ਜੰਗਬੰਦੀ ਕਰਨੀ ਪਈ। ਦੋਵਾਂ ਦੇਸ਼ਾਂ ਵਿਚਾਲੇ ਹੋਈ ਜੰਗਬੰਦੀ ਦਾ ਵੱਖੋ-ਵੱਖ ਮੁਲਕਾਂ ਵੱਲੋਂ ਸਵਾਗਤ ਕੀਤਾ ਜਾ ਰਿਹਾ ਹੈ। ਇਨ੍ਹਾਂ 'ਚ ਭਾਰਤ ਵੀ ਸ਼ਾਮਲ ਹੈ। ਕਾਬਿਲੇਗ਼ੌਰ ਹੈ ਕਿ ਕੁਝ ਦਿਨ ਚੱਲੇ ਟਕਰਾਅ ਵਿੱਚ ਦੋਵਾਂ ਦੇਸ਼ਾਂ ਦਾ ਮਾੜਾ-ਮੋਟਾ ਜਾਨੀ ਨੁਕਸਾਨ ਵੀ ਹੋਇਆ ਹੈ। ਉਧਰ ਪਿਛਲੇ ਦਿਨੀਂ ਕੰਬੋਡੀਆ ਨੇ ਥਾਈਲੈਂਡ ਤੋਂ ਮੰਗ ਕੀਤੀ ਹੈ ਕਿ ਉਹ ਉਸ ਦੇ ਬੰਧਕ ਬਣਾਏ ਗਏ 20 ਫ਼ੌਜੀ ਉਸ ਨੂੰ ਮੋੜ ਦੇਵੇ। ਹਾਲਾਂਕਿ ਸਰਹੱਦੀ ਵਿਵਾਦ ਕਾਰਨ ਥਾਈਲੈਂਡ ਅਤੇ ਕੰਬੋਡੀਆ ਵਿਚਕਾਰ ਅਕਸਰ ਮਾੜਾ ਮੋਟਾ ਤਣਾਅ ਬਣਿਆ ਰਹਿੰਦਾ ਹੈ ਪਰ ਹਾਲੀਆ ਹਿੰਸਕ ਟਕਰਾਅ ਪ੍ਰੀਹ ਵਿਹੇਅਰ (ਪ੍ਰਿਯਾ ਵਿਹਾਰ) ਨਾਮਕ ਇਕ ਹਿੰਦੂ ਸ਼ਿਵ ਮੰਦਰ ਦੇ ਮਾਮਲੇ 'ਤੇ ਭੜਕਿਆ। ਇਸੇ ਕਾਰਨ ਭਾਰਤ ਦੇ ਲੋਕਾਂ ਦੀ ਇਸ ਵਿੱਚ ਉਤਸੁਕਤਾ ਵੀ ਰਹੀ ਜੋ ਸੁਭਾਵਕ ਹੈ। ਵੈਸੇ ਤਾਂ ਕਈ ਮੁੱਦਿਆਂ 'ਤੇ ਦੋਵਾਂ ਦੇਸ਼ਾਂ ਵਿਚਾਲੇ ਬੀਤੇ ਕੁਝ ਦਿਨਾਂ ਤੋਂ ਤਣਾਅ ਵਧ ਰਿਹਾ ਸੀ ਪਰ ਪ੍ਰੀਹ ਵਿਹੇਅਰ ਦੀ ਸਥਿਤੀ ਨੇ ਹਾਲਾਤ ਜਟਿਲ ਬਣਾ ਦਿੱਤੇ। ਇਸ ਕਾਰਨ ਦੋਵਾਂ ਦੇਸ਼ਾਂ ਦੀਆਂ ਸੈਨਾਵਾਂ ਨੇ ਕਮਾਨ ਸੰਭਾਲੀ ਅਤੇ ਇੱਕ-ਦੂਜੇ ਨਾਲ ਲੋਹਾ ਲੈਣ ਲੱਗੀਆਂ। ਇਸ ਕਾਰਨ ਕਈ ਸੈਨਿਕਾਂ ਅਤੇ ਆਮ ਨਾਗਰਿਕਾਂ ਦੀ ਮੌਤ ਹੋ ਗਈ। ਇੱਕ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਉਨ੍ਹਾਂ ਇਲਾਕਿਆਂ ਤੋਂ ਪਲਾਇਨ ਵੀ ਕਰਨਾ ਪਿਆ ਜਿੱਥੇ ਇਹ ਜੰਗ ਛਿੜੀ ਹੋਈ ਸੀ।

ਦੋਹਾਂ ਦੇਸ਼ਾਂ ਦੇ ਵਿਚਕਾਰ ਹਾਈਡ੍ਰੋਕਾਰਬਨ ਨਾਲ ਭਰਪੂਰ ਇੱਕ ਸਮੁੰਦਰੀ ਖੇਤਰ 'ਤੇ ਵੀ ਤਕਰਾਰ ਰਹੀ ਹੈ। ਅਜਿਹੇ ਵਿੱਚ ਇਨ੍ਹਾਂ ਦੇ ਟਕਰਾਅ ਨੂੰ ਸਿਰਫ਼ ਧਾਰਮਿਕ ਪੱਖਾਂ ਤੋਂ ਦੇਖਣ 'ਤੇ ਪੂਰੀ ਤਸਵੀਰ ਸਾਫ਼ ਨਹੀਂ ਹੋਵੇਗੀ ਕਿਉਂਕਿ ਦੋਹਾਂ ਦੇਸ਼ਾਂ ਵਿੱਚ ਬਹੁਤ ਸਾਰੀ ਆਬਾਦੀ ਥੇਰਵਾਦ ਬੁੱਧ ਧਰਮ ਨੂੰ ਮੰਨਦੀ ਹੈ। ਪੂਰੇ ਪਰਿਪੇਖ ਨੂੰ ਸਮਝਣ ਲਈ ਪਿਛੋਕੜ ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਜੇਕਰ ਅਸੀਂ ਪੜਤਾਲ ਕਰੀਏ ਤਾਂ ਜਿੱਥੇ ਥਾਈਲੈਂਡ ਸਦਾ ਆਜ਼ਾਦ ਰਿਹਾ ਹੈ, ਓਥੇ ਹੀ ਗੁਆਂਢੀ ਕੰਬੋਡੀਆ ਵੀਆਤਨਾਮ ਅਤੇ ਲਾਓਸ ਦੀ ਤਰ੍ਹਾਂ ਫਰਾਂਸੀਸੀ ਬਸਤੀ ਰਿਹਾ। ਸੰਨ 1907 ਵਿੱਚ, ਕੰਬੋਡੀਆ ਦੇ ਬਸਤੀਵਾਦੀ ਸ਼ਾਸਕ ਫਰਾਂਸ ਅਤੇ ਥਾਈਲੈਂਡ (ਜਿਸ ਨੂੰ ਉਸ ਸਮੇਂ ਸਿਆਮ ਕਿਹਾ ਜਾਂਦਾ ਸੀ) ਇੱਕ ਵਿਸ਼ਾਲ ਸਰਹੱਦੀ ਸਮਝੌਤੇ 'ਤੇ ਸਹਿਮਤ ਹੋਏ। ਕੰਬੋਡੀਆ 1953 ਵਿੱਚ ਆਜ਼ਾਦ ਹੋਇਆ। ਆਜ਼ਾਦੀ ਦੇ ਨਾਲ ਹੀ ਥਾਈਲੈਂਡ ਨਾਲ ਇਸ ਦੇ ਸਰਹੱਦੀ ਵਿਵਾਦ ਸ਼ੁਰੂ ਹੋਏ, ਖ਼ਾਸ ਕਰਕੇ ਪ੍ਰੀਹ ਵਿਹੇਅਰ ਮੰਦਰ ਦੀ ਸਥਿਤੀ ਨੂੰ ਲੈ ਕੇ। ਕੰਬੋਡੀਆ 1959 ਵਿੱਚ ਇਸ ਮਾਮਲੇ ਨੂੰ ਅੰਤਰਰਾਸ਼ਟਰੀ ਅਦਾਲਤ ਵਿੱਚ ਲੈ ਗਿਆ। ਅੰਤਰਰਾਸ਼ਟਰੀ ਅਦਾਲਤ ਨੇ 1962 ਵਿੱਚ ਫ਼ੈਸਲਾ ਕੰਬੋਡੀਆ ਦੇ ਹੱਕ ਵਿੱਚ ਸੁਣਾਇਆ। ਉਸ ਸਮੇਂ ਥਾਈਲੈਂਡ ਨੇ ਮਨ ਮਾਰ ਕੇ ਉਹ ਫ਼ੈਸਲਾ ਮੰਨ ਲਿਆ ਪਰ ਉਸ ਦੇ ਅੰਦਰ ਇਹ ਭਾਵ ਪੈਦਾ ਹੋ ਗਿਆ ਕਿ ਉਸ ਦਾ ਹੱਕ ਖੋਹ ਲਿਆ ਗਿਆ।

ਪ੍ਰੀਹ ਵਿਹੇਅਰ ਮਾਮਲੇ ਨੇ ਥਾਈ ਜਨਤਾ ਦੀ ਚੇਤਨਾ ਨੂੰ ਉਸ ਸਮੇਂ ਫਿਰ ਤੋਂ ਹਲੂਣਾ ਦਿੱਤਾ ਜਦ ਕੰਬੋਡੀਆ ਨੇ 2008 ਵਿੱਚ ਇਸ ਮੰਦਰ ਨੂੰ ਵਿਸ਼ਵ ਵਿਰਾਸਤ ਸਥਲ ਦੀ ਮਾਨਤਾ ਦਿਵਾਉਣ ਲਈ ਯੂਨੈਸਕੋ ਦਾ ਰੁਖ਼ ਕੀਤਾ। ਇੱਥੇ ਇਹ ਵੀ ਜ਼ਿਕਰ ਕਰਨਾ ਮਹੱਤਵਪੂਰਨ ਹੈ ਕਿ ਖਮੇਰ ਸ਼ਾਸਨ ਦੌਰਾਨ 11ਵੀਂ ਤੋਂ 13ਵੀਂ ਸਦੀ ਦੌਰਾਨ ਕੰਬੋਡੀਆ ਵਿੱਚ ਹਿੰਦੂ ਧਰਮ ਦਾ ਪ੍ਰਸਾਰ ਆਪਣੇ ਸਿਖਰ 'ਤੇ ਪਹੁੰਚ ਗਿਆ ਸੀ। ਇਸ ਸਮੇਂ ਦੌਰਾਨ ਉੱਥੇ ਅਦਭੁਤ ਹਿੰਦੂ ਮੰਦਰਾਂ ਦਾ ਨਿਰਮਾਣ ਹੋਇਆ। ਹਾਲਾਂਕਿ ਇਹ ਕੰਮ ਮੁੱਖ ਤੌਰ 'ਤੇ ਸਿਆਮ ਰੀਪ ਖੇਤਰ ਵਿੱਚ ਹੋਇਆ ਪਰ ਕੰਬੋਡੀਆ ਦੇ ਹੋਰ ਖੇਤਰ ਵੀ ਮੰਦਰ ਨਿਰਮਾਣ ਤੋਂ ਅਣਛੋਹੇ ਨਹੀਂ ਰਹੇ। ਪ੍ਰੀਹ ਵਿਹੇਅਰ ਉਸੇ ਦੌਰ ਦਾ ਪ੍ਰਗਟਾਵਾ ਹੈ। ਭਗਵਾਨ ਵਿਸ਼ਣੂ ਨੂੰ ਸਮਰਪਿਤ ਸ਼ਾਨਦਾਰ ਅਤੇ ਦਿੱਵਿਆ ਮੰਦਰਾਂ ਵਿੱਚੋਂ ਇਕ ਅੰਗਕੋਰਵਾਟ ਦਾ ਨਿਰਮਾਣ ਵੀ ਸਿਆਮ ਰੀਪ ਖੇਤਰ ਵਿੱਚ 12ਵੀਂ ਸਦੀ ਦੇ ਅੱਧ ਵਿੱਚ ਹੋਇਆ ਸੀ। ਸਮਾਂ ਬੀਤਣ ਦੇ ਨਾਲ ਕੰਬੋਡੀਆ ਵਿੱਚ ਥੇਰਵਾਦ ਬੁੱਧ ਦਾ ਪ੍ਰਭਾਵ ਵਧਣਾ ਸ਼ੁਰੂ ਹੋਇਆ ਅਤੇ 12ਵੀਂ ਸਦੀ ਦੇ ਅੰਤ ਵਿੱਚ ਅੰਗਕੋਰਵਾਟ ਵੀ ਬੁੱਧ ਉਪਾਸਨਾ ਸਥਾਨ ਦੇ ਤੌਰ 'ਤੇ ਮਾਨਤਾ ਪ੍ਰਾਪਤ ਕਰਨ ਲੱਗਾ। ਹਾਲਾਂਕਿ ਉਪਾਸਨਾ ਦਾ ਇਹ ਕ੍ਰਮ ਪਹਿਲਾਂ ਹੀ ਸਥਾਪਤ ਢਾਂਚੇ ਨੂੰ ਕਿਸੇ ਕਿਸਮ ਦਾ ਨੁਕਸਾਨ ਪਹੁੰਚਾਏ ਬਿਨਾਂ ਅੱਗੇ ਵਧਦਾ ਗਿਆ। ਮੰਦਰ ਦੇ ਸਿਖਰ 'ਤੇ ਬੁੱਧ ਦੀ ਮੂਰਤੀ ਸਥਾਪਤ ਕੀਤੀ ਗਈ ਜੋ ਮੰਦਰ ਦੇ ਬਦਲਦੇ ਰੂਪ ਦਾ ਪ੍ਰਤੀਕ ਸੀ। ਇਹ ਉਹ ਸਮਾਂ ਸੀ ਜਦੋਂ ਕੰਬੋਡੀਆ, ਲਾਓਸ, ਥਾਈਲੈਂਡ ਅਤੇ ਬਾਅਦ ਵਿੱਚ ਮਿਆਂਮਾਰ ਵਰਗੇ ਖੇਤਰ ਥੇਰਵਾਦ ਬੁੱਧ ਧਰਮ ਦੇ ਪ੍ਰਭਾਵ ਵਿੱਚ ਆਉਂਦੇ ਗਏ। ਥੇਰਵਾਦ ਬੁੱਧ ਧਾਰਾ ਗੌਤਮ ਬੁੱਧ ਦੀਆਂ ਉੱਚ ਨੈਤਿਕ ਸਿੱਖਿਆਵਾਂ 'ਤੇ ਆਧਾਰਤ ਹੈ ਜੋ ਵਿਅਕਤੀ ਨੂੰ ਜਨਮ ਅਤੇ ਪੁਨਰਜਨਮ ਦੇ ਚੱਕਰ ਤੋਂ ਮੁਕਤ ਹੋ ਕੇ ਨਿਰਵਾਣ ਜਾਂ ਮੋਕਸ਼ ਪ੍ਰਾਪਤੀ 'ਤੇ ਧਿਆਨ ਕੇਂਦਰਿਤ ਕਰਨ ਦਾ ਰਾਹ ਦਿਖਾਉਂਦੀ ਹੈ। ਥਾਈਲੈਂਡ ਵਿੱਚ ਰਾਜਦੂਤ ਦੇ ਤੌਰ 'ਤੇ ਆਪਣੀ ਨਿਯੁਕਤੀ ਦੌਰਾਨ ਮੈਂ ਦੇਖਿਆ ਕਿ ਜਿੱਥੇ ਥਾਈ ਬੋਧੀ ਬੁੱਧ ਨੂੰ ਉੱਚ ਅਧਿਆਤਮਿਕਤਾ ਦਾ ਸਿਖਰ ਸਮਝਦੇ ਹਨ, ਓਥੇ ਹੀ ਆਪਣੇ ਮੌਜੂਦਾ ਜੀਵਨ ਵਿੱਚ ਸਹਾਇਤਾ ਲਈ ਉਹ ਹਿੰਦੂ ਦੇਵੀ-ਦੇਵਤਿਆਂ ਦੀ ਵੀ ਪੂਜਾ ਕਰਦੇ ਹਨ। ਥਾਈ ਰਾਜ ਪਰਿਵਾਰ ਵੀ ਥੇਰਵਾਦ ਬੁੱਧ ਧਰਮ ਮੰਨਦਾ ਹੈ ਪਰ ਹਿੰਦੂ ਪੁਜਾਰੀਆਂ ਦਾ ਵੀ ਆਦਰ ਕਰਦਾ ਹੈ। (ਬਾਕੀ ਸਫ਼ਾ 31 'ਤੇ)







## ਅੱਜ ਦਿਨ ਰੱਖੜੀ ਦਾ ਆਇਆ, ਵੀਰਾ ਵੇ ਮੈਂ ਤੇਰੇ ਬੰਨਾ ਰੱਖੜੀ

# ਭੈਣਾਂ ਲਈ ਭਰਾ ਸਾਰੀ ਉਮਰ ਦੇ ਮਾਪੇ

**ਆਧੁਨਿਕ ਯੁੱਗ ਵਿੱਚ ਭਾਵੇਂ ਅਨੇਕਾਂ ਰਿਸ਼ਤਿਆਂ ਦੀ ਤੰਦ ਢਿੱਲੀ ਪੈਂਦੀ ਜਾ ਰਹੀ ਹੈ,ਪਰ ਭੈਣ ਭਰਾ ਦਾ ਰਿਸ਼ਤਾ ਇੱਕ ਅਜਿਹਾ ਰਿਸ਼ਤਾ ਹੈ, ਜਿਸ ਵਿੱਚ ਪੁਰਾਤਨ ਸਮੇਂ ਵਾਂਗੂੰ ਹੀ ਅੱਜ ਵੀ ਮੋਹ ਤੇ ਪਿਆਰ ਮੌਜੂਦ ਹਨ। ਭੈਣਾਂ ਲਈ ਆਪਣੇ ਵੀਰ ਜਿੱਥੇ ਰੱਬ ਵਰਗੇ ਹੁੰਦੇ ਹਨ ਉਥੇ ਭੈਣਾਂ ਲਈ ਭਰਾ ਸਾਰੀ ਉਮਰ ਦੇ ਮਾਪੇ ਵੀ ਹੁੰਦੇ ਹਨ। ਵੱਡੀ ਗਿਣਤੀ ਭਰਾ ਸਾਰੀ ਉਮਰ ਆਪਣੀਆਂ ਭੈਣਾਂ ਨੂੰ ਆਪਣੇ ਮਾਪਿਆਂ ਦੀ ਘਾਟ ਮਹਿਸੂਸ ਨਹੀਂ ਹੋਣ ਦਿੰਦੇ। ਜੇ ਭਰਾ ਵੱਡੇ ਹੋਣ ਤਾਂ ਉਹ ਭੈਣਾਂ 'ਚੋਂ ਆਪਣੀਆਂ ਧੀਆਂ ਦਾ ਰੂਪ ਵੇਖਦੇ ਹਨ ਅਤੇ ਜੇ ਭਰਾ ਛੋਟੇ ਹੋਣ ਤਾਂ ਭੈਣਾਂ ਭਰਾਵਾਂ 'ਚੋਂ ਆਪਣੇ ਪੁੱਤਰਾਂ ਦਾ ਰੂਪ ਵੇਖਦੀਆਂ ਹਨ। ਇਸ ਤਰ੍ਹਾਂ ਭੈਣ ਭਰਾ ਦੇ ਮੋਹ ਦੀ ਤੰਦ ਆਧੁਨਿਕ ਸਮੇਂ ਵਿੱਚ ਪਹਿਲਾਂ ਨਾਲੋਂ ਹੋਰ ਵਧੇਰੇ ਮਜ਼ਬੂਤ ਹੋ ਰਹੀ ਹੈ।**




ਭੈਣ- ਭਰਾ ਦੇ ਆਪਸੀ ਪਿਆਰ ਦਾ ਪ੍ਰਤੀਕ ਹੈ ਰੱਖੜੀ ਦਾ ਤਿਉਹਾਰ। ਇਹ ਰੱਖੜੀ ਦਾ ਤਿਉਹਾਰ ਆਉਂਦਾ ਭਾਵੇਂ ਸਾਲ ਬਾਅਦ ਹੈ ਪਰ ਫਿਰ ਵੀ ਇਸਦੀ ਖੁਸ਼ਬੂ ਸਾਰਾ ਸਾਲ ਹੀ ਰਹਿੰਦੀ ਹੈ। ਇਸ ਦਿਨ ਭੈਣ ਆਪਣੇ ਭਰਾ ਦੀ ਬਾਂਹ ਉਪਰ ਰੱਖੜੀ ਬੰਨ ਕੇ ਆਪਣੇ ਭਰਾ ਦੀ ਲੰਬੀ ਉਮਰ ਦੀ ਅਰਦਾਸ ਰੱਬ ਅੱਗੇ ਕਰਦੀ ਹੈ। ਭਰਾ ਵੀ ਇਸ ਦਿਨ ਆਪਣੀ ਭੈਣ ਦੀ ਰੱਖਿਆ ਕਰਨ ਦਾ ਵਚਨ ਦਿੰਦਾ ਹੈ। ਰੱਖੜੀ ਵਾਲੇ ਦਿਨ ਹਰ ਭੈਣ ਰੱਖੜੀ ਬੰਨਦੀ ਹੋਈ ਕਹਿੰਦੀ ਹੈ ਕਿ ਅੱਜ ਦਿਨ ਰੱਖੜੀ ਦਾ ਆਇਆ, ਵੀਰਾ ਵੇ ਤੇਰੇ ਬੰਨਾ ਰੱਖੜੀ, ਭੈਣਾਂ ਨੂੰ ਵੀਰ ਹੁੰਦੇ ਰੱਬ ਵਰਗੇ। ਭੈਣਾਂ ਲਈ ਵੀਰ ਰੱਬ ਵਰਗੇ ਹੁੰਦੇ ਹਨ, ਇਸੇ ਲਈ ਭੈਣ ਆਪਣੇ ਭਰਾ ਨੂੰ ਕਈ ਨਾਵਾਂ ਨਾਲ ਬੁਲਾਂਉਂਦੀ ਹੈ। ਭਰਾ,ਵੀਰ,ਵੀਰਾ,ਭਾਅ ,ਭਾਅ ਜੀ , ਬਾਈ,ਕਾਕਾ, ਭਾਊ, ਮਾਂ ਜਾਇਆ ਆਦਿ ਨਾਂਵਾਂ ਨਾਲ ਭੈਣਾਂ ਆਪਣੇ ਭਰਾ ਨੂੰ ਬੁਲਾਉਂਦੀਆਂ ਹਨ। 'ਵੀਰ ' ਅਸਲ ਵਿਚ ਬਹਾਦਰ ਆਦਮੀ ਨੂੰ ਕਹਿੰਦੇ ਹਨ। ਹਰ ਭੈਣ ਨੂੰ ਆਪਣਾ ਭਰਾ ਹੀ ਸਭ ਤੋਂ ਵੱਧ ਬਹਾਦਰ ਲੱਗਦਾ ਹੈ ਇਸੇ ਲਈ ਉਹ ਆਪਣੇ ਭਰਾ ਨੂੰ 'ਵੀਰ ' ਵੀ ਕਹਿੰਦੀ ਹੈ। ਇਸ ਤੋਂ ਇਲਾਵਾ ਭੈਣਾਂ ਨੂੰ ਵੀਰ ਰੱਬ ਵਰਗੇ ਹੁੰਦੇ ਹਨ,ਜੋ ਕਿ ਉਸਦੇ ਹਰ ਦੁੱਖ ਸੁੱਖ ਵਿਚ ਮੂਹਰੇ ਹੋ ਕੇ ਉਸ ਨਾਲ ਖੜ੍ਹਦੇ ਹਨ। ਮਾਂ ਬਾਪ ਦੇ ਮਰਨ ਤੋਂ ਬਾਅਦ ਭੈਣਾਂ ਲਈ ਤਾਂ ਭਰਾ ਹੀ ਸਹਾਰਾ ਹੁੰਦੇ ਹਨ। ਕਈ ਭੈਣਾਂ ਲਈ ਤਾਂ ਭਰਾ ਸਾਰੀ ਉਮਰ ਦੇ ਮਾਪੇ ਹੁੰਦੇ ਹਨ। ਅਸਲ ਵਿਚ ਭਰਾ ਵੀ ਸਾਰੀ ਉਮਰ ਆਪਣੇ ਨਾਲੋਂ ਵੱਧ ਭੈਣਾਂ ਦਾ ਸੋਚਦੇ ਹਨ। ਭੈਣਾਂ ਭਾਵੇਂ ਬੁੱਢੀਆਂ ਹੋ ਜਾਣ ਪਰ ਫਿਰ ਉਹਨਾਂ ਦੀ ਸਾਰੀ ਸੁਰਤ ਹਮੇਸ਼ਾ ਭਰਾ ਵੱਲ ਹੀ ਰਹਿੰਦੀ ਹੈ। ਜੇ ਆਮ ਬੰਦਿਆਂ ਵਿੱਚੋਂ ਭੈਣ- ਭਰਾ ਦੇ ਪਿਆਰ ਦੀ ਉਦਾਹਰਨ ਦੇਣੀ ਹੋਵੇ ਤਾਂ ਮੈਂ ਆਪਣੀਆਂ ਭੈਣਾਂ ਦੀ ਵੀ ਉਦਾਹਰਨ ਦੇ ਸਕਦਾ ਹਾਂ । ਮੇਰੀ ਸਭ ਤੋਂ ਵੱਡੀ ਭੈਣ ਆਪਣੇ ਪਰਿਵਾਰ ਨਾਲ ਕੈਨੇਡਾ ਰਹਿੰਦੀ ਹੈ , ਉਸਦੀ ਮੇਰੇ ਜਨਮ ਤੋਂ ਹੀ ਆਦਤ ਹੈ ਜਦੋਂ ਵੀ ਆਪਣੇ ਬਚਿਆਂ ਲਈ ਕੋਈ ਸ਼ਰਟ ਜਾਂ ਪੈਂਟ ਜਾਂ ਹੋਰ ਸਾਮਾਨ ਖਰੀਦਦੀ ਹੈ ਤਾਂ ਇੱਕ ਪੀਸ ਮੇਰੇ ਲਈ ਵੀ ਜਰੂਰ ਲੈਂਦੀ ਹੈ। ਭੈਣ - ਭਰਾ ਦੇ ਆਪਸੀ ਪਿਆਰ ਦੇ ਵੀ ਕਈ ਰੂਪ ਹੁੰਦੇ ਹਨ। ਜੇ ਭੈਣ ਸਾਰੇ ਭੈਣ -ਭਰਾਵਾਂ ਵਿਚ ਸਭ ਤੋਂ ਵੱਡੀ ਹੋਵੇ ਅਤੇ ਭਰਾ ਸਭ ਤੋਂ ਛੋਟਾ ਤਾਂ ਭੈਣ ਭੈਣਾਂ ਦੇ ਨਾਲ ਨਾਲ ਛੋਟੇ ਭਰਾ ਨੂੰ ਮਾਂ ਵਰਗਾ ਵੀ ਪਿਆਰ ਦਿੰਦੀ ਹੈ। ਆਪਣੇ ਭਰਾ ਤੋਂ ਉਮਰ ਵਿਚ ਕਾਫੀ ਛੋਟੀ ਭੈਣ ਵੱਡੇ ਭਰਾ ਨੂੰ ਬੇਟੀ ਵਰਗਾ ਪਿਆਰ ਦਿੰਦੀ ਹੈ ਤੇ ਲੈਂਦੀ ਹੈ।

ਹਰ ਭੈਣ ਨੂੰ ਆਪਣੇ ਵੀਰ ਦੀ ਹੀਰ ਚੀਜ਼ ਹੀ ਵਧੀਆ ਲੱਗਦੀ ਹੈ, ਜਦੋਂ ਉਸਦੇ ਵੀਰ ਦਾ ਵਿਆਹ ਹੁੰਦਾ ਹੈ ਤਾਂ ਉਹ ਚਾਈਂ -ਚਾਈਂ ਗੀਤ ਗਾਉਂਦੀ ਹੈ - ਵੀਰ ਮੇਰਾ ਅੱਜ ਘੋੜੀ ਚੜਿਆ। ਚੱਲੋ ਸ਼ਗਨ ਮਨਾਈਏ ਨੀ, ਅੱਜ ਮੇਰੇ ਵੀਰ ਦਾ ਵਿਆਹ। ਇਸ ਤੋਂ ਬਾਅਦ ਉਹ ਨਵੀਂ ਭਾਬੀ ਦਾ ਚਾਵਾਂ ਨਾਲ ਗੀਤ ਗਾਉਂਦੀ ਸਵਾਗਤ ਕਰਦੀ ਹੈ। ਜਦੋਂ ਵੀਰ ਘਰ ਪੁੱਤ ਜੰਮਦਾ ਹੈ ਤਾਂ ਸਭ ਤੋਂ ਜਿਆਦਾ ਖੁਸ਼ੀ ਭੈਣ ਨੂੰ ਹੀ ਹੁੰਦੀ ਹੈ। ਕੁਆਰੀ ਭੈਣ ਤਾਂ ਆਪਣੇ ਭਤੀਜੇ ਨੂੰ ਇਕ ਤਰਾਂ ਆਪ ਹੀ ਪਾਲਦੀ ਹੈ, ਵਿਆਹੀ ਭੈਣ ਦਾ ਵੀ ਆਪਣੇ ਬੱਚਿਆਂ ਨਾਲੋਂ ਵੱਧ ਧਿਆਨ ਭਤੀਜੇ ਵੱਲ ਹੀ ਹੁੰਦਾ ਹੈ। ਭੈਣ ਭਰਾ ਦਾ ਰਿਸ਼ਤਾ ਜੱਗ ਵਿਚ ਸਭ ਤੋਂ ਨਿਆਰਾ ਹੈ, ਕਈ ਬਜੁਰਗ ਔਰਤਾਂ ਤਾਂ ਗੋਡੇ ਦੁਖਣ ਕਰਕੇ ਕਿਸੇ ਧਾਰਮਿਕ ਸਥਾਨ ਉਪਰ ਨਹੀਂ ਜਾ ਸਕਦੀਆਂ, ਪਰ ਉਹ ਘਰ ਵਿੱਚ ਹੀ ਕਿਸੇ ਨਾ ਕਿਸੇ ਧਾਰਮਿਕ ਸਥਾਨ ਵੱਲ ਮੂੰਹ ਕਰਕੇ ਆਪਣੇ ਭਰਾ ਦੀ ਲੰਬੀ ਉਮਰ ਤੇ ਤੰਦਰੁਸਤੀ ਲਈ ਅਰਦਾਸ ਕਰਦੀਆਂ ਰਹਿੰਦੀਆਂ ਹਨ।







ਰੱਖੜੀ ਨੂੰ ਹਿੰਦੀ ਵਿੱਚ ਰਾਖੀ ਕਿਹਾ ਜਾਂਦਾ ਹੈ। ਔਕਸਫੋਰਡ ਇੰਗਲਿਸ਼ ਡਿਕਸ਼ਨਰੀ, ਥਰਡ ਐਡੀਸ਼ਨ, 2008 ਦੇ ਅਨੁਸਾਰ, ਸ਼ਬਦ 'ਰਾਖੀ' ਸੰਸਕ੍ਰਿਤ 'ਰਕਸ਼ਿਕਾ' ਤੋਂ ਲਿਆ ਗਿਆ ਹੈ, ਜਿਸਦਾ ਅਰਥ ਹੈ ਇੱਕ ਜੋੜ ਜਾਂ ਸੁਰੱਖਿਆ ਤਾਵੀਜ਼।ਰੱਖੜੀ ਮੌਕੇ ਅਕਸਰ ਵਿਦੇਸ਼ ਰਹਿੰਦੀਆਂ ਭੈਣਾਂ ਵੀ ਪੰਜਾਬ ਆ ਕੇ ਆਪਣੇ ਭਰਾਵਾਂ ਦੇ ਰੱਖੜੀ ਬੰਨਦੀਆਂ ਹਨ ਅਤੇ ਇਸ ਤਿਉਹਾਰ ਨੂੰ ਮਨਾਉਂਦੀਆਂ ਹਨ। ਇਸ ਤੋਂ ਇਲਾਵਾ ਜਿਹੜੀਆਂ ਭੈਣਾਂ ਦੇ ਵੀਰ ਸੱਤ ਸਮੁੰਦਰ ਪਾਰ ਰਹਿੰਦੇ ਹਨ, ਉਹ ਵੀ ਆਪਣੇ ਭਰਾਵਾਂ ਨੂੰ ਰੱਖੜੀ ਭੇਜਦੀਆਂ ਹਨ। ਕਈ ਵਾਰ ਤਾਂ ਵਿਦੇਸ਼ ਰਹਿੰਦੇ ਭਰਾ ਵੀ ਰੱਖੜੀ ਮੌਕੇ ਪੰਜਾਬ ਵਿੱਚ ਆਪਣੀਆਂ ਭੈਣਾਂ ਦੇ ਘਰ ਪਹੁੰਚ ਜਾਂਦੇ ਹਨ। ਜਦੋਂ ਰੱਖੜੀ ਮੌਕੇ ਵਿਦੇਸ਼ ਵਿੱਚ ਭੈਣ ਜਾਂ ਭਰਾ ਰੱਖੜੀ ਦਾ ਤਿਉਹਾਰ ਮਨਾਉਣ ਆਉਂਦੇ ਹਨ ਤਾਂ ਘਰ ਵਿੱਚ ਮੇਲੇ ਵਰਗਾ ਮਾਹੌਲ ਹੋ ਜਾਂਦਾ ਹੈ। ਰੱਖੜੀ ਦਾ ਤਿਉਹਾਰ ਸਾਉਣ ਮਹੀਨੇ ਦੀ ਪੂਰਨਮਾਸ਼ੀ ਨੂੰ ਮਨਾਇਆ ਜਾਂਦਾ ਹੈ। ਕਈ ਇਲਾਕਿਆਂ ਵਿੱਚ ਰੱਖੜੀ ਨੂੰ ਰਾਖੀ ਕਹਿੰਦੇ ਹਨ। ਇਸ ਦਿਨ ਭੈਣਾਂ ਆਪਣੇ ਵੀਰ ਦੀ ਵੀਣੀ 'ਤੇ ਰੱਖੜੀ ਬੰਨ੍ਹਦੀਆਂ ਹਨ। ਰੱਖੜੀ ਦਾ ਮੋਟੇ ਤੌਰ 'ਤੇ ਅਰਥ ਹੈ ਰਾਖੀ ਕਰਨਾ। ਇਸ ਲਈ ਇਸ ਤਿਉਹਾਰ ਸਮੇਂ ਭੈਣਾਂ ਆਪਣੀ ਰਾਖੀ ਲਈ ਆਪਣੇ ਵੀਰਾਂ ਦੇ ਰੱਖੜੀ ਬੰਨ੍ਹਦੀਆਂ ਹਨ। ਆਪਣੇ ਵੀਰਾਂ ਦੀ ਲੰਮੀ ਉਮਰ ਦੀਆਂ ਸੁੱਖਾਂ ਸੁੱਖਦੀਆਂ ਹਨ। ਸਮੇਂ ਅਨੁਸਾਰ ਰੱਖੜੀ ਦੇ ਤਿਉਹਾਰ ਦਾ ਰੰਗ ਵੀ ਕੁਝ ਬਦਲ ਗਿਆ ਹੈ ਪਰ ਭੈਣ ਭਰਾਵਾਂ ਦੇ ਮੋਹ ਵਿੱਚ ਕੋਈ ਬਦਲਾਓ ਨਹੀਂ ਆਇਆ। ਭੈਣਾਂ ਅਤੇ ਭਰਾਵਾਂ ਵਿਚਾਲੇ ਆਪਸੀ ਪਿਆਰ ਪਹਿਲਾਂ ਵਾਂਗ ਹੀ ਮੌਜੂਦ ਹੈ। ਪਿਛਲੇ ਸਮੇਂ ਰੱਖੜੀ ਦਾ ਮੁੱਲ ਮੋਹ ਪਿਆਰ ਨਾਲ਼ ਪੈਂਦਾ ਸੀ। ਦਿਖਾਵੇ ਤੇ ਕੱਪੜੇ ਗਹਿਣੇ ਨਾਲ਼ ਨਹੀਂ। ਬੇਸ਼ੱਕ ਅੱਜ ਵੀ ਅਜਿਹੇ ਭਰਾ ਹਨ, ਜੋ ਭੈਣਾਂ ਨੂੰ ਮਾਪੇ ਯਾਦ ਨਹੀਂ ਆਉਣ ਦੇਂਦੇ ਤੇ ਉਨ੍ਹਾ ਦੇ ਸਾਰੀ ਉਮਰ ਦੇ ਮਾਪੇ ਬਣ ਕੇ ਰਹਿੰਦੇ ਹਨ ਤੇ ਅਜਿਹੀਆਂ ਭੈਣਾਂ ਵੀ ਹਨ ਜੋ ਭਰਾਵਾਂ ਨੂੰ ਮਾਪਿਆਂ ਵਾਂਗ ਤੇ ਪੁੱਤਾਂ ਵਾਂਗ ਸਤਿਕਾਰਦੀਆ ਤੇ ਪਿਆਰਦੀਆਂ ਹਨ ਪਰ ਅਜਿਹੇ ਜਿਊੜੇ ਹੁਣ ਬਹੁਤ ਘੱਟ ਹਨ। ਭੈਣ ਵਾਂਗ ਦੇ ਪਿਆਰ ਦੀ ਪ੍ਰਤੀਕ, ਇਹ ਰੱਖੜੀ ਬੰਨ੍ਹਣ ਦਾ ਮਨੋਰਥ ਤਾਂ ਹੀ ਪੂਰਾ ਹੋ ਸਕਦਾ ਹੈ ਜੇ ਦੋਵੇਂ ਧਿਰਾਂ ਇਕ ਦੂਜੇ ਨੂੰ ਪਿਆਰ ਸਤਿਕਾਰ ਦੇਣ ਨਹੀਂ ਤਾਂ ਮਹਿੰਗੀਆ ਤੇ ਖ਼ੂਬਸੂਰਤ ਰੱਖੜੀਆ ਦਾ ਕੋਈ ਮਹੱਤਵ ਨਹੀਂ ਹੈ। ਸਾਰੀਆਂ ਭੈਣਾਂ ਨੂੰ ਰੱਖੜੀ ਨੂੰ ਪੈਸੇ ਨਾਲ਼ ਨਹੀਂ ਤੋਲਦੀਆਂ। ਕਈ ਭੈਣਾਂ ਵੀਰ ਦੇ ਘਰ ਦਾ ਫੋਕੇ ਪਾਣੀ ਦਾ ਗਲਾਸ ਪੀ ਕੇ ਵੀ ਅਸੀਸਾਂ ਦੇਣ ਵਾਲੀਆਂ ਹੁੰਦੀਆ ਹਨ ਤੇ ਕਈ ਸੂਟ ਦਾ ਰੰਗ ਪਸੰਦ ਨਾ ਹੋਣ 'ਤੇ ਮੂੰਹ ਮੋਟਾ ਕਰਨ ਵਾਲੀਆਂ ਵੀ।ਪਹਿਲੇ ਸਮਿਆਂ ਵਿੱਚ ਰੱਖੜੀ ਦਾ ਤਿਉਹਾਰ ਬਹੁਤ ਹੀ ਸਾਦਾ ਮਨਾਇਆ ਜਾਂਦਾ ਸੀ। ਦੁਕਾਨ ਤੋਂ ਰੰਗ ਬਰੰਗੀ ਲੋਗੜੀ ਖਰੀਦੀ ਜਾਂਦੀ ਸੀ। ਉਸ ਦੀ ਡੋਰ ਵੱਟ ਕੇ ਵੀਰ ਦੇ ਗੁੱਟ ਤੇ ਬੰਨ੍ਹ ਦਿੱਤੀ ਜਾਂਦੀ ਸੀ। ਵੀਰ ਆਪਣੀ ਭੈਣ ਨੂੰ ਇੱਕ ਰੁਪਇਆ ਸ਼ਗਨ ਵਜੋਂ ਦੇ ਦਿੰਦਾ ਸੀ। ਕਈ ਭੈਣਾਂ ਵੱਟੀ ਡੋਰ ਵਿੱਚ ਲੋਗੜੀ ਦਾ ਫੁੱਲ ਬਣਾ ਕੇ ਲਾ ਦਿੰਦੀਆਂ ਸਨ। ਇਹ ਰੱਖੜੀ ਕਈ ਕਈ ਮਹੀਨੇ ਵੀਰਾਂ ਦੇ ਗੁੱਟ ਤੇ ਬੰਨ੍ਹੀ ਰਹਿੰਦੀ ਸੀ। ਪਹਿਲੇ ਸਮਿਆਂ ਵਿੱਚ ਵੀਰਾਂ ਤੇ ਭੈਣਾਂ ਦਾ ਆਪਸ ਵਿੱਚ ਪਿਆਰ ਵੀ ਬਹੁਤ ਹੁੰਦਾ ਸੀ।

ਅੱਜ ਕਲ ਰੱਖੜੀ ਮੌਕੇ ਭੈਣਾਂ ਭਰਾ ਨੂੰ ਰੱਖੜੀ ਬੰਨਣ ਦੇ ਨਾਲ ਹੀ ਭਾਬੀਆਂ ਦੇ ਵੀ ਗਾਨਾ ਜਿਹਾ ਬੰਨ ਦਿੰਦੀਆਂ ਹਨ, ਜਿਸ ਨੂੰ ਭਰਜਾਈਆਂ ਆਪਣੀਆਂ ਚੂੜੀਆਂ ਦੇ ਵਿਚਾਲੇ ਕਰਕੇ ਬੰਨਦੀਆਂ ਹਨ। ਇਸ ਨੂੰ ਭਾਬੀ ਦੀ ਰੱਖੜੀ ਅਤੇ ਲੂੰਬਾ ਵੀ ਕਿਹਾ ਜਾਂਦਾ ਹੈ। ਇਹ ਬਾਂਹ ਵਿੱਚ ਚੂੜੀਆਂ ਦੇ ਨਾਲ ਲਟਕਣ ਦੀ ਥਾਂ ਬਾਹਾਂ ਵਿੱਚ ਪਾਇਆ ਦਿਖਾਈ ਦਿੰਦਾ ਹੈ। 'ਰੱਖੜੀ' ਵਰਗੇ ਤਿਉਹਾਰ ਹੀ ਹਨ, ਜਿਹਨਾਂ ਨੇ ਅੱਜ ਵੀ ਸਾਡੀ ਪੁਰਾਤਨ ਸਭਿਅਤਾ ਤੇ ਗੀਤ- ਰਿਵਾਜ਼ਾਂ ਨੂੰ ਕਾਇਮ ਰੱਖਿਆ ਹੋਇਆ ਹੈ।





# ਜੈਪੁਰ ਵਾਂਗ ਅੰਮ੍ਰਿਤਸਰ ਨੂੰ ਵਿਰਾਸਤੀ ਸ਼ਹਿਰ ਵਜੋਂ ਵਿਕਸਤ ਕਰੇ ਪੰਜਾਬ ਸਰਕਾਰ

## ਸਿੱਖ ਵਿਰਾਸਤ ਇਤਿਹਾਸਕ ਦਰਵਾਜ਼ਿਆਂ ਦੀ ਸੰਭਾਲ ਕਰੇਗੀ ਸਰਕਾਰ

## ਸਿੱਖ ਮਿਊਜ਼ੀਅਮ ਅਤੇ ਹੋਰ ਵਿਰਾਸਤੀ ਉਪਰਾਲਿਆਂ ਦੀ ਜ਼ਰੂਰਤ



ਸਿੱਖ ਧਰਮ ਅਤੇ ਪੰਜਾਬ ਦੀ ਸੱਭਿਆਚਾਰਕ ਵਿਰਾਸਤ ਦਾ ਕੇਂਦਰ ਅੰਮ੍ਰਿਤਸਰ ਨਾ ਸਿਰਫ਼ ਇਤਿਹਾਸਕ ਅਤੇ ਧਾਰਮਿਕ ਮਹੱਤਤਾ ਰੱਖਦਾ ਹੈ, ਸਗੋਂ ਇਹ ਸ਼ਹਿਰ ਸਿੱਖੀ ਦੀ ਆਤਮਾ ਅਤੇ ਪੰਜਾਬ ਦੀ ਸ਼ਾਨ ਦਾ ਪ੍ਰਤੀਕ ਵੀ ਹੈ। ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹੋਰ ਇਤਿਹਾਸਕ ਗੁਰਦੁਆਰਿਆਂ ਦੇ ਨਾਲ-ਨਾਲ ਅੰਮ੍ਰਿਤਸਰ ਦੇ ਵਿਰਾਸਤੀ ਦਰਵਾਜ਼ੇ ਵੀ ਇਸ ਸ਼ਹਿਰ ਦੀ ਸ਼ਾਨ ਵਧਾਉਂਦੇ ਹਨ। 2027 ਵਿੱਚ ਅੰਮ੍ਰਿਤਸਰ ਦੀ 450ਵੀਂ ਵਰ੍ਹੇਗੰਢ ਮੌਕੇ ਸਰਕਾਰ ਵੱਲੋਂ 'ਹੈਰੀਟੇਜ ਸਿਟੀ ਰੀਵੇਕਨਿੰਗ ਪ੍ਰਾਜੈਕਟ' ਦੇ ਤਹਿਤ ਸ਼ਹਿਰ ਦੇ ਪੰਜ ਦਰਵਾਜ਼ਿਆਂ ਦੀ ਨਵਉਸਾਰੀ ਦਾ ਐਲਾਨ ਕੀਤਾ ਗਿਆ ਹੈ, ਜੋ ਕਿ ਇੱਕ ਸਕਾਰਾਤਮਕ ਕਦਮ ਹੈ।


ਅੰਮ੍ਰਿਤਸਰ ਸ਼ਹਿਰ ਦੀ ਸਥਾਪਨਾ ਸ੍ਰੀ ਗੁਰੂ ਰਾਮਦਾਸ ਜੀ ਨੇ 1577 ਵਿੱਚ ਕੀਤੀ ਸੀ ਅਤੇ ਇਸ ਦੀ ਵਿਰਾਸਤ ਸਿੱਖ ਧਰਮ ਦੇ ਨਾਲ-ਨਾਲ ਪੰਜਾਬ ਦੀ ਸੱਭਿਆਚਾਰਕ ਅਤੇ ਇਤਿਹਾਸਕ ਪਛਾਣ ਨਾਲ ਜੁੜੀ ਹੋਈ ਹੈ। ਸ਼ਹਿਰ ਦੇ ਵਿਸ਼ਾਲ ਦਰਵਾਜ਼ੇ, ਜੋ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੌਰਾਨ ਬਣਾਏ ਗਏ ਸਨ, ਨਾ ਸਿਰਫ਼ ਸੁਰੱਖਿਆ ਦੇ ਪ੍ਰਤੀਕ ਸਨ, ਸਗੋਂ ਸਿੱਖ ਸਾਮਰਾਜ ਦੀ ਸ਼ਕਤੀ ਅਤੇ ਸੱਭਿਆਚਾਰਕ ਉੱਤਮਤਾ ਨੂੰ ਵੀ ਦਰਸਾਉਂਦੇ ਸਨ। ਇਹ ਦਰਵਾਜ਼ੇ, ਜਿਵੇਂ ਕਿ ਦਰਵਾਜਾ ਰਾਮ ਬਾਗ, ਦਰਵਾਜਾ ਲੋਹਗੜ੍ਹ ਅਤੇ ਦਰਵਾਜਾ ਮਹਾਂ ਸਿੰਘ, ਸਿੱਖ ਰਾਜ ਦੀ ਵਾਸਤੁਕਲਾ ਅਤੇ ਸੱਭਿਆਚਾਰ ਦੀ ਮਿਸਾਲ ਸਨ। ਪਰ ਅੰਗਰੇਜ਼ੀ ਰਾਜ ਦੌਰਾਨ, 1870 ਦੇ ਆਸ-ਪਾਸ, ਇਨ੍ਹਾਂ ਵਿਰਾਸਤੀ ਦਰਵਾਜ਼ਿਆਂ ਨੂੰ ਢਾਹ ਦਿੱਤਾ ਗਿਆ ਅਤੇ ਉਨ੍ਹਾਂ ਦੀ ਥਾਂ ਛੋਟੇ ਅਤੇ ਸਾਧਾਰਨ ਨਮੂਨਿਆਂ ਵਾਲੇ ਨਵੇਂ ਗੇਟ ਬਣਾਏ ਗਏ।

ਅੱਜ ਦੇ ਸਮੇਂ ਵਿੱਚ, ਅੰਮ੍ਰਿਤਸਰ ਦੇ 12 ਵਿਰਾਸਤੀ ਦਰਵਾਜ਼ਿਆਂ ਵਿੱਚੋਂ ਸਿਰਫ਼ 4 ਪੂਰੀ ਤਰ੍ਹਾਂ ਮੌਜੂਦ ਹਨ (ਹਾਲ ਗੇਟ, ਲਾਹੌਰੀ ਦਰਵਾਜਾ, ਹਾਥੀ ਦਰਵਾਜਾ, ਖ਼ਜ਼ਾਨਾ ਗੇਟ) ਅਤੇ ਦੋ ਦਰਵਾਜ਼ਿਆਂ ਦੀਆਂ ਸਿਰਫ਼ ਬੁਰਜੀਆਂ (ਸੁਲਤਾਨਵਿੰਡ ਅਤੇ ਹਕੀਮਾਂ) ਬਚੀਆਂ ਹਨ। ਇਹ ਦਰਵਾਜ਼ੇ ਪਿਛਲੇ ਕਈ ਸਾਲਾਂ ਤੋਂ ਅਣਦੇਖੀ ਦਾ ਸ਼ਿਕਾਰ ਰਹੇ ਹਨ ਅਤੇ ਇਨ੍ਹਾਂ ਦੀ ਵਰਤੋਂ ਸਿਆਸੀ ਅਤੇ ਵਪਾਰਕ ਪੋਸਟਰਾਂ ਲਈ ਕੀਤੀ ਜਾ ਰਹੀ ਹੈ, ਜੋ ਕਿ ਸਿੱਖ ਵਿਰਾਸਤ ਅਤੇ ਸੱਭਿਆਚਾਰ ਦਾ ਘਾਣ ਹੈ। ਸਰਕਾਰ ਨੂੰ ਚਾਹੀਦਾ ਕਿ ਕਲਾ ਤੇ ਵਿਰਾਸਤੀ ਮਾਹਿਰਾਂ ਦੀ ਸਹਾਇਤਾ ਨਾਲ ਇਸ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੀ ਦਿਖ ਦੇਵੇ।



**ਪੰਜਾਬ ਸਰਕਾਰ ਦੇ ਮੌਜੂਦਾ ਉਪਰਾਲੇ**

'ਹੈਰੀਟੇਜ ਸਿਟੀ ਰੀਵੇਕਨਿੰਗ ਪ੍ਰਾਜੈਕਟ' ਦੇ ਤਹਿਤ ਪੰਜਾਬ ਸਰਕਾਰ ਨੇ ਅੰਮ੍ਰਿਤਸਰ ਦੇ ਪੰਜ ਦਰਵਾਜ਼ਿਆਂ (ਹਾਲ ਗੇਟ, ਲਾਹੌਰੀ ਦਰਵਾਜਾ,



ਹਾਥੀ ਦਰਵਾਜਾ, ਖ਼ਜ਼ਾਨਾ ਗੇਟ, ਅਤੇ ਸੁਲਤਾਨਵਿੰਡ ਦੀਆਂ ਬੁਰਜੀਆਂ) ਦੀ ਨਵਉਸਾਰੀ ਲਈ 10 ਕਰੋੜ ਰੁਪਏ ਦੀ ਲਾਗਤ ਦਾ ਪ੍ਰਸਤਾਵ ਰੱਖਿਆ ਹੈ। ਇਸ ਪ੍ਰਾਜੈਕਟ ਦਾ ਮਕਸਦ ਸ਼ਹਿਰ ਦੀ 450ਵੀਂ ਵਰ੍ਹੇਗੰਢ ਨੂੰ ਯਾਦਗਾਰੀ ਬਣਾਉਣ ਅਤੇ ਸ਼ਹਿਰ ਦੀ ਵਿਰਾਸਤੀ ਪਛਾਣ ਨੂੰ ਮੁੜ ਸਥਾਪਤ ਕਰਨਾ ਹੈ। ਇਸ ਤੋਂ ਇਲਾਵਾ, ਅੰਮ੍ਰਿਤਸਰ ਵਿਕਾਸ ਅਥਾਰਟੀ (ਏ.ਡੀ.ਏ.) ਅਤੇ ਹੋਰ ਸਰਕਾਰੀ ਵਿਭਾਗ ਵੀ ਸ਼ਹਿਰ ਦੇ ਵਿਕਾਸ ਅਤੇ ਸੁੰਦਰੀਕਰਨ ਲਈ ਕੰਮ ਕਰ ਰਹੇ ਹਨ।

ਹਾਲਾਂਕਿ, ਇਹ ਉਪਰਾਲੇ ਸੀਮਤ ਅਤੇ ਅਧੂਰੇ ਜਾਪਦੇ ਹਨ। ਸਿਰਫ਼ ਪੰਜ ਦਰਵਾਜ਼ਿਆਂ ਦੀ ਮੁਰੰਮਤ ਕਰਨ ਨਾਲ ਅੰਮ੍ਰਿਤਸਰ ਦੀ ਸਿੱਖ ਵਿਰਾਸਤ ਅਤੇ ਸੱਭਿਆਚਾਰਕ ਮਹੱਤਤਾ ਨੂੰ ਪੂਰੀ ਤਰ੍ਹਾਂ ਸੰਭਾਲਿਆ ਨਹੀਂ ਜਾ ਸਕਦਾ। ਸੱਚਾਈ ਇਹ ਹੈ ਕਿ ਸ਼ਹਿਰ ਦੇ ਕਈ ਦਰਵਾਜ਼ੇ, ਜਿਵੇਂ ਕਿ ਦਰਵਾਜ਼ਾ ਲੋਹਗੜ੍ਹ, ਭਗਤਾਂ ਵਾਲਾ ਦਰਵਾਜਾ ਅਤੇ ਦਰਵਾਜ਼ਾ ਮਹਾਂ ਸਿੰਘ, ਪੂਰੀ ਤਰ੍ਹਾਂ ਅਲੋਪ ਹੋ ਚੁੱਕੇ ਹਨ। ਸਰਕਾਰ ਨੂੰ ਸਿਰਫ਼ ਮੁਰੰਮਤ ਦੀ ਬਜਾਏ ਵਿਰਾਸਤੀ ਸੰਭਾਲ ਦੀ ਵਿਆਪਕ ਯੋਜਨਾ ਤਿਆਰ ਕਰਨ ਦੀ ਲੋੜ ਹੈ।

**ਜੈਪੁਰ ਵਾਂਗ ਵਿਰਾਸਤੀ ਵਿਕਾਸ ਦੀ ਲੋੜ**

ਜੈਪੁਰ, ਜੋ ਕਿ ਰਾਜਸਥਾਨ ਦੀ 'ਪਿੰਕ ਸਿਟੀ' ਵਜੋਂ ਜਾਣਿਆ ਜਾਂਦਾ ਹੈ, ਨੇ ਆਪਣੀ ਵਿਰਾਸਤੀ ਪਛਾਣ ਨੂੰ ਸੰਭਾਲਣ ਅਤੇ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਲਈ ਸ਼ਾਨਦਾਰ ਉਪਰਾਲੇ ਕੀਤੇ ਹਨ। ਜੈਪੁਰ ਦੇ ਹਵਾ ਮਹਿਲ, ਜਲ ਮਹਿਲ ਅਤੇ ਅੰਬਰ ਕਿਲ੍ਹੇ ਵਰਗੇ ਵਿਰਾਸਤੀ ਸਥਾਨਾਂ ਨੂੰ ਨਾ ਸਿਰਫ਼ ਸੰਭਾਲਿਆ ਗਿਆ ਹੈ, ਸਗੋਂ ਉਨ੍ਹਾਂ ਨੂੰ ਸੈਰ-ਸਪਾਟਾ ਅਤੇ ਸੱਭਿਆਚਾਰਕ ਕੇਂਦਰਾਂ ਵਜੋਂ ਵਿਕਸਤ ਕੀਤਾ ਗਿਆ ਹੈ। ਜੈਪੁਰ ਸਰਕਾਰ ਨੇ ਵਿਰਾਸਤੀ ਸਥਾਨਾਂ ਦੀ ਸੁੰਦਰਤਾ ਨੂੰ ਵਧਾਉਣ ਲਈ



ਆਧੁਨਿਕ ਸਹੂਲਤਾਂ, ਜਿਵੇਂ ਕਿ ਰੋਸ਼ਨੀ, ਸਾਫ਼-ਸਫ਼ਾਈ ਅਤੇ ਗਾਈਡਡ ਟੂਰ, ਦਾ ਪ੍ਰਬੰਧ ਕੀਤਾ ਹੈ। ਨਤੀਜੇ ਵਜੋਂ, ਜੈਪੁਰ ਨੇ ਵਿਸ਼ਵ ਪੱਧਰ 'ਤੇ ਸੈਰ-ਸਪਾਟੇ ਦੇ ਨਕਸ਼ੇ 'ਤੇ ਆਪਣੀ ਵਿਲੱਖਣ ਪਛਾਣ ਬਣਾਈ ਹੈ।

ਅੰਮ੍ਰਿਤਸਰ, ਜੋ ਕਿ ਸਿੱਖ ਧਰਮ ਦਾ ਸਭ ਤੋਂ ਪਵਿੱਤਰ ਸਥਾਨ ਹੈ ਅਤੇ ਜਿਸ ਦੀ ਸੱਭਿਆਚਾਰਕ ਵਿਰਾਸਤ ਵਿਸ਼ਵ ਪੱਧਰ 'ਤੇ ਮਸ਼ਹੂਰ ਹੈ, ਨੂੰ ਵੀ ਜੈਪੁਰ ਦੀ ਤਰਜ਼ 'ਤੇ ਵਿਕਸਤ ਕੀਤਾ ਜਾ ਸਕਦਾ ਹੈ। ਅੰਮ੍ਰਿਤਸਰ ਦੇ ਵਿਰਾਸਤੀ ਦਰਵਾਜ਼ਿਆਂ ਨੂੰ ਸਿਰਫ਼ ਮੁਰੰਮਤ ਕਰਨ ਦੀ ਬਜਾਏ, ਉਨ੍ਹਾਂ ਨੂੰ ਸੱਭਿਆਚਾਰਕ ਅਤੇ ਸੈਰ-ਸਪਾਟਾ ਕੇਂਦਰਾਂ ਵਜੋਂ ਵਿਕਸਤ ਕਰਨ ਦੀ ਲੋੜ ਹੈ। ਨਾਲ ਸਰਕਾਰ ਦੀ ਆਮਦਨ ਵਿੱਚ ਵੀ ਵਾਧਾ ਹੋ ਸਕਦਾ ਹੈ। ਅੰਗਰੇਜ਼ੀ ਰਾਜ ਦੌਰਾਨ ਢਾਹੇ ਗਏ ਦਰਵਾਜ਼ਿਆਂ ਦੀ ਪੁਰਾਣੀ ਵਾਸਤੂਕਲਾ ਨੂੰ ਇਤਿਹਾਸਕ ਦਸਤਾਵੇਜ਼ਾਂ ਅਤੇ ਚਿੱਤਰਾਂ ਦੀ ਮਦਦ ਨਾਲ ਮੁੜ ਬਣਾਇਆ ਜਾਣਾ ਚਾਹੀਦਾ। ਮਿਸਾਲ ਵਜੋਂ, ਦਰਵਾਜ਼ਾ ਰਾਮ ਬਾਗ, ਦਰਵਾਜ਼ਾ ਮਹਾਂ ਸਿੰਘ ਅਤੇ ਦਰਵਾਜ਼ਾ ਲੋਹਗੜ੍ਹ ਵਰਗੇ ਦਰਵਾਜ਼ਿਆਂ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੀ ਵਾਸਤੂਕਲਾ ਅਨੁਸਾਰ ਬਹਾਲ ਕੀਤਾ ਜਾ ਸਕਦਾ ਹੈ।

**ਸੈਰ-ਸਪਾਟਾ ਅਤੇ ਸੱਭਿਆਚਾਰਕ ਕੇਂਦਰਾਂ ਦਾ ਵਿਕਾਸ:** ਹਰੇਕ ਦਰਵਾਜ਼ੇ ਨੂੰ ਸੈਰ-ਸਪਾਟਾ ਕੇਂਦਰ ਵਜੋਂ ਵਿਕਸਤ ਕਰਨ ਲਈ, ਉੱਥੇ ਸੱਭਿਆਚਾਰਕ ਪ੍ਰਦਰਸ਼ਨੀਆਂ, ਸਿੱਖ ਇਤਿਹਾਸ ਨਾਲ ਸਬੰਧਿਤ ਜਾਣਕਾਰੀ ਬੋਰਡ, ਅਤੇ ਗਾਈਡਡ ਟੂਰ ਦੀ ਸਹੂਲਤ ਮੁਹੱਈਆ ਕਰਵਾਈ ਜਾਣੀ ਚਾਹੀਦੀ ਹੈ। ਦਰਵਾਜ਼ਿਆਂ ਦੇ ਨੇੜੇ ਸਾਫ਼-ਸਫ਼ਾਈ, ਰੋਸ਼ਨੀ ਅਤੇ ਸੈਰ-ਸਪਾਟੇ ਲਈ ਸਹੂਲਤਾਂ (ਜਿਵੇਂ ਕਿ ਬੈਠਣ ਦੀ ਜਗ੍ਹਾ, ਪੀਣ ਵਾਲਾ ਪਾਣੀ, ਅਤੇ ਰੈਸਟਰੂਮ) ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ।

ਡਿਜੀਟਲ ਅਤੇ ਵਰਚੁਅਲ ਸੰਭਾਲ: ਅੰਮ੍ਰਿਤਸਰ ਦੇ ਵਿਰਾਸਤੀ ਦਰਵਾਜ਼ਿਆਂ ਅਤੇ ਸਿੱਖ ਵਿਰਾਸਤ ਨੂੰ ਵਿਸ਼ਵ ਪੱਧਰ 'ਤੇ ਪਹੁੰਚਾਉਣ ਲਈ ਡਿਜੀਟਲ ਪਲੇਟਫਾਰਮ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਮਿਸਾਲ ਵਜੋਂ, ਵਰਚੁਅਲ ਟੂਰ, 3D ਮਾਡਲਿੰਗ ਅਤੇ ਮੋਬਾਈਲ ਐਪਸ ਰਾਹੀਂ ਸੈਲਾਨੀਆਂ ਨੂੰ ਸਿੱਖ ਇਤਿਹਾਸ ਅਤੇ ਦਰਵਾਜ਼ਿਆਂ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਜਾ ਸਕਦੀ ਹੈ।

ਵਿਰਾਸਤੀ ਸੜਕਾਂ ਦਾ ਵਿਕਾਸ: ਅੰਮ੍ਰਿਤਸਰ ਦੇ ਵਿਰਾਸਤੀ ਦਰਵਾਜ਼ਿਆਂ ਨੂੰ ਜੋੜਨ ਵਾਲੀਆਂ ਸੜਕਾਂ ਨੂੰ ਵੀ ਵਿਰਾਸਤੀ ਸੜਕਾਂ ਵਜੋਂ ਵਿਕਸਤ ਕੀਤਾ ਜਾਣਾ ਚਾਹੀਦਾ। ਇਨ੍ਹਾਂ ਸੜਕਾਂ 'ਤੇ ਸਿੱਖ ਇਤਿਹਾਸ ਅਤੇ ਸੱਭਿਆਚਾਰ ਨਾਲ ਸਬੰਧਿਤ ਕਲਾਕ੍ਰਿਤੀਆਂ, ਮੂਰਤੀਆਂ ਅਤੇ ਜਾਣਕਾਰੀ ਬੋਰਡ ਲਗਾਏ ਜਾਣੇ ਚਾਹੀਦੇ ਹਨ।


**ਸਿੱਖ ਮਿਊਜ਼ੀਅਮ ਦੀ ਲੋੜ**

ਅੰਮ੍ਰਿਤਸਰ ਵਿੱਚ ਇੱਕ ਅਜਿਹਾ ਸਿੱਖ ਮਿਊਜ਼ੀਅਮ ਬਣਾਉਣ ਦੀ ਸਖ਼ਤ ਲੋੜ ਹੈ, ਜੋ ਸਿੱਖ ਇਤਿਹਾਸ, ਸੱਭਿਆਚਾਰ ਅਤੇ ਵਿਰਾਸਤ ਨੂੰ ਵਿਸ਼ਵ ਪੱਧਰ 'ਤੇ ਪ੍ਰਦਰਸ਼ਿਤ ਕਰ ਸਕੇ। ਮਿਊਜ਼ੀਅਮ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਅਤੇ ਅਜ਼ਾਦੀ ਦੀ ਲਹਿਰ ਵਿੱਚ ਸਿੱਖਾਂ ਦੀ ਭੂਮਿਕਾ ਨੂੰ ਦਰਸਾਉਣ ਵਾਲੀਆਂ ਪ੍ਰਦਰਸ਼ਨੀਆਂ ਹੋਣੀਆਂ ਚਾਹੀਦੀਆਂ ਹਨ। ਸਿੱਖ ਰਾਜ ਦੀ ਵਾਸਤੂਕਲਾ, ਜਿਵੇਂ ਕਿ ਵਿਰਾਸਤੀ ਦਰਵਾਜ਼ਿਆਂ ਦੇ ਮਾਡਲ, ਅਤੇ ਸਿੱਖ ਸ਼ਸਤਰਾਂ ਦੀ ਪ੍ਰਦਰਸ਼ਨੀ ਮਿਊਜ਼ੀਅਮ ਦਾ ਹਿੱਸਾ ਹੋਣੀ ਚਾਹੀਦੀ।ਮਿਊਜ਼ੀਅਮ ਵਿੱਚ ਵਰਚੁਅਲ ਰਿਐਲਿਟੀ ਅਤੇ ਔਗਮੈਂਟਡ ਰਿਐਲਿਟੀ ਰਾਹੀਂ ਸਿੱਖ ਇਤਿਹਾਸ ਦੀਆਂ ਘਟਨਾਵਾਂ ਨੂੰ ਜੀਵੰਤ ਕੀਤਾ ਜਾ ਸਕਦਾ ਹੈ।

ਸੱਭਿਆਚਾਰਕ ਪ੍ਰੋਗਰਾਮ: ਮਿਊਜ਼ੀਅਮ ਵਿੱਚ ਸਿੱਖ ਸੰਗੀਤ ਨਾਲ ਸਬੰਧਿਤ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਜਾ ਸਕਦਾ ਹੈ। ਅੰਮ੍ਰਿਤਸਰ ਦੀਆਂ ਪੁਰਾਣੀਆਂ ਬਜ਼ਾਰਾਂ, ਜਿਵੇਂ ਕਿ ਘਿਉ ਮੰਡੀ ਅਤੇ ਬਜ਼ਾਰ ਮਾਈ ਸੇਵਾਂ ਨੂੰ ਸੱਭਿਆਚਾਰਕ ਕੇਂਦਰਾਂ ਵਜੋਂ ਵਿਕਸਤ ਕੀਤਾ ਜਾਣਾ ਚਾਹੀਦਾ ਹੈ। ਇੱਥੇ ਸਥਾਨਕ ਹੱਥ-ਕਲਾ, ਪੰਜਾਬੀ ਜੁੱਤੀ ਅਤੇ ਫੁਲਕਾਰੀ ਵਰਗੀਆਂ ਕਲਾਵਾਂ ਨੂੰ ਪ੍ਰਮੋਟ ਕੀਤਾ ਜਾ ਸਕਦਾ ਹੈ।

**ਸਾਫ਼-ਸਫ਼ਾਈ ਅਤੇ ਸੁੰਦਰੀਕਰਨ:** ਅੰਮ੍ਰਿਤਸਰ ਦੀਆਂ ਸੜਕਾਂ, ਬਜ਼ਾਰਾਂ, ਅਤੇ ਵਿਰਾਸਤੀ ਸਥਾਨਾਂ ਦੀ ਸਾਫ਼-ਸਫ਼ਾਈ ਅਤੇ ਸੁੰਦਰੀਕਰਨ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਸ਼ਹਿਰ ਦੀ ਸੁੰਦਰਤਾ ਨੂੰ ਵਧਾਉਣ ਲਈ ਰੋਸ਼ਨੀ, ਹਰਿਆਲੀ ਅਤੇ ਸਾਫ਼-ਸੁਥਰੇ ਮਾਹੌਲ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ।

**ਵਿਰਾਸਤੀ ਸੰਭਾਲ ਲਈ ਵਿਸ਼ੇਸ਼ ਕਮੇਟੀ:** ਪੰਜਾਬ ਸਰਕਾਰ ਨੂੰ ਇੱਕ ਵਿਰਾਸਤੀ ਸੰਭਾਲ ਕਮੇਟੀ ਬਣਾਉਣੀ ਚਾਹੀਦੀ ਹੈ, ਜਿਸ ਵਿੱਚ ਇਤਿਹਾਸਕਾਰ, ਵਾਸਤੁਸ਼ਾਸਤਰੀ ਅਤੇ ਸੱਭਿਆਚਾਰਕ ਮਾਹਿਰ ਸ਼ਾਮਲ ਹੋਣ।ਵਿਰਾਸਤੀ ਸੰਭਾਲ ਲਈ ਬਜਟ ਵਿੱਚ ਵਾਧਾ ਕੀਤਾ ਜਾਣਾ ਚਾਹੀਦਾ ਹੈ। 10 ਕਰੋੜ ਰੁਪਏ ਦੀ ਲਾਗਤ ਸਿਰਫ਼ ਪੰਜ ਦਰਵਾਜ਼ਿਆਂ ਦੀ ਮੁਰੰਮਤ ਲਈ ਕਾਫ਼ੀ ਨਹੀਂ ਹੈ। ਸੰਯੁਕਤ ਰਾਸ਼ਟਰ ਦੀ ਸੰਸਥਾ ਯੂਨੈਸਕੋ ਵਰਗੀਆਂ ਅੰਤਰਰਾਸ਼ਟਰੀ ਸੰਸਥਾਵਾਂ ਨਾਲ ਸਹਿਯੋਗ ਕਰਕੇ ਅੰਮ੍ਰਿਤਸਰ ਨੂੰ ਵਿਸ਼ਵ ਵਿਰਾਸਤ ਸਥਾਨ ਦੇ ਰੂਪ ਵਿੱਚ ਮਾਨਤਾ ਦਿਵਾਈ ਜਾਣੀ ਚਾਹੀਦੀ ਹੈ।



# ਪੰਜਾਬ ਦੀ ਆਜ਼ਾਦੀ ਲਈ ਆਪਣੇ ਆਖ਼ਰੀ ਸਾਹ ਤੱਕ ਸੰਘਰਸ਼ ਕਰਨ ਵਾਲੀ ਮਹਾਰਾਣੀ ਜਿੰਦ ਕੌਰ

ਡਾ. ਕੁਲਦੀਪ ਸਿੰਘ



ਪੰਜਾਬ ਦੇ ਸੁਨਹਿਰੀ ਇਤਿਹਾਸ ਵਿੱਚ ਮਹਾਰਾਜਾ ਰਣਜੀਤ ਸਿੰਘ ਦੁਆਰਾ ਸਥਾਪਤ ਸਿੱਖ ਰਾਜ ਇੱਕ ਮਹਾਨ ਕਾਲ ਸੀ ਜਿਸ ਨੇ ਖ਼ਾਲਸਾ ਪੰਥ ਦੀ ਸ਼ਕਤੀ ਅਤੇ ਪ੍ਰਭੂਸੱਤਾ ਨੂੰ ਸਥਾਪਤ ਕੀਤਾ ਪਰ ਇਸ ਮਹਾਨ ਰਾਜ ਦੇ ਅੰਤਲੇ ਦੌਰ ਵਿੱਚ ਇੱਕ ਅਜਿਹੀ ਸ਼ਖ਼ਸੀਅਤ ਉੱਭਰੀ, ਜਿਸ ਨੇ ਨਾ ਸਿਰਫ਼ ਪੰਜਾਬ ਦੀ ਹੋਂਦ ਨੂੰ ਬਚਾਉਣ ਲਈ ਅਣਥੱਕ ਸੰਘਰਸ਼ ਕੀਤਾ ਬਲਕਿ ਬ੍ਰਿਟਿਸ਼ ਸਾਮਰਾਜ ਦੀਆਂ ਚਾਲਾਂ ਦਾ ਵੀ ਡਟ ਕੇ ਮੁਕਾਬਲਾ ਕੀਤਾ। ਇਹ ਸ਼ਖ਼ਸੀਅਤ ਸੀ ਮਹਾਰਾਣੀ ਜਿੰਦ ਕੌਰ ਜੋ ਆਪਣੀ ਦਲੇਰੀ, ਬੁੱਧੀਮਤਾ ਅਤੇ ਅਡੋਲ ਇੱਛਾ ਸ਼ਕਤੀ ਕਾਰਨ 'ਮਾਈ ਸਾਹਿਬਾਂ' ਦੇ ਨਾਂ ਨਾਲ ਪ੍ਰਸਿੱਧ ਹੋਈ।

ਮਹਾਰਾਜਾ ਰਣਜੀਤ ਸਿੰਘ ਨੇ 19ਵੀਂ ਸਦੀ ਦੇ ਆਰੰਭ ਵਿੱਚ ਪੰਜਾਬ ਨੂੰ ਇੱਕ ਸ਼ਕਤੀਸ਼ਾਲੀ ਅਤੇ ਖ਼ੁਸ਼ਹਾਲ ਰਾਜ ਵਿੱਚ ਬਦਲ ਦਿੱਤਾ ਸੀ। ਉਨ੍ਹਾਂ ਨੇ ਵੱਖ-ਵੱਖ ਮਿਸਲਾਂ ਨੂੰ ਇਕਜੁੱਟ ਕਰ ਕੇ ਇੱਕ ਵਿਸ਼ਾਲ ਸਿੱਖ ਸਾਮਰਾਜ ਦੀ ਸਥਾਪਨਾ ਕੀਤੀ ਜੋ ਸਤਲੁਜ ਤੋਂ ਲੈ ਕੇ ਪੇਸ਼ਾਵਰ ਤੱਕ ਫ਼ੈਲਿਆ ਹੋਇਆ ਸੀ। ਉਨ੍ਹਾਂ ਦੇ ਸ਼ਾਸਨਕਾਲ ਨੂੰ 'ਸਿੱਖ ਰਾਜ ਦਾ ਸੁਨਹਿਰੀ ਕਾਲ' ਮੰਨਿਆ ਜਾਂਦਾ ਹੈ ਜਿੱਥੇ ਧਾਰਮਿਕ ਸਹਿਣਸ਼ੀਲਤਾ, ਪ੍ਰਸ਼ਾਸਨਿਕ ਕੁਸ਼ਲਤਾ ਅਤੇ ਫ਼ੌਜੀ ਸ਼ਕਤੀ ਸਿਖਰ 'ਤੇ ਸੀ। ਪਰ 1839 ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸਿੱਖ ਰਾਜ ਅੰਦਰੂਨੀ ਕਲੇਸ਼ ਅਤੇ ਦਰਬਾਰੀ ਸਾਜ਼ਿਸ਼ਾਂ ਦਾ ਸ਼ਿਕਾਰ ਹੋ ਗਿਆ। ਮਹਾਰਾਜੇ ਦੇ ਉੱਤਰਾਧਿਕਾਰੀਆਂ ਵਿੱਚ ਕਮਜ਼ੋਰੀ ਅਤੇ ਆਪਸੀ ਫ਼ੁੱਟ ਨੇ ਅੰਗਰੇਜ਼ਾਂ ਨੂੰ ਪੰਜਾਬ ਵਿੱਚ ਦਖ਼ਲ ਦੇਣ ਦਾ ਮੌਕਾ ਦਿੱਤਾ। ਇਸ ਅਸਥਿਰਤਾ ਦੇ ਦੌਰ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਸਭ ਤੋਂ ਛੋਟੇ ਪੁੱਤਰ ਮਹਾਰਾਜਾ ਦਲੀਪ ਸਿੰਘ ਨੂੰ 1843 ਵਿੱਚ ਪੰਜ ਸਾਲ ਦੀ ਉਮਰ ਵਿੱਚ ਗੱਦੀ 'ਤੇ ਬਿਠਾਇਆ ਗਿਆ। ਇਸ ਨਾਜ਼ੁਕ ਸਮੇਂ ਵਿੱਚ ਉਨ੍ਹਾਂ ਦੀ ਮਾਤਾ ਮਹਾਰਾਣੀ ਜਿੰਦ ਕੌਰ ਨੇ ਰਾਜ ਦੀ ਵਾਗਡੋਰ ਸੰਭਾਲੀ।

ਜਿੰਦ ਕੌਰ, ਜੋ ਸਰਦਾਰ ਮੰਨਾ ਸਿੰਘ ਔਲਖ ਦੀ ਧੀ ਸੀ, ਨੂੰ ਆਪਣੀ ਸੁੰਦਰਤਾ ਅਤੇ ਤੀਖਣ ਬੁੱਧੀ ਲਈ ਜਾਣਿਆ ਜਾਂਦਾ ਸੀ। ਉਸ ਨੇ ਜਦੋਂ ਰਾਜ ਦੀ ਵਾਗਡੋਰ ਸੰਭਾਲੀ ਤਾਂ ਉਹ ਜਾਣਦੀ ਸੀ ਕਿ ਸਿੱਖ ਰਾਜ ਨੂੰ ਅੰਦਰੂਨੀ ਵਿਰੋਧੀਆਂ ਅਤੇ ਬਾਹਰਲੀਆਂ ਸ਼ਕਤੀਆਂ ਖ਼ਾਸ ਤੌਰ 'ਤੇ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਤੋਂ ਖ਼ਤਰਾ ਹੈ। ਉਨ੍ਹਾਂ ਨੇ ਦਰਬਾਰੀਆਂ ਨੂੰ ਨਿਯੰਤਰਿਤ ਕਰਨ ਅਤੇ ਰਾਜ ਪ੍ਰਬੰਧ ਨੂੰ ਸੁਚਾਰੂ ਬਣਾਉਣ ਦੀ ਪੂਰੀ ਕੋਸ਼ਿਸ਼ ਕੀਤੀ। ਪਹਿਲੇ ਐਂਗਲੋ-ਸਿੱਖ ਯੁੱਧ (1845-1846) ਦੌਰਾਨ ਮਹਾਰਾਣੀ ਜਿੰਦ ਕੌਰ ਨੇ ਸਿੱਖ ਫ਼ੌਜਾਂ ਨੂੰ ਉਤਸ਼ਾਹਿਤ ਕੀਤਾ ਅਤੇ ਉਨ੍ਹਾਂ ਵਿੱਚ ਦੇਸ਼ ਭਗਤੀ ਦੀ ਭਾਵਨਾ ਭਰੀ। ਉਨ੍ਹਾਂ ਨੇ ਲਾਹੌਰ ਦੇ ਦਰਬਾਰ ਵਿੱਚ ਅੰਗਰੇਜ਼ਾਂ ਦੀ ਵਧਦੀ ਦਖ਼ਲ-ਅੰਦਾਜ਼ੀ ਦਾ ਸਖ਼ਤ ਵਿਰੋਧ ਕੀਤਾ। ਭਾਵੇਂ ਸਿੱਖ ਫ਼ੌਜਾਂ ਨੇ ਬਹਾਦਰੀ ਨਾਲ ਲੜਾਈ ਲੜੀ ਪਰ ਕੁਝ ਸਿੱਖ ਜਰਨੈਲਾਂ ਦੀ ਗ਼ੱਦਾਰੀ ਅਤੇ ਅੰਗਰੇਜ਼ਾਂ ਦੀ ਬਿਹਤਰ ਫ਼ੌਜੀ ਤਾਕਤ ਕਾਰਨ ਸਿੱਖਾਂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਲਾਹੌਰ ਦੀ ਸੰਧੀ (1846) ਨੇ ਸਿੱਖ ਰਾਜ ਨੂੰ ਕਮਜ਼ੋਰ ਕਰ ਦਿੱਤਾ ਅਤੇ ਅੰਗਰੇਜ਼ਾਂ ਨੇ ਪੰਜਾਬ ਵਿੱਚ ਆਪਣਾ ਰਾਜਨੀਤਕ ਪ੍ਰਭਾਵ ਸਥਾਪਤ ਕਰ ਲਿਆ।

ਅੰਗਰੇਜ਼ ਮਹਾਰਾਣੀ ਜਿੰਦ ਕੌਰ ਦੀ ਸ਼ਕਤੀ ਅਤੇ ਪ੍ਰਭਾਵ ਤੋਂ ਭਲੀ ਭਾਂਤ ਜਾਣੂ ਸਨ। ਉਹ ਜਾਣਦੇ ਸਨ ਕਿ ਜਿੰਦ ਕੌਰ ਦੀ ਮੌਜੂਦਗੀ ਪੰਜਾਬ ਵਿੱਚ ਬਗ਼ਾਵਤ ਨੂੰ ਭੜਕਾ ਸਕਦੀ ਹੈ। ਇਸ ਲਈ ਉਨ੍ਹਾਂ ਨੇ ਮਹਾਰਾਣੀ ਦੀ ਸ਼ਕਤੀ ਨੂੰ ਸੀਮਤ ਕਰਨ ਅਤੇ ਉਨ੍ਹਾਂ ਨੂੰ ਜਨਤਾ ਤੋਂ ਅਲੱਗ ਕਰਨ ਦੀ ਸਾਜ਼ਿਸ਼ ਰਚੀ। ਉਨ੍ਹਾਂ ਨੂੰ ਦਲੀਪ ਸਿੰਘ ਦੀ ਰੀਜੈਂਸੀ ਕੌਂਸਲ ਤੋਂ ਹਟਾ ਦਿੱਤਾ ਗਿਆ ਅਤੇ 29 ਅਗਸਤ 1847 ਨੂੰ ਉਨ੍ਹਾਂ ਨੂੰ ਸ਼ੇਖ਼ੂਪੁਰਾ ਦੇ ਕਿਲ੍ਹੇ ਵਿੱਚ ਕੈਦ ਕਰ ਲਿਆ ਗਿਆ। ਅੰਗਰੇਜ਼ਾਂ ਨੇ ਉਨ੍ਹਾਂ 'ਤੇ ਸਿੱਖਾਂ ਨੂੰ ਭੜਕਾਉਣ ਅਤੇ ਬਗ਼ਾਵਤ ਦੀ ਯੋਜਨਾ ਬਣਾਉਣ ਦਾ ਦੋਸ਼ ਲਗਾਇਆ। ਮਹਾਰਾਣੀ ਦੀ ਕੈਦ ਨੇ ਪੰਜਾਬ ਵਿੱਚ ਵਿਆਪਕ ਰੋਸ ਪੈਦਾ ਕੀਤਾ। ਲੋਕਾਂ ਨੇ ਉਨ੍ਹਾਂ ਨੂੰ ਆਪਣੀ ਕੌਮ ਦੀ ਆਜ਼ਾਦੀ ਦਾ ਪ੍ਰਤੀਕ ਮੰਨਿਆ। ਜਿੰਦ ਕੌਰ ਨੇ ਕੈਦ ਵਿੱਚ ਵੀ ਹਿੰਮਤ ਨਹੀਂ ਹਾਰੀ ਅਤੇ 1848 ਵਿੱਚ ਉਹ ਸ਼ੇਖ਼ੂਪੁਰਾ ਕਿਲ੍ਹੇ ਤੋਂ ਹੈਰਾਨੀਜਨਕ ਤਰੀਕੇ ਨਾਲ ਬਚ ਨਿਕਲੀ ਅਤੇ ਨੇਪਾਲ ਵਿੱਚ ਸ਼ਰਨ ਲਈ। ਨੇਪਾਲ ਵਿੱਚ ਵੀ ਉਹ ਚੁੱਪ ਨਹੀਂ ਬੈਠੀ ਅਤੇ ਪੰਜਾਬ ਦੀ ਆਜ਼ਾਦੀ ਲਈ ਸੰਘਰਸ਼ ਜਾਰੀ ਰੱਖਿਆ। ਉਹ ਵੱਖ-ਵੱਖ ਦੇਸੀ ਰਿਆਸਤਾਂ ਦੇ ਸ਼ਾਸਕਾਂ ਨਾਲ ਸੰਪਰਕ ਵਿੱਚ ਰਹੀ ਅਤੇ ਅੰਗਰੇਜ਼ਾਂ ਵਿਰੁੱਧ ਗੁਪਤ ਯੋਜਨਾਵਾਂ ਬਣਾਉਂਦੀ ਰਹੀ। ਬ੍ਰਿਟਿਸ਼ ਸਰਕਾਰ ਨੇ ਉਨ੍ਹਾਂ ਨੂੰ ਪੰਜਾਬ ਤੋਂ ਦੂਰ ਰੱਖਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਕਿਉਂਕਿ ਉਹ ਜਾਣਦੇ ਸਨ ਕਿ ਜਿੰਦ ਕੌਰ ਦੀ ਮੌਜੂਦਗੀ ਸਿੱਖਾਂ ਵਿੱਚ ਰਾਸ਼ਟਰਵਾਦ ਦੀ ਭਾਵਨਾ ਨੂੰ ਹੋਰ ਮਜ਼ਬੂਤ ਕਰ ਸਕਦੀ ਹੈ।



ਦੂਜੇ ਐਂਗਲੋ-ਸਿੱਖ ਯੁੱਧ (1848-1849) ਵਿੱਚ ਸਿੱਖਾਂ ਦੀ ਅੰਤਿਮ ਹਾਰ ਤੋਂ ਬਾਅਦ ਪੰਜਾਬ ਨੂੰ ਬ੍ਰਿਟਿਸ਼ ਸਾਮਰਾਜ ਵਿੱਚ ਮਿਲਾ ਲਿਆ ਗਿਆ। ਮਹਾਰਾਜਾ ਦਲੀਪ ਸਿੰਘ ਨੂੰ ਇੰਗਲੈਂਡ ਭੇਜ ਦਿੱਤਾ ਗਿਆ ਅਤੇ ਇਸਾਈ ਬਣਾ ਦਿੱਤਾ ਗਿਆ। ਜਿੰਦ ਕੌਰ ਨੇ ਕਈ ਸਾਲਾਂ ਤੱਕ ਆਪਣੇ ਪੁੱਤਰ ਤੋਂ ਦੂਰ ਰਹਿ ਕੇ ਬਹੁਤ ਦੁੱਖ ਝੱਲਿਆ। ਉਨ੍ਹਾਂ ਦੀ ਸਿਹਤ ਵਿਗੜਦੀ ਜਾ ਰਹੀ ਸੀ ਪਰ ਉਨ੍ਹਾਂ ਦੀ ਇੱਛਾ ਸ਼ਕਤੀ ਕਾਇਮ ਰਹੀ। ਆਖ਼ਰਕਾਰ ਮਹਾਰਾਜਾ ਦਲੀਪ ਸਿੰਘ ਦੇ ਯਤਨਾਂ ਸਦਕਾ ਜਿੰਦ ਕੌਰ ਨੂੰ 1861 ਵਿੱਚ ਇੰਗਲੈਂਡ ਵਿੱਚ ਆਪਣੇ ਪੁੱਤਰ ਨਾਲ ਮਿਲਣ ਦੀ ਇਜਾਜ਼ਤ ਮਿਲੀ। ਜਦੋਂ ਜਿੰਦ ਕੌਰ ਇੰਗਲੈਂਡ ਪਹੁੰਚੀ ਤਾਂ ਉਹ ਸਰੀਰਕ ਤੌਰ 'ਤੇ ਬਹੁਤ ਕਮਜ਼ੋਰ ਹੋ ਚੁੱਕੀ ਸੀ। ਉਨ੍ਹਾਂ ਦੀ ਨਜ਼ਰ ਵੀ ਲਗਭਗ ਜਾ ਚੁੱਕੀ ਸੀ। ਉਨ੍ਹਾਂ ਨੇ ਆਪਣੇ ਪੁੱਤਰ ਨੂੰ ਸਿੱਖ ਵਿਰਾਸਤ, ਪੰਜਾਬ ਦੇ ਗੁਆਚੇ ਹੋਏ ਗੌਰਵ ਅਤੇ ਖ਼ਾਲਸਾ ਪੰਥ ਪ੍ਰਤੀ ਉਸ ਦੇ ਫ਼ਰਜ਼ਾਂ ਬਾਰੇ ਯਾਦ ਦਿਵਾਇਆ। ਮੰਨਿਆ ਜਾਂਦਾ ਹੈ ਕਿ ਜਿੰਦ ਕੌਰ ਦੀ ਪ੍ਰੇਰਨਾ ਨੇ ਹੀ ਦਲੀਪ ਸਿੰਘ ਨੂੰ ਸਿੱਖ ਧਰਮ ਵਿੱਚ ਵਾਪਸ ਆਉਣ ਅਤੇ ਪੰਜਾਬ ਦੀ ਆਜ਼ਾਦੀ ਲਈ ਸੰਘਰਸ਼ ਕਰਨ ਲਈ ਪ੍ਰੇਰਿਤ ਕੀਤਾ।

ਮਹਾਰਾਣੀ ਜਿੰਦ ਕੌਰ ਦਾ ਦੇਹਾਂਤ 1 ਅਗਸਤ 1863 ਨੂੰ ਕੈਂਸਿੰਗਟਨ, ਇੰਗਲੈਂਡ ਵਿੱਚ ਹੋਇਆ। ਉਨ੍ਹਾਂ ਦੀ ਆਖ਼ਰੀ ਇੱਛਾ ਅਨੁਸਾਰ ਉਨ੍ਹਾਂ ਦਾ ਸਸਕਾਰ ਭਾਰਤ ਵਿੱਚ ਕੀਤਾ ਗਿਆ। ਮਹਾਰਾਜਾ ਦਲੀਪ ਸਿੰਘ ਨੇ ਉਨ੍ਹਾਂ ਦਾ ਸਸਕਾਰ ਨਾਸਿਕ, ਮਹਾਰਾਸ਼ਟਰ ਵਿੱਚ ਗੋਦਾਵਰੀ ਨਦੀ ਦੇ ਕਿਨਾਰੇ ਕੀਤਾ ਅਤੇ ਬਾਅਦ ਵਿੱਚ ਉਨ੍ਹਾਂ ਦੀਆਂ ਅਸਥੀਆਂ ਨੂੰ ਲਾਹੌਰ ਲਿਆ ਕੇ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਦੇ ਨੇੜੇ ਇੱਕ ਸਮਾਰਕ ਬਣਾਇਆ ਗਿਆ। ਮਹਾਰਾਣੀ ਜਿੰਦ ਕੌਰ ਸਿੱਖ ਰਾਜ ਦੀ ਆਖ਼ਰੀ ਮਹਾਰਾਣੀ ਹੋਣ ਦੇ ਨਾਲ-ਨਾਲ ਇੱਕ ਅਜਿਹੀ ਔਰਤ ਸੀ ਜਿਸ ਨੇ ਨਾਜ਼ੁਕ ਹਾਲਾਤ ਵਿੱਚ ਵੀ ਅਥਾਹ ਹਿੰਮਤ ਤੇ ਅਡੋਲਤਾ ਦਾ ਪ੍ਰਦਰਸ਼ਨ ਕੀਤਾ। ਉਨ੍ਹਾਂ ਨੇ ਆਪਣੇ ਪੁੱਤਰ ਨੂੰ ਸਿੱਖੀ ਵਿਰਾਸਤ ਨਾਲ ਜੋੜਨ ਵਿੱਚ ਅਹਿਮ ਭੂਮਿਕਾ ਨਿਭਾਈ ਅਤੇ ਪੰਜਾਬ ਦੀ ਆਜ਼ਾਦੀ ਲਈ ਆਪਣੇ ਆਖ਼ਰੀ ਸਾਹ ਤੱਕ ਸੰਘਰਸ਼ ਕੀਤਾ।

ਉਨ੍ਹਾਂ ਦੀ ਜ਼ਿੰਦਗੀ ਬ੍ਰਿਟਿਸ਼ ਸਾਮਰਾਜ ਵਿਰੁੱਧ ਪੰਜਾਬੀਆਂ ਦੇ ਵਿਰੋਧ ਦੀ ਇੱਕ ਮਹੱਤਵਪੂਰਨ ਕਹਾਣੀ ਹੈ। ਅੱਜ ਵੀ ਮਹਾਰਾਣੀ ਜਿੰਦ ਕੌਰ ਦੀ ਕਹਾਣੀ ਪੰਜਾਬੀਆਂ ਨੂੰ ਆਪਣੀ ਵਿਰਾਸਤ, ਸਵੈਮਾਨ ਅਤੇ ਆਜ਼ਾਦੀ ਲਈ ਲੜਨ ਦੀ ਪ੍ਰੇਰਨਾ ਦਿੰਦੀ ਹੈ।



# ਕਿਸਾਨਾਂ ਦੀ ਆਮਦਨ ਦੀ ਥਾਂ ਖ਼ੁਦਕੁਸ਼ੀਆਂ ਦੀ ਦਰ ਦੁੱਗਣੀ ਹੋਈ

**ਗੁਰਪ੍ਰੀਤ**

'ਮਦਰ ਇੰਡੀਆ' ਫਿਲਮ ਤਾਂ ਮੈਨੂੰ ਲੱਗਦਾ ਹੈ, ਬਹੁਤਿਆਂ ਨੇ ਦੇਖੀ ਹੋਣੀ ਹੈ। ਇਹ ਫਿਲਮ 1957 ਵਿੱਚ ਆਈ ਸੀ ਅਤੇ ਇਸ ਵਿੱਚ ਜੋ ਕੁਝ ਦਿਖਾਇਆ ਗਿਆ ਸੀ, ਉਹ ਉਸ ਸਮੇਂ ਦੀ ਸਰਕਾਰ ਦੁਆਰਾ ਕੀਤੇ ਜਾ ਰਹੇ ਜ਼ੁਲਮਾਂ ਦਾ ਝਲਕਾਰਾ ਸੀ। ਫਿਲਮ ਕਰੀਬ ਢਾਈ ਘੰਟਿਆਂ ਦੀ ਸੀ। ਇਹ ਫਿਲਮ ਬਣੀ ਨੂੰ ਅੱਜ ਕਰੀਬ 70 ਵਰ੍ਹੇ ਹੋ ਚੁੱਕੇ ਹਨ, ਫਿਰ ਵੀ ਜੋ ਕੁਝ ਇਸ ਅੰਦਰ ਦਿਖਾਇਆ ਗਿਆ ਸੀ, ਉਸ ਤੋਂ ਵੀ ਮਾੜੀ ਹਾਲਤ ਇਸ ਵੇਲੇ ਮੁਲਕ ਦੇ ਕਿਸਾਨਾਂ ਦੀ ਹੋ ਚੁੱਕੀ ਹੈ।

ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਵਾਅਦਾ ਅਤੇ ਦਾਅਵਾ ਕਰਨ ਵਾਲੀ ਸਰਕਾਰ ਆਪਣੇ ਵਾਅਦੇ ਤੋਂ ਭਟਕ ਰਹੀ ਹੈ। 2022 ਤੱਕ ਇਸ ਸਰਕਾਰ ਨੇ ਮੁਲਕ ਭਰ ਦੇ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਵਾਅਦਾ ਕੀਤਾ ਸੀ। ਇਹ ਵਾਅਦਾ ਭਾਜਪਾ ਸਰਕਾਰ ਨੇ 2014 ਅਤੇ 2019 ਵਾਲੀਆਂ ਚੋਣਾਂ ਵਿੱਚ ਵੀ ਕੀਤਾ, ਪਰ ਉਦੋਂ ਤੋਂ ਲੈ ਕੇ ਹੁਣ ਤੱਕ ਕਿਸਾਨਾਂ ਦੀ ਆਮਦਨ ਤਾਂ ਦੁੱਗਣੀ ਨਹੀਂ ਹੋਈ, ਮਾਮੂਲੀ ਜਿਹੇ ਕਰਜ਼ੇ ਕਾਰਨ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੀ ਦਰ ਜ਼ਰੂਰ ਦੁੱਗਣੀ ਹੋ ਗਈ ਹੈ।

ਸਮੇਂ ਦੀਆਂ ਸਰਕਾਰਾਂ ਭਾਵੇਂ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਦੇ ਦਾਅਵੇ ਅਤੇ ਵਾਅਦੇ ਕਰਦੀਆਂ ਹਨ, ਪਰ ਇਹ ਦਾਅਵੇ ਅਤੇ ਵਾਅਦੇ ਕੁਝ ਕੁ ਕਿਸਾਨਾਂ 'ਤੇ ਲਾਗੂ ਹੀ ਹੁੰਦੇ ਨੇ। ਧਨਾਢ ਜ਼ਿਮੀਦਾਰ ਹੀ ਇਸ ਦਾ ਫ਼ਾਇਦਾ ਲੈ ਲੈਂਦੇ ਨੇ, ਜਦੋਂਕਿ ਛੋਟੇ ਕਿਸਾਨ ਸਰਕਾਰਾਂ ਦੀਆਂ ਇਨ੍ਹਾਂ ਸਕੀਮਾਂ ਤੋਂ ਵਾਂਝੇ ਰਹਿ ਜਾਂਦੇ ਨੇ। ਜਿਹੜੀ ਵੀ ਸਰਕਾਰ ਬਣੀ, ਉਸ ਨੇ ਖੇਤੀ ਨੂੰ ਇੱਕ ਤਰੀਕੇ ਦਾ ਆਪਣਾ ਬਿਜ਼ਨਸ ਬਣਾ ਲਿਆ, ਜਿਸ ਦਾ ਮਾਲਕ ਤਾਂ ਕਿਸਾਨ ਹੈ, ਪਰ ਇਸ ਦਾ ਸਭ ਤੋਂ ਵੱਡਾ ਫ਼ਾਇਦਾ ਕਾਰਪੋਰੇਟ ਘਰਾਣਿਆਂ ਨੂੰ ਹੀ ਪਹੁੰਚਾਇਆ ਜਾਂਦਾ ਹੈ।

ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਕਿਸਾਨਾਂ ਨੇ ਦਿੱਲੀ ਦੀਆਂ ਬਰੂਹਾਂ 'ਤੇ ਜਿਹੜੀ ਲੜਾਈ ਲੜੀ ਸੀ, ਉਸ ਲੜਾਈ ਨੇ ਬੇਸ਼ੱਕ ਹਕੂਮਤ ਨੂੰ ਝੁਕਾ ਦਿੱਤਾ ਸੀ, ਪਰ ਉਸ ਲੜਾਈ ਨੇ ਕੇਂਦਰ ਨਾਲ ਨਵਾਂ ਪੇਚ ਕਿਸਾਨਾਂ ਦਾ ਫਸਾ ਦਿੱਤਾ। ਸਮੇਂ-ਸਮੇਂ 'ਤੇ ਸਰਕਾਰਾਂ ਕਿਸਾਨਾਂ 'ਤੇ ਵੱਖੋ-ਵੱਖਰੇ ਤਰੀਕਿਆਂ ਨਾਲ ਜ਼ੁਲਮ ਕਰਦੀਆਂ ਹਨ। ਕਿਤੇ ਤਾਂ ਨਵੇਂ ਖੇਤੀ ਖਰੜੇ ਰਾਹੀਂ ਕਿਸਾਨਾਂ ਨੂੰ ਲਤਾੜਿਆ ਜਾ ਰਿਹਾ ਹੈ ਤੇ ਕਿਤੇ ਕਿਸਾਨਾਂ ਦੀਆਂ ਜ਼ਮੀਨਾਂ ਖੋਹਣ ਲਈ ਲੈਂਡ ਪੂਲਿੰਗ ਨੀਤੀ ਵਰਗੀਆਂ ਨੀਤੀਆਂ ਲਿਆਂਦੀਆਂ ਜਾ ਰਹੀਆਂ ਹਨ।

ਮਹਾਰਾਸ਼ਟਰ ਤੋਂ ਪਿਛਲੇ ਦਿਨੀਂ ਇੱਕ ਦ੍ਰਿਸ਼ ਸਾਹਮਣੇ ਆਇਆ। ਇਸ ਵਿੱਚ ਕਿਸਾਨ 'ਮਦਰ ਇੰਡੀਆ' ਫਿਲਮ ਵਾਂਗ ਆਪ ਹਲ ਖਿੱਚ ਕੇ ਜ਼ਮੀਨ ਵਾਹ ਰਿਹਾ ਹੈ। ਇਹ ਵੀਡੀਓ ਵਾਇਰਲ ਹੋ ਗਈ। ਵੀਡੀਓ ਨੇ ਸਭ ਨੂੰ ਝੰਜੋੜ ਕੇ ਰੱਖ ਦਿੱਤਾ। ਇਹ ਵੀਡੀਓ ਦੇਖ ਕੇ ਫਿਲਮ ਅਦਾਕਾਰ ਸੋਨੂੰ ਸੂਦ ਅੱਗੇ ਆਇਆ ਤੇ ਵਾਅਦਾ ਕੀਤਾ ਕਿ ਉਹ ਇਸ ਕਿਸਾਨ ਨੂੰ ਬਲਦ ਲੈ ਕੇ ਦੇਵੇਗਾ। ਉਸ ਨੇ ਕੁਝ ਮੁਆਵਜ਼ਾ ਦੇਣ ਦਾ ਐਲਾਨ ਵੀ ਕੀਤਾ। ਸੋਨੂੰ ਸੂਦ ਨੇ ਤਾਂ ਐਲਾਨ ਕਰ ਦਿੱਤਾ, ਪਰ ਸਰਕਾਰ ਸੁੱਤੀ ਹੀ ਰਹੀ।



ਦਰਅਸਲ, ਮਹਾਰਾਸ਼ਟਰ ਦੇ ਲਾਤੂਰ ਜ਼ਿਲ੍ਹੇ ਦੇ ਹਦੋਲਤੀ ਪਿੰਡ ਤੋਂ 76 ਸਾਲਾ ਕਿਸਾਨ ਅੰਬਦਾਸ ਪਵਾਰ ਅਤੇ ਉਸ ਦੀ 73 ਸਾਲਾ ਪਤਨੀ ਦਾ ਵੀਡੀਓ ਸਾਹਮਣੇ ਆਇਆ। ਇਸ ਵੀਡੀਓ ਵਿੱਚ ਕਿਸਾਨ ਜੋੜਾ ਬਲਦ ਦੀ ਬਜਾਏ ਖ਼ੁਦ ਹਲ ਖਿੱਚ ਕੇ ਖੇਤ ਵਾਹੁੰਦਾ ਦਿਸ ਰਿਹਾ ਹੈ। ਅੰਬਦਾਸ ਪਵਾਰ ਕੋਲ ਬਲਦ ਖ਼ਰੀਦਣ ਲਈ ਪੈਸੇ ਨਹੀਂ ਹਨ ਅਤੇ ਉਹ 10 ਸਾਲਾਂ ਤੋਂ ਇਸੇ ਤਰ੍ਹਾਂ ਖੇਤੀ ਕਰ ਰਿਹਾ ਹੈ। ਇਸ ਵੀਡੀਓ ਤੋਂ ਬਾਅਦ ਮਹਾਰਾਸ਼ਟਰ ਦੀ ਰਾਜਨੀਤੀ ਵਿੱਚ ਹਲਚਲ ਮੱਚ ਗਈ। ਵਿਰੋਧੀ ਧਿਰ ਦੇ ਨੇਤਾਵਾਂ ਨੇ ਕਿਸਾਨਾਂ ਦੀ ਹਾਲਤ ਨੂੰ ਲੈ ਕੇ ਵਿਧਾਨ ਸਭਾ ਦੇ ਬਾਹਰ ਪ੍ਰਦਰਸ਼ਨ ਕੀਤਾ। ਖੇਤੀਬਾੜੀ ਮੰਤਰੀ ਮਾਨਿਕਰਾਓ ਕੋਟਾਕੇ ਅਤੇ ਸਹਿਕਾਰੀ ਮੰਤਰੀ ਬਾਬਾ ਸਾਹਿਬ ਪਾਟਿਲ ਨੇ ਕਿਸਾਨ ਨਾਲ ਫੋਨ 'ਤੇ ਗੱਲ ਕੀਤੀ ਅਤੇ ਮਦਦ ਦਾ ਭਰੋਸਾ ਵੀ ਦਿੱਤਾ।

ਇੱਕ ਰਿਪੋਰਟ ਦੇ ਅਨੁਸਾਰ, ਲਾਤੂਰ ਜ਼ਿਲ੍ਹਾ ਪ੍ਰਸ਼ਾਸਨ ਨੇ ਅੰਬਦਾਸ ਪਵਾਰ ਨੂੰ 8400 ਰੁਪਏ ਅਤੇ ਮੁਕਤਾਬਾਈ ਪਵਾਰ ਨੂੰ 8700 ਰੁਪਏ ਦੀ ਗਰਾਂਟ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਜਮ੍ਹਾਂ ਕਰਵਾ ਦਿੱਤੀ ਹੈ। ਖੇਤੀਬਾੜੀ ਵਿਭਾਗ ਨੇ ਕਿਸਾਨ ਨੂੰ ਬੀਜ ਅਤੇ ਖਾਦ ਵੀ ਦਿੱਤੀ ਹੈ। ਇਸ ਦੌਰਾਨ ਮਹਾਰਾਸ਼ਟਰ ਸਰਕਾਰ ਦੇ ਰਾਹਤ ਤੇ ਮੁੜ ਵਸੇਬਾ ਮੰਤਰੀ ਮਕਰੰਦ ਪਾਟਿਲ ਨੇ ਦੱਸਿਆ ਕਿ ਜਨਵਰੀ 2025 ਤੋਂ ਮਾਰਚ 2025 ਦੇ ਵਿਚਕਾਰ ਰਾਜ ਵਿੱਚ ਕਿਸਾਨ ਖ਼ੁਦਕੁਸ਼ੀਆਂ ਦੇ 767 ਮਾਮਲੇ ਸਾਹਮਣੇ ਆਏ ਹਨ।

ਹੁਣ ਤੱਕ ਜਿੰਨੀਆਂ ਵੀ ਸਰਕਾਰਾਂ ਆਈਆਂ, ਕਿਸੇ ਨੇ ਵੀ ਕਿਸਾਨ ਪੱਖੀ ਫ਼ੈਸਲੇ ਨਹੀਂ ਕੀਤੇ। ਜਿੰਨੇ ਵੀ ਫ਼ੈਸਲੇ ਕੀਤੇ, ਉਹ ਸਿਰਫ਼ ਤੇ ਸਿਰਫ਼ ਕਾਰਪੋਰੇਟ ਘਰਾਣਿਆਂ ਪੱਖ ਵਿੱਚ ਹੀ ਕੀਤੇ। ਤਿੰਨ ਖੇਤੀ ਕਾਨੂੰਨ, ਜਿਨ੍ਹਾਂ ਨੂੰ ਕਿਸਾਨਾਂ ਨੇ ਵੱਡੇ ਘੋਲ ਤੋਂ ਬਾਅਦ ਵਾਪਸ ਕਰਵਾਇਆ, ਉਹ ਵੀ ਕਾਰਪੋਰੇਟ ਘਰਾਣਿਆਂ ਦੇ ਹੱਕ ਵਿੱਚ ਹੀ ਸਨ। ਇਸ ਤੋਂ ਬਾਅਦ ਜਿਹੜਾ ਖੇਤੀ ਨੀਤੀ ਖਰੜਾ ਤਿਆਰ ਕੀਤਾ ਗਿਆ, ਉਹ ਵੀ ਕਿਸਾਨ ਵਿਰੋਧੀ ਹੈ। ਵਿਸ਼ਵ ਵਪਾਰ ਸੰਗਠਨ ਦੀਆਂ ਨੀਤੀਆਂ 'ਤੇ ਪਹਿਰਾ ਦਿੰਦਿਆਂ ਵੱਖ-ਵੱਖ ਦੇਸ਼ਾਂ ਦੀਆਂ ਸਰਕਾਰਾਂ ਕਿਸਾਨਾਂ ਨੂੰ ਲਗਾਤਾਰ ਲਤਾੜ ਰਹੀਆਂ ਹਨ। ਉਹ ਸਾਜ਼ਿਸ਼ਾਂ ਘੜ ਰਹੀਆਂ ਹਨ ਕਿ ਕਿਸਾਨਾਂ ਨੂੰ ਖੇਤੀ ਵਿੱਚੋਂ ਕਿਵੇਂ ਬਾਹਰ ਕੱਢਿਆ ਜਾਵੇ।

ਪੰਜਾਬ ਖੇਤੀ ਪ੍ਰਧਾਨ ਸੂਬਾ ਹੈ, ਪਰ ਹੁਣ ਇਸ ਵਿੱਚ ਵੀ ਇਸ ਵੇਲੇ ਫੈਕਟਰੀਆਂ ਤੇ ਹੋਰ ਕਾਰਖ਼ਾਨੇ ਲਾਉਣ ਦੀ ਥਾਂ ਨਵੇਂ-ਨਵੇਂ ਸ਼ਹਿਰ ਵਸਾਉਣ ਦੀਆਂ ਗੱਲਾਂ ਹੋ ਰਹੀਆਂ ਹਨ। ਅਜਿਹੀਆਂ ਨੀਤੀਆਂ ਪੰਜਾਬ ਨੂੰ ਹੋਰ ਖੋਖਲਾ ਕਰਨਗੀਆਂ। ਇਸ ਵੇਲੇ ਦੁਨੀਆ ਭਰ ਵਿੱਚ ਤਬਾਹੀ ਮੱਚੀ ਪਈ ਹੈ ਕਿਉਂਕਿ ਜਲਵਾਯੂ ਤਬਦੀਲੀ ਕਾਰਨ ਸਮੇਂ ਤੋਂ ਪਹਿਲਾਂ ਮੀਂਹ ਪੈ ਰਹੇ ਹਨ, ਹੜ੍ਹ ਆ ਰਹੇ ਹਨ ਅਤੇ ਕਈ ਥਾਂਵਾਂ 'ਤੇ ਸੋਕਾ ਪੈ ਰਿਹਾ ਹੈ, ਲੋਕ ਪਾਣੀ ਨੂੰ ਤਰਸ ਰਹੇ ਹਨ।

ਜਿੰਨੀ ਦੇਰ ਤੱਕ ਸਰਕਾਰਾਂ ਚੰਗੀਆਂ ਨੀਤੀਆਂ ਨਹੀਂ ਘੜਦੀਆਂ, ਉਦੋਂ ਤੱਕ ਮੁਲਕ ਦੇ ਕਿਸਾਨ ਮਜ਼ਦੂਰ ਮਰਦੇ ਰਹਿਣਗੇ। ਇਸ ਵੇਲੇ ਦੇਸ਼ ਦੀ ਸਰਕਾਰ ਭਾਵੇਂ ਕਿਸਾਨਾਂ ਦੇ ਹੱਕ ਵਿੱਚ ਵੱਡੇ-ਵੱਡੇ ਬਿਆਨ ਦੇ ਰਹੀ ਹੈ ਅਤੇ ਕਈ ਤਰ੍ਹਾਂ ਦੇ ਵਾਅਦੇ ਕਿਸਾਨਾਂ ਨਾਲ ਕੀਤੇ ਜਾ ਰਹੇ ਹਨ, ਪਰ ਹਕੀਕਤ ਵਿੱਚ ਕਿਸਾਨਾਂ ਦੀ ਲਾਗਤ ਦਾ ਮੁੱਲ ਵੀ ਸਰਕਾਰਾਂ ਨਹੀਂ ਦੇ ਰਹੀਆਂ।

ਇਸ ਵਕਤ ਦੇਸ਼ ਦੇ ਕਿਸਾਨਾਂ ਦੀ ਹਾਲਤ ਬੇਹੱਦ ਮਾੜੀ ਹੈ। ਚਾਹੀਦਾ ਤਾਂ ਇਹ ਹੈ ਕਿ ਸਰਕਾਰ ਕਿਸਾਨਾਂ ਦੀ ਮਾੜੀ ਹਾਲਤ ਦੇ ਮੱਦੇਨਜ਼ਰ ਕੋਈ ਕਿਸਾਨ ਹਿਤੂ ਕਾਨੂੰਨ ਬਣਾਵੇ ਪਰ ਸਰਕਾਰ ਦਾ ਤਵਾਜ਼ਨ ਕਾਰਪੋਰੇਟ ਘਰਾਣਿਆਂ ਦੇ ਹੱਕ ਵਿੱਚ ਝੁਕ ਰਿਹਾ ਹੈ। ਹਕੀਕਤ ਇਹ ਹੈ ਕਿ ਜੇ ਅੰਨਦਾਤਾ ਬਚੇਗਾ ਤਾਂ ਹੀ ਮੁਲਕ ਬਚੇਗਾ। ਜਿਹੜੇ ਕੁਝ ਲੋਕ ਇਸ ਵੇਲੇ ਕਿਸਾਨਾਂ ਦਾ ਵਿਰੋਧ ਕਰ ਰਹੇ ਹਨ, ਜੇ ਉਹ ਚਾਹੁੰਦੇ ਹਨ ਕਿ ਉਹ ਵੀ ਬਚੇ ਰਹਿਣ ਤਾਂ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਕਿਸਾਨਾਂ ਨਾਲ ਖੜ੍ਹਨ। ਸਰਕਾਰਾਂ ਨਾਲ ਖੜ੍ਹ ਕੇ ਉਨ੍ਹਾਂ ਨੂੰ ਸਿਰਫ਼ ਤੇ ਸਿਰਫ਼ ਇੱਕ ਧਿਰ ਦਾ ਸਾਥ ਤਾਂ ਮਿਲੇਗਾ, ਪਰ ਰੋਟੀ ਨਹੀਂ।

DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ

ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205

# ਨੌਜਵਾਨਾਂ ਨੂੰ ਦੇਸ਼ ਦੇ ਆਰਥਿਕ ਵਿਕਾਸ ਦਾ ਇੰਜਨ ਬਣਾਉਣ ਦੀ ਲੋੜ

**ਡਾ. ਸੁਰਜੀਤ ਸਿੰਘ**

ਭਾਰਤ ਵਰਗੇ ਵਿਕਾਸਸ਼ੀਲ ਦੇਸ਼ਾਂ ਲਈ ਜਨਸੰਖਿਆ ਇੱਕ ਦੋ ਧਾਰੀ ਤਲਵਾਰ ਵਾਂਗ ਹੈ। ਇੱਕ ਪਾਸੇ ਇਹ ਦੇਸ਼ ਦੀ ਊਰਜਾ ਅਤੇ ਕਿਰਤ ਸ਼ਕਤੀ ਦਾ ਸਰੋਤ ਹੈ, ਦੂਜੇ ਪਾਸੇ ਇਹ ਸਰੋਤਾਂ 'ਤੇ ਬਹੁਤ ਜ਼ਿਆਦਾ ਦਬਾਅ ਵੀ ਪਾਉਂਦੀ ਹੈ। ਪਿਛਲੀਆਂ ਪੀੜ੍ਹੀਆਂ ਵੱਡੀ ਜਨਸੰਖਿਆ ਨੂੰ ਸਮਾਜਿਕ ਸੁਰੱਖਿਆ, ਮਜ਼ਦੂਰੀ ਅਤੇ ਪਰਿਵਾਰਕ ਮਜ਼ਬੂਤੀ ਦੇ ਰੂਪ ਵਿੱਚ ਦੇਖਦੀਆਂ ਸਨ ਪਰ ਅੱਜ ਦਾ ਨੌਜਵਾਨ ਵਰਗ ਸਿੱਖਿਆ, ਸਿਹਤ, ਰੁਜ਼ਗਾਰ ਅਤੇ ਵਾਤਾਵਰਣ ਸੰਤੁਲਨ ਦੇ ਸੰਕਟਾਂ ਜਿਵੇਂ ਕਿ ਪ੍ਰਦੂਸ਼ਣ, ਪਾਣੀ ਦਾ ਸੰਕਟ ਅਤੇ ਜੀਵਾਂ ਦੀ ਵੰਨ-ਸੁਵੰਨਤਾ ਨੂੰ ਖ਼ਤਰੇ ਆਦਿ ਨੂੰ ਲੈ ਕੇ ਜ਼ਿਆਦਾ ਚੌਕਸ ਹੈ। ਇਸ ਲਈ ਹੁਣ ਬਹੁਤ ਸਾਰੇ ਲੋਕ ਜਨਸੰਖਿਆ ਨੂੰ ਸਿਰਫ਼ ਇੱਕ ਗਿਣਤੀ ਨਹੀਂ, ਸਗੋਂ ਸਮਾਜਿਕ, ਆਰਥਿਕ ਅਤੇ ਵਾਤਾਵਰਨ ਸਬੰਧੀ ਜ਼ਿੰਮੇਵਾਰੀ ਦੇ ਰੂਪ ਵਿੱਚ ਦੇਖਦੇ ਹਨ। ਪਿੰਡਾਂ ਦੇ ਨੌਜਵਾਨਾਂ ਵਿੱਚ ਵੀ ਜਨਸੰਖਿਆ ਅਤੇ ਪਰਿਵਾਰ ਨਿਯੋਜਨ ਵੱਲ ਚੇਤਨਾ ਵਧੀ ਹੈ।

ਸਕੂਲਾਂ ਵਿੱਚ ਹੁਣ ਸੈਕਸ ਸਿੱਖਿਆ ਅਤੇ ਪਰਿਵਾਰ ਨਿਯੋਜਨ ਨੂੰ ਸਕਾਰਾਤਮਕ ਰੂਪ ਵਿਚ ਦੇਖਿਆ ਜਾ ਰਿਹਾ ਹੈ। ਲੜਕੀਆਂ ਵਿੱਚ ਆਤਮ-ਨਿਰਭਰਤਾ ਦੀ ਭਾਵਨਾ ਇਹ ਦਰਸਾਉਂਦੀ ਹੈ ਕਿ ਸਿੱਖਿਆ ਪ੍ਰਾਪਤ ਲੜਕੀਆਂ ਪ੍ਰਜਣਨ ਸਬੰਧੀ ਫ਼ੈਸਲੇ ਖ਼ੁਦ ਲੈਣਾ ਚਾਹੁੰਦੀਆਂ ਹਨ। ਨੌਜਵਾਨਾਂ ਦਾ ਨਜ਼ਰੀਆ ਹੁਣ ਜ਼ਿਆਦਾ ਵਿਗਿਆਨਕ, ਪ੍ਰਯੋਗਾਤਮਕ ਅਤੇ ਭਵਿੱਖ-ਕੇਂਦਰਿਤ ਹੋ ਰਿਹਾ ਹੈ। ਡਿਜੀਟਲ ਯੁੱਗ ਅਤੇ ਬਿਹਤਰ ਸਿੱਖਿਆ ਵਿਵਸਥਾ ਨੇ ਨੌਜਵਾਨਾਂ ਨੂੰ ਪਰਿਵਾਰ ਨਿਯੋਜਨ, ਜਨਸੰਖਿਆ ਨਿਯੰਤਰਣ ਨੀਤੀ ਅਤੇ ਸਿਹਤ ਸੇਵਾਵਾਂ ਬਾਰੇ ਜ਼ਿਆਦਾ ਚੌਕਸ ਤੇ ਜਾਗਰੂਕ ਬਣਾਇਆ ਹੈ। ਫੇਸਬੁੱਕ, ਇੰਸਟਾਗ੍ਰਾਮ, ਐਕਸ ਆਦਿ ਪਲੇਟਫਾਰਮ, ਮੋਬਾਈਲ ਐਪ, ਆਨਲਾਈਨ ਸਿਹਤ ਸੇਵਾਵਾਂ ਅਤੇ ਜਨਸੰਖਿਆ ਨਾਲ ਜੁੜੀਆਂ ਮੁਹਿੰਮਾਂ ਜ਼ਰੀਏ ਉਹ ਜ਼ਿਆਦਾ ਸਾਵਧਾਨ ਅਤੇ ਜਾਗਰੂਕ ਹੋਏ ਹਨ।

ਅੱਜ ਦਾ ਨੌਜਵਾਨ ਪਰਿਵਾਰ ਨਿਯੋਜਨ 'ਤੇ ਖੁੱਲ੍ਹ ਕੇ ਗੱਲ ਕਰਦਾ ਹੈ ਅਤੇ ਇਸ ਵਿਸ਼ੇ 'ਤੇ ਚਰਚਾ ਨੂੰ ਹੱਲਾਸ਼ੇਰੀ ਵੀ ਦਿੰਦਾ ਹੈ। 'ਸਮਾਰਟ ਪਰਿਵਾਰ-ਸਮਾਰਟ ਭਵਿੱਖ' ਸੋਚ ਵਾਲਾ ਨੌਜਵਾਨ ਵਰਗ ਵੱਡੇ ਪਰਿਵਾਰਾਂ ਦੀ ਬਜਾਏ ਗੁਣਵੱਤਾ ਵਾਲੇ ਜੀਵਨ, ਕੈਰੀਅਰ, ਮਾਨਸਿਕ ਸਿਹਤ ਅਤੇ ਆਤਮ-ਨਿਰਭਰਤਾ ਨੂੰ ਵੱਧ ਮਹੱਤਵ ਦਿੰਦਾ ਹੈ। ਨੌਜਵਾਨਾਂ ਨੂੰ ਸਮਝ ਆ ਗਈ ਹੈ ਕਿ ਵਧਦੀ ਜਨਸੰਖਿਆ ਨਾ ਸਿਰਫ਼ ਸਰੋਤਾਂ ਨੂੰ ਪ੍ਰਭਾਵਿਤ ਕਰਦੀ ਹੈ, ਸਗੋਂ ਬੇਰੁਜ਼ਗਾਰੀ, ਝੁੱਗੀਆਂ ਦੇ ਫੈਲਾਅ, ਪ੍ਰਦੂਸ਼ਣ ਅਤੇ ਸਮਾਜਿਕ ਅਸਮਾਨਤਾ ਨੂੰ ਵੀ ਵਧਾਉਂਦੀ ਹੈ। ਜੇਕਰ ਜਨਸੰਖਿਆ ਨੂੰ ਕੁਸ਼ਲ ਮਨੁੱਖੀ ਸਰੋਤ ਵਿੱਚ ਬਦਲਿਆ ਜਾਵੇ ਤਾਂ ਇਹ ਆਰਥਿਕ ਵਿਕਾਸ ਦਾ ਇੰਜਨ ਬਣ ਸਕਦੀ ਹੈ। ਨਵੀਨਤਮ ਰਾਸ਼ਟਰੀ ਪਰਿਵਾਰ ਸਿਹਤ ਸਰਵੇਖਣ ਦੱਸਦਾ ਹੈ ਕਿ ਗਰਭ-ਨਿਰੋਧਕ ਤਰੀਕਿਆਂ ਦੇ ਇਸਤੇਮਾਲ ਵਿੱਚ ਵਾਧਾ ਹੋਇਆ ਹੈ। ਇਹ ਇਸ ਤੱਥ ਨੂੰ ਸਪਸ਼ਟ ਕਰਦਾ ਹੈ ਕਿ ਮਹਿਲਾਵਾਂ ਦੀ ਸੈਕਸ ਸਿੱਖਿਆ ਅਤੇ ਉਨ੍ਹਾਂ ਦੀ ਫ਼ੈਸਲਾ ਕਰਨ ਦੀ ਸਮਰੱਥਾ ਵਿੱਚ ਵਾਧਾ ਹੋਇਆ ਹੈ। ਜਾਗਰੂਕਤਾ ਅਤੇ ਸਿਹਤ ਸੇਵਾਵਾਂ ਦੀ ਪਹੁੰਚ ਵਧਣ ਨਾਲ ਲਗਪਗ 45.5 ਪ੍ਰਤੀਸ਼ਤ ਲੜਕੀਆਂ ਆਧੁਨਿਕ ਗਰਭ-ਨਿਰੋਧਕਾਂ ਦਾ ਇਸਤੇਮਾਲ ਕਰਦੀਆਂ ਹਨ।

ਸਿੱਖਿਆ ਦੇ ਪ੍ਰਸਾਰ ਨਾਲ ਹੋਣ ਵਾਲੇ ਸ਼ਹਿਰੀਕਰਨ ਨਾਲ ਸਿਰਫ਼ ਨੌਜਵਾਨਾਂ ਦੀ ਜੀਵਨਸ਼ੈਲੀ ਹੀ ਨਹੀਂ, ਸਗੋਂ ਤਰਜੀਹਾਂ ਵੀ ਬਦਲ ਗਈਆਂ ਹਨ। ਸਿੱਖਿਆ, ਡਿਜੀਟਲ ਪਹੁੰਚ ਅਤੇ ਨੀਤੀਗਤ ਤਬਦੀਲੀਆਂ ਨੇ ਨੌਜਵਾਨਾਂ ਨੂੰ ਆਜ਼ਾਦ ਅਤੇ ਜਾਗਰੂਕ ਫ਼ੈਸਲਾ ਕਰਨ ਵਾਲੇ ਬਣਾਇਆ ਹੈ।

ਜਨਸੰਖਿਆ ਪ੍ਰਤੀ ਵਧੇਰੇ ਸੰਵੇਦਨਸ਼ੀਲ ਦ੍ਰਿਸ਼ਟੀਕੋਣ, ਜਾਗਰੂਕਤਾ ਅਤੇ ਸਰਗਰਮੀ ਨੂੰ ਦੇਖਦੇ ਹੋਏ ਇਹ ਜ਼ਰੂਰੀ ਹੈ ਕਿ ਭਾਰਤ ਦੀ ਜਨਸੰਖਿਆ ਨੀਤੀ ਨੂੰ ਨੌਜਵਾਨ-ਕੇਂਦਰਿਤ ਬਣਾਇਆ ਜਾਵੇ ਤਾਂ ਜੋ ਭਾਰਤ ਨਾ ਸਿਰਫ਼ ਜਨਸੰਖਿਆ ਨਿਯੰਤਰਣ, ਸਗੋਂ ਜਨਸੰਖਿਆ ਮੈਨੇਜਮੈਂਟ ਅਤੇ ਨਵੇਂ ਵਿਕਾਸ ਵਿੱਚ ਵਿਸ਼ਵ ਦਾ ਆਗੂ ਬਣ ਸਕੇ। ਸੰਯੁਕਤ ਰਾਸ਼ਟਰ ਜਨਸੰਖਿਆ ਕੋਸ਼ ਦਾ ਵਿਸ਼ਲੇਸ਼ਣ ਦੱਸਦਾ ਹੈ ਕਿ ਜੇਕਰ ਭਾਰਤ ਆਪਣੇ ਨੌਜਵਾਨਾਂ ਦੇ ਸਿੱਖਿਆ, ਸਿਹਤ, ਰੁਜ਼ਗਾਰ ਵਿੱਚ ਸਹੀ ਤਰੀਕੇ ਨਾਲ ਸਹੀ ਨਿਵੇਸ਼ ਕਰੇ ਤਾਂ 2040 ਤੱਕ ਭਾਰਤ ਦੁਨੀਆ ਦੀ ਸਭ ਤੋਂ ਵੱਡੀ ਆਰਥਿਕ ਸ਼ਕਤੀ ਬਣ ਸਕਦਾ ਹੈ। ਨੀਤੀ ਅਯੋਗ ਦੀ ਰਿਪੋਰਟ ਵੀ ਇਹ ਰੇਖਾਂਕਿਤ ਕਰਦੀ ਹੈ ਕਿ ਨੌਜਵਾਨ ਹੁਣ ਸਿਰਫ਼ ਨੌਕਰੀ ਚਾਹੁਣ ਵਾਲੇ ਨਹੀਂ ਸਗੋਂ ਉਦਯੋਗਪਤੀ, ਸਟਾਰਟਅੱਪ ਨਿਰਮਾਤਾ ਅਤੇ ਇਨੋਵੇਸ਼ਨ ਦੇ ਖੇਤਰ ਵਿੱਚ ਉੱਭਰ ਰਹੇ ਹਨ।



ਨੀਤੀ ਅਯੋਗ ਦਾ ਸੁਝਾਅ ਹੈ ਕਿ ਜਨਸੰਖਿਆ ਨੀਤੀ ਵਿੱਚ ਨੌਜਵਾਨਾਂ ਦੀ ਸਿੱਧੀ ਭਾਈਵਾਲੀ ਹੋਣੀ ਚਾਹੀਦੀ ਹੈ ਤਾਂ ਜੋ ਉਹ ਆਪਣੀ ਸਿੱਖਿਆ, ਰੁਜ਼ਗਾਰ ਅਤੇ ਸਿਹਤ ਯੋਜਨਾਵਾਂ ਦੇ ਫ਼ੈਸਲਿਆਂ ਵਿੱਚ ਸਹਿ-ਨਿਰਮਾਤਾ ਬਣ ਸਕਣ। ਪੰਦਰਾਂ ਤੋਂ 34 ਸਾਲ ਦੀ 65 ਪ੍ਰਤੀਸ਼ਤ ਆਬਾਦੀ ਨਾਲ ਭਾਰਤ ਦੁਨੀਆ ਦਾ ਸਭ ਤੋਂ ਜ਼ਿਆਦਾ ਨੌਜਵਾਨ ਆਬਾਦੀ ਵਾਲਾ ਦੇਸ਼ ਹੈ ਜਿਸ ਦੀ ਔਸਤ ਉਮਰ 29 ਸਾਲ ਹੈ। ਸੰਨ 2030 ਤੱਕ ਨੌਜਵਾਨਾਂ ਦੀ ਅਨੁਮਾਨਤ ਆਬਾਦੀ 85 ਕਰੋੜ ਹੋ ਜਾਵੇਗੀ। ਜੇਕਰ ਅਸੀਂ ਇਸ ਕਿਰਤ ਬਲ ਨੂੰ ਕੁਸ਼ਲ ਬਣਾ ਸਕੇ ਤਾਂ ਆਰਥਿਕ ਮੌਕਿਆਂ ਦੀ ਸਭ ਤੋਂ ਵੱਡੀ ਖਿੜਕੀ ਭਾਰਤ ਦੇ ਸਾਹਮਣੇ ਖੁੱਲ੍ਹ ਸਕਦੀ ਹੈ। ਵਿਸ਼ਵ ਬੈਂਕ ਦੀ ਰਿਪੋਰਟ ਮੁਤਾਬਕ 15 ਤੋਂ 24 ਸਾਲ ਦੇ 22 ਪ੍ਰਤੀਸ਼ਤ ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਅਤੇ ਕੁਸ਼ਲਤਾ ਸਿਖਲਾਈ ਦੀ ਜ਼ਰੂਰਤ ਹੈ।

ਭਾਰਤ ਦੀ 15 ਤੋਂ 35 ਸਾਲ ਦੀ 52 ਪ੍ਰਤੀਸ਼ਤ ਸ਼ਹਿਰੀ ਆਬਾਦੀ ਤੱਕ ਸਿਹਤ ਸੇਵਾਵਾਂ ਦੀ ਪਹੁੰਚ ਬਣਾਉਣ ਨਾਲ ਨਾ ਸਿਰਫ਼ ਗ਼ਰੀਬ ਅਤੇ ਅਮੀਰ ਦੇ ਵਿਚਕਾਰ ਸਿਹਤ ਸੇਵਾਵਾਂ ਦੀ ਪਹੁੰਚ ਵਿੱਚ ਫ਼ਰਕ ਖ਼ਤਮ ਹੋਵੇਗਾ ਸਗੋਂ ਪਿੰਡਾਂ ਅਤੇ ਪੱਛੜੇ ਰਾਜਾਂ ਵਿੱਚ ਉੱਚ ਪ੍ਰਜਣਨ ਦਰ 'ਤੇ ਵੀ ਇਸ ਦਾ ਅਸਰ ਪਵੇਗਾ। ਇਸ ਨੌਜਵਾਨ ਆਬਾਦੀ ਨੂੰ ਦੇਸ਼ ਦੇ ਆਰਥਿਕ ਵਿਕਾਸ ਦਾ ਇੰਜਨ ਬਣਾਉਣ ਲਈ ਇੱਕ ਤਾਲਮੇਲ ਵਾਲੀ ਮਨੁੱਖੀ ਪੂੰਜੀ ਵਿਕਾਸ ਰਣਨੀਤੀ ਨੂੰ ਮਜ਼ਬੂਤ ਬਣਾਉਣ ਦੀ ਦਿਸ਼ਾ ਵਿੱਚ ਕੰਮ ਕਰਨਾ ਹੋਵੇਗਾ। ਇਸ ਲਈ ਕੁਸ਼ਲਤਾ ਵਿਕਾਸ, ਤਕਨੀਕੀ ਅਤੇ ਕਿੱਤਾਮੁਖੀ ਸਿੱਖਿਆ ਅਤੇ ਸਿਹਤ ਢਾਂਚੇ ਵਿੱਚ ਸੁਧਾਰ ਕਰ ਕੇ ਇਸ ਕਾਰਜਸ਼ੀਲ ਆਬਾਦੀ ਦੀ ਸਹੀ ਦਿਸ਼ਾ ਵਿੱਚ ਵਰਤੋਂ ਕੀਤੀ ਜਾ ਸਕਦੀ ਹੈ। ਹੁਣ ਸਾਨੂੰ ਜਨਸੰਖਿਆ ਨੂੰ ਸਿਰਫ਼ ਨੰਬਰਾਂ ਵਾਂਗ ਨਹੀਂ, ਸਗੋਂ ਸੰਭਾਵਨਾਵਾਂ ਅਤੇ ਅਧਿਕਾਰਾਂ ਦੇ ਨਜ਼ਰੀਏ ਨਾਲ ਦੇਖਣਾ ਚਾਹੀਦਾ ਹੈ ਤਾਂ ਜੋ ਜਨ-ਸ਼ਕਤੀ ਨੂੰ ਰਾਸ਼ਟਰ-ਸ਼ਕਤੀ ਵਿੱਚ ਬਦਲਿਆ ਜਾ ਸਕੇ।



# ਥੋੜਾ ਥੋੜਾ ਹੱਸਣਾ ਜ਼ਰੂਰ ਚਾਹੀਦੈ...

**ਲਲਿਤ ਗੁਪਤਾ**



ਕਿਸੇ ਵੀ ਵਿਅਕਤੀ ਦੇ ਚਿਹਰੇ 'ਤੇ ਹਾਸਾ ਉਸ ਵਿਅਕਤੀ ਨੂੰ ਊਰਜਾਵਾਨ ਬਣਾ ਦਿੰਦਾ ਹੈ। ਹਰ ਕੰਮ ਖ਼ੁਸ਼ੀ-ਖ਼ੁਸ਼ੀ ਕਰਨ ਨਾਲ ਜ਼ਿੰਦਗੀ ਦੀਆਂ ਬਹੁਤ ਸਾਰੀਆਂ ਮੁਸ਼ਕਲਾਂ ਆਪਣੇ-ਆਪ ਖ਼ਤਮ ਹੋ ਜਾਂਦੀਆਂ ਹਨ ਅਤੇ ਜੀਵਨ ਚੰਗਾ ਲੱਗਣ ਲੱਗ ਪੈਂਦਾ ਹੈ। ਮਸ਼ਹੂਰ ਕਲਾਕਾਰ ਚਾਰਲੀ ਚੈਪਲਿਨ ਦੇ ਕਹੇ ਮੁਤਾਬਕ ਹਾਸੇ ਤੋਂ ਬਿਨਾਂ ਬਿਤਾਇਆ ਗਿਆ ਦਿਨ ਬਰਬਾਦੀ ਵਾਲਾ ਦਿਨ ਹੁੰਦਾ ਹੈ।

ਦੱਸ ਦਈਏ ਕਿ ਹਾਸਾ ਜ਼ਿੰਦਗੀ ਦੀਆਂ ਸਭ ਤੋਂ ਵਧੀਆ ਚੀਜ਼ਾਂ 'ਚੋਂ ਇੱਕ ਹੈ ਜੋ ਸਾਡੀ ਸਰੀਰਕ, ਮਾਨਸਿਕ ਅਤੇ ਭਾਵਨਾਤਮਕ ਸਿਹਤ 'ਤੇ ਬਹੁਤ ਸਾਰੇ ਸਕਾਰਾਤਮਕ ਪ੍ਰਭਾਵ ਪਾਉਂਦਾ ਹੈ। ਇਸ ਤੋਂ ਇਲਾਵਾ ਹੱਸਣ ਨਾਲ ਤਣਾਅ ਘੱਟ ਹੁੰਦਾ ਹੈ ਅਤੇ ਸਾਡਾ ਪਾਚਨ ਤੰਤਰ ਵੀ ਤੰਦਰੁਸਤ ਹੁੰਦਾ ਹੈ। ਹਾਸਾ ਸਭ ਤੋਂ ਵਧੀਆ ਦਵਾਈ ਹੈ ਜੋ ਹਰ ਸਥਿਤੀ ਵਿੱਚ ਕੰਮ ਕਰਦੀ ਹੈ। ਅੱਜ-ਕੱਲ੍ਹ 'ਲਾਫ ਥੈਰੇਪੀ' ਬਹੁਤ ਮਸ਼ਹੂਰ ਹੋ ਗਈ ਹੈ। ਇਸ ਵਿੱਚ ਲੋਕ ਬਿਨਾਂ ਕਿਸੇ ਮਕਸਦ ਦੇ ਸਵੇਰੇ ਕਿਸੇ ਪਾਰਕ ਜਾਂ ਖੁੱਲ੍ਹੀ ਥਾਂ ਵਿੱਚ ਇਕੱਠੇ ਹੋ ਜਾਂਦੇ ਹਨ ਅਤੇ ਉੱਚੀ-ਉੱਚੀ ਹੱਸਦੇ ਹਨ। ਇਸ ਨੂੰ 'ਲਾਫ ਥੈਰੇਪੀ' ਕਿਹਾ ਜਾਂਦਾ ਹੈ। ਅਜਿਹਾ ਕਰਨ ਨਾਲ ਅਵਸਾਦ, ਮਾਈਗ੍ਰੇਨ, ਸਿਰ ਦਰਦ, ਤਣਾਅ ਵਰਗੀਆਂ ਬਿਮਾਰੀਆਂ ਤੋਂ ਤੁਰੰਤ ਰਾਹਤ ਮਿਲਦੀ ਹੈ। ਡਾਕਟਰ ਮੁਤਾਬਕ ਸਿਹਤਮੰਦ ਰਹਿਣ ਲਈ 3 ਚੀਜ਼ਾਂ ਦੀ ਲੋੜ ਹੁੰਦੀ ਹੈ- ਸੰਤੁਲਿਤ ਖ਼ੁਰਾਕ, ਮਨ ਦੀ ਸ਼ਾਂਤੀ ਅਤੇ ਖੁੱਲ੍ਹ ਕੇ ਹੱਸਣਾ। ਇਸ ਲਈ ਤੁਸੀਂ ਲੋਕ ਖੁੱਲ੍ਹ ਕੇ ਹੱਸਣ ਦਾ ਕੋਈ ਮੌਕਾ ਨਾ ਛੱਡੋ।

ਹਾਸਰਸ ਇੱਕ ਵਿਆਪਕ ਭਾਸ਼ਾ ਹੈ। ਇਸ ਵਿੱਚ ਜਾਤ, ਧਰਮ, ਰੰਗ, ਲਿੰਗ ਦੀ ਪਰਵਾਹ ਕੀਤੇ ਬਿਨਾਂ ਮਨੁੱਖਤਾ ਨੂੰ ਜੋੜਨ ਦੀ ਸਮਰੱਥਾ ਹੈ। ਹਾਸਾ ਸਾਰੇ ਲੋਕਾਂ ਦੇ ਮਾਨਸਿਕ ਅਤੇ ਸਰੀਰਕ ਵਿਕਾਸ ਲਈ ਬਹੁਤ ਫਾਇਦੇਮੰਦ ਹੁੰਦਾ ਹੈ। ਮਾਹਿਰਾਂ ਮੁਤਾਬਕ ਹਾਸੇ 'ਚ ਲੋਕਾਂ ਨੂੰ ਇਕਜੁੱਟ ਕਰਨ ਅਤੇ ਤਣਾਅ ਨੂੰ ਦੂਰ ਕਰਨ ਦੀ ਸ਼ਕਤੀ ਹੁੰਦੀ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਅਸੀਂ ਸਿਹਤ, ਖ਼ੁਸ਼ੀ ਅਤੇ ਵਿਸ਼ਵ ਸ਼ਾਂਤੀ ਨੂੰ ਉਤਸ਼ਾਹਿਤ ਕਰਨ ਲਈ ਹਾਸੇ ਨੂੰ ਹਥਿਆਰ ਵਜੋਂ ਵਰਤ ਸਕਦੇ ਹਾਂ।

ਹਰ ਸਾਲ ਮਈ ਦੇ ਪਹਿਲੇ ਐਤਵਾਰ ਨੂੰ ਵਿਸ਼ਵ ਹਾਸਾ ਦਿਵਸ ਮਨਾਇਆ ਜਾਂਦਾ ਹੈ। ਇਸ ਦੀ ਸ਼ੁਰੂਆਤ ਭਾਰਤ ਤੋਂ ਹੀ ਹੋਈ ਹੈ। ਇਹ ਦਿਨ ਪੂਰੀ ਤਰ੍ਹਾਂ ਹੱਸਣ ਅਤੇ ਹਸਾਉਣ ਨੂੰ ਸਮਰਪਿਤ ਹੈ। ਇਸ ਦਿਨ ਦੇਸ਼-ਵਿਦੇਸ਼ ਵਿੱਚ ਵੱਖ-ਵੱਖ ਤਰ੍ਹਾਂ ਦੇ ਕਾਮੇਡੀ ਮੁਕਾਬਲੇ ਅਤੇ ਸ਼ੋਅ ਕਰਵਾਏ ਜਾਂਦੇ ਹਨ। ਹਾਸਾ ਸਾਰੇ ਲੋਕਾਂ ਦੇ ਮਾਨਸਿਕ ਅਤੇ ਸਰੀਰਕ ਵਿਕਾਸ ਲਈ ਬਹੁਤ ਫਾਇਦੇਮੰਦ ਹੁੰਦਾ ਹੈ। ਅੰਤਰਰਾਸ਼ਟਰੀ ਹਾਸਾ ਦਿਵਸ 11 ਜਨਵਰੀ 1998 ਨੂੰ ਮੁੰਬਈ ਵਿੱਚ ਸ਼ੁਰੂ ਹੋਇਆ ਸੀ। ਵਿਸ਼ਵ ਹਾਸਾ ਦਿਵਸ ਦੀ ਸਥਾਪਨਾ ਦਾ ਸਿਹਰਾ ਡਾ. ਮਦਨ ਕਟਾਰੀਆ ਨੂੰ ਜਾਂਦਾ ਹੈ। ਉਨ੍ਹਾਂ ਨੇ ਹੀ 11 ਜਨਵਰੀ 1998 ਨੂੰ ਮੁੰਬਈ ਵਿੱਚ ਪਹਿਲੀ ਵਾਰ ਵਿਸ਼ਵ ਹਾਸਾ ਦਿਵਸ ਮਨਾਇਆ ਸੀ। ਇਸ ਨੂੰ ਮਨਾਉਣ ਪਿੱਛੇ ਸਭ ਤੋਂ ਵੱਡਾ ਮਕਸਦ ਸਮਾਜ ਵਿੱਚ ਵਧ ਰਹੇ ਤਣਾਅ ਨੂੰ ਘੱਟ ਕਰਨਾ ਸੀ। ਰੋਜ਼ਾਨਾ ਦੇ ਕੰਮਾਂ ਕਾਰਨ ਲੋਕਾਂ ਦੀ ਜ਼ਿੰਦਗੀ 'ਚ ਹੱਸਣ ਦੀ ਸੰਭਾਵਨਾ ਘਟਦੀ ਜਾ ਰਹੀ ਹੈ। ਅਜਿਹੇ 'ਚ 1998 'ਚ ਸੋਚਿਆ ਗਿਆ ਕਿ ਕਿਉਂ ਨਾ ਕੁਝ ਅਜਿਹਾ ਕੀਤਾ ਜਾਵੇ, ਜਿਸ ਦੇ ਬਹਾਨੇ ਲੋਕ ਇੱਕ-ਦੂਜੇ ਨਾਲ ਗੱਲ ਕਰ ਸਕਣ ਅਤੇ ਥੋੜ੍ਹੀ ਦੇਰ ਲਈ ਹੱਸ ਸਕਣ। ਵਿਸ਼ਵ ਹਾਸਾ ਦਿਵਸ ਦੀ ਸ਼ੁਰੂਆਤ ਵਿਸ਼ਵ ਵਿੱਚ ਸ਼ਾਂਤੀ ਅਤੇ ਮਨੁੱਖਤਾ ਵਿੱਚ ਭਾਈਚਾਰਕ ਸਾਂਝ ਅਤੇ ਸਦਭਾਵਨਾ ਦੀ ਸਥਾਪਨਾ ਦੇ ਉਦੇਸ਼ ਨਾਲ ਕੀਤੀ ਗਈ ਹੈ। ਇਸ ਦਿਨ ਦੀ ਪ੍ਰਸਿੱਧੀ 'ਹਾਸਾ ਯੋਗ ਅੰਦੋਲਨ' ਦੁਆਰਾ ਪੂਰੀ ਦੁਨੀਆ ਵਿੱਚ ਫੈਲ ਗਈ। ਅੱਜ ਪੂਰੀ ਦੁਨੀਆਂ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਕਾਮੇਡੀ ਕਲੱਬ ਹਨ। ਹਾਸਰਸ ਮਨੁੱਖ ਦੇ ਇਲੈੱਕਟ੍ਰੋ-ਮੈਗਨੈਟਿਕ ਖੇਤਰ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਵਿਅਕਤੀ ਵਿੱਚ ਸਕਾਰਾਤਮਕ ਊਰਜਾ ਦਾ ਸੰਚਾਰ ਕਰਦਾ ਹੈ। ਜਦੋਂ ਕੋਈ ਵਿਅਕਤੀ ਇੱਕ ਸਮੂਹ ਵਿੱਚ ਹੱਸਦਾ ਹੈ ਤਾਂ ਇਹ ਸਕਾਰਾਤਮਕ ਊਰਜਾ ਪੂਰੇ ਖੇਤਰ ਵਿੱਚ ਫੈਲ ਜਾਂਦੀ ਹੈ ਅਤੇ ਖੇਤਰ ਵਿੱਚੋਂ ਨਕਾਰਾਤਮਕ ਊਰਜਾ ਨੂੰ ਦੂਰ ਕਰਦੀ ਹੈ।

ਇਸ ਦਿਨ ਨੂੰ ਮਨਾਉਣ ਦਾ ਸਪੱਸ਼ਟ ਮਕਸਦ ਲੋਕਾਂ ਨੂੰ ਹਸਾਉਣਾ ਹੈ, ਮਾਧਿਅਮ ਭਾਵੇਂ ਕੋਈ ਵੀ ਹੋਵੇ। ਜਦੋਂ ਕਿ ਹੱਸਣਾ ਇੱਕ ਚੰਗੀ ਕਸਰਤ ਹੈ, ਹਸਾਉਣਾ ਇੱਕ ਕਲਾ ਹੈ। ਜਦੋਂ ਤੁਸੀਂ ਹੱਸਦੇ ਹੋ, ਤੁਹਾਡੇ ਆਲੇ ਦੁਆਲੇ ਦੀ ਦੁਨੀਆਂ ਬਦਲ ਜਾਂਦੀ ਹੈ। ਬਿਨਾਂ ਸ਼ਰਤ ਹੱਸਣ ਨਾਲ ਸਾਨੂੰ ਅੰਦਰੋਂ ਚੰਗਾ ਮਹਿਸੂਸ ਕਰਨ ਦੀ ਸ਼ਕਤੀ ਮਿਲਦੀ ਹੈ ਅਤੇ ਜਦੋਂ ਤੁਸੀਂ ਅੰਦਰੋਂ ਚੰਗਾ ਮਹਿਸੂਸ ਕਰਦੇ ਹੋ ਤਾਂ ਇਹ ਬਾਹਰੀ ਦੁਨੀਆਂ ਦੀ ਪੂਰੀ ਧਾਰਨਾ ਨੂੰ ਬਦਲ ਦਿੰਦਾ ਹੈ। ਹਾਸਾ ਸਰੀਰਕ, ਮਾਨਸਿਕ, ਸਮਾਜਿਕ ਅਤੇ ਅਧਿਆਤਮਕ ਤੰਦਰੁਸਤੀ ਦਾ ਸਭ ਤੋਂ ਆਸਾਨ ਉਪਾਅ ਹੈ। ਹਾਸੇ ਦਾ ਕਾਰਨ ਕੀ ਹੈ ?, ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ, ਪਰ ਯਕੀਨੀ ਤੌਰ 'ਤੇ ਤੁਹਾਨੂੰ ਚੰਗਾ ਮਹਿਸੂਸ ਹੁੰਦਾ ਹੈ। ਆਪਣੇ ਰਿਸ਼ਤੇ ਨੂੰ ਮਜ਼ਬੂਤ ਕਰਨ ਲਈ ਅਤੇ ਵੱਖ-ਵੱਖ ਸਥਿਤੀਆਂ ਵਿੱਚ ਜਦੋਂ ਤੁਸੀਂ ਪਰੇਸ਼ਾਨ ਹੁੰਦੇ ਹੋ ਤਾਂ ਹਾਸਾ ਤੁਹਾਡੀ ਚਿੰਤਾ ਦੂਰ ਕਰਦਾ ਹੈ। ਇਸ ਨਾਲ ਤੁਹਾਡੀ ਚਿੰਤਾ ਘੱਟ ਹੁੰਦੀ ਹੈ ਅਤੇ ਕੈਲੋਰੀ ਬਰਨ ਹੁੰਦੀ ਹੈ।

ਹਾਸਾ ਵਿਅਕਤੀ ਵਿੱਚ ਸਕਾਰਾਤਮਕ ਊਰਜਾ ਲਿਆਉਂਦਾ ਹੈ ਅਤੇ ਨਕਾਰਾਤਮਕ ਊਰਜਾ ਨੂੰ ਖ਼ਤਮ ਕਰਦਾ ਹੈ ਜਿਸ ਨਾਲ ਵਿਅਕਤੀ ਸ਼ਾਂਤੀ ਨਾਲ ਆਪਣਾ ਜੀਵਨ ਬਤੀਤ ਕਰ ਸਕਦਾ ਹੈ। ਕਈ ਬਿਮਾਰੀਆਂ ਵੀ ਹੱਸਣ ਨਾਲ ਆਪਣੇ ਆਪ ਠੀਕ ਹੋ ਜਾਂਦੀਆਂ ਹਨ।

ਮਨੋਵਿਗਿਆਨਕ ਪ੍ਰਯੋਗਾਂ ਤੋਂ ਪਤਾ ਲੱਗਾ ਹੈ ਕਿ ਜੋ ਬੱਚੇ ਜ਼ਿਆਦਾ ਹੱਸਦੇ ਹਨ, ਉਹ ਜ਼ਿਆਦਾ ਬੁੱਧੀਮਾਨ ਹੁੰਦੇ ਹਨ। ਜਪਾਨ ਦੇ ਲੋਕ ਆਪਣੇ ਬੱਚਿਆਂ ਨੂੰ ਜਨਮ ਤੋਂ ਹੀ ਹੱਸਦੇ ਰਹਿਣਾ ਸਿਖਾਉਂਦੇ ਹਨ। ਹਾਸਰਸ ਤਣਾਅ, ਦਰਦ ਅਤੇ ਸੰਘਰਸ਼ ਦਾ ਇੱਕ ਸ਼ਕਤੀਸ਼ਾਲੀ ਸਰੋਤ ਹੈ। ਹਾਸਰਸ ਬੋਝ ਨੂੰ ਹਲਕਾ ਕਰਦਾ ਹੈ, ਉਮੀਦ ਨੂੰ ਪ੍ਰੇਰਿਤ ਕਰਦਾ ਹੈ, ਸਾਨੂੰ ਦੂਜਿਆਂ ਨਾਲ ਜੋੜਦਾ ਹੈ ਅਤੇ ਇਹ ਸਾਨੂੰ ਫੋਕਸ ਕਰਨ ਅਤੇ ਸੁਚੇਤ ਰਹਿਣ ਵਿੱਚ ਮਦਦ ਕਰਦਾ ਹੈ। ਇਸ ਤੋਂ ਇਲਾਵਾ ਇਹ ਸਾਨੂੰ ਹੋਰ ਤੇਜ਼ੀ ਅਤੇ ਊਰਜਾ ਨਾਲ ਕੰਮ ਕਰਨ ਵਿੱਚ ਵੀ ਮਦਦ ਕਰਦਾ ਹੈ। ਜਦੋਂ ਇੱਕ ਅਧਿਆਪਕ ਜਮਾਤ ਵਿੱਚ ਹੱਸਦੇ ਚਿਹਰੇ ਨਾਲ ਪ੍ਰਵੇਸ਼ ਕਰਦਾ ਹੈ ਤਾਂ ਬੱਚਿਆਂ ਦੇ ਚਿਹਰੇ 'ਤੇ ਰੌਣਕ ਆ ਜਾਂਦੀ ਹੈ। ਜਦੋਂ ਇੱਕ ਡਾਕਟਰ ਕਿਸੇ ਮਰੀਜ਼ ਨਾਲ ਹੱਸ ਕੇ ਗੱਲ ਕਰ ਲਵੇ ਤਾਂ ਮਰੀਜ਼ ਅੱਧਾ ਕੁ ਤਾਂ ਵੈਸੇ ਹੀ ਠੀਕ ਹੋ ਜਾਂਦਾ ਹੈ। ਮਨੁੱਖੀ ਸਰੀਰ ਵਿੱਚ ਪੇਟ ਅਤੇ ਛਾਤੀ ਦੇ ਵਿਚਕਾਰ ਇੱਕ ਡਾਇਆਫ੍ਰਾਮ ਹੁੰਦਾ ਹੈ, ਜੋ ਹੱਸਣ ਵੇਲੇ ਸੁੰਗੜਨ ਦਾ ਕੰਮ ਕਰਦਾ ਹੈ। ਨਤੀਜੇ ਵਜੋਂ ਹੱਸਣ ਨਾਲ ਪੇਟ, ਫੇਫੜਿਆਂ ਅਤੇ ਜਿਗਰ ਦੀ ਮਾਲਸ਼ ਹੋ ਜਾਂਦੀ ਹੈ। ਹਾਸਾ ਸਰੀਰ ਵਿੱਚ ਨਵੀਂ ਊਰਜਾ ਲਿਆਉਂਦਾ ਹੈ। ਹੱਸਣ ਨਾਲ ਬਲੱਡ ਪ੍ਰੈਸ਼ਰ ਘੱਟ ਹੁੰਦਾ ਹੈ। ਅਸੀਂ ਗੱਲ ਕਰਨ ਵੇਲੇ ਜਿੰਨੀ ਆਕਸੀਜਨ ਲੈਂਦੇ ਹਾਂ, ਉਸ ਤੋਂ ਛੇ ਗੁਣਾ ਜ਼ਿਆਦਾ ਆਕਸੀਜਨ ਅਸੀਂ ਹੱਸਣ ਵੇਲੇ ਲੈਂਦੇ ਹਾਂ। ਇਸ ਤਰ੍ਹਾਂ ਸਰੀਰ ਨੂੰ ਆਕਸੀਜਨ ਦੀ ਚੰਗੀ ਮਾਤਰਾ ਮਿਲਦੀ ਹੈ। ਮਨੋਵਿਗਿਆਨੀ ਵੀ ਤਣਾਅ ਤੋਂ ਪੀੜਤ ਲੋਕਾਂ ਨੂੰ ਹੱਸਦੇ ਰਹਿਣ ਦੀ ਸਲਾਹ ਦਿੰਦੇ ਹਨ। ਜਦੋਂ ਤੁਸੀਂ ਹੱਸਣ ਲੱਗਦੇ ਹੋ ਤਾਂ ਸਰੀਰ ਵਿੱਚ ਖ਼ੂਨ ਦਾ ਸੰਚਾਰ ਤੇਜ਼ ਹੋ ਜਾਂਦਾ ਹੈ। ਰੋਜ਼ਾਨਾ ਖੁੱਲ੍ਹ ਕੇ ਹੱਸਣ ਨਾਲ ਸ਼ੂਗਰ ਨੂੰ ਕੰਟਰੋਲ ਕਰਨ 'ਚ ਵੀ ਮਦਦ ਮਿਲਦੀ ਹੈ।

ਹੱਸਣ ਨਾਲ ਆਕਸੀਜਨ ਦਾ ਸੰਚਾਰ ਬਹੁਤ ਤੇਜ਼ ਹੋ ਜਾਂਦਾ ਹੈ, ਜਿਸ ਕਾਰਨ ਦੂਸ਼ਿਤ ਹਵਾ ਕਾਫ਼ੀ ਮਾਤਰਾ 'ਚ ਬਾਹਰ ਨਿਕਲਦੀ ਹੈ। ਨਿਯਮਿਤ ਤੌਰ 'ਤੇ ਖੁੱਲ੍ਹ ਕੇ ਹੱਸਣ ਨਾਲ ਸਰੀਰ ਦੇ ਸਾਰੇ ਹਿੱਸਿਆਂ ਨੂੰ ਮਜ਼ਬੂਤੀ ਮਿਲਦੀ ਹੈ ਅਤੇ ਸਰੀਰ ਵਿੱਚ ਖ਼ੂਨ ਦੇ ਸੰਚਾਰ ਦੀ ਰਫ਼ਤਾਰ ਵਧਦੀ ਹੈ ਅਤੇ ਪਾਚਨ ਤੰਤਰ ਵਧੇਰੇ ਕੁਸ਼ਲਤਾ ਨਾਲ ਕੰਮ ਕਰਦਾ ਹੈ। ਉੱਚੀ-ਉੱਚੀ ਹੱਸਣ ਨਾਲ ਪੂਰੇ ਸਰੀਰ ਦੇ ਹਰ ਅੰਗ ਨੂੰ ਹਿਲਜੁਲ ਮਿਲਦੀ ਹੈ, ਨਤੀਜੇ ਵਜੋਂ ਸਰੀਰ ਵਿੱਚ ਮੌਜੂਦ ਐਂਡੋਰਫਿਨ ਗਲੈਂਡ (ਹਾਰਮੋਨ ਡੋਨਰ ਸਿਸਟਮ) ਨਿਰਵਿਘਨ ਚੱਲਣ ਲੱਗਦੀ ਹੈ ਜੋ ਕਈ ਬਿਮਾਰੀਆਂ ਤੋਂ ਛੁਟਕਾਰਾ ਪਾਉਣ ਵਿੱਚ ਮਦਦਗਾਰ ਹੁੰਦੀ ਹੈ। ਇਹ ਇਮਿਊਨਿਟੀ ਵਧਾਉਣ 'ਚ ਵੀ ਮਦਦਗਾਰ ਹੈ।

# ਚੰਨ ਵੇ ! ਕਿ ਸ਼ੌਂਕਣ ਮੇਲੇ ਦੀ...



ਮੇਲਾ ਮੇਲੀਆਂ ਦਾ, ਯਾਰਾਂ ਬੇਲੀਆਂ ਦਾ। ਮੇਲਾ ਰੂਹਾਂ ਦਾ ਮਿਲਾਪ ਹੁੰਦੈ...ਖ਼ੁਸ਼ੀਆਂ ਦਾ ਅਖਾੜਾ। ਚਿਰੋਕੇ ਵਿੱਛੜੇ ਸੱਜਣਾਂ ਨੂੰ ਮਿਲਣ ਦਾ ਚਾਅ ਠਾਠਾਂ ਮਾਰਦੈ। ਮਨ ਦੀਆਂ ਵਾਛਾਂ ਖਿੜਨ ਦਾ ਸੁਨੇਹੜਾ। ਦਿਲਾਂ ਦੇ ਲੁੱਡੀਆਂ ਪਾਉਣ ਦਾ ਵਰਤਾਰਾ। ਅਕੇਵੇਂ ਦਾ ਥਕੇਵਾਂ ਲਾਹੁਣ ਵਾਲਾ ਸੁਭਾਗਾ ਸਮਾਂ। ਫੁਰਸਤ ਦੇ ਪਲਾਂ ਦੀ ਮੌਜ ਮਸਤੀ। ਕਹਿੰਦੇ ਨੇ, ਪੰਜਾਬੀਆਂ ਦੇ ਸੁਭਾਅ ਵਿੱਚ 'ਮੇਲਾ' ਡੂੰਘਾ ਵੱਸਦੈ। ਪ੍ਰਾਹੁਣਚਾਰੀ ਸਾਡੀ ਵਿਰਾਸਤ ਰਹੀ ਐ। ਘਰ ਜਦੋਂ ਚਾਰ ਪ੍ਰਾਹੁਣੇ ਆ ਜਾਣ, ਤਾਂ ਦਿਲ ਦੇ ਅਰਮਾਨ ਨਸ਼ਿਆ ਜਾਂਦੇ ਨੇ ਅਤੇ ਮੇਲਾ ਖ਼ੁਦ-ਬ-ਖ਼ੁਦ ਸਿਰਜਿਆ ਜਾਂਦੈ।

ਲੋਕ ਧਾਰਾ ਦਾ ਵਗਦਾ ਦਰਿਆ ਡਾ. ਵਣਜਾਰਾ ਬੇਦੀ ਲਿਖਦੈ, ਮੇਲੇ ਕਿਸੇ ਜਾਤੀ ਦੇ ਲੋਕਾਂ ਦੀਆਂ ਨਿੱਜੀ ਤੇ ਸਮੂਹਿਕ ਸੱਧਰਾਂ, ਭਾਵਨਾਵਾਂ ਤੇ ਚੇਸ਼ਟਾਵਾਂ ਦੀ ਸਹਿਜ ਪ੍ਰਵਾਹਮਈ ਇੱਕਸੁਰਤਾ ਹਨ। ਮੇਲਿਆਂ ਵਿੱਚ ਜਾਤੀ ਖੁੱਲ੍ਹ ਕੇ ਸਾਹ ਲੈਂਦੀ, ਲੋਕ ਪ੍ਰਤਿਭਾ ਨਿੱਖਰਦੀ ਤੇ ਚਰਿੱਤਰ ਦਾ ਨਿਰਮਾਣ ਹੁੰਦਾ ਹੈ। ਮੁਸ਼ੱਕਤਾਂ ਨਾਲ ਪਾਲੀ ਸੋਨ-ਰੰਗੀ ਕਣਕ ਨੂੰ ਵੇਚ ਕੇ ਜਦ ਜੱਟ ਵਿਸਾਖੀ ਦਾ ਮੇਲਾ ਦੇਖਣ ਜਾਂਦੈ, ਤਾਂ ਮਨ ਉੱਡਜੂੰ ਉੱਡਜੂੰ ਕਰਦੈ। ਮੋਢਿਆਂ ਤੋਂ ਮਣਾਂ ਮੂੰਹੀਂ ਭਾਰ ਉਤਰਿਆ ਹੁੰਦਾ। ਧਰਤੀ 'ਤੇ ਪੈਰ ਨਹੀਂ ਲੱਗਦੇ। ਸਿਰਮੌਰ ਸ਼ਾਇਰ ਧਨੀ ਰਾਮ ਚਾਤ੍ਰਿਕ ਨੇ ਇਹ ਖ਼ੁਸ਼ੀ ਸਾਂਝੀ ਕੀਤੀ ਐ;

ਤੂੜੀ ਤੰਦ ਸਾਂਭ ਹਾੜ੍ਹੀ ਵੇਚ ਵੱਟ ਕੇ
ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ
ਕੱਛੇ ਮਾਰ ਵੰਝਲੀ ਅਨੰਦ ਛਾ ਗਿਆ
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।

ਗਲੋਂ ਲਹੀ ਪੰਜਾਲੀ ਵਾਲਾ ਮਾਹੌਲ ਸਿਰਜਿਆ ਜਾਂਦੈ। ਮੇਲਾ ਚੜ੍ਹਦੀ ਕਲਾ ਦਾ ਪ੍ਰਤੀਕ ਆ। ਮਨ ਖ਼ੁਸ਼ ਹੋਵੇ, ਮੇਲਾ ਤਾਂ ਹੀ ਸੋਂਹਦਾ। ਅੰਦਰਲੇ ਹਾਵ-ਭਾਵ ਤੁਣਕੇ ਮਾਰਨ ਲੱਗਦੇ ਨੇ। ਰੰਗ ਬਿਰੰਗੇ ਲੋਕ ਦੇਖ ਕੇ ਜ਼ਿੰਦਗੀ ਫਿਰ ਤੋਂ ਸਤਰੰਗੀ ਪੀਂਘ ਜਾਪਦੀ ਐ। ਦਿਲ ਉਦਾਸ ਹੋਵੇ, ਕੋਈ ਦਿਲ ਦੀ ਗੱਲ ਸਾਂਝੀ ਕਰਨ ਵਾਲਾ ਨਾ ਹੋਵੇ, ਤਾਂ ਭਰਿਆ ਮੇਲਾ ਵੀ ਉਜਾੜ ਲੱਗਦੈ। ਆਮ ਕਥਨ ਐ ਕਿ ਪੰਜਾਬੀ ਤਾਂ ਆਏ ਹੀ ਦੁਨੀਆ 'ਤੇ ਮੇਲਾ ਦੇਖਣ ਨੇ।

ਗੱਭਰੂਆਂ ਤੇ ਮੁਟਿਆਰਾਂ ਲਈ ਤਾਂ ਮੇਲਾ ਮਿਕਨਾਤੀਸੀ ਖਿੱਚ ਰੱਖਦੈ...ਸੱਤਾਂ ਰੰਗਾਂ ਦਾ ਸੰਗਮ। ਕੌਲ ਕਰਾਰ ਪੂਰੇ ਕਰਨ ਦਾ ਸਬੱਬ ਬਣਦੈ। ਜਦ ਸੂ ਵਰਗੇ ਗੋਰੇ ਨਿਛੋਹ ਚੋਬਰ, ਯਾਰਾਂ ਦੀ ਢਾਣੀ ਨਾਲ ਬੋਤਿਆਂ ਦੇ ਗਲ ਘੁੰਗਰੂ ਤੇ ਗੋਡਿਆਂ ਨਾਲ ਝਾਂਜਰਾਂ ਸਜਾ ਕੇ ਤੁਰਦੇ ਨੇ, ਤਾਂ ਸ੍ਰਿਸ਼ਟੀ ਨਸ਼ਿਆ ਜਾਂਦੀ ਹੈ। ਟੱਲੀਆਂ ਖੜਕਾਉਂਦੀਆਂ ਬਲਦਾਂ ਦੀਆਂ ਜੋੜੀਆਂ ਅਤੇ ਹਵਾ ਨਾਲ ਗੱਲਾਂ ਕਰਦੇ ਲਿਸ਼-ਲਿਸ਼ ਕਰਦੇ ਘੋੜਿਆਂ ਦੀਆਂ ਟਾਪਾਂ ਸਮਾਂ ਰੋਕ ਦਿੰਦੀਆਂ ਨੇ। ਤਕੜਾ ਜੁੱਸਾ, ਮਾਵੇ ਵਾਲੀ ਪੱਗ ਦਾ ਫ਼ਰਲਾ, ਅੱਖਾਂ 'ਚ ਸੁਰਮਾ, ਤਿੱਲੇ ਵਾਲੀ ਜੁੱਤੀ, ਕੋਕਿਆਂ ਜੜੀ ਡਾਂਗ ਤੇ ਧੂਹਵੇਂ ਚਾਦਰੇ ਨਾਲ ਜਦੋਂ ਮੇਲੀ ਮੇਲਾ ਵਲਦੇ ਨੇ, ਤਾਂ ਕਾਇਨਾਤ ਵੀ ਇਨ੍ਹਾਂ 'ਤੇ ਰਸ਼ਕ ਕਰਦੀ ਐ;

ਨਾਂ ਲਿਖ ਲਿਆ ਚੰਦ ਕੁਰੇ ਤੇਰਾ
ਸੰਮਾਂ ਵਾਲੀ ਡਾਂਗ ਦੇ ਉੱਤੇ।

ਇਸ ਤਰ੍ਹਾਂ ਦੇ ਸਿਰਜੇ ਮਾਹੌਲ ਵਿੱਚ ਪੰਜਾਬਣ ਕਿਹੜਾ ਘੱਟ ਅਖਵਾਉਂਦੀ ਐ ? ਪਟਿਆਲਾ ਸ਼ਾਹੀ ਸੂਟ, ਗੁੰਦਵੇਂ ਸੱਗੀ ਫੁੱਲ, ਪੈਰੀਂ ਝਾਂਜਰਾਂ, ਕੰਨੀਂ ਲੋਟਣ ਤੇ ਉੱਤੇ ਫੁਲਕਾਰੀ ਲੈ ਕੇ ਤੁਰਦੀ ਆ, ਤਾਂ ਮੇਲੇ ਦੀ ਮਰ੍ਹੈਲਣ ਲੱਗਦੀ ਐ। ਜਿੱਧਰੋਂ ਵੀ ਲੰਘਦੀਆਂ ਨੇ, ਸੋਹਣੀਆਂ ਸੁਨੱਖੀਆਂ ਰੂਹਾਂ ਪੱਟ ਦੂੰ-ਪੱਟ ਦੂੰ ਕਰਦੀਆਂ ਨੇ। ਗੱਭਰੂਆਂ ਦੇ ਸਾਹ ਰੁਕ ਜਾਂਦੇ ਨੇ। ਗੀਤਕਾਰ ਨੰਦ ਲਾਲ ਨੂਰਪੁਰੀ ਬਾਖ਼ੂਬੀ ਬਿਆਨ ਕਰਦੈ;

ਚੰਨ ਵੇ ! ਕਿ ਸ਼ੌਂਕਣ ਮੇਲੇ ਦੀ
ਪੈਰ ਧੋ ਕੇ ਝਾਂਜਰਾਂ ਪਾਉਂਦੀ, ਮੇਲ੍ਹਦੀ ਆਉਂਦੀ
ਕਿ ਸ਼ੌਂਕਣ ਮੇਲੇ ਦੀ...

ਪੁਰਾਤਨ ਸਮਿਆਂ ਵਿੱਚ ਮੇਲੇ 'ਤੇ ਜਾਣ ਦੀ ਤਿਆਰੀ ਖਿੱਚਦੇ ਲੋਕੀਂ ਕਈ ਕਈ ਦਿਨ ਪਹਿਲਾਂ ਬਾਕੀ ਦੇ ਝਮੇਲੇ ਨਿਪਟਾ ਲੈਂਦੇ। ਖੜ-ਖੜ ਕਰਦੇ ਨਵੇਂ ਕੁੜਤੇ ਚਾਦਰੇ ਸਿਲਵਾਉਣੇ। ਮੇਲੇ ਵਾਲੇ ਪਿੰਡ ਘਰ ਆਏ ਪ੍ਰਾਹੁਣਿਆਂ ਨਾਲ ਖਚਾ ਖਚ ਭਰੇ ਹੁੰਦੇ। ਇਸ ਤਰ੍ਹਾਂ ਲੱਗਦਾ ਕਿ ਕੋਈ ਪਲ ਅਣਮਾਣਿਆ ਨਾ ਰਹਿ ਜਾਵੇ। ਪੈਦਲ ਜਾਂ ਸਾਈਕਲਾਂ ਵਾਲੇ ਸਾਰੇ ਰਾਹ ਮੇਲੇ ਨੂੰ ਜਾਂਦੇ ਲੱਗਦੇ। ਅੱਠ ਦਸ ਕੋਹ ਵਾਟ ਜਿਵੇਂ ਪੈਰੀਂ ਲੱਗੀ ਹੋਵੇ। ਭਾਦੋਂ ਦੀ ਚੌਦੇਂ ਸੁਦੀ ਨੂੰ ਲੱਗਣ ਵਾਲਾ ਛਪਾਰ ਦਾ ਮੇਲਾ ਤਾਂ ਜਿਵੇਂ ਪੰਜਾਬੀਆਂ ਦਾ ਮੱਕਾ ਹੁੰਦੈ;

ਆਰੀ, ਆਰੀ, ਆਰੀ
ਮੇਲਾ ਤਾਂ ਛਪਾਰ ਲੱਗਦਾ
ਜਿਹੜਾ ਲੱਗਦਾ ਜਗਤ ਤੋਂ ਭਾਰੀ।

ਗੁੱਗਾ ਮਾੜੀ 'ਤੇ ਹਰ ਸਾਲ ਸਜਦਾ ਇਹ ਬੇਸ਼ੁਮਾਰ ਇਕੱਠ ਧਾਰਮਿਕ, ਸੱਭਿਆਚਾਰਕ ਅਤੇ ਰਾਜਨੀਤਕ ਸਮਾਗਮਾਂ ਦਾ ਸੰਗਮ ਹੁੰਦੈ। ਉੱਚੇ ਉੱਚੇ ਝੂਟੇ ਅਤੇ ਚੰਡੋਲ ਮੀਲਾਂ ਤੋਂ ਪ੍ਰੇਮੀਆਂ ਦਾ ਮਨ ਮੋਹ ਲੈਂਦੇ ਨੇ ਅਤੇ ਅਸਮਾਨ ਵੱਲ ਨੂੰ ਜਾਂਦੀਆਂ ਕੁਰਸੀਆਂ ਹੋਰ ਉੱਚਾ ਉੱਡਣ ਲਈ ਇਸ਼ਾਰੇ ਕਰਦੀਆਂ ਹੋਣ। ਪਕੌੜੇ, ਜਲੇਬੀਆਂ ਅਤੇ ਖਜਲੇ ਵਾਲੇ ਫੁੱਲ ਟੌਨ ਵਿੱਚ ਗਾਹਕਾਂ ਨੂੰ ਭਰਮਾਉਂਦੇ ਨੇ। ਮੌਤ ਦਾ ਖੂਹ, ਸਰਕਸ, ਮੋਘਿਆਂ ਵਿੱਚੋਂ ਦਿਸਦੀ ਚੱਲਦੀ ਫਿਰਦੀ ਫਿਲਮ ਦਰਸ਼ਕਾਂ ਦੇ ਸਾਹ ਸੂਤ ਲੈਂਦੇ ਨੇ। ਭਲਵਾਨਾਂ ਦੀ ਛਿੰਝ, ਬੋਰੀ ਚੁੱਕਣ ਦੀ ਝੰਡੀ, ਮੁਗਦਰ ਦਾ ਬਾਲਾ ਕੱਢਣਾ, ਚੋਬਰਾਂ ਦੇ ਤਕੜੇ ਜੁੱਸਿਆਂ ਦਾ ਇਮਤਿਹਾਨ ਲੈਂਦੇ ਨੇ। ਵੜੇਵੇਂ ਖਾਣੀ ਦਾ ਪਤਾ ਲੱਗਦੈ। ਸਿਆਲਾਂ ਦੇ ਦੇਸੀ ਘਿਉ ਪਾ ਕੇ ਖਾਧੇ ਸਾਗ ਅਤੇ ਖੋਏ ਦੀਆਂ ਪਿੰਨੀਆਂ ਦਾ ਅਸਰ ਅਖਾੜੇ 'ਚ ਆ ਕੇ ਪਰਖਿਆ ਜਾਂਦੈ। ਰਾਜਨੀਤਕ ਲੀਡਰ ਲੋਕਾਂ ਨੂੰ ਮੂਰਖ ਬਣਾਉਣ ਲਈ ਵੱਡੀਆਂ ਕਾਨਫਰੰਸਾਂ ਕਰਦੇ ਨੇ। ਆਥਣ ਹੁੰਦੇ ਹੁੰਦੇ ਔਰਤਾਂ ਦੀ ਗਿਣਤੀ ਘੱਟ ਜਾਂਦੀ ਐ, ਪਰ ਫ਼ੁਰਤੀਲੇ ਗੱਭਰੂ ਚੰਨ-ਚਾਨਣੀ ਰਾਤ ਦੀ ਇੰਤਜ਼ਾਰ ਕਰਨ ਲੱਗਦੇ ਨੇ ਜਦੋਂ ਗਮੰਤਰੀਆਂ ਨੇ ਪਿੜ ਬੰਨ੍ਹਣਾ ਹੁੰਦੈ। ਟਿੱਬਿਆਂ ਦਾ ਰੇਤਾ, ਰਾਤ ਦੇ ਚਾਨਣ ਵਿੱਚ ਸੋਨੇ ਰੰਗੀ ਭਾਹ ਮਾਰਦੈ ਅਤੇ ਮਿੱਠੀ ਮਿੱਠੀ ਠੰਡ ਤਨ ਮਨ ਠਾਰ ਦਿੰਦੀ ਐ।

ਤੂੰਬੇ, ਢੱਡ ਅਤੇ ਅਲਗ਼ੋਜ਼ਿਆਂ ਦੇ ਸੰਗਮ ਨਾਲ ਫ਼ਜ਼ਲਦੀਨ ਲੋਹਟਬੱਦੀ ਸੁਰਾਂ ਛੇੜਦਾ, ਤਾਂ ਸਮਾਂ ਰੁਕ ਜਾਂਦਾ। ਪੂਰਨ ਭਗਤ ਦਾ ਕਿੱਸਾ ਸੁਣਦੇ ਸਰੋਤੇ ਜਿਵੇਂ ਰਾਣੀ ਇੱਛਰਾਂ ਦੇ ਹੰਝੂਆਂ ਦਾ ਨਮ ਅੱਖਾਂ ਨਾਲ ਸਾਥ ਦੇ ਰਹੇ ਹੋਣ;

ਰਾਣੀ ਇੱਛਰਾਂ ਧਾਹਾਂ ਮਾਰੀਆਂ
ਰਾਜਾ ਇਹ ਨਾ ਜ਼ੁਲਮ ਕਮਾ....

ਕੌਲਾਂ ਭਗਤਣੀ, ਹੀਰ ਤੇ ਮਿਰਜ਼ਾ ਡੂੰਘੇ ਸੱਲ ਛੱਡ ਜਾਂਦੇ। ਗੱਭਰੂਆਂ ਦੇ ਹੱਥ ਮੱਲੋ-ਮੱਲੀ ਜੇਬਾਂ ਵੱਲ ਚਲੇ ਜਾਂਦੇ, ਕਲਾ ਦਾ ਮੁੱਲ ਪਾਉਣ ਲਈ। ਅਗਲੀ ਹੇਕ ਗੂੰਜਦੀ;

ਹੁਸਨ, ਜਵਾਨੀ, ਮਾਪੇ ਨਾ ਮੁੱਲ ਵਿਕਣ ਦੁਕਾਨਾਂ 'ਤੇ....

ਮਲਵਈ ਬਾਬਿਆਂ ਦਾ ਗਿੱਧਾ ਤੇ ਬੋਲੀਆਂ ਸਿੱਧਾ ਦਿਲਾਂ 'ਤੇ ਵਾਰ ਕਰਦਾ ਅਤੇ ਹਵਾ ਪਿਆਜ਼ੀ ਹੋਏ ਗਭਰੇਟਾਂ ਨੂੰ ਮੁੜ ਮੁੜ ਆਪਣੀਆਂ ਮਹਿਬੂਬਾਂ ਦੇ ਝੌਲ਼ੇ ਪੈਣ ਲੱਗ ਪੈਂਦੇ। ਤਾਰਿਆਂ ਦੀ ਝਿੜੀ, ਸਵੇਰਾ ਹੋਣ ਦਾ ਸੁਨੇਹਾ ਦੇ ਦਿੰਦੀ। ਇਸੇ ਤਰ੍ਹਾਂ ਜਰਗ ਦਾ ਮੇਲਾ ਵੀ ਪੰਜਾਬੀਆਂ ਦੇ ਮਨਾਂ ਵਿੱਚ ਵੱਸਦੈ। ਚੇਤ ਮਹੀਨੇ ਦੇ ਪਹਿਲੇ ਮੰਗਲਵਾਰ ਸ਼ੀਤਲਾ ਮਾਤਾ ਨੂੰ ਪੂਜਣ ਹਿਤ ਲੱਗਦੈ। ਗੁਲਗੁਲਿਆਂ ਦਾ ਪ੍ਰਸ਼ਾਦ ਵਿਰਸਾ ਚੇਤੇ ਕਰਾਉਂਦੈ, ਜਦੋਂ ਸਾਉਣ ਮਹੀਨੇ ਗੁਲਗੁਲੇ ਮੱਠੀਆਂ ਪੇਂਡੂ ਘਰਾਂ ਦਾ ਸ਼ਿੰਗਾਰ ਬਣਦੇ ਨੇ। ਲੋਕ-ਬੋਲੀਆਂ ਹੁੰਗਾਰਾ ਭਰਦੀਆਂ ਨੇ;

ਚੱਲ ਚੱਲੀਏ ਜਰਗ ਦੇ ਮੇਲੇ, ਮੁੰਡਾ ਤੇਰਾ ਮੈਂ ਚੱਕ ਲੂੰ...
ਜੇਹੀ ਤੇਰੀ ਤੋਰ ਦੇਖ ਲੀ
ਜੇਹਾ ਦੇਖਿਆ ਜਰਗ ਦਾ ਮੇਲਾ...

ਜਗਰਾਵਾਂ ਦੀ ਰੌਸ਼ਨੀ ਤੋਂ ਬਿਨਾਂ ਵੀ ਮੇਲੇ ਅਧੂਰੇ ਨੇ। ਪ੍ਰਸਿੱਧ ਸੂਫ਼ੀ ਫਕੀਰ ਅਬਦੁਲ ਕਾਦਰ ਜਿਲਾਨੀ ਦੀ ਯਾਦ ਵਿੱਚ ਚੌਦਾਂ ਤੋਂ ਸੋਲਾਂ ਫੱਗਣ ਤੱਕ ਚਿਰਾਗ਼ਾਂ ਦੀ ਰੌਸ਼ਨੀ ਵਿੱਚ ਕੱਵਾਲ ਖ਼ੂਬ ਰੰਗ ਬੰਨ੍ਹਦੇ ਨੇ। ਕਈਆਂ ਸੁੱਖਣਾ ਲਾਹੁਣੀ ਹੁੰਦੀ ਐ ਤੇ ਕਈਆਂ ਸੁੱਖਣੀ ਹੁੰਦੀ ਆ। ਗੱਲ ਕੀ, ਮੇਲਿਆਂ 'ਤੇ ਮਿਲਣ ਦੇ ਪੂਰੇ ਹੋਏ ਵਾਅਦੇ ਅਮਿੱਟ ਯਾਦਾਂ ਛੱਡ ਜਾਂਦੇ ਨੇ।

ਧਾਰਮਿਕ ਅਤੇ ਸ਼ਹੀਦੀ ਜੋੜ ਮੇਲ ਵੀ ਪੰਜਾਬੀਆਂ ਨੂੰ ਆਪਣੇ ਸੂਰਮਿਆਂ ਦੀ ਗਾਥਾ ਦੁਹਰਾਉਂਦੇ ਨੇ। ਤਲਵੰਡੀ ਸਾਬੋ ਦੀ ਵਿਸਾਖੀ, ਅਨੰਦਪੁਰ ਸਾਹਿਬ ਦਾ ਹੋਲਾ, ਮੁਕਤਸਰ ਦੀ ਮਾਘੀ, ਚਮਕੌਰ ਦੀ ਗੜ੍ਹੀ ਅਤੇ ਫਤਿਹਗੜ੍ਹ ਸਾਹਿਬ ਦੇ ਅਦੁੱਤੀ ਸ਼ਹੀਦੀ ਸਾਕੇ ਆਪਣੇ ਗੌਰਵਮਈ ਇਤਿਹਾਸ ਦੇ ਸੁਨਹਿਰੀ ਪੰਨਿਆਂ ਨੂੰ ਮੁੜ ਜੀਵੰਤ ਕਰਦੇ ਨੇ। ਅਮੀਰ ਵਿਰਸੇ ਦੀਆਂ ਕੁਰਬਾਨੀਆਂ ਅੱਗੇ ਨਤਮਸਤਕ ਹੋ ਕੇ ਜੀਵ ਵਡਭਾਗਾ ਹੋਣਾ ਲੋਚਦੇ ਨੇ। ਮਾਲੇਰਕੋਟਲਾ ਵਿਖੇ ਹੈਦਰ ਸ਼ੇਖ ਦੇ ਮਕਬਰੇ 'ਤੇ ਨਿਮਾਣੀ ਇਕਾਦਸ਼ੀ ਦਾ ਮੇਲਾ ਆਪਣੀ ਵਿਲੱਖਣਤਾ ਅਤੇ ਧਾਰਮਿਕ ਸਾਂਝੀਵਾਲਤਾ ਦਾ ਸੁਨੇਹਾ ਦਿੰਦੈ। ਖਟਕੜ ਕਲਾਂ ਅਤੇ ਹੁਸੈਨੀਵਾਲਾ ਦੇ ਇਕੱਠ ਸ਼ਹਾਦਤ ਨੂੰ ਸਲਾਮ ਕਰਦੇ ਨੇ;

ਸ਼ਹੀਦੋਂ ਕੀ ਚਿਤਾਓਂ ਪਰ ਲਗੇਂਗੇ ਹਰ ਵਰਸ਼ ਮੇਲੇ
ਵਤਨ ਪੇ ਮਿਟਨੇ ਵਾਲੋਂ ਕਾ ਯਹੀ ਬਾਕੀ ਨਿਸ਼ਾਂ ਹੋਗਾ।

ਅੱਜਕੱਲ੍ਹ ਮੇਲਿਆਂ ਦਾ ਸਰੂਪ ਬਦਲ ਗਿਐ। ਭੱਜ ਦੌੜ ਦੀ ਮਸ਼ੀਨੀ ਜ਼ਿੰਦਗੀ ਨੇ ਮਿਲਣਸਾਰ ਪ੍ਰਵਾਹ ਵਿੱਚ ਖ਼ਲਲ ਜਿਹੀ ਪਾ ਦਿੱਤੀ ਐ। ਮੇਲਿਆਂ ਨੂੰ ਆਮ ਲੋਕ 'ਧੂੜ, ਧੁੱਪ, ਧੱਕੇ' ਸਮਝਣ ਲੱਗੇ ਨੇ। ਆਵਾਜਾਈ ਦੇ ਪੁਰਾਤਨ ਸਾਧਨਾਂ, ਲੋਕ ਸਾਜ਼ਾਂ ਅਤੇ ਰਵਾਇਤੀ ਪਹਿਰਾਵਿਆਂ ਤੋਂ ਲੋਕ ਵਾਂਝੇ ਜਾਣ ਲੱਗੇ ਨੇ। ਵੱਡੇ ਮਾਲ, ਸਿਨੇਮਾ, ਤੇਜ਼ ਤਰਾਰ ਗੱਡੀਆਂ ਅਤੇ ਤਕਨਾਲੋਜੀ ਨੇ ਮੇਲਿਆਂ ਦੀ ਅਹਿਮੀਅਤ ਘਟਾਈ ਐ। ਲੱਗਦੈ ਜਿਵੇਂ ਰੋਜ਼ ਹੀ ਮੇਲੇ ਵਿੱਚ ਵਿਚਰਦੇ ਹੋਈਏ। ਪਰ ਇਸ ਸਾਰੇ ਕਾਸੇ ਤੋਂ ਵੱਖਰਾ ਅਜੋਕੇ ਸਮਿਆਂ ਦਾ ਇੱਕ ਅਦੁੱਤੀ ਮੇਲਾ ਵੀ ਲੋਕ ਮਨਾਂ ਵਿੱਚ ਵਸਿਆ ਹੋਇਆ।

(ਬਾਕੀ ਸਫ਼ਾ 31 'ਤੇ)

# ਮਹੀਨਾ ਸਾਉਣ ਦਾ, ਦਿਨ ਤੀਆਂ ਦੇ...

ਦੇਸੀ ਮਹੀਨੇ ਵਿਸਾਖ ਤੋਂ ਸ਼ੁਰੂ ਹੋਈ ਗਰਮੀ ਹਾੜ ਤੱਕ ਸਿਖਰਾਂ 'ਤੇ ਪੁੱਜ ਜਾਂਦੀ ਹੈ। ਤਾਪਮਾਨ 40-45 ਡਿਗਰੀ ਤੱਕ ਪਹੁੰਚ ਜਾਂਦਾ ਹੈ। ਮਨੁੱਖਾਂ ਦੇ ਨਾਲ ਨਾਲ ਪਸ਼ੂ ਪੰਛੀ ਵੀ ਇਸ ਜ਼ਬਰਦਸਤ ਗਰਮੀ ਵਿੱਚ ਬੇਹਾਲ ਹੋ ਜਾਂਦੇ ਹਨ ਅਤੇ ਚਾਹੁੰਦੇ ਹਨ ਕਿ ਕਿਸੇ ਪਾਸਿਉਂ ਠੰਡੀ ਪੌਣ ਦਾ ਬੁੱਲਾ ਆ ਜਾਵੇ। ਮਨੁੱਖ ਦੁਆਰਾ ਨਿਰਮਿਤ ਐਸ਼ੋ ਆਰਾਮ ਦੇ ਸਾਧਨ ਬਿਜਲੀ ਦੇ ਪੱਖੇ, ਏਸੀ ਸਭ ਇਸ ਅੱਥਰੇ ਮੌਸਮ ਅੱਗੇ ਗੋਡੇ ਟੇਕ ਜਾਂਦੇ ਹਨ। ਪਹੁੰਚ ਵਾਲੇ ਲੋਕ ਗਰਮੀ ਤੋਂ ਬਚਣ ਲਈ ਕੁਝ ਸਮਾਂ ਪਹਾੜੀਂ ਚੜ੍ਹ ਜਾਂਦੇ ਹਨ, ਵਾਪਸ ਘਰ ਕੇ ਪਹਿਲਾਂ ਤੋਂ ਵੀ ਵੱਧ ਤੰਗ ਹੁੰਦੇ ਹਨ। ਫਿਰ ਤਾਂ ਇੱਕੋ ਇੱਕ ਆਸ ਰੱਬ 'ਤੇ ਹੀ ਹੁੰਦੀ ਹੈ ਕਿ ਮੀਂਹ ਨਹੀਂ ਤਾਂ ਹਨੇਰੀ ਹੀ ਵਗਾ ਦੇ, ਮਾੜੀ ਮੋਟੀ ਹਵਾ ਤਾਂ ਲੱਗੇ ਅਤੇ ਸੁਖ ਦਾ ਸਾਹ ਆਵੇ।

ਆਖ਼ਰ ਹਾੜ ਮਹੀਨੇ ਮਗਰੋਂ ਵਾਰੀ ਹੁੰਦੀ ਹੈ, ਸਾਉਣ ਮਹੀਨੇ ਦੀ ਜਿਸ ਵਿੱਚ ਮੌਨਸੂਨੀ ਪੌਣਾਂ ਸਾਡੇ ਦੇਸ਼ ਵਿੱਚ ਮੀਂਹ ਪਾਉਂਦੀਆਂ ਹਨ। ਇਸ ਸਮੇਂ ਔੜ ਦੀਆਂ ਮਾਰੀਆਂ ਫ਼ਸਲਾਂ ਅਤੇ ਤਪਸ਼ ਦੀ ਮੱਚੀ ਧਰਤੀ ਨੂੰ ਮੀਂਹ ਦੀ ਬੜੀ ਲੋੜ ਹੁੰਦੀ ਹੈ। ਬੱਚੇ ਗਾਉਂਦੇ ਹਨ;

ਕਾਲੀਆਂ ਇੱਟਾਂ ਕਾਲੇ ਰੋੜ
ਮੀਂਹ ਵਰਸਾ ਦੇ ਜ਼ੋਰੋ ਜ਼ੋਰ।

ਅਜਿਹੇ ਸਮੇਂ ਜੇ ਅਸਮਾਨ ਦੇ ਕਿਸੇ ਕੋਨੇ ਤੋਂ ਕੋਈ ਕਾਲੀ ਬਦਲੋਟੀ ਨਜ਼ਰੀਂ ਆ ਜਾਵੇ ਤਾਂ ਸਭ ਨੂੰ ਚਾਅ ਚੜ੍ਹ ਜਾਂਦਾ ਹੈ ਕਿ ਅੱਜ ਮੀਂਹ ਜ਼ਰੂਰ ਪਏਗਾ। ਹਾਲਾਂਕਿ ਪੰਜਾਬ ਵਿੱਚ ਇੰਨੀ ਜਲਦੀ ਮੀਂਹ ਨਹੀਂ ਪੈਂਦਾ ਜਦੋਂਕਿ ਕੇਰਲਾ ਵਿੱਚ ਮੈਂ ਦੇਖਿਆ ਹੈ ਕਿ ਸਮੁੰਦਰ ਵਿੱਚੋਂ ਨਿੱਕੀ ਜਿਹੀ ਬਦਲੀ ਉੱਠਦੀ ਹੈ, ਦੇਖਦੇ ਦੇਖਦੇ ਕੁਝ ਹੀ ਸਮੇਂ ਵਿੱਚ ਸਾਰੇ ਆਕਾਸ਼ 'ਤੇ ਛਾ ਜਾਂਦੀ ਹੈ ਅਤੇ ਛਮਛਮ ਮੀਂਹ ਪੈਣ ਲੱਗ ਜਾਂਦਾ ਹੈ। ਇਸ ਲਈ ਉਹ ਲੋਕ ਹਮੇਸ਼ਾਂ ਆਪਣੇ ਕੋਲ ਛਤਰੀ ਰੱਖਦੇ ਹਨ। ਉੱਥੇ ਮੀਂਹ ਦੀਆਂ ਕਣੀਆਂ ਵੀ ਇੰਨੀਆਂ ਤਿੱਖੀਆਂ ਹੁੰਦੀਆਂ ਹਨ ਕਿ ਸਿੱਧੀਆਂ ਸਹਿ ਨਹੀਂ ਹੁੰਦੀਆਂ, ਪਰ ਆਪਣੇ ਪੰਜਾਬ ਵਿੱਚ ਤਾਂ ਬੱਦਲ ਦੋ ਦਿਨ ਭੂਮਿਕਾ ਬੰਨ੍ਹ ਕੇ ਫਿਰ ਮੀਂਹ ਪਾਉਂਦਾ ਹੈ। ਜੇ ਫਿਰ ਵੀ ਮੇਘਲਾ ਨਾ ਵਰ੍ਹੇ ਤਾਂ ਕੁੜੀਆਂ ਗੀਤ ਗਾਉਂਦੀਆਂ ਹਨ;

ਕਾਲੀ ਘਟ ਆਣ ਕੇ ਬਨੇਰੇ ਕੋਲੋਂ ਮੁੜਗੀ
ਵੀਰਾ ਕੁਛ ਪੁੰਨ ਕਰ ਦੇ

ਇਸ ਤੋਂ ਪ੍ਰਭਾਵਿਤ ਹੋਏ ਵੀਰ ਚੌਲਾਂ ਜਾਂ ਕੜਾਹ ਪ੍ਰਸ਼ਾਦ ਦਾ ਯੱਗ ਕਰ ਕੇ ਇੰਦਰ ਦੇਵਤਾ ਨੂੰ ਮੀਂਹ ਪਾਉਣ ਦੀ ਪ੍ਰਾਰਥਨਾ ਕਰਦੇ ਹਨ। ਜਦੋਂ ਮੀਂਹ ਪੈ ਜਾਵੇ ਤਾਂ ਸਾਉਣ ਮਹੀਨੇ ਦੇ ਵਾਰੇ ਵਾਰੇ ਜਾਂਦੇ ਹਨ। ਮਨੁੱਖ, ਪਸ਼ੂ-ਪੰਛੀ, ਰੁੱਖ-ਬੂਟੇ ਸਾਰੀ ਕਾਇਨਾਤ ਝੂਮ ਉੱਠਦੀ ਹੈ। ਖੇਤੀਂ ਫ਼ਸਲਾਂ ਲਹਿਲਹਾਉਂਦੀਆਂ ਹਨ, ਘਰਾਂ ਵਿੱਚ ਖੀਰ ਪੂੜੇ ਬਣਦੇ ਹਨ। ਪੰਜਾਬੀ ਦੀ ਇੱਕ ਕਹਾਵਤ ਹੈ;

ਜੱਗ 'ਤੇ ਕੀ ਆਇਆ ਅਪਰਾਧੀਆ
ਜੇ ਸਾਉਣ ਖੀਰ ਨਾ ਖਾਧੀਆਂ।

ਸੋ ਕੋਈ ਵੀ ਅਪਰਾਧੀ ਨਹੀਂ ਬਣਨਾ ਚਾਹੁੰਦਾ ਅਤੇ ਸਾਰੇ ਖੀਰ ਬਣਾ ਕੇ ਜ਼ਰੂਰ ਖਾਂਦੇ ਹਨ। ਮੈਂ ਖ਼ੁਦ ਦੇਖਿਆ ਹੈ ਪੰਜਾਬ ਦੀ ਕਪਾਹ ਬੈਲਟ ਬਠਿੰਡੇ ਜ਼ਿਲ੍ਹੇ ਵਿੱਚ ਤਾਂ ਕਪਾਹ ਜਾਂ ਨਰਮੇ ਦੇ ਖੇਤ ਵਿੱਚ ਜਾ ਕੇ ਪੂੜੇ ਪਕਾ ਕੇ ਖਾਧੇ ਜਾਂਦੇ ਸਨ।

ਕੁੜੀਆਂ ਚਿੜੀਆਂ ਲਈ ਇਸ ਮਹੀਨੇ ਦੀ ਖ਼ਾਸ ਮਹੱਤਤਾ ਹੈ ਕਿਉਂਕਿ ਇਸ ਮਹੀਨੇ ਵਿੱਚ ਉਨ੍ਹਾਂ ਦਾ ਮਨਭਾਉਂਦਾ ਤਿਉਹਾਰ ਤੀਆਂ ਆਉਂਦਾ ਹੈ। ਉਹ ਤਾਂ ਦੋ ਮਹੀਨੇ ਪਹਿਲਾਂ ਹੀ ਤੀਆਂ ਦੀ ਤਿਆਰੀ ਵਿੱਢ ਦਿੰਦੀਆਂ ਹਨ। ਨਵੇਂ ਨਵੇਂ ਸੂਟ ਸੰਵਾਏ ਜਾਂਦੇ ਹਨ, ਵੰਨ ਸੁਵੰਨੀਆਂ ਵੰਗਾਂ ਖ਼ਰੀਦੀਆਂ ਜਾਂਦੀਆਂ ਹਨ, ਹਾਰ ਸ਼ਿੰਗਾਰ ਦੇ ਸਾਮਾਨ ਦੀਆਂ ਸਜੀਆਂ ਫੱਬੀਆਂ ਦੁਕਾਨਾਂ 'ਤੇ ਕੁੜੀਆਂ ਅਤੇ ਵਹੁਟੀਆਂ ਨੇ ਝੁਰਮਟ ਪਾਇਆ ਹੁੰਦਾ ਹੈ ਜਿਵੇਂ ਸਾਰੀ ਦੁਕਾਨ ਹੀ ਖ਼ਰੀਦਣੀ ਹੋਵੇ। ਫਿਰ ਵਿਆਹੀਆਂ ਨੂੰ ਉਡੀਕ ਹੁੰਦੀ ਹੈ ਅੰਮਾਂ ਜਾਇਆਂ ਦੇ ਆਉਣ ਦੀ ਅਤੇ ਪੇਕੀਂ ਜਾ ਕੇ ਸਹੇਲੀਆਂ ਸੰਗ ਤੀਆਂ ਮਨਾਉਣ ਦੀ। ਜੇਕਰ ਨਵੀਂ ਵਿਆਹੀ ਕੁੜੀ ਦੇ ਘਰ ਦੇ ਕਿਸੇ ਕਾਰਨ ਨਾ ਆ ਸਕਣ ਤਾਂ ਨੂੰਹ ਤੇ ਸੱਸ ਦੀ ਤਕਰਾਰ ਹੋ ਜਾਂਦੀ ਹੈ। ਸੱਸ, ਨੂੰਹ ਨੂੰ ਕਹਿੰਦੀ ਹੈ;

ਬਹੁਤਿਆਂ ਭਰਾਵਾਂ ਵਾਲੀਏ
ਤੈਨੂੰ ਤੀਆਂ ਨੂੰ ਲੈਣ ਨਾ ਆਏ।
ਨੂੰਹ ਜਵਾਬ ਦਿੰਦੀ ਹੈ;
ਸੱਸੀਏ ਬੇਕਦਰੇ ਤੈਥੋਂ ਡਰਦੇ ਲੈਣ ਨਾ ਆਏ।

ਕੁਝ ਵਿਆਹੀਆਂ ਮੁਟਿਆਰਾਂ ਜੋ ਕਿਸੇ ਕਾਰਨ ਪੇਕੇ ਨਹੀਂ ਜਾ ਸਕਦੀਆਂ, ਉਨ੍ਹਾਂ ਨੂੰ ਉਨ੍ਹਾਂ ਦੇ ਪੇਕੇ ਵਾਲੇ ਸਹੁਰੇ ਘਰ ਹੀ ਸੰਧਾਰਾ ਦੇ ਜਾਂਦੇ ਹਨ ਅਤੇ ਜਿਹੜੀਆਂ ਪੇਕੇ ਜਾਂਦੀਆਂ ਹਨ, ਉਨ੍ਹਾਂ ਦੇ ਸਹੁਰੇ ਪਰਿਵਾਰ ਵਾਲੇ ਖ਼ਾਸ ਤੌਰ 'ਤੇ ਲੜਕੀ ਦਾ ਪਤੀ ਸੰਧਾਰਾ ਲੈ ਕੇ ਜਾਂਦਾ ਹੈ। ਸੰਧਾਰੇ ਵਿੱਚ ਆਮ ਤੌਰ 'ਤੇ ਬਿਸਕੁਟ, ਮਠਿਆਈ, ਕੱਪੜੇ ਅਤੇ ਹਾਰ ਸ਼ਿੰਗਾਰ ਦਾ ਨਿੱਕ ਸੁੱਕ ਹੁੰਦਾ ਹੈ। ਤੀਆਂ ਦੇ ਇਸ ਸਵੱਲੇ ਤਿਉਹਾਰ ਦੀ ਉਤਪਤੀ ਬਾਰੇ ਲੋਕਾਂ ਦੇ ਅਲੱਗ ਅਲੱਗ ਅਲੱਗ ਵਿਚਾਰ ਹਨ, ਪਰ ਮੇਰੇ ਵਿਚਾਰ ਅਨੁਸਾਰ ਇਹ ਪੁਰਸ਼ ਪ੍ਰਧਾਨ ਪੰਜਾਬੀ ਸਮਾਜ ਵਿੱਚ ਔਰਤਾਂ ਦੇ ਆਪਣੇ ਦਿਲ ਵਿੱਚ ਦੱਬੇ ਮਨੋਭਾਵਾਂ ਦੇ ਪ੍ਰਗਟਾਵੇ ਦਾ ਇੱਕ ਪਲੈਟਫਾਰਮ ਹੈ, ਜਿੱਥੇ ਉਹ ਬੇਖੌਫ਼ ਹੋ ਕੇ ਸਹੁਰੇ ਪਰਿਵਾਰ ਵੱਲੋਂ ਹੁੰਦੀਆਂ ਵਧੀਕੀਆਂ ਵਿਰੁੱਧ ਨੱਚ ਗਾ ਕੇ ਆਪਣੇ ਆਪ ਨੂੰ ਸਹਿਜ ਕਰ ਲੈਂਦੀਆਂ ਹਨ। ਪਿਪਲਾਂ, ਬੋਹੜਾਂ 'ਤੇ ਪੀਘਾਂ ਪਾ ਕੇ ਝੂਟੇ ਲੈਂਦੀਆਂ ਹਨ। ਇਸ ਤਰ੍ਹਾਂ ਨੌਂ ਦਿਨ ਤੀਆਂ ਦੇ ਤਿਉਹਾਰ ਨੂੰ ਔਰਤਾਂ ਮਾਣਦੀਆਂ ਹਨ। ਚਿਰਾਂ ਤੋਂ ਵਿੱਛੜੀਆਂ ਸਹੇਲੀਆਂ ਇੱਕ-ਦੂਜੀ ਨੂੰ ਮਿਲ ਕੇ ਦੁੱਖ ਸੁੱਖ ਸਾਂਝਾ ਕਰਦੀਆਂ ਹਨ।

ਉਹ ਆਪਣੀ ਆਪਣੀ ਜ਼ਿੰਦਗੀ ਦੇ ਰੰਗ, ਤਜਰਬੇ, ਜੀਵਨ ਪੱਧਰ ਅਤੇ ਬੱਚਿਆਂ ਦੀ ਖ਼ੈਰ ਖ਼ਬਰ ਤੋਂ ਜਾਣੂ ਹੁੰਦੀਆਂ ਹਨ। ਪੇਕੇ ਪਿੰਡ ਦੀਆਂ ਸਿਫਤਾਂ ਕਰਦੀਆਂ ਹਨ। ਬਾਬਲ ਦੇ ਵਿਹੜੇ ਦੀ ਸੁੱਖ ਮੰਗਦੀਆਂ ਹਨ ਅਤੇ ਤੀਆਂ ਨੂੰ ਇਸ ਆਸ ਨਾਲ ਵਿਦਾ ਕਰਦੀਆਂ ਹਨ;

ਵਰ੍ਹੇ ਦਿਨਾਂ ਨੂੰ ਫੇਰ ਤੀਆਂ ਤੀਜ ਦੀਆਂ।

ਤੀਆਂ ਦੀ ਵਿਦਾਇਗੀ ਵਾਲਾ ਦਿਨ ਖ਼ਾਸ ਹੁੰਦਾ ਹੈ। ਇਸ ਦਿਨ ਮੁਟਿਆਰਾਂ ਹੋਰ ਵੀ ਸਜ ਧਜ ਕੇ ਲਹਿੰਗੇ ਘੱਗਰੇ ਪਾ ਕੇ ਗਿੱਧੇ ਵਿੱਚ ਜਾਂਦੀਆਂ ਹਨ। ਇਸ ਦਿਨ ਬਲ੍ਹੋ ਪਾਈ ਜਾਂਦੀ ਹੈ। ਗਿੱਧੇ ਦੇ ਪਿੜ ਤੋਂ ਲੈ ਕੇ ਘਰਾਂ ਤੱਕ ਪਹੁੰਚਣ ਤੱਕ ਗੀਤ ਗਾਏ ਜਾਂਦੇ ਹਨ, ਗਿੱਧਾ ਪਾਇਆ ਜਾਂਦਾ ਹੈ;

ਜ਼ੋਰ ਭਰਾਵਾਂ ਦੇ ਨੌਂ ਦਿਨ ਤੀਆਂ ਲਾਈਆਂ।

ਮੁਟਿਆਰਾਂ ਇਸ ਮੌਕੇ ਸਾਉਣ ਮਹੀਨੇ ਨੂੰ ਪੂਰਾ ਮਾਣ ਤਾਣ ਦਿੰਦੀਆਂ ਹਨ ਜੋ ਉਨ੍ਹਾਂ ਨੂੰ ਪੇਕਿਆਂ ਨਾਲ ਮਿਲਾਉਂਦਾਹੈ ਅਤੇ ਨਾਲ ਹੀ ਆਉਂਦੇਮਹੀਨੇ ਭਾਦੋਂ 'ਤੇ ਗੁੱਸਾ ਕੱਢਦੀਆਂ ਹਨ ਜੋ ਸਹੇਲੀਆਂ ਨੂੰ ਵਿਛੋੜ ਦਿੰਦਾ ਹੈ। ਤਾਂ ਹੀ ਤਾਂ ਉਹ ਕਹਿੰਦੀਆਂ ਹਨ;

ਸਾਉਣ ਦੀ ਮੈਂ ਵੰਡਾਂ ਸ਼ੀਰਨੀ
ਭਾਦੋਂ ਚੜ੍ਹਦੀ ਨੂੰ ਅੱਗ ਲੱਗ ਜਾਵੇ।

ਅੱਜਕੱਲ੍ਹ ਸ਼ਹਿਰਾਂ ਵਿੱਚ ਵੱਡੇ ਅਫ਼ਸਰਾਂ ਜਾਂ ਰਸੂਖਵਾਨਾਂ ਦੀਆਂ ਘਰਵਾਲੀਆਂ ਦੀ ਅਗਵਾਈ ਵਿੱਚ ਵੀ ਇਹ ਤਿਉਹਾਰ ਪੈਲੇਸਾਂ ਆਦਿ ਵਿੱਚ ਡੀਜੇ ਦੇ ਕੰਨ ਪਾੜਵੇਂ ਸ਼ੋਰ ਵਿੱਚ ਮਨਾਇਆ ਜਾਂਦਾ ਹੈ। ਸਾਉਣ ਮਹੀਨਾ ਵਿਚਾਰਾ ਡੌਰ ਭੌਰ ਹੋਇਆ ਇਹੋ ਜਿਹੀਆਂ ਮਹਿਫ਼ਿਲਾਂ ਦੇਖ ਕੇ ਝੂਰਦਾ ਤਾਂ ਜ਼ਰੂਰ ਹੋਵੇਗਾ ਅਤੇ ਆਪ ਮੁਹਾਰੇ ਨੱਚ ਟੱਪ ਗਾ ਕੇ ਤੀਆਂ ਮਨਾਉਂਦੀਆਂ, ਨਿਰਮਲ ਤੇ ਨਿਰਛਲ ਹਾਸੇ ਵੰਡਦੀਆਂ ਪੰਜਾਬੀ ਕੁੜੀਆਂ ਦੀ ਉਡੀਕ ਕਰਦਾ ਹੋਵੇਗਾ।

# ਸ਼ਹੀਦ ਊਧਮ ਸਿੰਘ ਦੇ ਸੰਘਰਸ਼ ਦੇ ਅਣਛੋਹੇ ਪੰਨੇ



ਡਾ. ਗੁਰਵਿੰਦਰ ਸਿੰਘ
ਕੋਆਰਡੀਨੇਟਰ, ਪੰਜਾਬੀ ਸਾਹਿਤ ਸਭਾ ਮੁੱਢਲੀ (ਰਜਿ.)
ਐਬਟਸਫੋਰਡ, ਕੈਨੇਡਾ
singhnewscanada@gmail.com
604-825-1550

ਸ਼ਹੀਦ ਊਧਮ ਸਿੰਘ ਇਤਿਹਾਸ ਦਾ ਅਜਿਹਾ ਮਹਾਨ ਯੋਧਾ ਹੋਇਆ ਹੈ, ਜਿਸ ਨੇ ਗ਼ੁਲਾਮੀ ਦੇ ਸੰਗਲ ਤੋੜਨ ਅਤੇ ਬੇਗੁਨਾਹ ਲੋਕਾਂ ਦੇ ਸਮੂਹਿਕ ਕਤਲੇਆਮ ਖ਼ਿਲਾਫ਼, ਹਥਿਆਰਬੰਦ ਸੰਘਰਸ਼ ਦਾ ਰਾਹ ਅਪਨਾਇਆ। ਸ਼ਹੀਦ ਊਧਮ ਸਿੰਘ ਦੇ ਜੀਵਨ 'ਤੇ ਪੰਛੀ ਝਾਤ ਮਾਰਦਿਆਂ ਪਤਾ ਲੱਗਦਾ ਹੈ ਕਿ 26 ਦਸੰਬਰ 1899 ਵਿੱਚ ਪੰਜਾਬ ਦੇ ਸੁਨਾਮ ਨਗਰ ਦੇ ਗਰੀਬ ਪਰਿਵਾਰ 'ਚ, ਮਾਤਾ ਹਰਨਾਮ ਕੌਰ ਅਤੇ ਪਿਤਾ ਟਹਿਲ ਸਿੰਘ ਦੇ ਘਰ ਜਨਮੇ ਊਧਮ ਸਿੰਘ (ਪਹਿਲਾਂ ਨਾਂ ਸ਼ੇਰ ਸਿੰਘ) ਜੀਵਨ ਆਰੰਭ ਤੋਂ ਹੀ ਸੰਘਰਸ਼ਮਈ ਰਿਹਾ। ਬਚਪਨ ਵਿੱਚ ਹੀ ਮਾਤਾ-ਪਿਤਾ ਦੇ ਦੇਹਾਂਤ ਮਗਰੋਂ 24 ਅਕਤੂਬਰ 1907 ਵਿੱਚ ਊਧਮ ਸਿੰਘ ਤੇ ਉਹਨਾਂ ਦਾ ਵੱਡਾ ਭਰਾ ਸਾਧੂ ਸਿੰਘ ਸੈਂਟਰਲ ਸਿੱਖ ਯਤੀਮਖਾਨਾ ਅੰਮ੍ਰਿਤਸਰ ਸਾਹਿਬ ਵਿਖੇ ਆ ਗਏ ਤੇ ਇਥੋਂ ਹੀ ਸਿੱਖੀ ਜੀਵਨ, ਸੇਵਾ ਤੇ ਸ਼ਹਾਦਤ ਦੀ ਪ੍ਰੇਰਨਾ ਲੈ ਕੇ ਵੱਡੇ ਹੋਏ।

ਸ਼ਹੀਦ ਊਧਮ ਸਿੰਘ ਨਾਲ ਜੁੜੀਆਂ ਯਾਦਗਾਰਾਂ ਦੇ ਦਰਸ਼ਨ ਕਰਨ ਦੀ ਇੱਛਾ ਨਾਲ ਲੰਡਨ ਵਿੱਚ ਸੈਂਟਰਲ ਗੁਰਦੁਆਰਾ ਸਾਹਿਬ ਸੈਫਰਡਜਬੁਸ਼ ਵਿਖੇ ਜਾਣ ਦਾ ਮੌਕਾ ਮਿਲਿਆ। ਉਸ ਅਸਥਾਨ ਦੇ ਦਰਸ਼ਨ ਕੀਤੇ, ਜਿੱਥੇ ਸ਼ਹੀਦ ਊਧਮ ਸਿੰਘ ਕਿਤੇ ਲੰਗਰ ਵਿੱਚ ਸੇਵਾ ਕਰਦੇ ਅਤੇ ਕਿਤੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘ ਤੋਂ ਗੁਰਬਾਣੀ ਦੀ ਪ੍ਰੇਰਨਾ ਲੈਂਦੇ। ਉਹ ਇਤਿਹਾਸਕ ਤਸਵੀਰ ਦੇਖੀ, ਜਦੋਂ ਗੁਰੂ ਨਾਨਕ ਸਾਹਿਬ ਦਾ ਪ੍ਰਕਾਸ਼ ਦਿਹਾੜਾ ਸੀ। 1937 ਵਿੱਚ ਗੁਰਦੁਆਰਾ ਸਾਹਿਬ ਦੀ ਸੰਗਤ ਨਾਲ ਸ. ਊਧਮ ਸਿੰਘ ਨੇ ਫੋਟੋ ਖਿਚਵਾਈ ਸੀ। ਗੁਰਦੁਆਰਾ ਸਾਹਿਬ ਵਿਖੇ ਮੈਂ ਦੀਵਾਨ ਵਿੱਚ ਸੰਗਤਾਂ ਦੇ ਦਰਸ਼ਨ ਕਰਦਿਆਂ ਵਿਚਾਰ ਸਾਂਝੇ ਕੀਤੇ ਕਿ ਖੁਸ਼ਨਸੀਬ ਹਾਂ, ਜੋ ਇਸ ਅਸਥਾਨ 'ਤੇ ਪਹੁੰਚ ਸਕਿਆ ਹਾਂ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਗੁਰਦੁਆਰਾ ਸਿੰਘ ਸਿੰਕਲੇਅਰ ਦੇ ਪ੍ਰਬੰਧਕ ਸਾਹਿਬਾਨਾਂ ਨੇ ਸ਼ਹੀਦ ਊਧਮ ਸਿੰਘ ਦੀ ਫਾਂਸੀ ਵੇਲੇ ਕਨੂੰਨੀ ਪੱਧਰ 'ਤੇ ਮਦਦ ਕੀਤੀ।

ਦੂਜੇ ਪਾਸੇ ਲੰਡਨ ਰਹਿੰਦੇ ਅੰਗਰੇਜ਼ ਪੱਖੀ ਭਾਰਤੀਆਂ ਦੀਆਂ ਸੰਸਥਾਵਾਂ ਅਤੇ ਭਾਰਤ ਵਿੱਚ ਅੰਗਰੇਜ਼-ਪ੍ਰਸਤ ਕਾਂਗਰਸੀਆਂ ਨੇ ਸ਼ਹੀਦ ਊਧਮ ਸਿੰਘ ਦੇ ਖ਼ਿਲਾਫ਼ ਰੱਜ ਕੇ ਬਿਆਨਬਾਜ਼ੀ ਕੀਤੀ। ਉਡਵਾਇਰ ਦੇ ਕਤਲ ਕਰਕੇ ਸ਼ਹੀਦ ਊਧਮ ਸਿੰਘ ਨੂੰ ਅੱਤਵਾਦੀ ਗਰਦਾਨਿਆ। ਇਸ ਦਾ ਵਿਸਤਾਰ ਲਿਖਾਰੀ ਗਿਆਨੀ ਕੇਸਰ ਸਿੰਘ ਨਾਵਲਿਸਟ ਦੇ ਨਾਵਲ 'ਸ਼ਹੀਦ ਊਧਮ ਸਿੰਘ' ਵਿੱਚ ਮਿਲਦਾ ਹੈ। ਇਸ ਤੱਥ ਨੂੰ ਪੜ੍ਹ ਕੇ ਪਤਾ ਲੱਗਦਾ ਹੈ ਕਿ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਨ 'ਤੇ ਸ਼ਹੀਦ ਦੇ ਬੁੱਤ 'ਤੇ ਹਾਰ ਪਾਉਣ ਵਾਲੇ ਰਾਸ਼ਟਰਵਾਦੀਆਂ ਦੀਆਂ ਸਿਆਸੀ ਪਾਰਟੀਆਂ ਸ. ਊਧਮ ਸਿੰਘ ਵੱਲੋਂ ਉਡਵਾਇਰ ਨੂੰ ਸੋਧਣ ਦੇ ਖ਼ਿਲਾਫ਼ ਸਨ। ਕਈ ਇਤਿਹਾਸਕਾਰਾਂ ਵੱਲੋਂ ਊਧਮ ਸਿੰਘ ਨੂੰ ਮਿਥ ਕੇ ਸਿੱਖੀ ਸਿਧਾਂਤ ਨਾਲੋਂ ਤੋੜਿਆ ਜਾ ਰਿਹਾ ਹੈ, ਸੱਚ ਹੈ ਕਿ ਲੰਡਨ ਦੀ ਸਿੱਖ ਸੰਸਥਾ ਤੇ ਗੁਰਦੁਆਰਾ ਸੇਵਾਦਾਰ ਊਧਮ ਸਿੰਘ ਲਈ ਨੰਗੇ ਧੜ ਖੜੇ ਸਨ।

ਮੇਰੇ ਲਈ ਉਹ ਪਲ ਵੀ ਇਤਿਹਾਸਕ ਸਨ, ਜਦੋਂ ਲੰਡਨ ਦੇ ਕੈਕਸਟਨ ਹਾਲ ਦੀ ਜਗ੍ਹਾ 'ਤੇ ਜਾਣ ਦਾ ਸੁਭਾਗ ਮਿਲਿਆ, ਜਿੱਥੇ ਸ਼ਹੀਦ ਊਧਮ ਸਿੰਘ ਨੇ 13 ਮਾਰਚ 1940 ਨੂੰ ਉਡਵਾਇਰ ਨੂੰ ਸੋਧਿਆ ਸੀ। ਚਾਹੇ ਉਸ ਜਗ੍ਹਾ 'ਤੇ ਸ਼ਹੀਦ ਊਧਮ ਸਿੰਘ ਦੀ ਕੋਈ ਯਾਦਗਾਰ ਸਥਾਪਤ ਨਹੀਂ ਹੋ ਸਕੀ, ਪਰ ਉਥੇ ਜਾ ਕੇ ਜੋ ਮਨ ਦੇ ਵਲਵਲੇ ਸਨ, ਉਹ ਵੀਡੀਓ ਰਾਹੀਂ ਸਾਂਝੇ ਕੀਤੇ।

ਇਹ ਇਤਿਹਾਸਿਕ ਸੱਚ ਹੈ ਕਿ ਜਦੋਂ 13 ਅਪ੍ਰੈਲ 1919 ਨੂੰ ਵਿਸਾਖੀ ਮੌਕੇ ਜਲਿਆਂਵਾਲਾ ਬਾਗ ਦਾ ਸ਼ਹੀਦੀ ਸਾਕਾ ਵਾਪਰਿਆ, ਸ਼ਹੀਦ ਊਧਮ ਸਿੰਘ ਉਥੇ ਨਹੀਂ ਸੀ। ਜ਼ਿਆਦਾਤਰ ਇਤਿਹਾਸਕਾਰ ਨਾਟਕੀ ਢੰਗ ਨਾਲ ਊਧਮ ਸਿੰਘ ਨੂੰ ਉਥੇ ਦਿਖਾ ਕੇ ਉਡਵਾਇਰ ਤੋਂ ਬਦਲਾ ਲੈਣ ਦੇ ਪ੍ਰਣ ਲੈਣ ਦੀ ਗੱਲ ਲਿਖ ਕੇ, ਆਪਣੇ ਮੁਤਾਬਕ ਅਰਥ ਕਰਦੇ ਹਨ, ਜਦ ਕਿ ਉਸ ਵੇਲੇ ਉਹ ਪੂਰਬੀ ਅਫ਼ਰੀਕਾ ਵਿੱਚ ਸੀ, ਜਿੱਥੇ 2 ਸਾਲ ਯੁਗਾਂਡਾ ਰੇਲਵੇ ਵਰਕਸ਼ਾਪ 'ਚ ਮਕੈਨਿਕ ਵਜੋਂ ਨੌਕਰੀ ਕੀਤੀ। ਇਸ ਪਿੱਛੋਂ ਭਾਰਤ ਆ ਕੇ ਊਧਮ ਸਿੰਘ ਨਵਾਂ ਪਾਸਪੋਰਟ ਬਣਾ ਕੇ 1922 'ਚ ਲੰਡਨ, ਫਿਰ ਮੈਕਸਿਕੋ ਗਿਆ। 2 ਸਾਲ ਕੈਲੀਫੋਰਨੀਆ ਕੰਮ ਕੀਤਾ, ਗਦਰ ਪਾਰਟੀ ਦੇ ਅਮਰੀਕਾ ਰਹਿ ਰਹੇ ਗਦਰੀਆਂ ਦੇ ਸੰਪਰਕ ਵਿੱਚ ਰਿਹਾ। ਕੈਲੀਫੋਰਨੀਆ 'ਚ ਉਹ ਗਦਰ ਪਾਰਟੀ ਦਾ ਮੈਂਬਰ ਬਣ ਗਿਆ ਅਤੇ ਸਰਗਰਮੀਆਂ 'ਚ ਹਿੱਸਾ ਲੈਣ ਲੱਗਾ। ਪੰਜਾਬ ਵਾਪਸੀ ਮਗਰੋਂ 1923 ਵਿੱਚ ਉਹਦੀ ਮਿਲਣੀ ਬੱਬਰ ਅਕਾਲੀ ਆਗੂ ਮਾਸਟਰ ਮੋਤਾ ਸਿੰਘ ਨਾਲ ਹੋਈ। ਪੰਜਾਬ ਆ ਕੇ ਊਧਮ ਸਿੰਘ ਫਿਰ ਸਰਗਰਮ ਹੋਇਆ ਅਤੇ ਇਸ ਦੌਰਾਨ ਹੀ ਅੰਮ੍ਰਿਤਸਰ ਇੱਕ ਦੁਕਾਨ ਵੀ ਲਈ, ਜੋ ਸਮੇਂ ਸਮੇਂ ਇਨਕਲਾਬੀਆਂ ਦਾ ਤਾਲਮੇਲ ਕੇਂਦਰ ਬਣੀ ਰਹੀ।

ਸ਼ਹੀਦ ਊਧਮ ਸਿੰਘ ਨਾਲ ਸੰਬੰਧਿਤ ਹੋਰ ਦਿਲਚਸਪ ਘਟਨਾਵਾਂ ਤੇ ਵੇਰਵੇ ਵੀ ਇਤਿਹਾਸਕ ਪੱਖੋਂ ਖਾਸ ਮਹੱਤਵ ਰੱਖਦੇ ਹਨ। ਇਤਿਹਾਸਕਾਰ ਗਿਆਨੀ ਨਾਹਰ ਸਿੰਘ ਦੀ ਰਚਿਤ 'ਆਜ਼ਾਦੀ ਦੀਆਂ ਲਹਿਰਾਂ' ਕਿਤਾਬ ਵਿੱਚ ਲਿਖਿਆ ਹੈ ਕਿ ਬੱਬਰ ਅਕਾਲੀ ਲਹਿਰ ਦੀ ਇੱਕ ਸਾਖ ਮਾਲਵੇ ਵਿੱਚ ਬਣ ਚੁੱਕੀ ਸੀ, ਜਿਨ੍ਹਾਂ ਵਿੱਚ 15-16 ਮੈਂਬਰਾਂ ਵਿੱਚੋਂ, ਚੌਧਰੀ ਸ਼ੇਰ ਜੰਗ ਅਤੇ ਊਧਮ ਸਿੰਘ ਵੀ ਸਨ। ਗਿਆਨੀ ਨਾਹਰ ਸਿੰਘ ਅੱਗੇ ਲਿਖਦੇ ਹਨ, ਜਥੇ ਵਿੱਚੋਂ ਊਧਮ ਸਿੰਘ ਸੁਨਾਮ, ਕਰਤਾਰ ਸਿੰਘ ਛੀਨੀਵਾਲ, ਭੋਲਾ ਸਿੰਘ ਲੋਹਾ ਖੇੜਾ, ਬਚਨ ਸਿੰਘ ਲੋਹਾ ਖੇੜਾ, ਕੁੰਡਾ ਸਿੰਘ ਗਾਜੀਆਣਾ, ਫਜ਼ਲ ਘੁੰਮਣ ਵਾਲਾ, ਸੰਤ ਸਿੰਘ ਬੜੀ ਟਿੱਬਾ, ਘੁੰਮਣ ਸਿੰਘ ਮਿਸਤਰੀ ਅਤੇ ਸਉਣ ਸਿੰਘ ਟਿੱਬਾ ਨੇ ਰਲ ਕੇ ਸਲਾਹ ਕੀਤੀ ਕਿ ਗੁਰੂ ਕੇ ਬਾਗ ਵਿੱਚ ਅਕਾਲੀ ਸਿੰਘਾਂ ਉੱਪਰ ਬੇਦਰਦ ਲਾਠੀ ਚਾਰਜ ਕਰਵਾਉਣ ਅਤੇ ਗੁਰੂ ਸਾਹਿਬਾਨਾਂ ਦੀ ਸ਼ਾਨ ਵਿਰੁੱਧ ਕੁਬਚਨ ਬੋਲਣ ਵਾਲੇ ਨੀਚ ਬੀਟੀ ਸੁਪਰਡੈਂਟ ਪੁਲਿਸ ਨੂੰ ਪਾਰ ਬੁਲਾਉਣਾ ਚਾਹੀਦਾ ਹੈ। ਇਸ ਕਾਰਜ ਨੂੰ ਸਿਰੇ ਚੜ੍ਹਾਉਣ ਲਈ ਕਰਤਾਰ ਸਿੰਘ ਛੀਨੀਵਾਲ, ਭੋਲਾ ਸਿੰਘ ਲੋਹਾ ਖੇੜਾ ਅਤੇ ਫਜ਼ਲ ਘੁੰਮਣ ਵਾਲੇ ਦੀ ਡਿਊਟੀ ਲਾਈ ਗਈ। ਮਗਰੋਂ ਜਥੇ ਦਾ ਮੈਂਬਰ ਊਧਮ ਸਿੰਘ ਸੁਨਾਮ ਆਪ ਵਲੈਤ ਨੂੰ ਕਿਸੇ ਗੁੱਝੇ ਮਕਸਦ ਲਈ ਰਵਾਨਾ ਹੋ ਗਿਆ।

ਪ੍ਰਿੰਸੀਪਲ ਨਿਹਾਲ ਸਿੰਘ ਰਸ 'ਬੱਬਰ ਅਕਾਲੀ' ਕਿਤਾਬ ਦੇ ਪੰਨਾ 146-48 ਵਿੱਚ ਗੁਰੂ ਕੇ ਬਾਗ ਦੇ ਮੋਰਚੇ ਅਤੇ ਜਲਿਆਂਵਾਲੇ ਬਾਗ ਦੇ ਇਤਿਹਾਸ ਬਾਰੇ ਘਟਨਾਵਾਂ ਦਾ ਵੇਰਵਾ ਸਾਂਝਾ ਕਰਦਿਆਂ ਲਿਖਦੇ ਹਨ ਕਿ 'ਮਾਲਵੇ ਦੇ ਬੱਬਰ ਅਕਾਲੀਆਂ' ਵਿੱਚ ਭਾਈ ਊਧਮ ਸਿੰਘ ਸ਼ਾਮਿਲ ਸਨ। ਬੱਬਰ ਅਕਾਲੀ ਸੁੰਦਰ ਸਿੰਘ ਬੱਬਰ ਆਪਣੀ ਕਿਤਾਬ 'ਬੱਬਰ ਅਕਾਲੀ ਲਹਿਰ' ਦੇ ਪੰਨਾ 310-11 'ਤੇ ਲਿਖਦੇ ਹਨ ਕਿ ਗੁਰੂ ਕੇ ਬਾਗ ਮੋਰਚੇ ਦੌਰਾਨ ਜ਼ੁਲਮ ਕਰਨ ਵਾਲੇ ਪੁਲਿਸ ਸੁਪਰਡੈਂਟ ਬੀਟੀ ਦੇ ਕਤਲ ਵਿੱਚ ਜਿੱਥੇ ਬੱਬਰਾਂ ਨੇ ਅਹਿਮ ਭੂਮਿਕਾ ਨਿਭਾਈ, ਉਥੇ ਮਾਲਵੇ ਦੇ ਬੱਬਰਾਂ 'ਚੋਂ ਊਧਮ ਸਿੰਘ ਸੁਨਾਮ ਨੇ ਇੰਗਲੈਂਡ ਜਾ ਕੇ ਉਡਵਾਇਰ ਨੂੰ ਸੋਧਿਆ। ਇਉਂ ਅਸੀਂ ਸਮਝ ਸਕਦੇ ਹਾਂ ਕਿ ਊਧਮ ਸਿੰਘ ਦਾ ਸਬੰਧ ਬੱਬਰ ਅਕਾਲੀ ਲਹਿਰ ਨਾਲ ਡੂੰਘਾ ਰਿਹਾ ਅਤੇ ਉਸ ਦੇ ਮਨ ਉੱਪਰ 'ਗੁਰਦੁਆਰਾ ਸੁਧਾਰ ਲਹਿਰ' ਦਾ ਗੰਭੀਰ ਪ੍ਰਭਾਵ ਕਾਇਮ ਸੀ। 30 ਅਗਸਤ 1927 ਨੂੰ ਊਧਮ ਸਿੰਘ ਅੰਗਰੇਜ਼ੀ ਭੇਸ ਵਿੱਚ ਅਸਲੇ ਸਮੇਤ ਕੱਟੜਾ ਸ਼ੇਰ ਸਿੰਘ, ਅੰਮ੍ਰਿਤਸਰ ਤੋਂ ਫੜਿਆ ਗਿਆ ਅਤੇ 1928 'ਚ ਊਧਮ ਸਿੰਘ ਨੂੰ 5 ਸਾਲ ਕੈਦ ਹੋਈ। 23 ਅਕਤੂਬਰ 1931 ਨੂੰ ਊਧਮ ਸਿੰਘ ਜੇਲ੍ਹ 'ਚੋਂ ਰਿਹਾਅ ਹੋਇਆ ਅਤੇ ਜੂਨ 1932 'ਚ ਉਹ ਸਾਧੂ 'ਬਾਵੇ' ਦੇ ਭੇਸ 'ਚ ਜੰਮੂ ਤੋਂ ਸ੍ਰੀਨਗਰ ਪੈਦਲ ਗਿਆ। 20 ਮਾਰਚ 1933 ਨੂੰ ਉਸ ਨੇ ਲਾਹੌਰ ਤੋਂ ਊਧਮ ਸਿੰਘ ਦੇ ਨਾਮ 'ਤੇ ਨਵਾਂ ਪਾਸਪੋਰਟ ਹਾਸਲ ਕਰ ਲਿਆ ਅਤੇ ਸੰਨ 1934 'ਚ ਇੰਗਲੈਂਡ ਪੁੱਜਾ।


ਮਾਇਕਲ ਉਡਵਾਇਰ ਜਦ ਪੰਜਾਬ ਦਾ ਲੈਫਟੀਨੈਂਟ ਗਵਰਨਰ ਸੀ, ਤਾਂ ਉਸ ਨੇ 42 ਇਨਕਲਾਬੀਆਂ ਨੂੰ ਮੌਤ ਦੀ ਸਜ਼ਾ, 114 ਨੂੰ ਉਮਰ ਕੈਦ, ਅਨੇਕਾਂ ਹੋਰਾਂ ਨੂੰ ਵੱਖੋ ਵੱਖ ਜੇਲ੍ਹ ਸਜ਼ਾਵਾਂ ਦਿੱਤੀਆਂ ਸਨ। ਜਲਿਆਂ ਵਾਲੇ ਬਾਗ ਦੇ ਖ਼ੂਨੀ ਸਾਕੇ ਦੀ ਅਗਵਾਈ ਵੀ ਜਨਰਲ ਡਾਇਰ ਅਤੇ ਲੈਫਟੀਨੈਂਟ ਗਵਰਨਰ ਮਾਈਕਲ ਉਡਵਾਇਰ ਵੱਲੋਂ ਕੀਤੀ ਗਈ ਸੀ। ਇਸ ਖ਼ੂਨੀ ਸਾਕੇ ਦੌਰਾਨ ਮਨੁੱਖਤਾ ਦੇ ਡੁੱਲ੍ਹੇ ਲਹੂ ਦਾ ਹਿਸਾਬ ਊਧਮ ਸਿੰਘ ਨੇ 21 ਸਾਲ ਮਗਰੋਂ ਚੁਕਾਇਆ। ਸ਼ਹੀਦ ਊਧਮ ਸਿੰਘ 13 ਮਾਰਚ 1940 ਕਾਰਤੂਸਾਂ ਨਾਲ ਭਰਿਆ ਪਿਸਤੌਲ ਲੈ ਕੇ ਕੈਕਸਟਨ ਹਾਲ ਲੰਡਨ ਜਾ ਪੁੱਜਿਆ ਅਤੇ ਜ਼ਾਲਮ ਉਡਵਾਇਰ ਨੂੰ ਸੋਧਿਆ। 13 ਮਾਰਚ ਦੀ ਸ਼ਾਮ ਨੂੰ ਮਾਈਕਲ ਉਡਵਾਇਰ ਨੇ 1913-16 'ਚ ਭਾਰਤ 'ਚ ਆਪਣੇ ਰੋਲ ਬਾਰੇ ਭਾਸ਼ਣ ਕੀਤਾ। ਊਧਮ ਸਿੰਘ ਨੇ 6 ਗੋਲੀਆਂ ਚਲਾਈਆਂ ਅਤੇ ਉਡਵਾਇਰ ਮੌਕੇ 'ਤੇ ਹੀ ਮਾਰਿਆ ਗਿਆ। ਊਧਮ ਸਿੰਘ ਨੇ 31 ਜੁਲਾਈ 1940 ਨੂੰ ਪੈਂਟਨਵਿਲ ਜੇਲ੍ਹ, ਲੰਡਨ 'ਚ ਫਾਂਸੀ ਦਾ ਰੱਸਾ ਚੁੰਮਦਿਆਂ ਸ਼ਹੀਦੀ ਪਾਈ।

ਇਤਿਹਾਸ ਦੇ ਇਹ ਪੰਨੇ ਹੋਰ ਵੀ ਗੌਰਵਮਈ ਹਨ ਕਿ ਸ਼ਹੀਦ ਊਧਮ ਸਿੰਘ ਜਿੱਥੇ ਸਦਾ ਹੀ ਗੁਰਬਾਣੀ ਤੋਂ ਪ੍ਰਭਾਵਿਤ ਸੀ, ਉਥੇ ਉਸ ਨੇ ਗ਼ਦਰ ਲਹਿਰ ਤੋਂ ਅਤੇ ਉਸ ਤੋਂ ਮਗਰੋਂ ਬੱਬਰ ਅਕਾਲੀ ਲਹਿਰ ਤੋ ਵੀ ਪ੍ਰਭਾਵ ਕਬੂਲਿਆ। ਇਤਿਹਾਸਿਕ ਦਸਤਾਵੇਜ਼ਾਂ ਅਨੁਸਾਰ ਸ਼ਹੀਦ ਊਧਮ ਸਿੰਘ ਨੇ ਆਪਣੇ ਪੱਤਰਾਂ ਵਿੱਚ ਗੁਰੂ ਅਰਜਨ ਸਾਹਿਬ ਦੀ ਬਾਣੀ ਦੀਆਂ ਤੁਕਾਂ ਵੀ ਅੰਕਿਤ ਕੀਤੀਆਂ। ਜੇਲ੍ਹ ਚੋਂ ਉਸਨੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਨੂੰ ਪੱਤਰ ਵੀ ਲਿਖਿਆ ਕਿ ਉਸ ਨੂੰ ਗੁਟਕਾ ਸਾਹਿਬ ਭੇਜੇ ਜਾਣ। ਸ਼ਹੀਦ ਊਧਮ ਸਿੰਘ ਲੰਡਨ ਸਥਿਤ ਗੁਰਦੁਆਰਾ ਸਾਹਿਬ ਵਿਖੇ ਸੇਵਾ ਤੋਂ ਇਲਾਵਾ ਗ੍ਰੰਥੀ ਸਿੰਘ ਤੋਂ ਗੁਰਬਾਣੀ ਦੀ ਸੇਧ ਲੈਂਦਾ, ਉਥੇ ਦੁਆਰਾ ਖਾਲਸਾ ਦੀਵਾਨ ਸੁਸਾਇਟੀ ਸਟਾਕਟਨ, ਕੈਲੀਫੋਰਨੀਆ ਰਹਿਣ ਦੌਰਾਨ ਵੀ ਉਸ ਦਾ ਗੁਰਦੁਆਰਾ ਸਾਹਿਬ ਗ੍ਰੰਥੀ ਸਿੰਘ ਨਾਲ ਡੂੰਘਾ ਪਿਆਰ ਸੀ ਅਤੇ ਉਸ ਨੂੰ ਲਿਖੀਆਂ ਚਿੱਠੀਆਂ ਵੀ ਮਿਲਦੀਆਂ ਹਨ। ਉਸ ਦੀ ਸ਼ਖਸੀਅਤ ਉਪਰ ਸ਼ਹੀਦ ਭਗਤ ਸਿੰਘ ਦਾ ਵੀ ਅਸਰ ਸੀ। ਅਦਾਕਾਰੀ ਦੇ ਸ਼ੌਕ ਅਧੀਨ ਉਸ ਨੇ ਇੰਗਲੈਂਡ ਵਿੱਚ ਦੋ ਫ਼ਿਲਮਾਂ ਐਲੀਫੈਂਟ, ਦਾ ਥੀਫ ਆਫ਼ ਬਗ਼ਦਾਦ ਆਦਿ ਵਿੱਚ ਵੀ ਕੰਮ ਕੀਤਾ, ਜਿਸ ਦੀਆਂ ਤਸਵੀਰਾਂ ਮਿਲਦੀਆਂ ਹਨ।

ਸ਼ਹੀਦ ਊਧਮ ਸਿੰਘ ਦੇ ਅਨੇਕਾਂ ਨਾਵਾਂ 'ਚੋਂ ਇੱਕ ਖ਼ਾਸ ਨਾਮ 'ਮੁਹੰਮਦ ਸਿੰਘ ਆਜ਼ਾਦ' ਸੀ, ਪਰ ਆਰੀਆ ਸਮਾਜ ਵਰਗੀਆਂ ਸੰਸਥਾਵਾਂ ਵੱਲੋਂ ਹਿੰਦੂਤਵੀ ਅਤੇ ਕਈ ਹੋਰਨਾਂ ਵਲੋਂ ਅਖੌਤੀ ਸੈਕੁਲਰ ਏਜੰਡੇ ਤਹਿਤ ਨਾਂ ਪ੍ਰਚਲਤ ਕਰ ਦਿੱਤਾ ਗਿਆ ਹੈ, 'ਰਾਮ ਮੁਹੰਮਦ ਸਿੰਘ ਆਜ਼ਾਦ'। ਸ਼ਹੀਦ ਊਧਮ ਸਿੰਘ ਦਾ ਮਿਥ ਕੇ ਸੰਘੀਕਰਣ ਕੀਤਾ ਜਾ ਰਿਹਾ ਹੈ। ਪਹਿਲਾਂ ਅਖੌਤੀ ਸੇਕੁਲਰ ਤੇ ਅੱਜ ਕੱਲ੍ਹ ਫਾਸ਼ੀਵਾਦੀ ਅਤੇ ਸੰਘੀ ਏਜੰਡੇ ਅਨੁਸਾਰ 'ਰਾਮ ਮੁਹੰਮਦ ਸਿੰਘ ਆਜ਼ਾਦ' ਪ੍ਰਚਾਰਿਆ ਜਾ ਰਿਹਾ ਹੈ, ਜੋ ਕਿ ਗ਼ਲਤ ਹੈ। ਭਾਰਤੀ ਮੀਡੀਆ ਨੇ ਸੰਘੀ ਪ੍ਰਣਾਲੀ ਥੱਲੇ ਜਾਣ ਬੁਝ ਕਿ ਸ.ਊਧਮ ਸਿੰਘ ਦਾ ਨਾਮ ਵਿਗਾੜਿਆ ਹੈ। ਸ਼ਹੀਦ ਊਧਮ ਸਿੰਘ ਨੇ ਜਦ ਖੁਦ ਆਪਣਾ ਨਾਂ 'ਮੁਹੰਮਦ ਸਿੰਘ ਆਜ਼ਾਦ' ਲਿਖਿਆ ਹੈ, ਤਾਂ ਕਿਸੇ ਨੂੰ ਕੀ ਹੱਕ ਹੈ ਉਸ ਦਾ ਨਾਮ ਵਿਗਾੜਨ ਦਾ?


ਅੰਤ ਵਿੱਚ ਸ਼ਹੀਦ ਊਧਮ ਸਿੰਘ ਦੀ ਸ਼ਹਾਦਤ ਨੂੰ ਪ੍ਰਣਾਮ ਕਰਦੇ ਹੋਏ ਮਹਾਨ ਯੋਧੇ ਸ਼ਹੀਦ ਊਧਮ ਸਿੰਘ ਨੂੰ ਇਹ 'ਕਾਵਿ-ਬੰਦ' ਸਮਰਪਿਤ ਕਰ ਰਹੇ ਹਾਂ, ਜੋ ਇਸ ਮਹਾਨ ਯੋਧੇ ਵੱਲੋਂ ਦੁਨੀਆਂ ਦੇ ਸਭ ਤੋਂ ਵੱਡੇ ਬਸਤੀਵਾਦ ਦਾ ਕਿਲਾ ਢਾਹੁਣ ਦੀ ਗਵਾਹੀ ਭਰਦੇ ਹਨ :

*** ਲੰਡਨ ਬਸਤੀਵਾਦ ਦਾ, ਜਦ ਹੁੰਦਾ ਸੀ ਗੜ੍ਹ।**
**ਊਧਮ ਸਿੰਘ ਸਰਦਾਰ ਨੇ, ਤਦ ਭੰਨੀ ਸੀ ਤੜ।**
*** ਲੰਡਨ ਨੇ ਕੀਤੇ ਸਦਾ, ਹਮਲੇ ਤਾਬੜਤੋੜ।**
**ਲੰਡਨ ਜਾ ਕੇ ਸ਼ੇਰ ਨੇ, ਭਾਜੀ ਦਿੱਤੀ ਮੋੜ।**



ਊਧਮ ਸਿੰਘ ਦੁਆਰਾ ਆਪਣੇ ਦੋਸਤ ਬਾਵਾ ਬਿਸ਼ਨ ਸਿੰਘ ਕੈਲੇਫੋਰਨੀਆ ਨੂੰ ਭੇਜੀ ਗਈ ਤਸਵੀਰ ਅਤੇ ਪਿੱਛੇ ਲਿਖੀਆਂ ਸਤਰਾਂ
" Mohamed Singh Azad ਆਪ ਨੂੰ ਯਾਦਗਾਰ ਭੇਜਦਾ ਹਾਂ ਕਦੀ ਇਸ ਨੂੰ ਦੇਖ ਲਿਆ ਕਰਨਾ "
Udham Singh sent this letter to his friend Baba Bishan Singh California & these lines were written behind the letter, "I am sending this commemoration to you, please have a glimpse of it at your leisure."


ਸ. ਊਧਮ ਸਿੰਘ ਲੰਗਰ ਵਿੱਚ ਸੇਵਾ ਕਰਦੇ ਹੋਏ
ਸਥਾਨ :- ਸੈਂਟਰਲ ਗੁਰਦੁਆਰਾ ਸੈਫਰਡਜ਼ ਬੁਸ਼ ਲੰਡਨ ਵਿਖੇ
S.UDHAM SINGH Serving in Langar
Place : Central Gurduwara Shepherdsbush, London


Appendices 357
Appendices, Letter of Udham Singh, No. 18
PENTONVILLE


358 The Freedom Movement & Jallianwala Bagh - Udham Singh
COPY
Number ........ Name ..................
PENTONVILLE Prison
7.6.1940
Dear Sir,
Would you please be good enough to forward on to me the Sikh Prayer book (Gutka).
It would be greatly appreciated.
Yours faithfully,
Mohamed Singh Azad.
(Address on the envelope)
The Secretary of the Sikh Temple,
79 Sinclair Road,
London, W. 14.


ਸ. ਊਧਮ ਸਿੰਘ ਦੁਆਰਾ ਪੈਂਟਨਵਿਲੇ ਜੇਲ੍ਹ ਵਿੱਚੋਂ ਸਕੱਤਰ ਗੁਰਦੁਆਰਾ 79 ਸਿਨਕਲੇਅਰ ਰੋਡ, ਲੰਡਨ ਨੂੰ ਲਿਖਿਆ ਪੱਤਰ

ਸ਼੍ਰੀ ਮਾਨ ਜੀ,
ਕਿਰਪਾ ਕਰਕੇ ਮੈਨੂੰ ਪਾਠ ਕਰਨ ਲਈ ਗੁਟਕਾ ਸਾਹਿਬ ਭੇਜਣ ਦੀ ਖੇਚਲ ਕਰਨੀ ਜੀ।
ਇਹ ਬਹੁਤ ਖੁਸ਼ੀ ਦੀ ਗੱਲ ਹੋਵੇਗੀ।
ਆਪਜੀ ਦਾ ਵਿਸ਼ਵਾਸਪਾਤਰ,
ਮੁਹੰਮਦ ਸਿੰਘ ਆਜ਼ਾਦ
ਮਿਤੀ :- 7.6.1940



ਅੰਮ੍ਰਿਤਸਰ ਦੇ ਪੁਤਲੀ ਘਰ ਵਿਖੇ ਕੇਂਦਰੀ ਖਾਲਸਾ ਯਤੀਮਖਾਨਾ ਜਿੱਥੇ ਸ. ਊਧਮ ਸਿੰਘ ਦਾ ਬਚਪਨ ਬੀਤਿਆ।
S. Udham Singh spent his Childhood in central khalsa orphan at Putalighar Amritsar


ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ ਤੇ ਸ. ਊਧਮ ਸਿੰਘ
ਸੰਨ 1937 ਸਥਾਨ :- ਸ਼ੈਫਰਡਸ਼ਬੁਸ਼ ਲੰਡਨ


ਸ. ਊਧਮ ਸਿੰਘ, ਕੈਪਟਨ ਬਚਨ ਸਿੰਘ ਅਤੇ ਮਨਜੀਤ ਸਿੰਘ ਕਾਸ਼ਿਦ ਦੇ ਵਿਚਕਾਰ ਖੜੇ ਹੋਏ ਅਤੇ ਗੋਦ ਵਿੱਚ ਰਘਵੀਰ ਸਿੰਘ ਰਿਟਾਇਰਡ ਈ.ਓ.
ਸੰਨ 1933 ਸਥਾਨ:- ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ), ਸੁਨਾਮ।
S. Udham Singh is Standing between Capt.Bachan Singh & Manjeet Sing Kashid and Raghbir Singh Rtd. E.O. is in lap.
Year :- 1933 Place :- Govt. Sen. Sec. School (Boys), Sunam.




ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

8 ਅਗਸਤ, 1922 ’ਤੇ ਵਿਸ਼ੇਸ਼

# ਮੋਰਚਾ ਗੁਰੂ ਕਾ ਬਾਗ

ਸਿੱਖ ਧਰਮ ਅਤੇ ਰਾਜਨੀਤੀ ਸੰਸਾਰ ਵਿੱਚ ਹਮੇਸ਼ਾ ਚਰਚਾ ਦਾ ਵਿਸ਼ਾ ਰਹੇ ਹਨ। ਜਿਸਨੇ ਸਦਾ ਹੀ ਸਮਾਜ ਨੂੰ ਪ੍ਰਭਾਵਿਤ ਕੀਤਾ ਹੈ। ਸਿੱਖ ਧਰਮ ਮੂਲ ਰੂਪ ਵਿੱਚ ਇੱਕ ਸਮਾਜ ਸੁਧਾਰ ਲਹਿਰ ਹੈ, ਇੱਕ ਮਾਨਵਵਾਦੀ ਧਰਮ ਹੈ। ਮੁਗਲਾਂ ਦੇ ਜ਼ੁਲਮਾਂ ਦਾ ਟਾਕਰਾ ਕਰਦੇ, ਮਨੁੱਖੀ ਕਦਰਾਂ ਕੀਮਤਾਂ, ਹੱਕ ਸੱਚ ਨਿਆਂ ਸਵੈ ਮਾਣ, ਸਵੈ ਰਖਿਆ ਅਤੇ ਮਨੁੱਖ ਦੀ ਮੁਕੰਮਲ ਆਜ਼ਾਦੀ ਲਈ ਫ਼ੌਜੀ ਖ਼ਾਲਸਾ ਤਿਆਰ ਹੋਇਆ, ਜਿਸ ਨੇ ਹਮੇਸ਼ਾ ਜ਼ੁਲਮ ਸਹਿੰਦੇ ਵੀ ਹੱਸ ਹੱਸ ਕੇ ਕੁਰਬਾਨੀਆਂ ਦਿੱਤੀਆਂ। ਅਖੀਰ ਆਪਣਾ ਖ਼ਾਲਸਾ ਰਾਜ ਸਥਾਪਿਤ ਕੀਤਾ। ਅੰਗਰੇਜੀ ਹਕੂਮਤ ਨੇ ਆਪਣਾ ਰਾਜ ਕਾਇਮ ਰੱਖਣ ਲਈ ਗੁਰਦੁਆਰਿਆਂ ਨੂੰ ਨਿਸ਼ਾਨਾ ਬਣਾ ਕੇ ਸਿੱਖੀ ਨੂੰ ਢਾਅ ਲਾਉਣ ਦੀ ਸਾਜਿਸ ਰਚਾ ਲਈ। ਜਿਸ ਵਿੱਚ ਮਹੰਤਾਂ ਨੂੰ ਆਪਣੇ ਨਾਲ ਰਲਾ ਲਿਆ। ਗੁਰਦੁਆਰਿਆਂ ਤੇ ਮਹੰਤਾਂ ਦਾ ਕਬਜਾ ਕਰਵਾ ਲਿਆ। ਜਿੰਨਾਂ ਨੇ ਗੁਰਦੁਆਰਿਆਂ ਨੂੰ ਆਪਣੀ ਨਿੱਜੀ ਜਾਇਦਾਦ ਬਣਾ ਕੇ ਅਯੈਸੀ ਦੇ ਅੱਡੇ ਬਣਾ ਲਏ। ਪਾਵਨ ਇਤਿਹਾਸਕ ਗੁਰਧਾਮਾਂ ਨੂੰ ਭ੍ਰਿਸ਼ਟ ਮਹੰਤਾਂ ਦੇ ਕਬਜ਼ੇ ਵਿੱਚੋਂ ਆਜ਼ਾਦ ਕਰਵਾਉਣ ਲਈ ਚੱਲੀ ਗੁਰਦੁਆਰਾ ਸੁਧਾਰ ਲਹਿਰ ਹੇਠ ਇੱਕ ਤੋਂ ਬਾਅਦ ਇੱਕ ਮੋਰਚਾ ਅੰਗਰੇਜੀ ਹਕੂਮਤ ਵਿਰੁੱਧ ਲਾਉਣਾ ਪਿਆ। ਫਿਰ ਭਾਵੇਂ ਚਾਬੀਆਂ ਦਾ ਮੋਰਚਾ, ਨਨਕਾਣਾ ਸਾਹਿਬ , ਤਰਨ ਤਾਰਨ, ਜੈਤੋ ਮੋਰਚਾ, ਗੁਰੂ ਕਾ ਬਾਗ ਮੋਰਚਾ ਹੋਵੇ। ਇਸ ਜਨਤਕ ਸ਼ਾਂਤਮਈ ਸੰਘਰਸ਼ ਵਿੱਚ ਸਿੱਖਾਂ ਨੇ ਬੜੇ ਜੋਸ਼ ਨਾਲ ਵੱਧ ਚੜ ਕੇ ਹਿੱਸਾ ਲਿਆ। ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਗੁਰਦੁਆਰਿਆਂ ਵਿਚੋਂ ਦੁਰਾਚਾਰੀ ਮਹੰਤਾਂ ਨੂੰ ਕੱਢ ਕੇ ਗੁਰਦੁਆਰਿਆਂ ਨੂੰ ਆਜ਼ਾਦ ਕਰਵਾ ਕੇ ਪ੍ਰਬੰਧ ਸੰਗਤਾਂ ਦੇ ਹੱਥ ਸੌਂਪਿਆ। ਇਹਨਾਂ ਸਾਰੇ ਮੋਰਚਿਆਂ ਨੇ ਅੱਗੇ ਜਾ ਕੇ ਜਨਤਕ ਅੰਦੋਲਨਾਂ ਦਾ ਰਾਹ ਖੋਲਿਆ।



ਇਹਨਾਂ ਮੋਰਚਿਆਂ ਵਿੱਚ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਘੁੱਕੇਵਾਲੀ, ਸੰਹਿਸਰਾਂ ਆਦਿ ਦੇ ਵਿਚਕਾਰ ਸਥਿਤ ਗੁਰਦੁਆਰਾ ‘ਗੁਰੂ ਕਾ ਬਾਗ’ ਮੋਰਚਾ ਅਕਾਲੀ ਲਹਿਰ ਦਾ ਮਹੱਤਵਪੂਰਨ ਮੋਰਚਾ ਹੈ। ਅੰਮ੍ਰਿਤਸਰ ਤੋਂ 13 ਕੁ ਮੀਲ ਦੀ ਦੂਰੀ ’ਤੇ ਗੁਰੂ ਅਰਜਨ ਦੇਵ ਅਤੇ ਗੁਰੂ ਤੇਗ ਬਹਾਦਰ ਜੀ ਦੀ ਪਵਿੱਤਰ ਯਾਦ ਨੂੰ ਸਮਰਪਿਤ ਗੁਰਦੁਆਰਾ ਸਾਹਿਬ ਸਥਾਪਿਤ ਹਨ। ਇਹਨਾਂ ਗੁਰਧਾਮਾਂ ਦੇ ਨਾਉਂ ਕਾਫ਼ੀ ਜ਼ਮੀਨ ਸੀ, ਮਹੰਤ ਸੁੰਦਰ ਦਾਸ ਦਾ ਕਬਜਾ ਸੀ। ਜੋ ਇੱਕ ਦੁਰਾਚਾਰੀ ਅਤੇ ਅਯੈਸੀ ਸੀ। ਉਸ ਨੂੰ ਅੰਗਰੇਜਾਂ ਵੱਲੋਂ ਸਿੱਖਾਂ ਦੇ ਵਿਰੁੱਧ ਵਰਤਿਆ ਜਾ ਰਿਹਾ ਸੀ। ਮਹੰਤਾਂ ਨਾਲ ਸਰਕਾਰੀ ਮਿਲੀਭੁਗਤ ਨਾਲ ਹੀ 20 ਫਰਵਰੀ 1921 ਈ. ਨੂੰ ਵਾਪਰੇ ਨਨਕਾਣਾਂ ਸਾਹਿਬ ਦੇ ਖੂਨੀ ਸਾਕੇ ਤੋਂ ਬਾਅਦ 8 ਅਗਸਤ 1922 ਈ. ਨੂੰ ਸਾਕਾ ਗੁਰੂ ਦਾ ਬਾਗ ਵਾਪਰਿਆ। ਜੋ ਸਿੱਖ ਕੌਮ ਦੀ ਅੰਗਰੇਜੀ ਸਰਕਾਰ ਦੇ ਵਿਰੁੱਧ ਆਪਣੇ ਧਰਮ ਪ੍ਰਤੀ ਵਿਖਾਈ ਕੁਰਬਾਨੀ ਦੀ ਮੂੰਹੋਂ ਬੋਲਦੀ ਤਸਵੀਰ ਹੈ।

ਇੱਕ ਦਿਨ ਗੁਰੂ ਕਾ ਬਾਗ ਦੀ ਜ਼ਮੀਨ ਤੋਂ ਲੰਗਰਾਂ ਦੀ ਸੇਵਾ ਵਾਸਤੇ ਬਾਲਣ ਲੈਣ ਗਏ ਪੰਜ ਸਿੰਘਾਂ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਸਿੰਘਾਂ ਨੂੰ 6 ਮਹੀਨੇ ਦੀ ਕੈਦ ਅਤੇ ਜ਼ੁਰਮਾਨਾ ਕਰ ਦਿੱਤਾ। ਇਸ ਘਟਨਾਂ ਦੇ ਨਾਲ ਹੀ ਮੋਰਚਾ ‘ਗੁਰੂ ਕਾ ਬਾਗ’ ਆਰੰਭ ਹੋਇਆ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੁਰ ਅਮਨ ਸੰਘਰਸ਼ ਕਰਨ ਲਈ, ਸਿੱਖ ਸੰਗਤਾਂ ਨੂੰ ਅਪੀਲ ਕੀਤੀ ਗਈ। ਰੋਸ ਵਜੋਂ 5 ਸਿੰਘਾਂ ਦਾ ਜਥਾ ਗ੍ਰਿਫਤਾਰੀ ਲਈ ਭੇਜਿਆ ਜਾਣ ਲੱਗਿਆ, ਜਿਸ ਨੂੰ ਪੁਲਿਸ ਫੜ ਕੇ ਦੂਰ ਦੁਰਾਡੇ ਛੱਡ ਆਉਂਦੀ ਸੀ, ਜਦੋਂ ਗ੍ਰਿਫਤਾਰੀਆਂ ਦੀ ਗਿਣਤੀ ਵੱਧਦੀ ਗਈ, ਤਾਂ ਪੁਲਿਸ ਦੀ ਸਖਤੀ ਵੀ ਵਧਦੀ ਗਈ। ਫਿਰ 31 ਅਗਸਤ 1922 ਨੂੰ 200 ਅਕਾਲੀਆਂ ਦਾ ਜਥਾ ਅੰਮ੍ਰਿਤਸਰ ਤੋਂ ਗੁਰੂ ਕਾ ਬਾਗ ਭੇਜਿਆ ਗਿਆ। ਪਿੰਡ ਸੰਹਿਸਰਾ , ਘੁਕੇਵਾਲੀ, ਲਸਕਰੀ, ਨੰਗਲ, ਜਗਦੇਵ ਕਲਾਂ ਵਿੱਚ ਸਿੱਖਾਂ ਦਾ ਕਾਫੀ ਕੁੱਟਮਾਰ ਕੀਤੀ ਗਈ। ਭੇਜੇ ਜਾ ਰਹੇ ਜਥਿਆਂ ਦੀ ਵੀ ਕੁਟਮਾਰ ਹੋਈ। ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਸੇਵਾ ਵਿੱਚ ਬੈਠੇ ਸਿੰਘਾਂ ਨੂੰ ਕੇਸਾਂ ਤੋਂ ਧਰੂਅ ਕੇ ਬਾਹਰ ਸੁੱਟਿਆ। ਬੰਦੂਕਾਂ ਦੇ ਦਸਤੇ ਅਤੇ ਡਾਗਾਂ ਨਾਲ ਵੀ ਭਾਰੀ ਕੁੱਟਮਾਰ ਕੀਤੀ ਗਈ। ਮੁੱਖ ਆਗੂਆਂ ਦੀ ਗ੍ਰਿਫ਼ਤਾਰੀ ਦੇ ਵੀ ਸੰਮਨ ਜਾਰੀ ਹੋ ਗਏ। ਅੰਮ੍ਰਿਤਸਰ ਤੋਂ ਪਹਿਲਾਂ 50 ਦਾ ਜਥਾ ਫਿਰ 100 ਦਾ ਜਥਾ ਭੇਜਿਆ ਜਾਣ ਲਗਿਆ। ਰੋਜ਼ਾਨਾ ਤੁਰਨ ਤੋਂ ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸਾ ਸੋਧ ਕੇ ਸ਼ਾਂਤਮਈ ਗੁਰੂ ਕਾ ਬਾਗ ਮੋਰਚੇ ਲਈ ਕੁਰਬਾਨੀਆਂ ਦੇਣ ਲੱਗੇ। ਪੁਲਿਸ ਉਹਨਾਂ ਨੂੰ ਰੋਕਦੀ ਪਰ ਉਹ ਰੱਬ ਦੇ ਭਾਣੇ ਵਿੱਚ ਰਹਿ ਕੇ ਜਾਪ ਕਰਦੇ ਅੱਗੇ ਵਧੀ ਜਾਂਦੇ। ਪੁਲਿਸ ਉਹਨਾਂ ’ਤੇ ਲਾਠੀਆਂ ਵਰਸਾਉਂਦੀ। ਇਹ ਸਾਰਾ ਤਸ਼ੱਦਦ ਤਨ ’ਤੇ ਹੰਡਾਉਂਦੇ ਹੋਏ ਫੱਟੜ ਹੋ ਕੇ ਡਿੱਗ ਜਾਂਦੇ। ਹੌਂਸਲਾ ਕਰਕੇ ਫਿਰ ਉਠਦੇ , ਮਾਰ ਖਾਣ ਲਈ ਛਾਤੀਆ ਤਾਣ ਦਿੰਦੇ। ਪੁਲਿਸ ਨੇ ਡਾਗਾਂ ਨਾਲ ਹੀ ਬੱਸ ਨਹੀਂ ਕੀਤੀ, ਸਗੋਂ ਫੱਟੜ ਹੋ ਕੇ ਡਿੱਗੇ ਪਏ ਸਿੰਘਾਂ ’ਤੇ ਘੋੜੇ ਵੀ ਦੁੜਾਏ ਜਾਣ ਲੱਗੇ।

ਸੰਸਾਰ ਭਰ ਵਿੱਚ ਸਿੰਘਾਂ ਦੇ ਸਬਰ ਅਤੇ ਸ਼ਾਂਤਮਈ ਵਿਰੋਧ ਦੇ ਚਰਚੇ ਹੋਣ ਲੱਗੇ। ਅੰਗਰੇਜੀ ਹਕੂਮਤ ਦੇ ਵਹਿਸ਼ੀਪੁਣੇ ਅਣਮਨੁੱਖੀ ਤਸ਼ਦਦ ਦੀ ਘੋਰ ਨਿਖੇਧੀ ਹੋਣ ਲੱਗੀ। ਭਾਰੀ ਗਿਣਤੀ ਵਿੱਚ ਜਨਤਾ ਅਤੇ ਨੇਤਾ ਗੁਰੂ ਕੇ ਬਾਗ ਪਹੁੰਚਣ ਲੱਗੇ, ਜਿਹਨਾਂ ਵਿੱਚ ਮਦਨ ਮੋਹਨ ਮਾਲਵੀਆ, ਜੋਗਿੰਦਰ ਸਿੰਘ, ਸੁੰਦਰ ਸਿੰਘ ਮਜੀਠੀਆ, ਹਰਬੰਸ ਸਿੰਘ ਅਟਾਰੀ, ਲਾਲਾ ਦੁਨੀ ਚੰਦ, ਮਲਕ ਲਾਲ ਖਾਨ, ਸਯਦ ਅਤਾਉਲਾ ਸ਼ਾਹ, ਪ੍ਰੋਂ ਰੁੱਚੀ ਰਾਮ ਸਾਹਨੀ, ਹਕੀਮ ਅਜਮਲ ਖਾਂ, ਸਵਾਮੀ ਸ਼ਰਧਾ ਨੰਦ, ਡਾ. ਅਨਸਾਰੀ, ਭਾਈ ਜੋਧ ਸਿੰਘ, ਸੀ.ਐਫ. ਐਨਡਰੀਊ, ਸ਼ੰਕਰ ਅਚਾਰੀਆ, ਪੰਡਿਤ ਮੋਤੀ ਲਾਲ ਨਹਿਰੂ, ਸਰੋਜਨੀ ਨਾਊਡੋ ਆਦਿ ਤੋਂ ਇਲਾਵਾ ਅਖਬਾਰ ਨਵੀਸ ਸਨ। ਸਭ ਨੇ ਅੰਗਰਜੀ ਹਕੂਮਤ ਦੀ ਇਸ ਕਾਰਵਾਈ ਦੀ ਘੋਰ ਨਿਖੇਧੀ ਕੀਤੀ। ਸਿੰਘਾਂ ਨੇ ਜਿਸ ਦ੍ਰਿੜਤਾ ਅਤੇ ਸਬਰ ਨਾਲ ਅਕਹਿ ਮੁਸੀਬਤਾਂ ਦਾ ਸਾਹਮਣਾ ਕੀਤਾ ਅਤੇ ਅਤਿ ਦੇ ਤਸਦਦ ਸਾਹਮਣੇ ਹੱਥ ਨਹੀਂ ਚੁੱਕੇ, ਸੀਅ ਨਾ ਕੀਤੀ। ਇਕ ਇਕ ਅਦੁੱਤੀ ਮਿਸਾਲ ਕਾਇਮ ਕੀਤੀ।

ਸੀ.ਐਫ. ਐਨਡਰੀਊ ਨੇ ਇੱਕ ਮਸੀਹਾ ਸੂਲੀ ਚੜਦੇ ਸੁਣਿਆ ਸੀ। ਅੱਖਾਂ ਸਾਹਮਣੇ ਸੈਂਕੜੇ ਤਸੀਹੇ ਝੱਲ ਰਹੇ ਲੋਕਾਂ ਨੂੰ ਵੇਖ ਕੇ ਰੋ ਪਿਆ। ਉਸਨੇ ਅਖਬਾਰਾਂ ਨੂੰ ਰਿਪੋਰਟ ਭੇਜੀ ਕਿ ਇਹ ਅੰਗਰੇਜੀ ਸਰਕਾਰ ਦਾ ਅਣਮਨੁੱਖ ਤਸ਼ੱਦਦ ਹੈ। ਇਹ ਇੱਕ ਹਿਰਦੇਵੇਦਕ ਘਟਨਾ ਹੈ ਜੋ ਇੱਕ ਅੰਗਰੇਜ ਤੋਂ ਵੀ ਨਹੀਂ ਵੇਖੀ ਜਾ ਸਕੀ। ਰੱਬ ਅਜਿਹਾ ਸਮਾਂ ਕਿਸੇ ਨੂੰ ਵੀ ਨਾ ਵਿਖਾਵੇ। ਅੰਗਰੇਜੀ ਫ਼ਿਲਮਸਾਜ ਏ.ਐਲ., ਵਰਗਸ ਨੇ ਇਸ ਦਰਦਨਾਕ ਦ੍ਰਿਸ਼ ਦੀ ਫ਼ਿਲਮ ਵੀ ਬਣਾਈ। ਸਰ ਐਡਵਰਡ ਮੈਕਾਲਿਫ਼ ਪੰਜਾਬ ਦੇ ਲੈਫਟੀਨੈਂਟ ਗਵਰਨਰ ਨੇ ਗੁਰੂ ਕਾ ਬਾਗ ਦਾ ਦੌਰਾ ਕੀਤਾ। ਉਸ ਦੇ ਦਖਲ ਨਾਲ ਸਿੰਘਾਂ ’ਤੇ ਡਾਗਾਂ ਵਰਨੀਆਂ ਤਾਂ ਬੰਦ ਹੋ ਗਈਆਂ ਪਰ ਗ੍ਰਿਫਤਾਰੀਆ ਦਾ ਦੌਰ 17 ਨਵੰਬਰ 1922 ਤਕ ਚਲਿਆ। ਅਕਤੂਬਰ ਦੇ ਪਹਿਲੇ ਹਫ਼ਤੇ ਗਵਰਨਰ ਜਨਰਲ ਲਾਰਡ ਰੀਡਿੰਗ ਨੇ ਪੰਜਾਬ ਦੇ ਗਵਰਨਰ ਨਾਲ ਇਸ ਮਸਲੇ ਦੇ ਹਲ ਲਈ ਗਲਬਾਤ ਕੀਤੀ। ਅਖੀਰ ਪੰਜਾਬ ਸਰਕਾਰ ਨੇ ਮਹੰਤ ਸੁੰਦਰ ਦਾਸ ਵੱਲੋਂ ਗੁਰਦੁਆਰਾ ਜ਼ਮੀਨ ਦਾ ਠੇਕਾ ਰਾਇ ਬਹਾਦਰ ਗੰਗਾ ਰਾਮ ਨੂੰ ਦਿਵਾ ਕੇ ਜ਼ਮੀਨ ਦਾ ਜੁੰਮਾਂ ਸੰਗਤਾਂ ਨੂੰ ਮਿਲ ਗਿਆ। ਅੰਤ 17 ਨਵੰਬਰ 1922 ਨੂੰ ਸਿੰਘ ਰਿਹਾਅ ਹੋ ਗਏ ਤੇ ਮੋਰਚਾ ਸਫਲ ਹੋਇਆ। ਇਸ ਸ਼ਾਂਤਮਈ ਮੋਰਚੇ ਵਿੱਚ 839 ਸਿੰਘ ਜ਼ਖਮੀ ਅਤੇ 5605 ਸਿੰਘ ਗ੍ਰਿਫਤਾਰ ਹੋਏ ਸਨ। ਜਿਹਨਾਂ ਵਿੱਚ ਕਰੀਬ 35 ਸ਼੍ਰੋਮਣੀ ਕਮੇਟੀ ਮੈਂਬਰ ਅਤੇ 200 ਫੌਜੀ ਫੈਨ ਸ਼ਨੀਏ ਸਨ। ਇਸ ਮੋਰਚੇ ਨਾਲ ਗੁਰਦੁਆਰਾ ਸੁਧਾਰ ਨੂੰ ਬੜਾ ਬਲ ਮਿਲਿਆ। ਸਿੰਘਾਂ ਦੇ ਸਿਦਕ ਤੇ ਬਹਾਦਰੀ ਤੇ ਲੋਕਾਂ ਨੇ ਮਾਣ ਕੀਤਾ। ਸੂਰਬੀਰ ਸਿੰਘਾਂ ਨੇ ਅੰਗਰੇਜ਼ੀ ਪੁਲਿਸ ਦੇ ਅਣਮਨੁੱਖੀ ਤਸ਼ੱਦਦ ਨੂੰ ਸਹਿਣਸ਼ੀਲਤਾ, ਹੱਠ , ਤਿਆਗ ਦਾ ਸਬੂਤ ਦਿੰਦੇ ਹੋਏ ਆਪਣੇ ਤਨ ’ਤੇ ਜਰਿਆ। ਗੁਰਧਾਮਾਂ ਦੀ ਸ਼ਾਨ ਬਰਕਰਾਰ ਰੱਖਣ ਲਈ ਆਪਣੇ ਵਿਰਸੇ ਨੂੰ ਸੁਰਜੀਤ ਕੀਤਾ। ਮੋਰਚੇ ਦੀ ਜਿੱਤ ਨਾਲ ਜਨਤਕ ਲਹਿਰਾ ਲਈ ਰਾਹ ਪੱਧਰਾ ਹੋ ਗਿਆ। ਲੋਕਾਂ ਵਿੱਚ ਜਨਤਕ ਤੌਰ ’ਤੇ ਇਨਕਲਾਬੀ ਉਤਸ਼ਾਹ ਆਇਆ ਕਿਉਂਕਿ ਇਹ ਮੋਰਚਾ ਸਿੱਧਾ ਹੀ ਅੰਗਰੇਜੀ ਹਕੂਮਤ ਦੇ ਖ਼ਿਲਾਫ਼ ਸੀ। ਇਸ ਮੋਰਚੇ ਨੇ ਚੜ੍ਹਦੀ ਕਲਾ, ਸਰਬੱਤ ਦਾ ਭਲਾ ਦੇ ਸਿਧਾਂਤ ਨੂੰ ਪ੍ਰਦੂਲਿਤ ਕੀਤਾ। ਉਸ ਸਮੇਂ ਦੇ ਸਿੱਖ ਆਚਰਣ ਵਿੱਚ ਪ੍ਰਦਰਸ਼ਤ ਗੁਣਾਂ ਨੂੰ ਅਪਨਾਉਣ ਦੀ ਪ੍ਰੇਣਾ ਮਿਲਦੀ ਹੈ। ਇਹ ਇੱਕ ਗੌਰਵਮਈ ਸਫਲ ਇਤਿਹਾਸਿਕ ਮੋਰਚਾ ਹੋ ਨਿਬੜਿਆ।

A-ONE EXPRESS
ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਓਪਰੇਟਰਾਂ ਦੀ ਲੋੜ ਹੈ
- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment
ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ
28421 S CHRISMAN RD, UNIT# 3, TRACY, CA

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ ’ਤੇ ਸੰਪਰਕ ਕਰੋ
Toll Free: 888.725.7441, Office: 209.537.0975, Fax: 209.537.0375




# ਵਾਤਾਵਰਣ 'ਚ ਵੱਡਾ ਵਿਗਾੜ ਪੈਦਾ ਕਰਦੈ ਪਲਾਸਟਿਕ ਪ੍ਰਦੂਸ਼ਣ

## ਭਾਰਤ ਵਿਸ਼ਵ 'ਚ ਸਭ ਤੋਂ ਵੱਡਾ ਪਲਾਸਟਿਕ ਪ੍ਰਦੂਸ਼ਣ ਫ਼ੈਲਾਉਣ ਵਾਲਾ ਦੇਸ਼ ਬਣਿਆ



ਭਾਰਤ ਨੂੰ ਸਤੰਬਰ 2024 ਵਿੱਚ ਪ੍ਰਕਾਸ਼ਿਤ ਨੇਚਰ ਜਰਨਲ ਦੇ ਇੱਕ ਅਧਿਐਨ ਨੇ ਵਿਸ਼ਵ ਦਾ ਸਭ ਤੋਂ ਵੱਡਾ ਪਲਾਸਟਿਕ ਪ੍ਰਦੂਸ਼ਣ ਫ਼ੈਲਾਉਣ ਵਾਲਾ ਦੇਸ਼ ਐਲਾਨਿਆ ਸੀ। ਇਹ ਅਧਿਐਨ 2020 ਦੇ 50,702 ਨਗਰ ਪਾਲਿਕਾਵਾਂ ਦੇ ਡਾਟੇ 'ਤੇ ਆਧਾਰਿਤ ਸੀ, ਜਿਸ ਮੁਤਾਬਕ ਭਾਰਤ ਹਰ ਸਾਲ 93 ਲੱਖ ਟਨ ਪਲਾਸਟਿਕ ਕਚਰਾ ਪੈਦਾ ਕਰਦਾ ਹੈ, ਜੋ ਵਿਸ਼ਵ ਦੇ 5.21 ਕਰੋੜ ਟਨ ਪਲਾਸਟਿਕ ਕਚਰੇ ਦਾ 20 ਫ਼ੀਸਦੀ ਹੈ। ਸੈਂਟਰ ਫ਼ਾਰ ਸਾਇੰਸ ਐਂਡ ਐਨਵਾਇਰਮੈਂਟ (ਸੀ.ਐਸ.ਈ.) ਦੀ 2022 ਦੀ ਰਿਪੋਰਟ ਮੁਤਾਬਕ, ਭਾਰਤ ਵਿੱਚ ਸਿਰਫ਼ 12 ਫ਼ੀਸਦੀ ਪਲਾਸਟਿਕ ਕਚਰਾ ਰੀਸਾਈਕਲ ਹੁੰਦਾ ਹੈ, 20 ਫ਼ੀਸਦੀ ਸਾੜ ਦਿੱਤਾ ਜਾਂਦਾ ਹੈ ਅਤੇ 70 ਫ਼ੀਸਦੀ ਦਾ ਕੋਈ ਹਿਸਾਬ ਨਹੀਂ। ਇਹ ਕਚਰਾ ਜਾਂ ਤਾਂ ਕੂੜੇ ਦੇ ਪਹਾੜਾਂ ਵਿੱਚ ਜਾਂਦਾ ਹੈ, ਸੜਕਾਂ 'ਤੇ ਸੁੱਟਿਆ ਜਾਂਦਾ ਹੈ, ਜਾਂ ਸਮੁੰਦਰਾਂ ਵਿੱਚ ਪਹੁੰਚ ਜਾਂਦਾ ਹੈ। ਭਾਰਤ ਵਿੱਚ ਹਰ ਸਾਲ 2.78 ਕਰੋੜ ਟਨ ਪਲਾਸਟਿਕ ਕਚਰਾ ਪੈਦਾ ਹੁੰਦਾ ਹੈ, ਜੋ ਕਿ ਸੈਂਟਰਲ ਪ੍ਰਦੂਸ਼ਣ ਕੰਟਰੋਲ ਬੋਰਡ (ਸੀ.ਪੀ.ਸੀ.ਬੀ.) ਦੇ 2020 ਦੇ 35 ਲੱਖ ਟਨ ਦੇ ਅਨੁਮਾਨ ਤੋਂ ਬਹੁਤ ਜ਼ਿਆਦਾ ਹੈ। ਅਧਿਐਨ ਦੱਸਦਾ ਹੈ ਕਿ ਸਰਕਾਰੀ ਅੰਕੜਿਆਂ ਵਿੱਚ ਪੇਂਡੂ ਖੇਤਰਾਂ, ਖੁੱਲ੍ਹੇ ਵਿੱਚ ਸਾੜੇ ਜਾਣ ਵਾਲੇ ਜਾਂ ਅਸੰਗਠਿਤ ਖੇਤਰ ਵਿੱਚ ਰੀਸਾਈਕਲ ਹੋਣ ਵਾਲੇ ਕਚਰੇ ਦਾ ਜ਼ਿਕਰ ਨਹੀਂ। ਇਸ ਦਾ ਨਤੀਜਾ ਹੈ ਕਿ 58 ਲੱਖ ਟਨ ਪਲਾਸਟਿਕ ਖੁੱਲ੍ਹੇ ਵਿੱਚ ਸਾੜਿਆ ਜਾਂਦਾ ਹੈ, ਜਿਸ ਨਾਲ ਜ਼ਹਿਰੀਲੀਆਂ ਗੈਸਾਂ ਨਿਕਲਦੀਆਂ ਹਨ, ਅਤੇ 35 ਲੱਖ ਟਨ ਧਰਤੀ ਹੇਠਾਂ ਜਾਂ ਕੂੜੇ ਦੇ ਢੇਰਾਂ ਵਿੱਚ ਜਾਂਦਾ ਹੈ। ਇਹ ਸਮੁੰਦਰਾਂ ਵਿੱਚ ਪਹੁੰਚ ਕੇ ਸਮੁੰਦਰੀ ਜੀਵ-ਜੰਤੂਆਂ ਲਈ ਖਤਰਾ ਬਣਦਾ ਹੈ।

ਪਲਾਸਟਿਕ ਦੀ ਜੈਵਿਕ ਤੌਰ 'ਤੇ ਨਾ ਘੁਲਣ ਵਾਲੀ ਪ੍ਰਕਿਰਤੀ ਕਾਰਨ ਇਹ ਸਦਾ ਲਈ ਵਾਤਾਵਰਣ ਵਿੱਚ ਰਹਿੰਦਾ ਹੈ। ਸਮੇਂ ਨਾਲ ਇਹ ਮਾਈਕਰੋਪਲਾਸਟਿਕ ਅਤੇ ਨੈਨੋ ਪਲਾਸਟਿਕ ਕਣਾਂ ਵਿੱਚ ਟੁੱਟ ਜਾਂਦਾ ਹੈ, ਜੋ ਮਿੱਟੀ, ਹਵਾ, ਪਾਣੀ, ਸਬਜ਼ੀਆਂ ਅਤੇ ਇਨਸਾਨਾਂ ਤੇ ਜਾਨਵਰਾਂ ਦੇ ਸਰੀਰ ਵਿੱਚ ਦਾਖਲ ਹੋ ਜਾਂਦੇ ਹਨ। ਮਾਈਕਰੋਪਲਾਸਟਿਕ ਖੂਨ ਦੇ ਪ੍ਰਵਾਹ ਵਿੱਚ ਸ਼ਾਮਲ ਹੋ ਕੇ ਦਿਲ, ਦਿਮਾਗ ਅਤੇ ਹੋਰ ਅੰਗਾਂ ਵਿੱਚ ਜਮ੍ਹਾਂ ਹੁੰਦਾ ਹੈ, ਜਿਸ ਨਾਲ ਕੈਂਸਰ, ਸਾਹ ਦੀਆਂ ਬਿਮਾਰੀਆਂ, ਅਤੇ ਹਾਰਮੋਨਲ ਵਿਗਾੜ ਵਰਗੀਆਂ ਸਮੱਸਿਆਵਾਂ ਵਧਦੀਆਂ ਹਨ। ਜਾਨਵਰ ਪਲਾਸਟਿਕ ਨੂੰ ਖਾਣਾ ਸਮਝ ਕੇ ਨਿਗਲ ਜਾਂਦੇ ਹਨ। ਇਹ ਪਲਾਸਟਿਕ ਜਾਨਵਰਾਂ ਦੇ ਪਾਚਨ ਤੰਤਰ ਨੂੰ ਨੁਕਸਾਨ ਪਹੁੰਚਾਉਂਦਾ ਹੈ ਅਤੇ ਅਕਸਰ ਮੌਤ ਦਾ ਕਾਰਨ ਬਣਦਾ ਹੈ। ਸਮੁੰਦਰੀ ਜੀਵ-ਜੰਤੂ ਵੀ ਪਲਾਸਟਿਕ ਨੂੰ ਨਿਗਲਣ ਕਾਰਨ ਮਰਦੇ ਹਨ, ਜਿਸ ਨਾਲ ਸਮੁੰਦਰੀ ਈਕੋ ਸਿਸਟਮ ਨੂੰ ਭਾਰੀ ਨੁਕਸਾਨ ਹੁੰਦਾ ਹੈ। ਖੁੱਲ੍ਹੇ ਵਿੱਚ ਪਲਾਸਟਿਕ ਸਾੜਨ ਨਾਲ ਜ਼ਹਿਰੀਲੀਆਂ ਗੈਸਾਂ ਜਿਵੇਂ ਡਾਈਆਕਸਿਨ ਅਤੇ ਫਿਊਰਨ ਨਿਕਲਦੀਆਂ ਹਨ, ਜੋ ਹਵਾ ਨੂੰ ਪ੍ਰਦੂਸ਼ਿਤ ਕਰਦੀਆਂ ਹਨ ਅਤੇ ਸਾਹ ਦੀਆਂ ਬਿਮਾਰੀਆਂ, ਕੈਂਸਰ, ਅਤੇ ਹੋਰ ਸਿਹਤ ਸਮੱਸਿਆਵਾਂ ਨੂੰ ਵਧਾਉਂਦੀਆਂ ਹਨ। ਮਿੱਟੀ ਵਿੱਚ ਪਲਾਸਟਿਕ ਦੇ ਰਹਿ ਜਾਣ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਘਟਦੀ ਹੈ, ਅਤੇ ਪਾਣੀ ਵਿੱਚ ਇਸ ਦੀ ਮੌਜੂਦਗੀ ਪੀਣ ਵਾਲੇ ਪਾਣੀ ਨੂੰ ਜ਼ਹਿਰੀਲਾ ਬਣਾਉਂਦੀ ਹੈ।

ਭਾਰਤ ਸਰਕਾਰ ਨੇ ਪਲਾਸਟਿਕ ਕਚਰੇ ਨੂੰ ਘਟਾਉਣ ਲਈ ਕਈ ਕਦਮ ਚੁੱਕੇ ਹਨ।

(ਬਾਕੀ ਸਫ਼ਾ 31 'ਤੇ)

## ਪੰਜਾਬ 'ਚ ਪਲਾਸਟਿਕ ਕਚਰੇ ਦੀ ਸਥਿਤੀ ਅਤੇ 2022-2025 ਦਾ ਡਾਟਾ



ਸਰਕਾਰ ਦੇ ਸਾਲਾਨਾ ਸਵੱਛਤਾ ਸਰਵੇਖਣ ਵਿੱਚ ਵੱਡੇ ਸ਼ਹਿਰਾਂ ਵਿੱਚੋਂ ਅਹਿਮਦਾਬਾਦ ਨੂੰ ਸਭ ਤੋਂ ਸਾਫ਼ ਸ਼ਹਿਰ ਐਲਾਨਿਆ ਗਿਆ ਹੈ, ਜਿਸ ਮਗਰੋਂ ਭੋਪਾਲ ਤੇ ਲਖਨਊ ਦਾ ਸਥਾਨ ਹੈ। ਦਰਜਾਬੰਦੀ ਵਿੱਚ ਤਿੰਨ ਤੋਂ 10 ਲੱਖ ਦੀ ਆਬਾਦੀ ਵਾਲੇ ਸ਼ਹਿਰਾਂ 'ਚੋਂ ਚੰਡੀਗੜ੍ਹ ਨੂੰ ਦੂਜਾ ਸਥਾਨ ਮਿਲਿਆ ਹੈ। 10 ਲੱਖ ਤੋਂ ਵੱਧ ਆਬਾਦੀ ਵਾਲੇ ਸਿਖਰਲੇ 40 ਸ਼ਹਿਰਾਂ ਵਿੱਚੋਂ ਪੰਜਾਬ ਦੇ ਲੁਧਿਆਣਾ ਨੂੰ 39ਵਾਂ ਸਥਾਨ ਮਿਲਿਆ ਹੈ। ਪੰਜਾਬ ਵਿੱਚ ਪਲਾਸਟਿਕ ਕਚਰੇ ਦੀ ਸਮੱਸਿਆ ਵੀ ਗੰਭੀਰ ਹੈ, ਹਾਲਾਂਕਿ ਰਾਜ-ਵਿਸ਼ੇਸ਼ ਅੰਕੜੇ ਸੀਮਤ ਹਨ। ਸੀ.ਪੀ.ਸੀ.ਬੀ. ਦੀ 2022 ਦੀ ਰਿਪੋਰਟ ਮੁਤਾਬਕ, ਪੰਜਾਬ ਵਿੱਚ ਹਰ ਸਾਲ ਲਗਭਗ 1.5 ਲੱਖ ਟਨ ਪਲਾਸਟਿਕ ਕਚਰਾ ਪੈਦਾ ਹੁੰਦਾ ਹੈ, ਜਿਸ ਵਿੱਚੋਂ ਜ਼ਿਆਦਾਤਰ ਸ਼ਹਿਰੀ ਖੇਤਰਾਂ ਜਿਵੇਂ ਲੁਧਿਆਣਾ, ਅੰਮ੍ਰਿਤਸਰ ਅਤੇ ਜਲੰਧਰ ਤੋਂ ਆਉਂਦਾ ਹੈ। ਪੇਂਡੂ ਖੇਤਰਾਂ ਵਿੱਚ ਕਚਰਾ ਪ੍ਰਬੰਧਨ ਦੀ ਕਮੀ ਕਾਰਨ ਜ਼ਿਆਦਾਤਰ ਪਲਾਸਟਿਕ ਖੁੱਲ੍ਹੇ ਵਿੱਚ ਸਾੜਿਆ ਜਾਂਦਾ ਹੈ ਜਾਂ ਖੇਤਾਂ ਅਤੇ ਨਹਿਰਾਂ ਵਿੱਚ ਸੁੱਟਿਆ ਜਾਂਦਾ ਹੈ। 2022 ਤੋਂ 2025 ਦੇ ਅੰਕੜਿਆਂ ਅਨੁਸਾਰ, ਪੰਜਾਬ ਵਿੱਚ ਪਲਾਸਟਿਕ ਕਚਰੇ ਦੀ ਮਾਤਰਾ ਵਿੱਚ 5-7 ਫ਼ੀਸਦੀ ਸਾਲਾਨਾ ਵਾਧਾ ਹੋਇਆ ਹੈ, ਜੋ ਸ਼ਹਿਰੀਕਰਨ ਅਤੇ ਖਪਤ ਵਧਣ ਕਾਰਨ ਹੈ। ਸੂਬੇ ਵਿੱਚ ਰੀਸਾਈਕਲਿੰਗ ਸਹੂਲਤਾਂ ਸੀਮਤ ਹਨ, ਅਤੇ ਜ਼ਿਆਦਾਤਰ ਰੀਸਾਈਕਲਿੰਗ ਅਸੰਗਠਿਤ ਖੇਤਰ ਵਿੱਚ ਹੁੰਦੀ ਹੈ। ਪੀ.ਈ.ਟੀ. ਬੋਤਲਾਂ ਅਤੇ ਸਖਤ ਪਲਾਸਟਿਕ ਦੀ ਰੀਸਾਈਕਲਿੰਗ ਦੀ ਸਹੂਲਤ ਮੁਕਾਬਲਤਨ ਬਿਹਤਰ ਹੈ, ਪਰ ਮਲਟੀ-ਲੇਅਰ ਪਲਾਸਟਿਕ ਅਤੇ ਪਤਲੇ ਕੈਰੀ ਬੈਗਾਂ ਦਾ ਨਿਪਟਾਰਾ ਮੁਸ਼ਕਲ ਹੈ। ਪੰਜਾਬ ਸਰਕਾਰ ਨੇ ਸਿੰਗਲ-ਯੂਜ਼

(ਬਾਕੀ ਸਫ਼ਾ 31 'ਤੇ)

## ਸੰਕਟ ਦਾ ਹੱਲ ਕੀ ?

ਪਲਾਸਟਿਕ ਕਚਰੇ ਦਾ ਸੰਕਟ ਭਾਰਤ ਅਤੇ ਪੰਜਾਬ ਲਈ ਵੱਡੀ ਚੁਣੌਤੀ ਹੈ। ਵਿਅਕਤੀਗਤ ਪੱਧਰ 'ਤੇ ਬਦਲਾਅ ਸ਼ੁਰੂ ਹੋਣਾ ਚਾਹੀਦਾ, ਜਿਵੇਂ ਕੱਪੜੇ ਦੇ ਥੈਲੇ ਵਰਤਣਾ ਅਤੇ ਪਲਾਸਟਿਕ ਬੈਗ ਲੈਣ ਤੋਂ ਇਨਕਾਰ ਕਰਨਾ।

ਸੰਯੁਕਤ ਰਾਸ਼ਟਰ ਦੀ 2022 ਦੀ ਪਹਿਲਕਦਮੀ, ਜਿਸ ਵਿੱਚ 175 ਦੇਸ਼ਾਂ ਨੇ ਪਲਾਸਟਿਕ ਪ੍ਰਦੂਸ਼ਣ ਨੂੰ ਰੋਕਣ ਲਈ ਸੰਧੀ 'ਤੇ ਸਹਿਮਤੀ ਦਿੱਤੀ, 2026 ਵਿੱਚ ਮੁੜ ਵਿਚਾਰੀ ਜਾਵੇਗੀ। ਜੇ ਸਮੇਂ ਸਿਰ ਕਦਮ ਨਾ ਚੁੱਕੇ ਗਏ, ਤਾਂ 2050 ਤੱਕ ਸਮੁੰਦਰਾਂ ਵਿੱਚ ਪਲਾਸਟਿਕ ਦੀ ਮਾਤਰਾ ਮੱਛੀਆਂ ਤੋਂ ਵੀ ਵੱਧ ਸਕਦੀ ਹੈ। ਪੰਜਾਬ ਵਿੱਚ ਸਥਾਨਕ ਪੱਧਰ 'ਤੇ ਜਾਗਰੂਕਤਾ ਮੁਹਿੰਮਾਂ, ਰੀਸਾਈਕਲਿੰਗ ਸਹੂਲਤਾਂ ਦਾ ਵਿਸਥਾਰ, ਅਤੇ ਸਖਤ ਨੀਤੀਆਂ ਦੀ ਅਮਲੀਕਰਨ ਦੀ ਲੋੜ ਹੈ। ਸਰਕਾਰ, ਉਦਯੋਗ, ਅਤੇ ਆਮ ਲੋਕਾਂ ਨੂੰ ਮਿਲ ਕੇ ਇਸ ਸੰਕਟ ਨੂੰ ਹੱਲ ਕਰਨ ਲਈ ਕੰਮ ਕਰਨਾ ਪਵੇਗਾ, ਨਹੀਂ ਤਾਂ ਸਿਹਤ, ਵਾਤਾਵਰਣ, ਅਤੇ ਜੀਵ-ਜੰਤੂਆਂ 'ਤੇ ਇਸ ਦੇ ਮਾੜੇ ਅਸਰ ਹੋਰ ਵਧਣਗੇ।

# ਹਿਮਾਲਿਆ 'ਚ ਚੱਲਦੀ ਰਹਿੰਦੀ ਹੈ ਭੂਗੋਲਿਕ ਉਥਲ-ਪੁਥਲ

## ਚਮੋਲੀ, ਉੱਤਰਕਾਸ਼ੀ, ਟੀਹਰੀ, ਰੁਦ੍ਰਪ੍ਰਯਾਗ 'ਚ ਬਰਸਾਤ ਕਾਰਨ ਖਿਸਕ ਰਹੇ ਹਨ ਪਹਾੜ



ਪੰਕਜ ਚਤੁਰਵੇਦੀ
ਲੇਖਕ ਵਾਤਾਵਰਣ ਮਾਮਲਿਆਂ ਦਾ ਜਾਣਕਾਰ ਹੈ



ਬਰਸਾਤ ਦਾ ਮੌਸਮ ਸ਼ੁਰੂ ਹੋ ਚੁੱਕਾ ਹੈ ਤੇ ਉੱਤਰਾਖੰਡ 'ਚ ਪਹਾੜਾਂ ਦੇ ਗੁੱਸੇ ਵਾਲੇ ਰੂਪ ਨੇ ਕਈ ਥਾਵਾਂ 'ਤੇ ਜਨਜੀਵਨ ਨੂੰ ਠੱਪ ਕਰ ਦਿੱਤਾ ਹੈ। ਚਮੋਲੀ, ਉੱਤਰਕਾਸ਼ੀ, ਟੀਹਰੀ, ਰੁਦ੍ਰਪ੍ਰਯਾਗ ਆਦਿ ਵਿੱਚ ਬਰਸਾਤ ਕਾਰਨ ਪਹਾੜ ਖਿਸਕ ਰਹੇ ਹਨ। ਚਾਰਧਾਮ ਯਾਤਰਾ ਦਾ ਮਾਰਗ ਵਾਰ-ਵਾਰ ਪੱਥਰਾਂ ਅਤੇ ਪਹਾੜਾਂ ਦੇ ਡਿੱਗਣ ਕਾਰਨ ਰੁਕ ਰਿਹਾ ਹੈ। ਜੋਸ਼ੀਮੱਠ ਵਰਗੇ ਕਸਬਿਆਂ 'ਤੇ ਧਸਣ ਦਾ ਖ਼ਤਰਾ ਨਵੇਂ ਸਿਰਿਓਂ ਖੜ੍ਹਾ ਹੋ ਗਿਆ ਹੈ। ਸਰਕਾਰ ਦੀ ਚਿੰਤਾ ਇਹ ਹੈ ਕਿ ਭੂ-ਵਿਗਿਆਨੀਆਂ ਨੇ ਜਿਨ੍ਹਾਂ ਇਲਾਕਿਆਂ ਨੂੰ ਨਵੇਂ ਜ਼ਮੀਨ ਧਸਣ ਵਾਲੇ ਸੰਭਾਵਿਤ ਖੇਤਰਾਂ ਵਜੋਂ ਪਛਾਣਿਆ ਹੈ, ਉੱਥੇ ਸੜਕ, ਬਿਜਲੀ, ਰੇਲ ਵਰਗੇ ਪ੍ਰਾਜੈਕਟਾਂ 'ਤੇ ਕੰਮ ਚੱਲ ਰਿਹਾ ਹੈ। ਚਾਰਧਾਮ ਯਾਤਰਾ ਰੂਟ 'ਤੇ ਜ਼ਮੀਨ ਖਿਸਕਣ ਵਾਲੇ ਜ਼ੋਨ ਸਿਰਦਰਦ ਬਣ ਰਹੇ ਹਨ।

ਰਿਸ਼ੀਕੇਸ਼ ਤੋਂ ਬਦਰੀਨਾਥ ਯਾਤਰਾ ਰੂਟ 'ਤੇ ਕੁੱਲ 54 ਲੈਂਡਸਲਾਈਡ ਜ਼ੋਨ ਹਨ। ਇੱਥੇ ਕਈ ਵਾਰ ਜ਼ਮੀਨ ਖਿਸਕਣ ਦੀਆਂ ਘਟਨਾਵਾਂ ਹੋ ਚੁੱਕੀਆਂ ਹਨ। ਬਿਹਤਰ ਸੜਕਾਂ ਅਤੇ ਸੁਵਿਧਾਵਾਂ ਕਾਰਨ ਇੱਥੇ ਭੀੜ ਆ ਰਹੀ ਹੈ ਜੋ ਹੋਰ ਵਧਦੀ ਰਹੇਗੀ। ਉੱਤਰਾਖੰਡ ਦੀ ਤਰ੍ਹਾਂ ਹਿਮਾਚਲ ਪ੍ਰਦੇਸ਼ ਦੀ ਵੀ ਸਥਿਤੀ ਕੁਝ ਅਜਿਹੀ ਹੀ ਹੈ। ਹਾਲ ਹੀ ਵਿੱਚ ਮੰਡੀ ਵਿੱਚ ਜ਼ਮੀਨ ਖਿਸਕਣ ਦੀਆਂ ਖ਼ਤਰਨਾਕ ਘਟਨਾਵਾਂ ਸਾਹਮਣੇ ਆਈਆਂ ਹਨ। ਚੰਬਾ ਲਾਗੇ ਪਹਾੜ ਡਿੱਗਣ ਕਾਰਨ ਘਰੇ ਸੁੱਤੇ ਹੋਏ ਇੱਕ ਨਵ ਵਿਆਹੇ ਜੋੜੇ ਦੀ ਮੌਤ ਹੋ ਗਈ।

ਇੱਕ ਪਾਸੇ ਪ੍ਰਧਾਨ ਮੰਤਰੀ ਦਾ '10 ਸੂਤਰੀ ਡਿਜ਼ਾਸਟਰ ਰਿਸਕ ਰਿਡਕਸ਼ਨ' ਅਰਥਾਤ ਆਫ਼ਤ ਵਿੱਚ ਨਿਊਨਤਮ ਜੋਖਮ ਪ੍ਰੋਗਰਾਮ ਹੈ ਤਾਂ ਦੂਜੇ ਪਾਸੇ ਹਿਮਾਲਿਆ ਦੀ ਗੋਦ ਵਿੱਚ ਵਸੇ ਪਹਾੜੀ ਪ੍ਰਦੇਸ਼ਾਂ ਵਿੱਚ ਮੂਲਭੂਤ ਢਾਂਚੇ ਦਾ ਨਿਰਮਾਣ ਜਾਰੀ ਹੈ। ਉੱਤਰਾਖੰਡ ਦੀ ਆਬਾਦੀ ਲਗਪਗ ਸਵਾ ਕਰੋੜ ਹੈ ਪਰ ਇੱਥੇ ਤੀਰਥ ਯਾਤਰਾ ਅਤੇ ਸੈਰ-ਸਪਾਟੇ ਲਈ ਆਉਣ ਵਾਲਿਆਂ ਦੀ ਗਿਣਤੀ ਬਹੁਤ ਹੈ। ਫਿਰ ਇਹ ਚੀਨ ਵਰਗੇ ਦੁਸ਼ਮਣ ਦੇਸ਼ ਨਾਲ ਲੱਗਦੀ ਸਰਹੱਦ ਵਾਲਾ ਸੂਬਾ ਹੈ।

ਇਸ ਸਥਿਤੀ ਵਿੱਚ ਬਿਹਤਰ ਸੜਕ ਅਤੇ ਆਵਾਜਾਈ ਦਾ ਤੰਤਰ ਲਾਜ਼ਮੀ ਹੈ ਪਰ ਜਦੋਂ ਅਜਿਹੇ ਵਿਕਾਸ ਕਾਰਨ ਕੁਦਰਤ 'ਤੇ ਹੀ ਖ਼ਤਰਾ ਖੜ੍ਹਾ ਹੋ ਜਾਵੇ ਤਾਂ ਦੁਬਾਰਾ ਵਿਚਾਰ ਕਰਨ ਦੀ ਲੋੜ ਹੈ। ਸਰਕਾਰ ਅਤੇ ਸਮਾਜ, ਦੋਹਾਂ ਨੂੰ ਇਸ ਗੱਲ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ ਕਿ ਜਲਵਾਯੂ ਬਦਲਾਅ ਦਾ ਸਭ ਤੋਂ ਵੱਧ ਅਸਰ ਹਿਮਾਲਿਆ ਪਰਬਤ 'ਤੇ ਹੈ ਅਤੇ ਇਸੇ ਕਾਰਨ ਉੱਤਰਾਖੰਡ ਮੁਸ਼ਕਲ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਅਜਿਹੀਆਂ ਚੁਣੌਤੀਆਂ ਨਾਲ ਹਿਮਾਚਲ ਵੀ ਦੋ-ਚਾਰ ਹੁੰਦਾ ਦਿਖਾਈ ਦੇ ਰਿਹਾ ਹੈ। ਸੰਵੇਦਨਸ਼ੀਲ ਹਾਲਾਤ ਤੰਤਰ, ਅਣਕਿਆਸਾ ਮੌਸਮ ਅਤੇ ਬੱਦਲ ਫਟਣ, ਜ਼ਮੀਨ ਧਸਣ, ਅਚਾਨਕ ਹੜ੍ਹ ਅਤੇ ਗਲੇਸ਼ੀਅਰ ਲੇਕ ਆਊਟਬਰਸਟ ਦੀਆਂ ਵਧਦੀਆਂ ਘਟਨਾਵਾਂ ਉੱਤਰਾਖੰਡ ਨੂੰ ਅਸੁਰੱਖਿਅਤ ਬਣਾ ਰਹੀਆਂ ਹਨ। ਹੜ੍ਹ, ਜ਼ਮੀਨ ਧਸਣ ਵਰਗੀਆਂ ਕੁਦਰਤੀ ਆਫ਼ਤਾਂ ਕਾਰਨ ਰਾਜ ਨੂੰ ਹਰ ਸਾਲ ਜਨ-ਧਨ ਦਾ ਕਾਫ਼ੀ ਨੁਕਸਾਨ ਹੋ ਰਿਹਾ ਹੈ। ਹਰ ਸਾਲ ਰਾਜ ਦੇ ਬਜਟ ਦਾ ਵੱਡਾ ਹਿੱਸਾ ਆਫ਼ਤਾਂ ਕਾਰਨ ਨਸ਼ਟ ਹੋਏ ਢਾਂਚਿਆਂ ਨੂੰ ਦੁਬਾਰਾ ਬਣਾਉਣ ਵਿੱਚ ਹੀ ਬਰਬਾਦ ਹੋ ਜਾਂਦਾ ਹੈ।

ਇੱਥੇ ਜੁਲਾਈ, ਅਗਸਤ ਅਤੇ ਸਤੰਬਰ ਵਿੱਚ ਮੌਨਸੂਨ ਕਾਰਨ ਹੋਏ ਨੁਕਸਾਨ ਬਾਰੇ ਐੱਸਡੀਸੀ ਫਾਊਂਡੇਸ਼ਨ ਨੇ ਉੱਤਰਾਖੰਡ ਡਿਜ਼ਾਸਟਰ ਐਂਡ ਐਕਸੀਡੈਂਟ ਐਨਾਲਿਸਿਸ ਇਨੀਸ਼ੀਏਟਿਵ ਰਿਪੋਰਟ ਵਿੱਚ ਦੱਸਿਆ ਹੈ ਕਿ ਰਾਜ ਵਿੱਚ ਹਰ ਸਾਲ ਨਵੇਂ ਜ਼ਮੀਨ ਖਿਸਕਣ ਦੇ ਜ਼ੋਨ ਵਿਕਸਤ ਹੋ ਰਹੇ ਹਨ। ਭਾਰਤੀ ਪੁਲਾੜ ਖੋਜ ਸੰਸਥਾ ਦੇ ਡਾਟਾ ਮੁਤਾਬਕ 1988 ਤੋਂ 2023 ਵਿਚਕਾਰ ਉੱਤਰਾਖੰਡ ਵਿੱਚ ਜ਼ਮੀਨ ਖਿਸਕਣ ਦੀਆਂ 12,319 ਘਟਨਾਵਾਂ ਹੋਈਆਂ। ਸੰਨ 2018 ਵਿੱਚ ਪ੍ਰਦੇਸ਼ ਵਿੱਚ ਜ਼ਮੀਨ ਖਿਸਕਣ ਦੀਆਂ 216 ਘਟਨਾਵਾਂ ਹੋਈਆਂ ਸਨ ਜਦਕਿ 2023 ਵਿੱਚ ਇਹ ਗਿਣਤੀ ਪੰਜ ਗੁਣਾ ਵਧ ਕੇ 1,100 ਪਹੁੰਚ ਗਈ ਸੀ। ਸੰਨ 2022 ਦੀ ਤੁਲਨਾ ਵਿੱਚ ਵੀ 2023 ਵਿੱਚ ਜ਼ਮੀਨ ਖਿਸਕਣ ਦੀਆਂ ਘਟਨਾਵਾਂ ਵਿੱਚ ਲਗਪਗ ਸਾਢੇ ਚਾਰ ਗੁਣਾ ਵਾਧਾ ਦੇਖਿਆ ਗਿਆ। ਪਿਛਲੇ ਸਾਲ ਅਗਸਤ ਤੱਕ ਬਰਸਾਤ ਦੌਰਾਨ ਜ਼ਮੀਨ ਖਿਸਕਣ ਦੀਆਂ 2,946 ਘਟਨਾਵਾਂ ਦਰਜ ਕੀਤੀਆਂ ਗਈਆਂ ਜਿਨ੍ਹਾਂ ਵਿੱਚ ਕਈ ਲੋਕ ਮਾਰੇ ਗਏ ਸਨ।

ਇਸ ਮੌਨਸੂਨ ਸੀਜ਼ਨ ਵਿੱਚ 500 ਨਵੇਂ ਜ਼ਮੀਨ ਖਿਸਕਣ ਦੇ ਜ਼ੋਨ ਪਛਾਣੇ ਗਏ ਹਨ। ਉੱਤਰਾਖੰਡ ਸਰਕਾਰ ਦੇ ਆਫ਼ਤ ਪ੍ਰਬੰਧਨ ਵਿਭਾਗ ਅਤੇ ਵਿਸ਼ਵ ਬੈਂਕ ਦੇ 2018 ਦੇ ਇੱਕ ਅਧਿਐਨ ਮੁਤਾਬਕ ਉੱਤਰਾਖੰਡ ਵਿੱਚ 6,300 ਤੋਂ ਵੱਧ ਸਥਾਨ ਜ਼ਮੀਨ ਖਿਸਕਣ ਵਾਲੇ ਜ਼ੋਨਾਂ ਵਜੋਂ ਪਛਾਣੇ ਗਏ ਹਨ। ਰਿਪੋਰਟ ਕਹਿੰਦੀ ਹੈ ਕਿ ਰਾਜ ਵਿੱਚ ਚੱਲ ਰਹੀਆਂ ਹਜ਼ਾਰਾਂ ਕਰੋੜ ਦੀਆਂ ਵਿਕਾਸ ਯੋਜਨਾਵਾਂ ਪਹਾੜਾਂ ਨੂੰ ਕੱਟ ਕੇ ਜਾਂ ਜੰਗਲਾਂ ਨੂੰ ਉਜਾੜ ਕੇ ਬਣ ਰਹੀਆਂ ਹਨ ਅਤੇ ਇਸੇ ਕਾਰਨ ਜ਼ਮੀਨ ਖਿਸਕਣ ਵਾਲੇ ਜ਼ੋਨਾਂ ਦੀ ਗਿਣਤੀ ਵਧ ਰਹੀ ਹੈ।

(ਬਾਕੀ ਸਫ਼ਾ 31 'ਤੇ)

# TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




## FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO

**(855)641-6955, (888)795-7035**

# ਖ਼ੁਸ਼ੀ

ਸੁਖਵੰਤ ਕੌਰ ਮਾਨ



ਭਰ ਗਰਮੀਆਂ ਦੀਆਂ ਦੁਪਹਿਰਾਂ ਹੁੰਦੀਆਂ। ਘਰ ਦੇ ਸਾਰੇ ਜੀਅ ਅੰਦਰ ਵੜ ਕੇ ਸੁੱਤੇ ਪਏ ਹੁੰਦੇ। ਕਾਮੇ ਪਿੰਡ ਰੋਟੀ ਖਾਣ ਲਈ ਚਲੇ ਜਾਂਦੇ। ਪਿਤਾ ਜੀ ਅਡੋਲ ਆਪਣੀ ਕੋਠੜੀ ਵਿਚੋਂ ਨਿਕਲ ਆਲੇ-ਦੁਆਲੇ ਵਿੰਹਦੇ। ਬੱਝੀਆਂ ਹੋਈਆਂ ਮੱਝਾਂ ਦੀਆਂ ਖੁਰਲੀਆਂ ਕੋਲ ਜਾ ਖਲੋਂਦੇ। ਮੱਝਾਂ ਖੋਲ੍ਹ ਕੇ ਉਹਨਾਂ ਨੂੰ ਹਿੱਕਦੇ ਹੋਏ ਖਾਲੀ ਪੈਲੀਆਂ ਵਿੱਚ ਲੈ ਜਾਂਦੇ। ਮੱਝਾਂ ਖੁੱਲ੍ਹ ਕੇ ਭੂਤਰ ਜਾਂਦੀਆਂ। ਅਲੂਈਆਂ ਮੱਕੀਆਂ ਨੂੰ ਮਿਧਾੜਦੀਆਂ, ਸਬਜ਼ੀਆਂ ਦੀਆਂ ਵੱਲਾਂ ਨੂੰ ਲਿਤਾੜਦੀਆਂ, ਬੂਥੇ ਚੁੱਕੀ ਸਿੱਧੀਆਂ ਦੌੜ ਪੈਂਦੀਆਂ। ਪਿਤਾ ਜੀ ਗਾਲ੍ਹਾਂ ਕੱਢਦੇ ਹੋਏ ਉਹਨਾਂ ਦੇ ਮਗਰ ਦੌੜ ਪੈਂਦੇ। ਦੌੜਦੀਆਂ ਹੋਈਆਂ ਮੱਝਾਂ ਨੂੰ ਉਹ ਅੱਗੋਂ-ਵਾਂਢੀ ਹੋ ਵਲ ਲੈਂਦੇ। ਖ਼ਾਲੀ ਖੇਤਾਂ ਵੱਲ ਹੱਕ ਲੈਂਦੇ। ਪਜਾਮਾ ਲਾਹ ਮੋਢੇ ਉਤੇ ਟੰਗ ਲੈਂਦੇ। ਲੰਮੀਆਂ-ਲੰਮੀਆਂ ਲਾਲ ਜੀਭਾਂ ਕੱਢ ਹਰੇ-ਕਚੂਰ ਘਾਹ ਨੂੰ ਲਪਰ-ਲਪਰ ਕਰ ਕੇ ਚਰਦੀਆਂ ਮੱਝਾਂ ਵਲ ਵੇਖੀ ਜਾਣਾ ਉਹਨਾਂ ਨੂੰ ਅਸੀਮ ਖ਼ੁਸ਼ੀ ਦਿੰਦਾ। ਜਿਉਂ-ਜਿਉਂ ਮੱਝਾਂ ਰੱਜਦੀਆਂ ਜਾਂਦੀਆਂ, ਪਿਤਾ ਜੀ ਦਾ ਚਿਹਰਾ ਖਿੜਦਾ ਜਾਂਦਾ।

ਮੱਝਾਂ ਰੱਜ ਕੇ ਫੂੰ-ਫੂੰ ਕਰਨ ਲੱਗਦੀਆਂ। ਇਕ ਦੂਜੀ ਨੂੰ ਟੱਕਰਾਂ ਮਾਰਦੀਆਂ, ਪੂਛਲਾਂ ਚੁੱਕੀ ਅੱਗੇ ਨੂੰ ਭੱਜ ਪੈਂਦੀਆਂ। ਤਿੰਨੇ ਕਾਮੇ, ਚੌਥਾ ਵਾਗੀ ਮੁੰਡਾ, ਦੋਵੇਂ ਪੋਤਰੇ ਮੱਝਾਂ ਮਗਰ ਭੱਜ-ਭੱਜ ਹਫ਼ ਜਾਂਦੇ। ਬੜੀ ਮੁਸ਼ਕਲ ਨਾਲ ਵਿਹੜ ਕੇ ਉਹਨਾਂ ਨੂੰ ਵਾੜੇ ਵਿੱਚ ਵਾੜਿਆ ਜਾਂਦਾ। ਪਿਤਾ ਜੀ ਦੀ ਹਾਲਤ ਵੇਖਣ ਵਾਲੀ ਹੁੰਦੀ। ਦਾੜ੍ਹੀ ਖਿੱਲਰੀ ਪਈ ਹੁੰਦੀ, ਧਾਰੀਂ ਮੁੜ੍ਹਕਾ ਵਹਿ ਰਿਹਾ ਹੁੰਦਾ।

ਪੱਠੇ ਵੱਢ-ਵੱਢ, ਕੁਤਰ-ਕੁਤਰ ਕਾਮੇ ਮੱਝਾਂ ਅੱਗੇ ਸੁੱਟੀ ਜਾਂਦੇ। ਪਿਤਾ ਜੀ ਉਹਨਾਂ ਨੂੰ ਹੋਰ-ਹੋਰ ਵੱਢਣ ਲਈ ਆਖਦੇ ਰਹਿੰਦੇ। ਕਾਮਿਆਂ ਨਾਲ ਝਗੜਦੇ ਰਹਿੰਦੇ, ਲੜਦੇ ਰਹਿੰਦੇ। ਜਿੰਨਾ ਚਿਰ ਮੱਝਾਂ ਦੀਆਂ ਕੁੱਖਾਂ ਨਾ ਭਰ ਜਾਂਦੀਆਂ, ਪਿਤਾ ਜੀ ਦਾ ਸ਼ਹੁ ਨਾ ਭਰਦਾ। ਇਕ ਕਾਮਾ ਅਤੇ ਮਾਂ ਮੱਝਾਂ ਨੂੰ ਚੋਈ ਜਾਂਦੇ, ਦੁੱਧ ਲਿਆ-ਲਿਆ ਕਾੜ੍ਹਨੀਆਂ ਵਿੱਚ ਉਲੱਦੀ ਜਾਂਦੇ।

ਸੋਤੇ ਪਏ ਮੋਟਾ-ਮੋਟਾ ਮੱਛਰ ਮੱਝਾਂ ਨੂੰ ਲੜਦਾ। ਮੱਝਾਂ ਤੜਫ਼ਦੀਆਂ। ਪਿਤਾ ਜੀ ਉੱਠ ਕੇ ਉਹਨਾਂ ਮਗਰ ਧੂਣੀਆਂ ਲਾਂਦੇ ਫਿਰਦੇ। ਮੂੰਹ-ਹਨੇਰੇ ਉੱਠ ਮਾਂ ਦੁੱਧ ਰਿੜਕਣ ਲੱਗ ਜਾਂਦੀ। ਰਿੜਕ-ਰਿੜਕ ਹਾਰ ਜਾਂਦੀ, ਦੁੱਧ ਨਾ ਮੁੱਕਦਾ। ਦਿਨ ਚੜ੍ਹਦਿਆਂ ਹੀ ਲੱਸੀ ਲੈਣ ਵਾਲੀਆਂ ਤੀਵੀਆਂ ਦਾ ਤਾਂਤਾ ਬੱਝ ਜਾਂਦਾ। ਮਾਂ ਲੁੱਦ-ਲੁੱਦ ਥੱਕ ਜਾਂਦੀ, ਪਰ ਲੱਸੀ ਨਾ ਮੁੱਕਦੀ। ਮਾਂ ਘਿਉ ਤਾਅ-ਤਾਅ ਚਾਟੀਆਂ-ਬਲ੍ਹਣੇ ਭਰੀ ਜਾਂਦੀ। ਪੈਲ਼ੀਆਂ ਵਿੱਚ ਜਿੰਨੇ ਛੋਲੇ ਹੁੰਦੇ, ਸਭ ਮੱਝਾਂ ਦੇ ਢਿੱਡ ਵਿੱਚ ਪੈ ਜਾਂਦੇ। ਗੱਡਾ ਭਰ ਛੋਲਿਆਂ ਦਾ ਖਰਾਸ ਉੱਤੇ ਦਲਣ ਲਈ ਭੇਜ ਦਿੱਤਾ ਜਾਂਦਾ। ਛੋਲੇ ਮੁੱਕਣ 'ਤੇ ਖਲ਼ ਦੀਆਂ ਬੋਰੀਆਂ ਦੀਆਂ ਬੋਰੀਆਂ ਖੁੱਲ੍ਹਦੀਆਂ ਜਾਂਦੀਆਂ।

ਕੋਈ ਪਰਾਹੁਣਾ ਆਉਂਦਾ ਤਾਂ ਜੀਆਂ ਦੀ ਸੁੱਖ-ਸਾਂਦ ਪੁੱਛਣ ਪਿੱਛੋਂ ਲਵੇਰੇ ਦਾ ਹਾਲਚਾਲ ਪੁੱਛਿਆ ਜਾਂਦਾ।

ਪਿਤਾ ਜੀ ਉਹਨਾਂ ਨੂੰ ਨਾਲ ਲੈ ਮੱਝਾਂ ਵਾਲੇ ਵਾੜੇ ਵਿੱਚ ਚਲੇ ਜਾਂਦੇ। ਕੱਲੀ-ਕੱਲੀ ਮੱਝ ਦੇ ਪਿੰਡੇ ਉੱਤੇ ਹੱਥ ਫੇਰਦੇ ਹੋਏ ਉਹ ਉਹਨਾਂ ਦੀਆਂ ਸਿਫ਼ਤਾਂ ਆਰੰਭ ਦਿੰਦੇ। ਉਹਨਾਂ ਦੇ ਥਣਾਂ ਤੋਂ ਲੈ ਕੇ ਉਹਨਾਂ ਦੇ ਸਿੰਗਾਂ ਤਕ ਇਕ-ਇਕ ਅੰਗ ਦੀ ਉਹ ਸਿਫ਼ਤ ਕਰੀ ਜਾਂਦੇ। ਉਸ ਵੇਲੇ ਉਹਨਾਂ ਦੀਆਂ ਅੱਖਾਂ ਵਿਚਲੀ ਚਮਕ ਵੇਖਣ ਵਾਲੀ ਹੁੰਦੀ। ਮੱਝਾਂ ਦੇ ਪਿੰਡਿਆਂ ਨੂੰ ਪਲੋਸ ਰਿਹਾ ਉਹਨਾਂ ਦਾ ਹੱਥ ਅਜੀਬ ਜਿਹੀ ਥਿਰਕਣ ਮਹਿਸੂਸ ਕਰ ਰਿਹਾ ਹੁੰਦਾ। ਉਹਨਾਂ ਦੇ ਚਿਹਰੇ ਉੱਤੇ ਇਕ ਅਜੀਬ ਤਰ੍ਹਾਂ ਦਾ ਗਰਵ ਹੁੰਦਾ। ਫਿਰ ਪਾਕਿਸਤਾਨ ਵਿੱਚ ਰਹਿ ਗਈਆਂ ਮੱਝਾਂ ਦੀਆਂ ਕਹਾਣੀਆਂ ਛੋਹ ਬਹਿੰਦੇ। ਸ਼ਾਹਕਾਲ਼ੀਆਂ ਮੁਹਰਾ ਨਸਲ ਦੀਆਂ ਮੱਝਾਂ, ਪੰਜਕਲਿਆਣੀਆਂ ਝੋਟੀਆਂ। ਫਿਰ ਵੱਡੀ ਮੱਝ ਦੀ ਗੱਲ ਕਰਦਿਆਂ ਤਾਂ ਉਹਨਾਂ ਦਾ ਜਿਵੇਂ ਗੱਚ ਭਰ ਆਉਂਦਾ,ਮੱਝ ਜੋ ਪੰਝੀ ਸੇਰ ਪੱਕੇ ਦੁੱਧ ਦਿੰਦੀ ਸੀ, ਜਿਹਦੀ ਪੂਛਲ ਭੋਏਂ ਨੂੰ ਛੂਹਦੀ ਸੀ ਤੇ ਸਿੰਗ ਕੁੰਢੇ-ਚੂਰ ਸਨ।

ਮਾਂ ਦੱਸਦੀ, ਉਹ ਕਦੀ ਵੀ ਕੋਈ ਮੱਝ ਨਹੀਂ ਸਨ ਵੇਚਦੇ। ਕਿਧਰੋਂ ਵੀ ਕਿਸੇ ਚੰਗੀ ਝੋਟੀ ਦੀ ਦੱਸ ਪੈਂਦੀ ਤਾਂ ਘੋੜੀ ਉੱਤੇ ਚੜ੍ਹ ਉਸੇ ਪਿੰਡ ਪਹੁੰਚ ਜਾਂਦੇ। ਅੱਪੜ ਕੇ ਉਹ ਘਰ ਲੱਭ ਲੈਂਦੇ। ਮੱਝ ਨੂੰ ਅੱਗੋਂ-ਪਿੱਛੋਂ ਵੇਖਦੇ, ਉਹਦੀ ਪੂਛਲ, ਸਿੰਙ ਤੇ ਹਵਾਨਾ ਵੇਖਦੇ, ਅੱਖਾਂ ਹੀ ਅੱਖਾਂ ਵਿੱਚ ਉਹਦੇ ਥਣਾਂ ਦੀ ਲੰਮਾਈ ਤੇ ਹਵਾਨੇ ਦਾ ਹੁਜਮ ਲਖ ਲੈਂਦੇ। ਗੋਡਿਆਂ ਵਿੱਚ ਦੋਹਨਾ ਦੱਬੀ ਉਹ ਉਹਨੂੰ ਚੋਣ ਬੈਠ ਜਾਂਦੇ। ਪਸੰਦ ਆ ਜਾਂਦੀ ਤਾਂ ਭਾਵੇਂ ਕਿੰਨਾ ਵੀ ਮੁੱਲ ਅਗਲੇ ਦੱਸਦੇ, ਪਿਤਾ ਜੀ ਉਹਨੂੰ ਖ਼ਰੀਦ ਕੇ ਛੱਡਦੇ।

ਪਾਕਿਸਤਾਨੋਂ ਆਉਂਦਿਆਂ ਉਹ ਮੱਝਾਂ ਦੇ ਵਾੜੇ ਵਿੱਚ ਵੜੇ ਸਨ। ਉਹਨਾਂ ਦੇ ਪਿੰਡਿਆਂ ਉੱਤੇ ਥਾਪੀਆਂ ਦਿੰਦੇ ਹੋਏ ਉਹ ਇਕ-ਇਕ ਦਾ ਰੱਸਾ ਵੱਢਦੇ ਗਏ ਸਨ। ਤੇ ਸਭ ਤੋਂ ਵੱਡਾ ਦੁੱਖ ਉਹਨਾਂ ਨੂੰ ਇਹੋ ਸੀ ਕਿ ਉਹ ਆਉਂਦੀ ਵੇਰ ਆਪਣੇ ਨਾਲ ਇੱਕ ਵੀ ਮੱਝ ਨਹੀਂ ਸਨ ਲਿਆ ਸਕੇ।

ਏਧਰ ਆ ਕੇ ਵੀ ਉਹਨਾਂ ਦੀ ਸਭ ਤੋਂ ਵੱਡੀ ਤਮੰਨਾ ਸੀ, ਚੰਗੀ ਤੋਂ ਚੰਗੀ ਨਸਲ ਦੀਆਂ ਮੱਝਾਂ ਇਕੱਠੀਆਂ ਕਰ ਲਈਆਂ ਜਾਣ। ਜਿਥੋਂ ਵੀ ਦੱਸ ਪੈਂਦੀ, ਉਹ ਰਾਣੀ ਦੀ ਮੂਰਤ ਵਾਲੇ ਚਾਂਦੀ ਦੇ ਰੁਪਏ ਵੇਚ ਮੱਝ ਖ਼ਰੀਦ ਲਿਆਉਂਦੇ। ਪਰ ਹੁਣ ਹਾਲਾਤ ਬਦਲ ਗਏ ਸਨ। ਜ਼ਮੀਨਾਂ 'ਤੇ ਕੱਟ ਲੱਗ ਗਈ ਸੀ। ਚਰਾਂਦਾਂ ਲਈ ਖੁੱਲ੍ਹੇ ਖੇਤ ਨਹੀਂ ਸਨ ਰਹੇ। ਆਪਣੀਆਂ ਪੈਲ਼ੀਆਂ ਦੇ ਛੋਲੇ ਛੇਤੀ ਹੀ ਖ਼ਤਮ ਹੋ ਜਾਂਦੇ। ਛੋਲਿਆਂ ਅਤੇ ਖਲ਼ ਦੇ ਭਾਅ ਚੜ੍ਹ ਗਏ ਸਨ।

ਜਮਾਂਦਾਰਨੀ ਗੋਹਾ ਸੁੱਟਣੋਂ ਇਨਕਾਰੀ ਹੋ ਜਾਂਦੀ। ਮੱਝਾਂ ਹੇਠੋਂ ਚੰਗੀ ਸਫ਼ਾਈ ਨਾ ਕਰਨ ਕਰ ਕੇ ਪਿਤਾ ਜੀ ਉਹਦੇ ਗਲ ਪੈ ਜਾਂਦੇ। ਉਹ ਘਰ ਬੈਠ ਜਾਂਦੀ। ਕੁੜ੍ਹਾਂ ਵਿੱਚ ਗੋਹੇ ਦੇ ਢੇਰ ਲੱਗ ਜਾਂਦੇ। ਪਿਤਾ ਜੀ ਤੇੜੋਂ ਪਜਾਮਾ ਲਾਹ ਫਹੁੜਾ ਚੁੱਕ ਮੱਝਾਂ ਹੇਠੋਂ ਗੋਹਾ ਪਿਛਾਂਹ ਨੂੰ ਖਿੱਚ ਰਹੇ ਹੁੰਦੇ। ਉਹਨਾਂ ਦੇ ਪੈਰ ਲਿੱਬੜ ਜਾਂਦੇ, ਲੱਤਾਂ ਲਿੱਬੜ ਜਾਂਦੀਆਂ। ਕਾਮਿਆਂ ਨੂੰ ਆਖਦੇ ਤਾਂ ਉਹ ਵਿਗੜ ਬਹਿੰਦੇ।

ਰੋਟੀ-ਟੁੱਕਰ ਤੋਂ ਵਿਹਲੀ ਹੋ ਮਾਂ ਘੁੰਗਣੀਆਂ ਵਾਲੀ ਕਾੜ੍ਹਨੀ ਚੁੱਲ੍ਹੇ ਉੱਤੇ ਰੱਖ ਦਿੰਦੀ। ਘੁੰਗਣੀਆਂ ਲਾਹੁੰਦੀ ਤਾਂ ਕਿਸੇ ਬਿਮਾਰ ਮੱਝ ਜਾਂ ਜਾਅ ਲਈ ਕਾਹੜਾ ਧਰ ਦਿੰਦੀ। ਕਾਹੜਾ ਲਾਹੁੰਦੀ ਤਾਂ ਵੜੇਵੇਂ ਉਬਲਣੇ ਰੱਖ ਦਿੰਦੀ। ਵਧਦੀ ਉਮਰ ਕਰ ਕੇ ਮਾਂ ਹੁਣ ਥੱਕ ਜਾਂਦੀ। ਬਿਮਾਰ ਹੋ ਜਾਂਦੀ ਤਾਂ ਦੁੱਧ ਪਿਤਾ ਜੀ ਨੂੰ ਰਿੜਕਣਾ ਪੈਂਦਾ।

ਸ਼ਹਿਰੋਂ ਆਏ ਦੋਧੀ ਪਿਤਾ ਜੀ ਨੂੰ ਰਾਹਵਾਟੇ ਮਿਲ ਪੈਂਦੇ। ਦੁੱਧ ਵੇਚਣ ਲਈ ਆਖਦੇ ਰਹਿੰਦੇ। ਮਾਂ ਤੇ ਭਰਾ ਸਮਝਾ-ਸਮਝਾ ਥੱਕ ਜਾਂਦੇ, ਪਰ ਪਿਤਾ ਜੀ ਦੁੱਧ ਵੇਚਣੋਂ ਸਾਫ਼ ਇਨਕਾਰ ਕਰ ਦਿੰਦੇ। ਪਰ ਇਕ ਦਿਨ ਜਦੋਂ ਇਕ ਦੋਧੀ ਨੇ ਦੋ ਸੌ ਰੁਪਏ ਪਿਤਾ ਜੀ ਦੀ ਝੋਲੀ ਲਿਆ ਪਾਏ ਤਾਂ ਦਾਣੇ ਦੇ ਖਲ਼ ਹੱਥੋਂ ਥੁੜੇ ਬੈਠੇ ਪਿਤਾ ਜੀ ਨੇ ਆਖ਼ਰ ਮਨਜ਼ੂਰ ਕਰ ਹੀ ਲਏ।

ਵੀਹ-ਪੰਝੀ ਕਿੱਲੋ ਦੁੱਧ ਰੋਜ਼ ਜਾਂਦਾ। ਨਗਦ ਪੈਸੇ ਮਿਲ ਜਾਂਦੇ। ਹੁਣ ਪਿਤਾ ਜੀ ਨੂੰ ਦੁੱਧ ਵੇਚਣਾ ਕੁਝ-ਕੁਝ ਚੰਗਾ ਲੱਗਣ ਲੱਗਿਆ। ਖਲੋਤੇ ਕੰਮ ਚੱਲਣ ਲੱਗੇ। ਇੰਜਣ ਲਈ ਜਦੋਂ ਪਹਿਲਾਂ ਅੱਸੀਆਂ ਰੁਪਿਆਂ ਦਾ ਡੀਜ਼ਲ ਦਾ ਡਰੰਮ ਲਿਆਉਣਾ ਔਖਾ ਸੀ, ਹੁਣ ਝੱਟ ਆ ਜਾਂਦਾ। ਮੱਝਾਂ ਲਈ ਦਾਣਾਵੜੇਵਾਂ ਵੀ ਪਿਤਾ ਜੀ ਵਾਧੂ ਲੈ ਆਉਂਦੇ। ਬਾਹਰ ਫ਼ਾਰਮ ਉੱਤੇ ਮਕਾਨ ਬਨਾਉਣ ਲਈ ਸਲਾਹ ਬਣੀ ਤਾਂ ਸਭ ਤੋਂ ਪਹਿਲਾਂ ਮੱਝਾਂ ਲਈ ਪੱਕੇ ਕੋਠੇ ਪਾਏ ਗਏ। ਲੰਮੀਆਂ ਲੰਮੀਆਂ ਸੀਮਿੰਟੀ ਖੁਰਲੀਆਂ ਬਣਾਈਆਂ ਗਈਆਂ। ਢਾਲਵੇਂ ਫ਼ਰਸ਼ ਬਣਾਏ ਗਏ। ਪਾਣੀ ਪੀਣ ਲਈ ਪੱਕੀ ਹੌਦੀ ਬਣਾਈ ਗਈ। ਪੈਸੇ ਮੁੱਕ ਗਏ ਤਾਂ ਆਪਣੇ ਵਸੇਬੇ ਲਈ ਡੰਗਟਪਾਊ ਜਿਹੇ ਕੋਠੇ ਪਾ ਕੇ ਆਉਣਾ ਪਿਆ।

ਏਨੇ ਡੰਗਰ ਵੇਖ ਕਾਮੇ ਵੀ ਆਪਣੀਆਂ ਮੱਝਾਂ ਲਿਆ ਉਥੇ ਹੀ ਬੰਨ੍ਹ ਦਿੰਦੇ। ਭਰਾ ਤੇ ਮਾਂ ਖਿਝਦੇ, ਪਰ ਕਾਮੇ ਇਕ ਦਿਨ ਵੀ ਘਰ ਬੈਠ ਜਾਂਦੇ ਤਾਂ ਮੱਝਾਂ ਭੁੱਖੀਆਂ ਅੜਾਂਅ-ਅੜਾਂਅ ਕਰਨ ਲੱਗਦੀਆਂ।

ਕਿਸੇ ਮੱਝ ਦਾ ਜਾਅ ਮਰ ਜਾਂਦਾ। ਮੱਝ ਭੱਜ ਜਾਂਦੀ। ਸੂਆ ਖ਼ਤਮ ਹੋ ਜਾਂਦਾ। ਦੁੱਧ ਘਟ ਜਾਂਦਾ। ਆਮਦਨ ਘਟ ਜਾਂਦੀ। ਸਾਲਾਂ-ਬੱਧੀ ਕੱਟਿਆਂ-ਕੱਟੀਆਂ ਨੂੰ ਅਤੇ ਫੰਡਰ ਮੱਝਾਂ ਨੂੰ ਖੁਰਲੀਆਂ ਉੱਤੇ ਬੰਨ੍ਹ ਕੇ ਪੱਠੇ ਪਾਈ ਜਾਣੇ ਹੁਣ ਫ਼ਜ਼ੂਲ ਜਾਪਦੇ। ਭਾਵੇਂ ਹੋਰ ਲੋੜਾਂ ਨੂੰ ਪਿੱਛੇ ਪਾ ਕੇ ਪਿਤਾ ਜੀ ਨੇ ਬਿਜਲੀ ਨਾਲ ਚੱਲਣ ਵਾਲਾ ਟੋਕਾ ਲੁਆ ਲਿਆ, ਫਿਰ ਵੀ ਕਾਮੇ ਸਾਰਾ ਸਾਰਾ ਦਿਨ ਬਰਸੀਮ ਵੱਢਦੇ ਰਹਿੰਦੇ। ਪੱਠੇ ਫਿਰ ਵੀ ਘਟ ਜਾਂਦੇ। ਪਿਤਾ ਜੀ ਨੌਕਰਾਂ ਉੱਤੇ ਚੜ੍ਹਾਈ ਕਰ ਦਿੰਦੇ। ਉਹ ਪਰਨਾ ਮੋਢਿਆਂ ਉੱਤੇ ਸੁੱਟਦੇ ਅਤੇ ਪਿੰਡ ਨੂੰ ਹੋ ਲੈਂਦੇ।

ਚਾਚਿਆਂ ਤੋਂ ਸਸਤੇ ਠੇਕੇ ਉੱਤੇ ਲਈ ਭੋਏਂ ਵੀ ਹੁਣ ਹੱਥੋਂ ਨਿਕਲ ਗਈ ਸੀ। ਉਹਨਾਂ ਨੇ ਆਪ ਖੇਤੀ ਸ਼ੁਰੂ ਕਰ ਲਈ ਸੀ। ਪੱਠਿਆਂ ਲਈ ਜ਼ਮੀਨ ਘੱਟ ਰਹਿ ਗਈ ਸੀ। ਚੱਪਾ-ਚੱਪਾ ਭੋਏਂ ਹੁਣ ਬੀਜੀ ਜਾਣ ਲੱਗ ਪਈ ਸੀ। ਆਦਤ ਤੋਂ ਮਜਬੂਰ ਪਿਤਾ ਜੀ ਹੁਣ ਵੀ ਮੱਝਾਂ ਛੱਡ ਲੈਂਦੇ। ਹਿੱਲੀਆਂ ਹੋਈਆਂ ਮੱਝਾਂ ਚਾਚਿਆਂ ਦੀਆਂ ਪੈਲ਼ੀਆਂ ਵਿੱਚ ਜਾ ਵੜਦੀਆਂ। ਲੜਾਈ ਵਧ ਜਾਂਦੀ। ਚਾਚੇ ਅਤੇ ਉਹਨਾਂ ਦੇ ਮੁੰਡੇ ਡਾਂਗਾਂ ਕੱਢ ਲਿਆਉਂਦੇ। ਵੱਡਾ ਭਰਾ ਪੜ੍ਹ-ਲਿਖ ਕੇ ਨੌਕਰੀ ਲੱਗ ਗਿਆ ਸੀ। ਜਦੋਂ ਆਉਂਦਾ, ਬੈਠ ਕੇ ਸਾਰਾ ਹਿਸਾਬ ਲਾਉਂਦਾ। ਪੱਠਿਆਂ ਦੀ ਬਿਜਾਈ ਦਾ ਖ਼ਰਚ, ਕਾਮਿਆਂ ਦਾ ਖ਼ਰਚ, ਦਾਣਾ, ਪੱਠਾ, ਖਲ਼-ਵੜੇਵੇਂ-ਹਰ ਚੀਜ ਦਾ ਹਿਸਾਬ ਕੀਤਾ ਜਾਂਦਾ। ਪੱਠਿਆਂ ਹੇਠਲੀ ਜ਼ਮੀਨ ਵਿੱਚ ਜੇ ਫ਼ਸਲ ਬੀਜੀ ਜਾਵੇ ਤਾਂ ਕਿੰਨੀ ਆਮਦਨ ਹੋ ਸਕਦੀ ਏ। ਚੌਹਾਂ ਕਾਮਿਆਂ ਵਿਚੋਂ ਜੇ ਦੋ ਹਟਾ ਦਿੱਤੇ ਜਾਣ ਤਾਂ ਖ਼ਰਚੇ ਵਿੱਚ ਕਿੰਨੀ ਕਮੀ ਆ ਸਕਦੀ ਏ। ਉਹ ਪਿਤਾ ਜੀ ਨੂੰ ਬਿਠਾ ਕੇ ਸਮਝਾਉਂਦਾ ਕਿ ਉਹ ਪੱਲਿਉਂ ਪਾ ਰਹੇ ਸਨ। ਪਰ ਪਿਤਾ ਜੀ ਉਲਟਾ ਉਹਦੇ ਕੋਲੋਂ ਕੁਝ ਮੰਗਣ ਲੱਗ ਜਾਂਦੇ। ਉਹਨੂੰ ਉਲ੍ਹਾਮੇ ਦੇਣ ਲੱਗ ਜਾਂਦੇ। ਅਖ਼ੀਰ ਦੋਵੇਂ ਪਿਉਂ-ਪੁੱਤਰ ਲੜ ਕੇ ਉੱਠ ਖਲੋਂਦੇ।

ਕੱਲਿਆਂ ਤੋਂ ਕੰਮ ਨਾ ਸੰਭਲਦਾ ਹੋਣ ਕਰ ਕੇ ਛੋਟੇ ਨੂੰ ਪਿਤਾ ਜੀ ਹਰ ਦੂਜੇ ਦਿਨ ਘਰ ਰਹਿਣ ਲਈ ਆਖ ਦਿੰਦੇ। ਕਦੀ ਕਾਮਾ ਭੱਜ ਜਾਣ ਕਰ ਕੇ ਪੱਠੇ ਵੱਢਣੇ ਹੁੰਦੇ, ਕਦੀ ਕਿਸੇ ਜਾਅ ਲਈ ਸ਼ਹਿਰੋਂ ਦੁਆਈ ਲਿਆਉਣੀ ਹੁੰਦੀ। ਦੂਜੇ ਦਿਨ ਸਕੂਲ ਜਾਂਦਾ ਤਾਂ ਮਾਸਟਰ ਝਿੜਕਦਾ। ਅਖ਼ੀਰ ਪਿਤਾ ਜੀ ਨੇ ਉਹਨੂੰ ਵੀ ਆਪਣੇ ਨਾਲ ਵਾਹੀ ਵਿੱਚ ਜੋਅ ਲਿਆ ਸੀ। ਟਰੈਕਟਰ ਆਉਣ 'ਤੇ ਦੋ ਜੋਗਾਂ ਵੇਚ ਦਿੱਤੀਆਂ ਗਈਆਂ ਸਨ। ਭਰਾ ਤਾਂ ਦੂਜੀਆਂ ਵੀ ਦੋਵੇਂ ਜੋਗਾਂ ਵੇਚ ਦੇਣਾ ਚਾਹੁੰਦਾ ਸੀ, ਪਰ ਪਿਤਾ ਜੀ ਦਾ ਕਹਿਣਾ ਸੀ ਕਿ ਮਸ਼ੀਨਰੀ ਤਾਂ ਕਿਸੇ ਵੇਲੇ ਵੀ ਖਲੋ ਸਕਦੀ ਏ। ਪਰ ਵਿਹਲੇ ਢੱਗਿਆਂ ਨੂੰ ਪੱਠੇ ਪਾਉਣੇ ਭਰਾ ਨੂੰ ਹੁਣ ਡਾਢੇ ਚੁਭਦੇ। ਭਰਾ ਆਖਦਾ, ਕੱਟੀਆਂ ਸਾਰੀਆਂ ਮਗਰੋਂ ਲਾਹ ਦਿੱਤੀਆਂ ਜਾਣ। ਪਿਤਾ ਜੀ ਆਖਦੇ, ਹੁਣ ਇਹਨਾਂ ਦਾ ਵੱਟਿਆ ਕੁਝ ਨਹੀਂ ਜਾਣਾ। ਭਰਾ ਆਖਦਾ, ਜਦੋਂ ਤਕ ਇਹਨਾਂ ਸੂਣਾ ਏਂ, ਆਪਣੀ ਕੀਮਤ ਤੋਂ ਵੀ ਵੱਧ ਖਾ ਜਾਣਾ ਏਂ। ਘਰ ਵਿੱਚ ਪ੍ਰਤੱਖ ਹੁਣ ਦੋ ਗਰੁੱਪ ਬਣ ਗਏ ਸਨ। ਕਲ੍ਹਾ ਰਹਿਣ ਲੱਗ ਗਈ ਸੀ।

ਪਿਤਾ ਜੀ ਕਿਸੇ ਵਿਆਹ ਗਏ ਹੋਏ ਸਨ। ਪਿੱਛੋਂ ਮੰਡੀ ਲੱਗੀ ਤਾਂ ਦੋ ਲਿਆਰੀਆਂ ਰੱਖ ਭਰਾ ਨੇ ਸਾਰਾ ਮਾਲ ਮੰਡੀ ਭੇਜ ਦਿੱਤਾ ਸੀ। ਪਿਤਾ ਜੀ ਦੇ ਆਉਂਦਿਆਂ ਨੂੰ ਸਭ ਖੁਰਲੀਆਂ ਖ਼ਾਲੀ ਹੋਈਆਂ ਪਈਆਂ ਸਨ। ਇਕ ਵਾਰ ਤਾਂ ਉਹਨਾਂ ਦਾ ਮੂੰਹ ਅੱਡੇ ਦਾ ਅੱਡਿਆ ਰਹਿ ਗਿਆ ਸੀ। ਕੁਝ ਦੇਰ ਤਾਂ ਉਹ ਬੋਲ ਹੀ ਨਹੀਂ ਸਨ ਸਕੇ। ਹਉਕਾ ਜਿਹਾ ਭਰਦੇ ਸਿਰ ਸੁੱਟੀ ਮੰਜੀ ਉੱਤੇ ਢਹਿ ਜਿਹੇ ਪਏ ਸਨ।

ਤੂੰ ਮੇਰੇ ਨਾਲ ਸਲਾਹ ਤਾਂ ਕਰ ਲੈਂਦੋਂ। ਰਾਤੀਂ ਪੁੱਤਰ ਨੂੰ ਕੋਲ ਸੱਦਦਿਆਂ ਉਹਨਾਂ ਹੌਲੀ ਜਿਹੇ ਕਿਹਾ। ਭਰਾ ਨੇ ਚੁੱਪ ਰਹਿਣਾ ਚੰਗਾ ਸਮਝਿਆ। ਕਈ ਦਿਨ ਉਹ ਸੁੰਨਮੁੰਨ ਰਹੇ। ਉਹ ਖ਼ਾਲੀ ਖੁਰਲੀਆਂ ਕੋਲ ਜਾ ਕੇ ਖਲੋ ਜਾਂਦੇ। ਕਿੰਨੀ-ਕਿੰਨੀ ਦੇਰ ਕੁਝ ਸੋਚਦੇ ਹੋਏ ਖਲੋਤੇ ਰਹਿੰਦੇ। ਉਹਨਾਂ ਨੂੰ ਜਾਪਦਾ ਜਿਵੇਂ ਉਹਨਾਂ ਦੇ ਜੀਵਨ ਦਾ ਮਕਸਦ ਖ਼ਤਮ ਹੋ ਗਿਆ ਹੋਵੇ।

.....ਖੁਰਲੀਆਂ ਖ਼ਾਲੀ....ਮੱਤ ਮਾਰੀ ਗਈ ਏਸ ਮੁੰਡੇ ਦੀ...., ਮੰਜੀ ਉੱਤੇ ਪਏ ਉਹ ਆਪਣੇ ਆਪ ਨਾਲ ਬੜਬੜਾਈ ਜਾਂਦੇ। ਕਈ ਵਾਰ ਰਾਤ ਨੂੰ ਲੰਮੇ-ਲੰਮੇ ਹਉਕੇ ਭਰਦੇ, ਜਾਗ ਕੇ ਬੈਠ ਜਾਂਦੇ।

ਗੁਰਦੁਆਰੇ ਕਿਉਂ ਨਹੀਂ ਜਾਂਦੇ ਤੁਸੀਂ? ਭਰਾ ਉਹਨਾਂ ਨੂੰ ਹਿੱਕ-ਹਕਾ ਕੇ ਗੁਰਦੁਆਰੇ ਭੇਜਦਾ। ਉਹ ਅੱਧ ਵਿਚੋਂ ਹੀ ਮੁੜ ਆਉਂਦੇ। ਘਰ ਕੋਈ ਰਿਸ਼ਤੇਦਾਰ ਆਉਂਦਾ ਤਾਂ ਉਹ ਮੱਝਾਂ, ਝੋਟੀਆਂ ਅਤੇ ਕੱਟੀਆਂ ਦੀਆਂ ਗੱਲਾਂ ਲੈ ਬੈਠਦੇ। ਇਕਇਕ ਮੱਝ ਦੀਆਂ ਖ਼ਸਲਤਾਂ ਗਿਣਾਈ ਜਾਂਦੇ-ਕਿਹੜੀ ਕਿੰਨੀ ਘਿਆਲ ਸੀ ਤੇ ਕਿਹੜੀ ਕਿੰਨੀ ਦੁੱਧਲ, ਕਿਹੜੀ ਹਰ-ਵਰ੍ਹਿਆਈ ਸੀ ਤੇ ਕਿਹੜੀ ਮਰੇ ਹੋਏ ਜਾਅ ਤੋਂ ਵੀ ਥਾਪੀ ਦਿੱਤਿਆਂ ਮਿਲ ਪੈਂਦੀ ਸੀ। ਇਹ ਸਭ ਦੱਸਦਿਆਂ ਹੋਇਆਂ ਉਹ ਪੂਰੇ ਵੇਗ ਵਿੱਚ ਹੁੰਦੇ। ਅਗਲੇ ਨੂੰ ਬਾਹੋਂ ਫੜੀ ਘੜੀਸਦੇ ਜਿਹੇ ਖਾਲੀ ਖੁਰਲੀਆਂ ਕੋਲ ਲੈ ਜਾਂਦੇ।

ਕੋਈ ਅਕਲ ਏ ਏਸ ਮੁੰਡੇ ਦੀ, ਖੁਰਲੀਆਂ ਖ਼ਾਲੀ ਕਰ ਦਿੱਤੀਆਂ ਸੂ, ਕੌਡੀਆਂ ਦੇ ਭਾਅ ਮਾਲ ਮਗਰੋਂ ਲਾਹ ਦਿੱਤਾ ਸੂ।

ਰਿਸ਼ਤੇਦਾਰ ਸਮਝਾਉਂਦੇ ਕਿ ਸਮੇਂ ਦੀ ਚਾਲ ਹੀ ਅਜਿਹੀ ਏ। ਉਹਨਾਂ ਨੂੰ ਵੀ ਸਮਝ ਜਾਣਾ ਚਾਹੀਦਾ ਏ। ਪਰ ਪਿਤਾ ਜੀ ਉਲਟਾ ਉਹਨਾਂ ਦੇ ਗਲ ਪੈ ਜਾਂਦੇ।ਹੁਣ ਦੋਹਾਂ ਮੱਝਾਂ, ਕੱਟੀ ਅਤੇ ਜੋਗਾਂ ਲਈ ਪੱਠੇ ਰੱਜਵੇਂ ਹੁੰਦੇ। ਪਰ ਭਰਾ ਦੇ ਕਿਤੇ ਵਾਂਢੇ ਜਾਣ ਮਗਰੋਂ ਪਿਤਾ ਜੀ ਦੋਵੇਂ ਮੱਝਾਂ ਅਤੇ ਕੱਟੀ ਛੱਡ ਕੇ ਵੱਟਾਂ ਉੱਤੇ ਲਈ ਫਿਰਦੇ। ਮੱਝਾਂ ਬੀਜੀਆਂ ਹੋਈਆਂ ਪੈਲ਼ੀਆਂ ਵਿੱਚ ਵੜ ਜਾਂਦੀਆਂ। ਵਡੇਰੇ ਹੋਣ ਕਰ ਕੇ ਉਹ ਹੁਣ ਉਹਨਾਂ ਦੇ ਮਗਰ ਨਾ ਦੌੜ ਸਕਦੇ। ਅੱਗੇ-ਅੱਗੇ ਦੋਵੇਂ ਮੱਝਾਂ ਅਤੇ ਮਗਰ ਕੱਟੀ ਭੱਜ ਪੈਂਦੀ। ਰੋਕੋ ਓਏ, ਡੱਕੋ ਓਇ... ਓਏ ਪੱਪੂ, ਓਏ ਬੰਟੀ...ਓਏ ਤਾਰਿਆ, ਓਏ ਗੋਬਿਆ..., ਉਹ ਆਪਣੇ ਪੋਤਰਿਆਂ ਅਤੇ ਨੌਕਰਾਂ ਨੂੰ ਆਵਾਜ਼ਾਂ ਮਾਰ-ਮਾਰ ਹਫ਼ ਜਾਂਦੇ। ਮੁੰਡੇ ਵੀ ਅੱਗੋਂ ਓਨਾ ਹੀ ਚੀਕਦੇ। ਨੌਕਰ ਉਂਜ ਬੁੜ-ਬੁੜ ਕਰਦੇ ਫਿਰਦੇ। ਬਾਪੂ ਜੀ ਮੁੰਡਿਆਂ ਨੂੰ, ਨੌਕਰਾਂ ਨੂੰ ਗਾਲ੍ਹੀਂ ਉਤਰ ਆਉਂਦੇ। ਭਰਾ ਘਰ ਆਉਂਦਾ ਤਾਂ ਨੂੰਹ ਅਤੇ ਪੋਤਰੇ ਪਿਤਾ ਜੀ ਦੇ ਖਿਲਾਫ਼ ਉਹਦੇ ਕੰਨ ਭਰਦੇ। ਲੜਾਈ ਹੋ ਜਾਂਦੀ। ਉੱਚੇ-ਨੀਵੇਂ ਸ਼ਬਦ ਬੋਲੇ ਜਾਂਦੇ। ਪਿਤਾ ਜੀ ਨਰਾਜ਼ ਹੋ ਕੇ ਤੁਰ ਪੈਂਦੇ।

ਦੋਹਾਂ ਮੱਝਾਂ ਦੇ ਦੁੱਧੋਂ ਭੱਜ ਜਾਣ ਮਗਰੋਂ ਪਿਤਾ ਜੀ ਨੂੰ ਹਸਪਤਾਲ ਘੱਲ ਭਰਾ ਦੋਵੇਂ ਮੱਝਾਂ ਮੰਡੀ ਲੈ ਗਿਆ। ਪਿਤਾ ਜੀ ਦੇ ਵਾਪਸ ਆਉਣ ਉੱਤੇ ਘਰ ਵਿੱਚ ਬਹੁਤ ਹੰਗਾਮਾ ਮੱਚਿਆ। ਨੰਗੇ ਪੈਰੀਂ ਪਿਤਾ ਜੀ ਭਾਖੜਾ ਨਹਿਰ ਵੱਲ ਨੂੰ ਭੱਜ ਉੱਠੇ। ਬੜੀ ਮੁਸ਼ਕਲ ਨਾਲ ਖਿੱਚ-ਧਰੂਹ ਕੇ ਉਹਨਾਂ ਨੂੰ ਵਾਪਸ ਲਿਆਂਦਾ ਗਿਆ...।

ਭਰਾ ਜਲਦੀ ਦੋ ਦੋਗਲੀਆਂ ਗਾਈਆਂ ਲੈ ਆਇਆ ਸੀ। ਵੀਹ-ਵੀਹ ਕਿੱਲੋ ਪੱਕੇ ਦੁੱਧ ਦੇਣ ਵਾਲੀਆਂ ਗਾਈਆਂ। ਦੋਹਾਂ ਮਗਰ ਸਜਾਈਆਂ ਵੱਛੀਆਂ। ਪਰ ਪਿਤਾ ਜੀ ਨੂੰ ਉਹ ਵੱਛੀਆਂ ਚੰਗੀਆਂ ਨਾ ਲੱਗੀਆਂ। ਸਾਰਾ ਟੱਬਰ, ਸਣੇ ਕਾਮਿਆਂ, ਉਹਨਾਂ ਦੀ ਸੇਵਾ ਵਿੱਚ ਰੁੱਝਿਆ ਰਹਿੰਦਾ। ਆਂਢੀ-ਗੁਆਂਢੀ ਫ਼ਾਰਮਾਂ ਵਾਲੇ ਵੇਖਣ ਆਉਂਦੇ। ਭਰਾ ਉਹਨਾਂ ਦੀਆਂ ਸਿਫ਼ਤਾਂ ਕਰਦਾ ਨਾ ਰੱਜਦਾ। ਪਰ ਪਿਤਾ ਜੀ ਮਸੋਸੇ ਜਿਹੇ ਚੁੱਪ-ਚਾਪ ਉਹਨਾਂ ਵੱਲ ਵਿੰਹਦੇ ਰਹਿੰਦੇ।

ਰਾਤ ਨੂੰ ਪੋਤਰੇ ਦੁੱਧ ਲੈ ਕੇ ਜਾਂਦੇ ਤਾਂ ਬਹਾਨਾ ਬਣਾਅ ਕੇ ਮੋੜ ਦਿੰਦੇ। ਅਖੇ, ਗਾਈਂ ਦਾ ਦੁੱਧ ਵੀ ਕੋਈ ਪੀਣ ਲਾਇਕ ਹੁੰਦਾ ਏ?

ਬੱਸ ਕਦੀ-ਕਦੀ ਮੁਹਰਾ ਨਸਲ ਦੀ ਇਕੋ-ਇਕ ਬਚੀ-ਬਚਾਈ ਕੱਟੀ ਦੀ ਖੁਰਲੀ ਕੋਲ ਜਾ ਖਲੋਂਦੇ। ਆਪ ਟੋਕਰੀ ਪੱਠਿਆਂ ਦੀ ਭਰ ਉਹਦੀ ਖੁਰਲੀ ਵਿੱਚ ਲੱਦ ਆਉਂਦੇ। ਉਹਦੇ ਮੱਥੇ ਉੱਤੇ, ਕੰਡ ਉੱਤੇ ਹੱਥ ਫੇਰਦੇ ਰਹਿੰਦੇ।

ਪਿਤਾ ਜੀ ਰਾਤ ਨੂੰ ਅਡੋਲ ਉੱਠਦੇ। ਆਲੇ-ਦੁਆਲੇ ਵੇਖਦੇ। ਕੋਈ ਜਾਗਦਾ ਨਾ ਹੁੰਦਾ। ਅਡੋਲ ਕੱਟੀ ਦਾ ਰੱਸਾ ਜਾ ਖੋਲ੍ਹਦੇ। ਹਨੇਰੇ ਵਿੱਚ ਉਹਦੀਆਂ ਅੱਖਾਂ ਲਿਸ਼ਕ ਉੱਠਦੀਆਂ। ਸਹਿਜੇ-ਸਹਿਜੇ ਉਹ ਬੈਂਗਨਾਂ ਜਾਂ ਮਿਰਚਾਂ ਦੀ ਪਨੀਰੀ ਵਿੱਚ ਜਾ ਵੜਦੀ। ਪਨੀਰੀ ਗੋਭੀ ਜਾਂ ਨਵੀ ਕਿਸਮ ਦੇ ਟਮਾਟਰਾਂ ਦੇ ਮਹਿੰਗੇ ਬੀਅ ਦੀ ਵੀ ਹੋ ਸਕਦੀ ਸੀ। ਸਵੇਰ ਤਕ ਰੱਜ-ਪੁੱਜ ਕੇ ਫਿੰਡ ਬਣੀ ਉਹ ਖਰਾਮਾਂ-ਖਰਾਮਾਂ ਚਲਦੀ ਘਰ ਨੂੰ ਆ ਰਹੀ ਹੁੰਦੀ।

ਹਾਇਆ, ਇਹਨੂੰ ਰਾਤ ਕਿਸ ਖੋਲ੍ਹਿਆ ਏ? ਸਾਡੀ ਸਾਰੀ ਪਨੀਰੀ ਉਜਾੜ ਦਿੱਤੀ ਏ ਇਹਨੇ, ਚਾਚਾ ਜੀ ਸੜਕ ਉੱਤੇ ਖਲੋਤੇ ਬਾਹਵਾਂ ਮਾਰ-ਮਾਰ ਪਿਤਾ ਜੀ ਨੂੰ ਉਲ੍ਹਾਮੇ ਦੇ ਰਹੇ ਹੁੰਦੇ।

ਇਹ ਨਹੀਂ ਮੁੜਦੇ ਜਿੰਨਾ ਚਿਰ ਲੱਥੀ-ਲਹਾਈ ਨਾ ਕਰਵਾ ਲੈਣ, ਅੰਦਰ ਕਮਰੇ ਵਿੱਚ ਭਰਾ ਬੁੜ-ਬੁੜ ਕਰ ਰਿਹਾ ਹੁੰਦਾ।

ਕਿਸੇ ਦੀ ਵੀ ਕਿਸੇ ਗੱਲ ਦੀ ਪਰਵਾਹ ਨਾ ਕਰਦੇ ਹੋਏ ਪਿਤਾ ਜੀ ਕੇਵਲ ਰੱਜੀ ਹੋਈ ਕੱਟੀ ਦੀਆਂ ਭਰੀਆਂ ਹੋਈਆਂ ਕੁੱਖਾਂ ਵੱਲ ਵੇਖ ਰਹੇ ਹੁੰਦੇ। ਉਹਦੀਆਂ ਸੰਤੁਸ਼ਟ ਚਮਕਦੀਆਂ ਹੋਈਆਂ ਅੱਖਾਂ ਵੱਲ ਵੇਖਦਿਆਂ ਇਕ ਨਿੱਕੀ-ਨਿੱਕੀ ਸ਼ਰਾਰਤੀ ਜਿਹੀ ਮੁਸਕਾਨ ਉਹਨਾਂ ਦੇ ਮੂੰਹ ਉੱਤੇ ਫੈਲ ਜਾਂਦੀ ਅਤੇ ਇਕ ਅਜੀਬ ਜਿਹੀ ਚਮਕ ਉਹਨਾਂ ਦੀਆਂ ਅੱਖਾਂ ਵਿੱਚ ਭਰ ਜਾਂਦੀ।

# ਮੇਰੀ ਕਲਮ

## ਪਾਣੀ ਦੀ ਬੋਤਲ ਮੁੱਲ ਦੀ

ਸਰੂਪ ਚੰਦ ਹਰੀਗੜ੍ਹ

ਸਤਲੁਜ ਬਿਆਸ ਝਨਾਂ ਤੇ ਰਾਵੀ ਜਿਹਲਮ ਇੱਥੋਂ ਲੰਘੇ,
ਚਹੁੰ ਪਾਸੇ ਤੋਂ ਨੂਰ ਬਰਸਦਾ ਦਿਨ ਬੜੇ ਸੀ ਚੰਗੇ,
ਦੇਖ ਦੇਖ ਵਰਤਾਰਾ ਅੱਜ ਦਾ ਰੋਂਦੀ ਕੁਦਰਤ ਰਾਣੀ,
ਪੰਜ ਆਬਾਂ ਦੀ ਧਰਤੀ ਵਿਕਦਾ ਬੋਤਲ ਦੇ ਵਿੱਚ ਪਾਣੀ।
ਫੈਂਟਾ ਕੈਂਪਾ ਕੋਕਾ ਕੋਲਾ, ਕੈਮੀਕਲ ਨੇ ਸੋਡੇ,
ਆਰ.ਓ. ਤੱਤ ਜ਼ਰੂਰੀ ਖਾ ਗਿਆ, ਫੋਕੜ ਕੋਲੇ ਥੋਡੇ,
ਜ਼ਹਿਰੀ ਕਰਤਾ ਹੈ ਉਹ ਅੰਮ੍ਰਿਤ, ਪਿਤਾ ਕਿਹਾ ਗੁਰਬਾਣੀ,
ਪੰਜ ਆਬਾਂ ਦੀ ਧਰਤੀ ਵਿਕਦਾ ਬੋਤਲ ਦੇ ਵਿੱਚ ਪਾਣੀ।
ਮਾਂ ਬੋਲੀ ਦੀ ਚੁੰਨੀ ਲਾਹ ’ਤੀ ਇਨ੍ਹਾਂ ਕਾਫ਼ਰ ਲੋਕਾਂ,
ਸੋਨ ਚਿੜੀ ਦਾ ਖ਼ੂਨ ਚੂਸਿਆ ਖ਼ੂਨ ਪੀਣੀਆਂ ਜੋਕਾਂ,
ਨਫ਼ਰਤ ਵਾਲਾ ਬੀਜ ਬੀਜਕੇ ਮੌਜ ਇਨ੍ਹਾਂ ਨੇ ਮਾਣੀ,
ਪੰਜ ਆਬਾਂ ਦੀ ਧਰਤੀ ਵਿਕਦਾ ਬੋਤਲ ਦੇ ਵਿੱਚ ਪਾਣੀ।
ਇੱਕ ਦੂਜੇ ਤੋਂ ਅੱਗੇ ਲੰਘਣਾ, ਹਰ ਇੱਕ ਨੂੰ ਹੈ ਕਾਹਲੀ,
ਜ਼ਹਿਰਾਂ ਪਾਕੇ ਜ਼ਹਿਰੀ ਕਰਤੀ ਧਰਤੀ ਭਾਗਾਂ ਵਾਲੀ,
ਸ਼ੋਹਰਤ ਪਿੱਛੇ ਲੱਗਕੇ ਬੰਦਾ ਭੁੱਲ ਗਿਆ ਰੀਤ ਪੁਰਾਣੀ,
ਪੰਜ ਆਬਾਂ ਦੀ ਧਰਤੀ ਵਿਕਦਾ ਬੋਤਲ ਦੇ ਵਿੱਚ ਪਾਣੀ।
ਜੰਕ ਫੂਡ ਪ੍ਰਧਾਨ ਹੋ ਗਿਆ ਭੁੱਲ ਗਏ ਲੱਸੀ ਮਖਣੀ,
ਅੱਜ ਦੀ ਪੀੜ੍ਹੀ ਨਹੀਂ ਜਾਣਦੀ ਚਿੱਬੜਾਂ ਵਾਲੀ ਚਟਣੀ,
ਕੀਹਦੀ ਨਜ਼ਰ ਸਰੂਪ ਹੈ ਪੈ ਗਈ ਉਲਝੀ ਜਾਪੇ ਤਾਣੀ,
ਪੰਜ ਆਬਾਂ ਦੀ ਧਰਤੀ ਵਿਕਦਾ ਬੋਤਲ ਦੇ ਵਿੱਚ ਪਾਣੀ।

## ਕੋਈ

ਬਲਵਿੰਦਰ ਬਾਲਮ ਗੁਰਦਾਸਪੁਰ

ਲੱਖ ਅਰਮਾਨ ਸੌਂਪ ਕੇ ਦਿਲ ਨੂੰ,
ਉਜੜੀ ਬਸਤੀ ਵਸਾ ਗਿਆ ਕੋਈ।
ਆਪਣੇ ਜੁਨੂੰ ਦਾ ਪਾ ਕੇ ਪਰਦਾ,
ਐਬ ਮੇਰੇ ਛੁਪਾ ਗਿਆ ਕੋਈ।
ਨੂਰ ਅੱਖਾਂ ਦਾ ਲੈ ਗਿਆ ਸਾਰਾ,
ਜਦ ਤੋਂ ਅੱਖਾਂ ਵਿਖਾ ਗਿਆ ਕੋਈ।
ਇੱਕ ਬਾਲਮ ਨਾਲ ਦੋਸਤੀ ਕਰਕੇ,
ਲੱਖ ਦੁਸ਼ਮਣ ਬਣਾ ਗਿਆ ਕੋਈ।
* * *

## ਦਿਲ ਤੋੜ ਕੇ ਛੋੜ ਗਿਆ ਮੈਨੂੰ...

-ਸੁਰਿੰਦਰ ‘ਮਾਣੂੰਕੇ ਗਿੱਲ’।

ਦਿਲ ਤੋੜ ਕੇ ਛੋੜ ਗਿਆ ਮੈਨੂੰ,
ਜਿਉਂਦੇ ਜੀਅ ਹੀ ਰੋੜ੍ਹ ਗਿਆ ਮੈਨੂੰ।
ਆਸ ਬੜੀ ਸੀ ਤੇਰੇ ਉਤੇ,
ਆਸਾਂ ਨੂੰ ਨਾ ਬੂਰ ਪਿਆ,
ਭੱਠੀ ਵਾਲੀ ਬਣ ਤੂੰ ਭੁੰਨਿਆ,
ਉਮਰ ਦਾ ਪਿੱਛੇ ਪੂਰ ਪਿਆ,
ਦਾਨਿਆਂ ਦੇ ਵਿਚ ਦਾਤੀ ਬਣ ਕੇ,
ਪਲਟ-ਪਲਟ ਕੇ ਮੋੜ ਗਿਆ ਮੈਨੂੰ,
ਦਿਲ ਤੋੜ ਕੇ ਛੋੜ ਗਿਆ ਮੈਨੂੰ,
ਜਿਉਂਦੇ ਜੀਅ ਹੀ ਰੋੜ੍ਹ ਗਿਆ ਮੈਨੂੰ।
ਕੀ ਮਿਲਿਆ ਵੇ ਧੋਖੇਬਾਜ਼ਾਂ,
ਪਹਿਲ ਕਾਹਤੋਂ ਤੂੰ ਕਰਨੀ ਸੀ,
ਹੱਸ-ਹੱਸ ਲਾ ਕੇ ਮੋੜਿਆ ਮੁੱਖ ਨੂੰ,
ਤੇਰੀ ਕੀਤੀ ਵੇ ਮੈਂ ਭਰਨੀ ਸੀ,
ਤੇਰੇ ਦੁੱਖ ਵੇ ਬਣ ਗਏ ਅੱਖ਼ਰ,
ਕਵਿਤਾਵਾਂ ਨਾਲ ਤੂੰ ਜੋੜ ਗਿਆ ਮੈਨੂੰ,
ਦਿਲ ਤੋੜ ਕੇ ਛੋੜ ਗਿਆ ਮੈਨੂੰ,
ਜਿਉਂਦੇ ਜੀਅ ਹੀ ਰੋੜ੍ਹ ਗਿਆ ਮੈਨੂੰ।
ਜਿਹੜੇ ਕਰਦੇ ਉਹੀ ਭਰਦੇ,
ਵਿਚ ਕਿਤਾਬਾਂ ਲਿਖਿਆ ਵੇ,
ਸ਼ੁਕਰ ਕਰਾਂ ਮੈਂ ਫਿਰ ਵੀ ਤੇਰਾ,
ਤੈਥੋਂ ਬਹੁਤ ਕੁੱਝ ਸਿਖਿਆ ਵੇ,
ਉਥੇ ਹੀ ਮੈਨੂੰ ਮੁਰਸ਼ਦ ਮਿਲਿਆ,
ਜਿਥੇ ਤੂੰ ਛੋੜ ਗਿਆ ਮੈਨੂੰ,
ਦਿਲ ਤੋੜ ਕੇ ਤੋੜ ਗਿਆ ਮੈਨੂੰ,
ਜਿਉਂਦੇ ਜੀਅ ਹੀ ਰੋੜ੍ਹ ਗਿਆ ਮੈਨੂੰ।
‘ਸੁਰਿੰਦਰ’ ਵੇ ਤੂੰ ਉਦਾਸ ਹੋਈ ਨਾ,
ਉਦਾਸਿਆਂ ਦਾ ਕੋਈ ਯਾਰ ਨਹੀਂ,
ਰੱਬ ਬਣ ਕੇ ਇਥੇ ਕੋਈ ਨਹੀਂ ਮਿਲਦਾ,
ਰੱਬ ਜਿਹਾ ਕੋਈ ਪਿਆਰ ਨਹੀਂ,
ਤੇਰੇ ਕਰ ਕੇ ਰੱਬ ਵੇ ਮਿਲਿਆ,
ਦੇ ਖ਼ੁਸ਼ੀਆਂ ਲੱਖ ਕਰੋੜ ਗਿਆ ਮੈਨੂੰ,
ਦਿਲ ਤੋੜ ਕੇ ਛੋੜ ਗਿਆ ਮੈਨੂੰ,
ਜਿਉਂਦੇ ਜੀਅ ਹੀ ਰੋੜ੍ਹ ਗਿਆ ਮੈਨੂੰ।

## .ਗਜ਼ਲ

ਬਲਵਿੰਦਰ ਬਾਲਮ

ਆਪੇ ਰੁਸਦੇ ਆਪੇ ਮੰਨਦੇ ਆਪੇ ਦੇਣ ਦਿਲਾਸੇ।
ਕਿੰਨਾ ਕੁ ਚਿਰ ਰਹਿ ਸਕਦੇ ਨੇ ਪਾਣੀ ਵਿੱਚ ਪਤਾਸੇ।
ਲੱਖਾਂ ਹੀ ਸਤਰੰਗੀਆਂ ਪੀਂਘਾਂ ਅੰਬਰ ਦੇ ਵਿੱਚ ਪਈਆਂ,
ਨਿੱਕੀ ਨਿੱਕੀ ਬਾਰਿਸ਼ ਦੇ ਵਿੱਚ ਘੁਲ ਗਏ ਤੇਰੇ ਹਾਸੇ।
ਮੰਗਣ ਦੀ ਮਰਿਆਦਾ ਦਾ ਵੀ ਨਿਯਮ ਬਣਾ ਕੇ ਰੱਖੀਂ,
ਉਧਾਰ ਕਿਸੇ ਤੋਂ ਮੰਗੀਦੇ ਨਈਂ ਟੁੱਟੇ ਹੋਏ ਕਾਸੇ।
ਉਸ ਦੇ ਚੱਜ ਆਚਾਰ ’ਚ ਚੜ੍ਹਦੇ ਸੂਰਜ ਚੰਨ ਸਿਤਾਰੇ,
ਜਿਹੜਾ ਬੰਦਾ ਸੱਚੇ ਦਿਲ ਤੋਂ ਖੜ੍ਹ ਜਾਂਦਾ ਇੱਕ ਪਾਸੇ।
ਮੁੰਦਰੀ ਦੇ ਨਗ ਵਾਂਗੂੰ ਸਾਡੇ ਕੋਲ ਕਦੀ ਸੀ ਰਹਿੰਦਾ,
ਕਿੱਥੇ ਅੱਜਕੱਲ੍ਹ ਰਹਿੰਦਾ ਏਂ ਤੂੰ ਕਿੱਥੇ ਤੇਰੇ ਵਾਸੇ।
ਰਿਸ਼ਤੇਦਾਰੀ ਸੱਜਣਤਾਈ ਸੁਖ ਵਿੱਚ ਸਾਥ ਨਿਭਾਉਂਦੇ,
ਅਪਣੇ ਘਰ ਦੇ ਜੀਆਂ ਬਾਝੋਂ ਦਿੰਦਾ ਕੌਣ ਦਿਲਾਸੇ।
ਖਵਰੇ ਕਿੱਥੇ ਜਾ ਬੈਠਾ ਏਂ ਡੁੱਬੇ ਸੂਰਜ ਵਾਂਗੂੰ,
ਦੀਦ ਤਿਰੀ ਲਈ ਇਕ ਮੁੱਦਤ ਤੋਂ ਸਾਡੇ ਨੈਣ ਪਿਆਸੇ।
ਮਾਰੂਥਲ ਦੀ ਨੀਅਤ ਦੇ ਵਿੱਚ ਕੋਈ ਨਾ ਹੋਈ ਤਬਦੀਲੀ,
ਸ਼ਾਇਦ ਕੋਈ ਫੁੱਲ ਖਿੜ ਜਾਏ ਲਾਏ ਰੋਜ਼ ਕਿਆਸੇ।
ਮਾਝੀ ਨਾਲੋਂ ਕਿਧਰੇ ਚੰਗੇ ਸਾਹਿਲ ਤੱਕ ਪਹੁੰਚਾਇਆ,
ਬੇੜੀ ਆਪਾਂ ਠੇਲੀ ਸੀ ਤੂਫ਼ਾਨਾਂ ਦੇ ਭਰਵਾਸੇ।
ਜਦ ਵੀ ਪੱਤੇ ਸੁੱਕੇ ਇਨ੍ਹਾਂ ਪਾਸਾ ਝੱਟ ਵੱਟ ਲੈਣਾ,
ਠੰਢੀਆਂ ਛਾਵਾਂ ਦੇ ਤੂੰ ਕਿਧਰੇ ਆ ਨਾ ਜਾਵੀਂ ਝਾਸੇ।
ਸੁਣਿਆ ਹੈ ਅੱਜ ਬਾਰਿਸ਼ ਦੇ ਵਿੱਚ ਰਸਦਾਰ ਮਸਾਲੇ ਡਿਗਣੇਂ,
ਬਾਰਿਸ਼ ਨਾ ਆਵਣ ਦੇ ‘ਬਾਲਮ’ ਝੂਠੇ ਹੋਣ ਖੁਲਾਸੇ।

## .ਗਜ਼ਲ

ਜਗਤਾਰ ਪੱਖੋ

ਵਿੱਚ ਸਮੁੰਦਰ ਯਾਰ, ਪਿਆਸਾ ਮੋਇਆ ਹਾਂ।
ਮੈਂ ਪਾਣੀ ਪਥਰਾ ਕੇ, ਪੱਥਰ ਹੋਇਆ ਹਾਂ।
ਮਿੱਟੀ ਹੋਣਾ, ਹਰ ਮਿੱਟੀ ਦੀ ਖ਼ਸਲਤ ਹੈ,
ਜਾਣਦਿਆਂ ਸਭ ਫਿਰ ਵੀ, ਭੁੱਬੀਂ ਰੋਇਆ ਹਾਂ।
ਪੁੰਗਰਨਾ ਕੀ, ਦਮ ਘੁੱਟ ਕੇ ਹੀ ਮਿਟ ਜਾਣਾ,
ਮੈਂ ਗੁਰਬਤ ਵਿੱਚ ਐਨਾ, ਡੂੰਘਾ ਬੋਇਆ ਹਾਂ।
ਜੋ ਮਾਨਵ ਦਾ, ਮਾਰਗ ਦਰਸ਼ਨ ਕਰਦੇ ਨੇ,
ਮੈਂ ਉਨ੍ਹਾਂ ਰਾਹਾਂ ਦੇ, ਅੰਦਰ ਖੋਇਆ ਹਾਂ।
ਭ੍ਰਮਣ ਕਰ ਕਰ, ਮੰਜ਼ਿਲ ਪਾਈ ਪੱਖੋ ਨੇ,
ਜ਼ੀਰੋ ਬਿੰਦੂ ’ਤੇ, ਮੁੜ ਆਣ ਖਲੋਇਆ ਹਾਂ।

## .ਗਜ਼ਲ

ਰੋਜ਼ੀ ਸਿੰਘ

ਇਮਤਿਹਾਂ ਮੰਨਿਆ ਆਸਾਨ ਵੀ ਏ,
ਮਗਰ ਮੁੱਠੀ ’ਚ ਮੇਰੀ ਜਾਨ ਵੀ ਏ।
ਜੇ ਪੈਰਾਂ ਹੇਠ ਸੜਦੀ ਧਰਤ ਹੈ ਤਾਂ,
ਸਿਰ ਦੇ ਉੱਤੇ ਖੁੱਲ੍ਹਾ ਆਸਮਾਨ ਵੀ ਏ।
ਮੇਰੇ ਸੀਨੇ ’ਚ ਮਹਿਜ਼ ਦਿਲ ਨਹੀਂ ਏ,
ਇਸ ਵਿੱਚ ਸੂਲੀ ਵੀ ਤੇ ਜਾਨ ਵੀ ਏ।
ਮੈਂ ਇੱਕ ਡਾਕੀਆ ਝੋਲੇ ’ਚ ਜਿਸਦੇ,
ਭਰੇ ਹੋਏ ਹੰਝੂ ਤੇ ਮੁਸਕਾਨ ਵੀ ਏ।
ਸਿਰਫ਼ ਇੱਕ ਤੀਰ ਹੀ ਮੁੱਕੇ ਨੇ ਮੇਰੇ,
ਬਾਕੀ ਤਰਕਸ਼ ਅਤੇ ਕਮਾਨ ਵੀ ਏ।
ਚੁਫ਼ੇਰੇ ਰਸਮਾਂ ਦੇ ਪਹਿਰੇ ਹੀ ਨੇ ਬਸ,
ਪਰ੍ਹੇ ਵਲਗਣ ਤੋਂ ਇੱਕ ਜਹਾਨ ਵੀ ਏ।
ਪਤਾ ਨਈਂ ਲੋਕ ਗੂੰਗੇ ਹੋ ਗਏ ਕਿਉਂ,
ਜਦੋਂਕਿ ਮੂੰਹ ਵਿੱਚ ਇੱਕ ਜ਼ੁਬਾਨ ਵੀ ਏ।

## ਕੋਈ-ਕੋਈ ਪਿਉ

ਕੁਲਵਿੰਦਰ ਵਿਰਕ

ਕੋਈ-ਕੋਈ ਪਿਉ
ਵਕਤ ਦੇ ਕੰਡਿਆਂ ਨਾਲ ਖਹਿੰਦਾ
ਉਮਰ ਗਾਲ ਦਿੰਦਾ
ਨਿੱਕੇ ਭੈਣ-ਭਰਾਵਾਂ
ਤੇ ਬੱਚਿਆਂ ਦੀ ਖ਼ਾਤਰ
ਮਿੱਟੀ ਨਾਲ ਮਿੱਟੀ ਹੁੰਦਾ
ਸਭ ਐਸ਼-ਆਰਾਮ
ਤਿਆਗ ਦਿੰਦਾ
ਤੇ ਜਦ
ਮਿਹਨਤਾਂ ਨੂੰ ਪਏ ਬੂਰ
ਪੱਕਣ ਲੱਗਦੇ
ਸੁਖ ਭਰੇ ਦਿਨਾਂ ਵਿੱਚ
ਬੱਚੇ ਵਸਣ ਲੱਗਦੇ
ਤਾਂ ਹੱਥ-ਪੱਲਾ ਝਾੜ
ਸਦਾ ਲਈ ਪਿਉ
ਤੁਰ ਜਾਂਦਾ
ਪੰਜਾਂ ਤੱਤਾਂ ਦਾ ਪੁਤਲਾ
ਪੰਜਾਂ ਤੱਤਾਂ ’ਚ ਘੁਲ ਜਾਂਦਾ
ਖੁਰ ਜਾਂਦਾ
ਕੋਈ-ਕੋਈ ਪਿਉ
ਵਿਧ ਮਾਤਾ ਤੋਂ
ਖੌਰੇ ਕੇਹੇ ਲੇਖ
ਲਿਖਾ ਕੇ ਲਿਆਉਂਦਾ
*****

## ਗਠੜੀ ਸੰਭਾਲ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308



ਗਠੜੀ ਸੰਭਾਲ ਭਾਈ, ਗੁਥਲੀ ਸੰਭਾਲ ਬਈ,
ਲੁੱਟਣ ਨੂੰ ਫਿਰਦੇ ਨੇ, ਤੇਰਾ ਸਾਰਾ ਮਾਲ ਬਈ।
ਕੁੰਡੀ ਚੁੱਕੀ ਫਿਰਦੇ, ਚੌਗਿਰਦੇ ਉਹ ਸਾਰੇ ਤੇਰੇ,
ਹਰ ਦਮ ਲੱਭਦੇ ਨੇ, ਮੌਕਿਆਂ ਦੀ ਭਾਲ ਬਈ।
ਅੱਖ ਮਟਕਾਵੇ ਕੋਈ, ਡੋਰੇ ਵਾਰ ਵਾਰ ਸੁੱਟੇ,
ਚੱਲਣ ਉਹ ਹਰ ਵੇਲੇ, ਵਿੰਗੀ ਟੇਢੀ ਚਾਲ ਬਈ।
ਮੋਮੋਠੱਗ ਹਰ ਵੇਲੇ, ਲੱਭਦੇ ਨੇ ਊਂਧਿਆਂ ਨੂੰ,
ਦਿਨ ਰਾਤ ਉਹ ਨੇ ਸਾਰੇ, ਪਾਂਵਦੇ ਭੁਚਾਲ਼ ਬਈ।
ਚਤਰ ਤੂੰ ਭਾਵੇਂ ਬਣ, ਲੱਖ ’ਤੇ ਕਰੋੜ ਵਾਰੀ,
ਟੱਪਣ ਨਾ ਦੇਣਗੇ, ਤੈਨੂੰ ਕੋਈ ਖਾਲ਼ ਬਈ।
ਈਮੇਲਾਂ, ਟੈਕਸਟਾਂ, ਟਿਕ ਟੌਕ, ਫੇਸ ਬੁੱਕਾਂ,
ਵਟਸਐਪ, ਫ਼ੋਨਾਂ ਉੱਤੇ, ਬੁਣਦੇ ਨੇ ਜਾਲ਼ ਬਈ।
ਮਖੌਟਿਆਂ ਦੇ ਪਿੱਛੇ ਅੱਜ, ਲੁਕੇ ਹੋਏ ਭੇੜੀਏ,
ਪੁੱਠੇ ਸਿੱਧੇ ਪੁੱਛਣਗੇ, ਤੈਨੂੰ ਉਹ ਸਵਾਲ ਬਈ।
ਨਜ਼ਾਰੇ ਸਬਜ਼ ਬਾਗਾਂ ਵਾਲੇ, ਪਰੋਸਣਗੇ ਤੇਰੇ ਅੱਗੇ,
ਖੋਹਣਗੇ ਉਹ ਤੇਰੇ ਹੱਥੋਂ, ਆਖਰੀ ਨਿਵਾਲ ਬਈ।
ਬਚਣ ਦਾ ਤੇਰਾ ਕੋਈ, ਚਾਰਾ ਨਾ ਉਹ ਛੱਡਣਗੇ,
ਰੱਖ ਭਾਵੇਂ ਜਿੰਨਾ ਵੀ ਤੂੰ, ਆਪਣਾ ਖਿਆਲ ਬਈ।
ਮੁੰਨਣਗੇ ਤੈਨੂੰ ਸਾਰੇ, ਚੰਗੀ ਭਾਰੀ ਭੇਡ ਵਾਂਗੂੰ,
ਛੱਡਣਗੇ ਤੇਰੇ ਉੱਤੇ, ਕੋਈ ਨਾ ਉਹ ਵਾਲ ਬਈ।
ਬਚ ਲੈ ਜੇ ਬਚ ਹੁੰਦਾ, ਤੇਰੇ ਕੋਲੋਂ ਮਿੱਤਰਾ ਉਏ,
ਨਹੀਂ ਤੇ ਬਿਤਾਂਵੇਂਗਾ, ਮੰਦੜੇ ਤੂੰ ਹਾਲ ਬਈ।
ਗਠੜੀ ਸੰਭਾਲ ਭਾਈ, ਗੁਥਲੀ ਸੰਭਾਲ ਬਈ,
ਲੁੱਟਣ ਨੂੰ ਫਿਰਦੇ ਨੇ, ਤੇਰਾ ਸਾਰਾ ਮਾਲ ਬਈ।

## ਇੰਦਰ ਧਨੁਸ਼

ਰਣਜੀਤ ਆਜ਼ਾਦ ਕਾਂਝਲਾ



ਕਿਣਮਿਣ ਕਣੀਆਂ ਵਰਖਾ ਹੋਈ।
ਬੱਦਲਾਂ ਦੀ ਨਾਲ ਗੜਗੜ ਹੋਈ।
ਨੀਲੇ ਆਕਾਸ਼ ਵਿੱਚ ਬੱਦਲ ਛਾਏ।
ਸੂਰਜ ਨੇ ਆ ਮੋੜੇ ਪਾਏ।
ਵਿੱਚ ਅਸਮਾਨ ਰੰਗ ਉਘੜੇ।
ਰੰਗ ਬਰੰਗੇ ਕਿੰਨੇ ਹੀ ਗੂੜ੍ਹੇ।
ਸੂਰਜ ਵਲ ਜਦ ਕੀਤੀ ਪਿੱਠ।
ਅੱਖਾਂ ਸਾਹਵੇਂ ਰੰਗਾਂ ਦੀ ਕਿੱਟ।
ਅੱਧ ਚੱਕਰ ਵਿੱਚ ਕਿੰਨੇ ਰੰਗ।
ਦੇਖ ਦੇਖ ਕੇ ਰਹਿ ਗਏ ਦੰਗ।
ਬਾਲਾਂ ਨੇ ਸੀ ਰੌਲਾ ਪਾਇਆ।
ਪੀਂਘ ਵੇਖ ਜੀਅ ਲਲਚਾਇਆ।
ਵਿੱਚ ਬਹਿਮੰਡ ਜਲਕਣ ਲਟਕੇ।
ਜਿਉਂ ਇਨ੍ਹਾਂ ਵਿਚੋਂ ਚਾਨਣ ਟਪਕੇ।
ਸੱਤ ਰੰਗਾਂ ਵਿੱਚ ਰੌਸ਼ਨੀ ਖਿਲਰੇ।
ਰੰਗ-ਪੱਟੀ ਵਿੱਚ ਆ ਕੇ ਮਿਲਗੇ।
ਹਰਾ, ਨੀਲਾ, ਪੀਲਾ, ਲਾਲ, ਬੈਂਗਣੀ।
ਗੂੜ੍ਹਾ ਨੀਲਾ ਵਿੱਚ ਫਬੇ ਜਾਮਣੀ।
ਸੂਰਜ ਨੇ ਜਿਉਂ ਪਿੱਠ ਭੁਆਈ।
ਬੱਚਿਆਂ ਦੀ ਗਈ ਪੀਂਘ ਚੁਰਾਈ।
‘ਅਜ਼ਾਦ’ ਵਰਖਾ ਦੀ ਰੁੱਤ ਨਿਰਾਲੀ।
ਇੰਦਰ ਧਨੁਸ਼ ਉਦੋਂ ਦੇਵੇ ਦਿਖਾਲੀ।



# ਖਿਡਾਰੀਆਂ ਨੂੰ ਨਸ਼ੇ ਤੋਂ ਕਿਵੇਂ ਬਚਾਇਆ ਜਾਵੇ ?

## ਤਾਕਤ ਵਧਾਊ ਦਵਾਈਆਂ ਦੀ ਵਰਤੋਂ ਸਬੰਧੀ ਸੁਚੇਤ ਰਹਿਣ ਖਿਡਾਰੀ

ਡਾ. ਜਸਵਿੰਦਰ ਸਿੰਘ ਬਰਾੜ

ਡੋਪਿੰਗ ਜਾਂ ਡਰੱਗਜ਼ ਦਾ ਇਸਤੇਮਾਲ ਖਿਡਾਰੀ ਪ੍ਰਦਰਸ਼ਨ ਨੂੰ ਵਧਾਉਣ ਲਈ ਕਰਦੇ ਹਨ। ਇਸ ਦੀ ਵਰਤੋਂ ਖੇਡਾਂ ਦੀ ਸ਼ੁਰੂਆਤ ਤੋਂ ਲੈ ਕੇ ਹੀ ਹੋਈ ਹੈ। ਇਤਿਹਾਸ ਤੋਂ ਪਤਾ ਲੱਗਦਾ ਹੈ ਕਿ ਪ੍ਰਾਚੀਨ ਕਾਲ 'ਚ ਖਿਡਾਰੀ ਆਪਣੇ ਆਪ ਨੂੰ ਸਰਵ ਉੱਤਮ ਬਣਾਉਣ ਲਈ ਕਾਫੀ ਸਾਰੇ ਗ਼ੈਰ-ਕਾਨੂੰਨੀ ਢੰਗਾਂ ਦਾ ਇਸਤੇਮਾਲ ਕਰਦੇ ਰਹੇ ਹਨ। ਸ਼ੁਰੂ ਤੋਂ ਹੀ ਜਿੱਤਣ ਵਾਲੇ ਦੀ ਬਹੁਤ ਜ਼ਿਆਦਾ ਵਾਹਵਾ ਅਤੇ ਹਾਰਨ ਵਾਲੇ ਨੂੰ ਫਿੱਟੇ ਮੂੰਹ ਕਹਿਣ ਵਾਲਿਆਂ ਕਾਰਨ ਹਰ ਕੋਈ ਜਿੱਤਣਾ ਚਾਹੁੰਦਾ ਸੀ ਅਤੇ ਹੈ। ਇਸ ਜਿੱਤ ਨੂੰ ਪ੍ਰਾਪਤ ਕਰਨ ਲਈ ਚਾਹੇ ਉਸ ਨੂੰ ਕੁਝ ਵੀ ਕਰਨਾ ਪਵੇ। ਜਿੱਤ ਨੂੰ ਪ੍ਰਾਪਤ ਕਰਨ ਲਈ ਚਾਹੇ ਆਪਣੀ ਜਾਨ ਦੀ ਬਾਜ਼ੀ ਲਾਉਣੀ ਪਵੇ ਜਾਂ ਸਰੀਰ ਦਾ ਕੁਝ ਵੀ ਨੁਕਸਾਨ ਕਰਾਉਣਾ ਪਵੇ, ਉਹ ਕਰਨ ਲਈ ਤਿਆਰ ਹੋ ਜਾਂਦੇ ਸਨ।

ਖੇਡਾਂ ਵਿੱਚ ਨਸ਼ਿਆਂ ਦੇ ਇਸਤੇਮਾਲ ਕਰਕੇ ਜਿੱਤਣਾ ਕੋਈ ਨਵੀਂ ਗੱਲ ਨਹੀਂ ਹੈ, ਪਰ ਹੁਣੇ ਵਧੇਰੇ ਪ੍ਰਭਾਵਸ਼ਾਲੀ ਹੁੰਦੀ ਜਾ ਰਹੀ ਹੈ। 1976 ਵਿੱਚ ਪੂਰਬੀ ਜਰਮਨ ਦੀ ਤੈਰਾਕੀ ਟੀਮ ਨੇ ਉਲੰਪਿਕ ਦੇ ਤੇਰਾਂ ਵਿੱਚੋਂ ਗਿਆਰਾਂ ਮੁਕਾਬਲੇ ਜਿੱਤੇ ਅਤੇ ਬਾਅਦ ਵਿੱਚ ਉਨ੍ਹਾਂ ਨੂੰ ਐਨਾਬੌਲਿਕ ਸਟੀਰਾਇਡ ਦੇਣ ਲਈ ਸਰਕਾਰ ਦੀ ਭਾਗੇਦਾਰੀ ਸਾਹਮਣੇ ਆਈ ਜਿਸ ਨੇ ਮੁਕਾਬਲੇ ਜਿੱਤਣ ਲਈ ਇਹ ਦਵਾਈਆਂ ਅਤੇ ਸਟੀਰੌਇਡ ਦਾ ਪ੍ਰਬੰਧ ਕੀਤਾ ਸੀ। 1992 'ਚ ਵਿੱਕੀ ਰਾਬੀ ਨੌਂਦੇ ਪੱਤਰਕਾਰ ਨੇ ਅਥਲੀਟਾਂ ਦੇ ਇੱਕ ਛੋਟੇ ਸਮੂਹ ਦੀ ਇੰਟਰਵਿਊ ਕੀਤੀ ਜਿਸ ਵਿੱਚੋਂ ਉਸ ਨੇ ਇਹ ਨਤੀਜਾ ਕੱਢਿਆ ਕਿ ਖਿਡਾਰੀਆਂ ਦਾ ਮੰਨਣਾ ਹੈ ਕਿ ਜ਼ਿਆਦਾਤਰ ਸਫਲ ਅਥਲੀਟ ਪਾਬੰਦੀਸ਼ੁਦਾ ਪਦਾਰਥਾਂ ਦੀ ਵਰਤੋਂ ਆਪਣੇ ਖੇਡ ਕੈਰੀਅਰ ਵਿੱਚ ਜ਼ਰੂਰ ਕਰਦੇ ਹਨ।




ਬਹੁਤ ਸਾਰੇ ਮਾਹਿਰ ਖੇਡਾਂ ਵਿੱਚ ਗ਼ੈਰਕਾਨੂੰਨੀ ਡੋਪਿੰਗ ਜਾਂ ਨਸ਼ਿਆਂ ਦੀ ਸ਼ੁਰੂਆਤ 1900 ਦੇ ਦਹਾਕੇ ਤੋਂ ਮੰਨਦੇ ਹਨ। ਪਰ ਸ਼ੁਰੂ ਵਿੱਚ ਗ਼ੈਰ-ਕਾਨੂੰਨੀ ਤੌਰ 'ਤੇ ਨਸ਼ਾ ਕਰਨ ਵਾਲੇ ਅਥਲੀਟ ਮਨੁੱਖ ਨਹੀਂ ਸਨ ਬਲਕਿ ਘੋੜੇ ਸਨ। ਘੋੜਿਆਂ ਦੀ ਗਤੀ ਨੂੰ ਵਧਾਉਣ ਅਤੇ ਘੋੜ ਦੌੜ ਨੂੰ ਜਿੱਤਣ ਲਈ ਘੋੜਿਆਂ ਨੂੰ ਬਹੁਤ ਸਾਰੇ ਗ਼ੈਰ-ਕਾਨੂੰਨੀ ਪਦਾਰਥ ਦਿੱਤੇ ਜਾਂਦੇ ਸਨ।

1950 ਦੀਆਂ ਉਲੰਪਿਕ ਖੇਡਾਂ ਵਿੱਚ ਪ੍ਰਦਰਸ਼ਨ ਵਿੱਚ ਵਾਧਾ ਕਰਨ ਲਈ ਅਕਸਰ ਹੀ ਅਥਲੈਟਿਕਸ ਦੇ ਈਵੈਂਟਾਂ ਵਿੱਚ ਭਾਗ ਲੈਣ ਵਾਲੇ ਖਿਡਾਰੀ ਕਰਦੇ ਸਨ। ਇਹ ਉਲੰਪਿਕ ਦੇ ਸ਼ੁਰੂ ਤੋਂ ਹੀ ਚਿੰਤਾ ਦਾ ਵਿਸ਼ਾ ਬਣਿਆ ਰਿਹਾ ਹੈ। 1950 ਦੇ ਦਹਾਕੇ ਵਿੱਚ ਸੋਵੀਅਤ ਪ੍ਰਯੋਜਿਤ ਸਰਕਾਰੀ ਸਿਖਲਾਈ ਪ੍ਰੋਗਰਾਮਾਂ ਨੇ ਤਾਕਤ ਅਤੇ ਸ਼ਕਤੀ ਨੂੰ ਵਧਾਉਣ ਦੇ ਤਰੀਕੇ ਵਜੋਂ ਸਟੀਰਾਇਡ ਅਤੇ ਟੈਸਟੋਸਟੀਰੋਨ ਵਰਗੇ ਪਦਾਰਥਾਂ ਦਾ ਪ੍ਰਯੋਗ ਕਰਨਾ ਸ਼ੁਰੂ ਕਰ ਦਿੱਤਾ ਸੀ। ਜਦਕਿ ਪ੍ਰਦਰਸ਼ਨ ਵਧਾਉਣ ਵਾਲੀਆਂ ਦਵਾਈਆਂ ਦੀ ਜਾਂਚ 1960 ਦੇ ਦਹਾਕੇ ਦੇ ਮੱਧ ਤਕ ਵਿਆਪਕ ਤੌਰ 'ਤੇ ਉਪਲੱਬਧ ਨਹੀਂ ਸੀ। ਉਸ ਤੋਂ ਬਾਅਦ ਵੀ ਡਾਕਟਰ ਉਹਨਾਂ ਸਾਰੀਆਂ ਦਵਾਈਆਂ ਦੀ ਪਹਿਚਾਣ ਨਹੀਂ ਕਰ ਸਕੇ ਜੋ ਅਥਲੀਟ ਵਰਤ ਰਹੇ ਸਨ।

ਇੱਥੇ ਇਹ ਸਵਾਲ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਆਖ਼ਿਰ ਅਥਲੀਟ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਿਉਂ ਕਰਦੇ ਹਨ? ਅਥਲੀਟਾਂ ਦੇ ਗ਼ੈਰ-ਕਾਨੂੰਨੀ ਪਦਾਰਥਾਂ ਦੇ ਇਸਤੇਮਾਲ ਕਰਨ ਦੇ ਬਹੁਤ ਸਾਰੇ ਕਾਰਨ ਹਨ। ਬਹੁਤ ਸਾਰੇ ਖਿਡਾਰੀ ਖੇਡਾਂ ਵਿੱਚ ਆਪਣੇ ਪ੍ਰਦਰਸ਼ਨ ਨੂੰ ਵਧਾਉਣ ਲਈ ਹੀ ਨਸ਼ਿਆਂ ਦਾ ਇਸਤੇਮਾਲ ਕਰਦੇ ਹਨ, ਪਰ ਬਹੁਤ ਸਾਰੇ ਅਥਲੀਟਾਂ ਜਾਂ ਖਿਡਾਰੀਆਂ ਦੇ ਨਸ਼ੇ ਦੇ ਰਾਹ ਪੈਣ ਵਿੱਚ ਹੋਰ ਵੀ ਬਹੁਤ ਸਾਰੇ ਕਾਰਨ ਹਨ। ਇਨ੍ਹਾਂ ਕਾਰਨਾਂ ਵਿੱਚ ਕੁਝ ਇਸ ਤਰ੍ਹਾਂ ਹਨ, ਆਪਣੀ ਸਰੀਰਕ ਸਮਰਥਾ ਨੂੰ ਬਹੁਤ ਜਲਦ ਵਧਾਉਣਾ, ਨਾ ਇਲਾਜ ਕੀਤੇ ਮਾਨਸਿਕ ਅਤੇ ਸਿਹਤ ਦੇ ਮਸਲਿਆਂ ਨੂੰ ਸਵੈ-ਪੜਚੋਲ ਕਰਨ ਤੇ ਮਾਨਸਿਕ ਤੌਰ 'ਤੇ ਕਮਜ਼ੋਰ ਹੋਣਾ, ਛੇਤੀ ਰਿਟਾਇਰਮੈਂਟ ਦੇ ਤਣਾਅ ਨਾਲ ਨਜਿੱਠਣ ਲਈ ਨਸ਼ਿਆਂ ਦਾ ਪ੍ਰਯੋਗ ਕਰਨਾ, ਸੱਟਾਂ 'ਤੇ ਕਾਬੂ ਪਾਉਣ ਲਈ, ਸਰੀਰ ਦੇ ਦਰਦਾਂ ਨੂੰ ਦੂਰ ਕਰਨ ਲਈ, ਘਰੇਲੂ ਪ੍ਰਾਬਲਮ ਜਾਂ ਮਾਨਸਿਕ ਦਬਾਅ ਅਤੇ ਖੇਡਾਂ ਵਿੱਚ ਚੰਗਾ ਪ੍ਰਦਰਸ਼ਨ ਨਾ ਕਰ ਪਾਉਣ ਦਾ ਦਬਾਅ ਅਜਿਹੇ ਕਾਰਨ ਹਨ ਜਿਨ੍ਹਾਂ ਕਰਕੇ ਅਥਲੀਟ ਨਸ਼ਿਆਂ ਦੀ ਵਰਤੋਂ ਕਰਨ ਲੱਗ ਜਾਂਦੇ ਹਨ। ਇਸ ਤੋਂ ਇਲਾਵਾ ਖਿਡਾਰੀ ਗ਼ੈਰ-ਕਨੂੰਨੀ ਨਸ਼ੇ ਦੀ ਵਰਤੋਂ ਆਪਣੇ ਖੇਡ ਕੈਰੀਅਰ ਲਈ ਕਰਦੇ ਹਨ, ਜਿਵੇਂ ਤੇਜ਼ੀ ਨਾਲ ਭਾਰ ਘਟਾਉਣ ਵਿੱਚ ਮਦਦ ਕਰਨ ਲਈ ਡਾਇਯੂਰੀਟਸ ਸ਼ਕਤੀ ਨੂੰ ਵਧਾਉਣ ਲਈ ਏਨਾਬੋਲਿਕ ਸਟੀਰੌਇਡ ਖੁਰਾਕ ਦੀ ਪੂਰਤੀ ਨੂੰ ਵਧਾਉਣ ਲਈ ਹੋਰ ਗ਼ੈਰ-ਕਾਨੂੰਨੀ ਮਿਸ਼ਰਣ।

ਜਿਵੇਂ-ਜਿਵੇਂ ਖੇਡ ਮੁਕਾਬਲੇਬਾਜ਼ੀ ਵੱਧਦੀ ਜਾ ਰਹੀ ਹੈ, ਉਸੇ ਤਰ੍ਹਾਂ ਕੋਚਾਂ ਅਤੇ ਪ੍ਰਬੰਧਕਾਂ ਦੁਬਾਰਾ ਅਥਲੀਟਾਂ ਨੂੰ ਮੁਕਾਬਲੇ ਲਈ ਤਿਆਰ ਕਰਨਾ ਜਾਂ ਜਿਤਾਉਣ ਲਈ ਦਬਾਅ ਵੱਧਦਾ ਜਾ ਰਿਹਾ ਹੈ। ਇਨ੍ਹਾਂ ਕੋਚਾਂ ਟਰੇਨਰਾਂ 'ਤੇ ਹਮੇਸ਼ਾ ਹੀ ਗੈਰ-ਕਾਨੂੰਨੀ ਪਦਾਰਥ ਮੁਹੱਈਆ ਕਰਵਾਉਣ ਅਤੇ ਅਥਲੀਟਾਂ ਨੂੰ ਦੇਣ ਦੇ ਇਲਜ਼ਾਮ ਲੱਗਦੇ ਆਏ ਹਨ।

ਖੇਡਾਂ ਵਿੱਚ ਨਸ਼ਿਆਂ ਨੂੰ ਕੇਵਲ ਡਰ ਨਾਲ ਜਾਂ ਡੋਪਿੰਗ ਟੈਸਟ ਕਰਕੇ ਖ਼ਤਮ ਨਹੀਂ ਕੀਤਾ ਜਾ ਸਕਦਾ, ਜੇਕਰ ਖੇਡਾਂ ਵਿੱਚੋਂ ਨਸ਼ਿਆਂ ਨੂੰ ਖਤਮ ਕਰਨਾ ਹੈ ਤਾਂ ਇਸ ਨੂੰ ਖਿਡਾਰੀਆਂ ਦੇ ਮਨਾਂ ਵਿੱਚੋਂ ਖ਼ਤਮ ਕਰਨਾ ਪੈਣਾ ਹੈ ਉਸ ਲਈ ਇਕ ਸੁਚਾਰੂ ਸੋਚ ਦੀ ਲੋੜ ਹੈ।

# ਉਭਰਦੇ ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਪ੍ਰਸਿੱਧ ਖਿਡਾਰੀ

## ਵਿਸ਼ਵ ਪ੍ਰਸਿੱਧ ਖਿਡਾਰੀਆਂ ਦੀ ਜੀਵਨੀ ਅਤੇ ਸੰਘਰਸ਼ ਤੋਂ ਪ੍ਰੇਰਨਾ ਲੈਣ ਉਭਰਦੇ ਖਿਡਾਰੀ

ਖੇਡਾਂ ਸਰੀਰਕ ਗਤੀਵਿਧੀਆਂ ਹਨ ਜੋ ਪ੍ਰਤੀਯੋਗੀ ਸੁਭਾਅ ਦੇ ਹੁਨਰ ਵਿਕਾਸ ਵਿੱਚ ਮਦਦ ਕਰਦੀਆਂ ਹਨ। ਆਮ ਤੌਰ 'ਤੇ, ਦੋ ਜਾਂ ਦੋ ਤੋਂ ਵੱਧ ਸਮੂਹ ਮਨੋਰੰਜਨ ਲਈ ਜਾਂ ਇਨਾਮ ਪ੍ਰਾਪਤ ਕਰਨ ਲਈ ਇੱਕ ਦੂਜੇ ਨਾਲ ਮੁਕਾਬਲਾ ਕਰਦੇ ਹਨ। ਔਰਤਾਂ ਅਤੇ ਮਰਦਾਂ ਦੋਵਾਂ ਲਈ ਖੇਡ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ, ਕਿਉਂਕਿ ਇਹ ਵਿਅਕਤੀ ਦੀ ਸਰੀਰਕ, ਮਾਨਸਿਕ ਸਿਹਤ, ਵਿੱਤੀ ਸਥਿਤੀ ਨੂੰ ਵਧਾਉਂਦੀਆਂ ਹਨ। ਇਹ ਨਾਗਰਿਕਾਂ ਦੇ ਚਰਿੱਤਰ ਅਤੇ ਸਿਹਤ ਦੇ ਨਿਰਮਾਣ ਦੁਆਰਾ ਰਾਸ਼ਟਰ ਨੂੰ ਮਜ਼ਬੂਤ ਕਰਨ ਵਿੱਚ ਬਹੁਤ ਵੱਡੀ ਭੂਮਿਕਾ ਨਿਭਾਉਂਦਾ ਹੈ। ਖੇਡਾਂ ਮਨੁੱਖਾਂ ਦੇ ਕੰਮ ਕਰਨ ਦੇ ਤਰੀਕੇ ਵਿੱਚ ਗਤੀਸ਼ੀਲਤਾ ਲਿਆਉਂਦੀਆਂ ਹਨ।

ਖੇਡਾਂ ਦੀ ਮਹੱਤਤਾ ਅਤੇ ਭੂਮਿਕਾ ਨੂੰ ਕਿਸੇ ਦੁਆਰਾ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ, ਕਿਉਂਕਿ ਇਹ ਸੱਚਮੁੱਚ ਬਹੁਤ ਮਹੱਤਵਪੂਰਨ ਵਿਸ਼ਾ ਹੈ। ਲੋਕ ਆਪਣੇ ਨਿੱਜੀ ਵਿਕਾਸ ਦੇ ਨਾਲ-ਨਾਲ ਪੇਸ਼ੇਵਰ ਵਿਕਾਸ ਲਈ ਖੇਡ ਗਤੀਵਿਧੀਆਂ ਵਿੱਚ ਸ਼ਾਮਲ ਹੋ ਸਕਦੇ ਹਨ। ਇਹ ਲੜਕੇ ਅਤੇ ਲੜਕੀਆਂ ਦੋਵਾਂ ਲਈ ਇੱਕ ਚੰਗਾ ਸਰੀਰ ਬਣਾਉਣ ਲਈ ਬਹੁਤ ਵਧੀਆ ਹੈ। ਇਹ ਲੋਕਾਂ ਨੂੰ ਮਾਨਸਿਕ ਤੌਰ 'ਤੇ ਸੁਚੇਤ, ਸਰੀਰਕ ਤੌਰ 'ਤੇ ਸਰਗਰਮ ਅਤੇ ਮਜ਼ਬੂਤ ਬਣਾਉਂਦਾ ਹੈ।



ਵਿਦਿਆਰਥੀ ਦੇਸ਼ ਦੇ ਨੌਜਵਾਨ ਹਨ ਅਤੇ ਉਨ੍ਹਾਂ ਨੂੰ ਖੇਡ ਗਤੀਵਿਧੀਆਂ ਰਾਹੀਂ ਵੱਧ ਤੋਂ ਵੱਧ ਲਾਭ ਉਠਾਇਆ ਜਾ ਸਕਦਾ ਹੈ। ਉਹ ਵਧੇਰੇ ਅਨੁਸ਼ਾਸਿਤ, ਸਿਹਤਮੰਦ, ਸਰਗਰਮ, ਸਮੇਂ ਦੇ ਪਾਬੰਦ ਹੋ ਸਕਦੇ ਹਨ ਅਤੇ ਨਿੱਜੀ ਅਤੇ ਪੇਸ਼ੇਵਰ ਜੀਵਨ ਵਿੱਚ ਕਿਸੇ ਵੀ ਮੁਸ਼ਕਿਲ ਸਥਿਤੀ ਦਾ ਆਸਾਨੀ ਨਾਲ ਮੁਕਾਬਲਾ ਕਰ ਸਕਦੇ ਹਨ। ਖੇਡਾਂ ਵਿੱਚ ਨਿਯਮਤ ਸ਼ਮੂਲੀਅਤ ਚਿੰਤਾ, ਤਣਾਅ ਅਤੇ ਘਬਰਾਹਟ ਨੂੰ ਆਸਾਨੀ ਨਾਲ ਦੂਰ ਕਰਨ ਵਿੱਚ ਮਦਦ ਕਰਦੀ ਹੈ।

ਇਹ ਸਰੀਰ ਦੇ ਅੰਗਾਂ ਦੇ ਸਰੀਰਕ ਕਾਰਜਾਂ ਨੂੰ ਸੁਧਾਰਦਾ ਹੈ ਅਤੇ ਇਸ ਤਰ੍ਹਾਂ, ਪੂਰੇ ਸਰੀਰ ਦੇ ਕਾਰਜਾਂ ਨੂੰ ਸਕਾਰਾਤਮਕ ਤੌਰ 'ਤੇ ਨਿਯੰਤ੍ਰਿਤ ਕਰਦਾ ਹੈ। ਇਹ ਸਰੀਰ ਦੀ ਸਿਹਤ ਨੂੰ ਬਣਾਈ ਰੱਖਣ ਵਿੱਚ ਮਦਦ ਕਰਦਾ ਹੈ ਅਤੇ ਇਸ ਤਰ੍ਹਾਂ ਮਨ ਜਾਂ ਦਿਮਾਗ ਬਿਹਤਰ ਇਕਾਗਰਤਾ ਨਾਲ ਸ਼ਾਂਤ, ਤਿੱਖਾ ਅਤੇ ਕਿਰਿਆਸ਼ੀਲ ਰਹਿੰਦਾ ਹੈ। ਇਹ ਸਰੀਰ ਅਤੇ ਦਿਮਾਗ ਦੀ ਤਾਕਤ ਅਤੇ ਊਰਜਾ ਦੇ ਪੱਧਰ ਨੂੰ ਵਧਾਉਂਦਾਹੈ। ਇਹ ਹਰ ਕਿਸੇ ਨੂੰ ਇਕਸਾਰ ਜੀਵਨ ਤੋਂ ਇੱਕ ਵਧੀਆ ਬ੍ਰੇਕ ਦਿੰਦਾ ਹੈ।

ਖੇਡਾਂ ਉੱਜਵਲ ਪੇਸ਼ੇਵਰ ਕੈਰੀਅਰ ਰੱਖਦੀਆਂ ਹਨ। ਇਸ ਲਈ, ਇਸ ਵਿੱਚ ਦਿਲਚਸਪੀ ਰੱਖਣ ਵਾਲੇ ਨੌਜਵਾਨਾਂ ਨੂੰ ਚਿੰਤਾ ਕਰਨ ਦੀ ਕੋਈ ਲੋੜ ਨਹੀਂ, ਉਨ੍ਹਾਂ ਨੂੰ ਇਸ ਰੁਚੀ ਨੂੰ ਪੂਰੀ ਲਗਨ ਨਾਲ ਨਿਯਮਤ ਰੱਖਣ ਦੀ ਲੋੜ ਹੈ। ਇਹ ਹਰੇਕ ਨੂੰ ਟੀਮ ਦੇ ਸਹਿਯੋਗ ਅਤੇ ਟੀਮ ਨਿਰਮਾਣ ਦੀ ਭਾਵਨਾ ਨੂੰ ਵਿਕਸਿਤ ਕਰਕੇ ਇੱਕ ਟੀਮ ਵਿੱਚ ਕੰਮ ਕਰਨਾ ਸਿਖਾਉਂਦਾ ਹੈ। ਖੇਡਾਂ ਵੱਲ ਵਧੇਰੇ ਝੁਕਾਅ ਇੱਕ ਵਿਅਕਤੀ ਅਤੇ ਇੱਕ ਰਾਸ਼ਟਰ ਦੋਵਾਂ ਨੂੰ ਆਰਥਿਕ ਤੌਰ 'ਤੇ ਸਿਹਤਮੰਦ ਅਤੇ ਮਜ਼ਬੂਤ ਬਣਾਉਂਦਾਹੈ। ਇਸ ਲਈ ਮਾਤਾ-ਪਿਤਾ, ਅਧਿਆਪਕਾਂ ਅਤੇ ਦੇਸ਼ ਦੀ ਸਰਕਾਰ ਨੂੰ ਇਸ ਦਾ ਵੱਧ ਤੋਂ ਵੱਧ ਪ੍ਰਚਾਰ ਕਰਨਾ ਚਾਹੀਦਾ ਹੈ।ਇੱਕ ਰਾਸ਼ਟਰ, ਜਿਸ ਵਿੱਚ ਵਧੇਰੇ ਪ੍ਰਸਿੱਧ ਖੇਡ ਸ਼ਖਸੀਅਤਾਂ ਹੋਣ ਉਹ ਬਹੁਤ ਹੀ ਆਸਾਨੀ ਨਾਲ ਥੋੜ੍ਹੇ ਸਮੇਂ ਵਿੱਚ ਵਿਸ਼ਵਵਿਆਪੀ ਸਵੀਕ੍ਰਿਤੀ ਪ੍ਰਾਪਤ ਕਰ ਲੈਂਦਾ ਹੈ। ਦੇਸ਼ ਦੇ ਨੌਜਵਾਨਾਂ ਨੂੰ ਪ੍ਰੇਰਿਤ ਕਰਨ ਲਈ ਕਿਸੇ ਵਾਧੂ ਯਤਨ ਦੀ ਲੋੜ ਨਹੀਂ ਹੈ। ਉਹ ਪਹਿਲਾਂ ਤੋਂ ਹੀ ਮਸ਼ਹੂਰ ਖੇਡ ਹਸਤੀਆਂ ਨੂੰ ਦੇਖ ਕੇ ਬਹੁਤ ਆਸਾਨੀ ਨਾਲ ਪ੍ਰੇਰਿਤ ਹੋ ਜਾਂਦੇ ਹਨ। ਅਜਿਹੇ ਦੇਸ਼ ਦੇ ਨੌਜਵਾਨਾਂ ਨੂੰ ਖੇਡਾਂ ਦੇ ਖੇਤਰ ਵਿੱਚ ਕੈਰੀਅਰ ਬਣਾਉਣ ਦੇ ਵਧੇਰੇ ਮੌਕੇ ਮਿਲਦੇ ਹਨ। ਨਾਮੀ ਖਿਡਾਰੀ ਵੀ ਆਪਣੇ ਦੇਸ਼ ਦੇ ਆਉਣ ਵਾਲੇ ਨੌਜਵਾਨਾਂ ਨੂੰ ਉਤਸ਼ਾਹਿਤ ਕਰਦੇ ਹਨ।

## ਗਾਇਕੀ ਅਤੇ ਕਮੇਡੀ ਦੀ ਮਹਾਨ ਕਲਾਕਾਰ

# ਜਗਮੋਹਣ ਕੌਰ

ਸੁਖਵਿੰਦਰ ਸਿੰਘ ਮੁੱਲਾਂਪੁਰ





ਜਗਮੋਹਣ ਕੌਰ ਦਾ ਜਨਮ 6 ਅਪ੍ਰੈਲ 1948 ਨੂੰ ਪਠਾਨਕੋਟ ਵਿੱਚ ਹੋਇਆ ਪਰ ਉਸ ਦਾ ਪਿੰਡ ਬੂਰ ਮਾਜਰਾ ਜ਼ਿਲ੍ਹਾ ਰੋਪੜ ਸੀ। ਉਸ ਦੇ ਪਿਤਾ ਦਾ ਨਾਮ ਗੁਰਬਚਨ ਸਿੰਘ ਕੰਗ ਅਤੇ ਮਾਤਾ ਦਾ ਨਾਮ ਪਰਕਾਸ਼ ਕੌਰ ਸੀ । ਇਸ ਨੇ ਪੜ੍ਹਾਈ ਬੂਰ ਮਾਜਰੇ ਪਿੰਡ ਵਿੱਚ ਰਹਿ ਕੇ ਕੀਤੀ। ਪੜ੍ਹਾਈ ਪੂਰੀ ਕਰਕੇ ਉਹ ਚੰਡੀਗੜ੍ਹ ਦੇ ਨੇੜੇ ਇੱਕ ਸਕੂਲ ਵਿੱਚ ਅਧਿਆਪਕਾ ਲਗ ਗਈ। ਉਸ ਦੇ ਪਿਤਾ ਸਾਹਿਤਕਾਰ ਸਨ ਉਥੋਂ ਉਸ ਨੂੰ ਗਾਉਣ ਦੀ ਚੇਟਕ ਲਗ ਗਈ।

ਕੇ. ਦੀਪ ਇੱਕ ਵਧੀਆ ਗਾਇਕ ਸੀ ਉਸ ਨੂੰ ਇੱਕ ਵਧੀਆ ਸਹਿ-ਗਾਇਕਾ ਦੀ ਲੋੜ ਸੀ ਕਿਸੇ ਨੇ ਕੇ. ਦੀਪ ਨੂੰ ਸਲਾਹ ਦਿੱਤੀ ਇੱਕ ਜਗਮੋਹਣ ਕੌਰ ਨਾਂ ਦੀ ਕੁੜੀ ਹੈ ਉਹ ਬਹੁਤ ਵਧੀਆ ਗਾ ਲੈਂਦੀ ਹੈ ਜੇਕਰ ਤੂੰ ਉਸ ਨਾਲ ਤਾਲ ਮੇਲ ਕਰਨਾ ਹੈ ਤਾਂ ਕਲਕੱਤੇ ਜਾ ਕੇ ਕਰ ਲਵੀਂ ਉਹ ਕਲਕੱਤੇ ਪ੍ਰੋਗਰਾਮ ਪੇਸ਼ ਕਰਨ ਜਾ ਰਹੀ ਹੈ। ਜਗਮੋਹਣ ਕੌਰ ਨੂੰ ਕਲਕੱਤੇ ਪਹੁੰਚਣ ਸਮੇਂ ਦੇਖਣ ਵਾਲਿਆਂ ਅਤੇ ਸੁਣਨ ਵਾਲਿਆਂ ਦੀ ਭੀੜ ਲਗ ਗਈ। ਕੇ-ਦੀਪ ਨੇ ਵੀ ਕਲਕੱਤੇ ਜਾ ਕੇ ਆਪਣਾ ਪ੍ਰੋਗਰਾਮ ਪੇਸ਼ ਕੀਤਾ ਅਤੇ ਜਗਮੋਹਣ ਕੌਰ ਨਾਲ ਤਾਲ ਮੇਲ ਵੀ ਕੀਤਾ। ਜਦ ਕੇ-ਦੀਪ ਨੂੰ ਗੱਲਬਾਤ ਸਿਰੇ ਲਗਦੀ ਦਿਸੀ ਤਾਂ ਉਸ ਨੇ ਵਿਆਹ ਦੀ ਪੇਸ਼ਕਸ਼ ਰੱਖ ਦਿੱਤੀ। ਜਗਮੋਹਣ ਕੌਰ ਦੀ ਪਹਿਲਾਂ ਮੰਗਣੀ ਹੋਈ ਹੋਈ ਸੀ ਜਗਮੋਹਣ ਕੌਰ ਨੇ ਪਰਿਵਾਰ ਨੂੰ ਰਾਜ਼ੀ ਕਰਕੇ ਉੱਧਰ ਜਵਾਬ ਦੇ ਕੇ ਕੇ-ਦੀਪ ਨਾਲ ਵਿਆਹ ਕਰਵਾ ਲਿਆ।

ਜਗਮੋਹਣ ਕੌਰ ਨੇ ਵਿਆਹ ਪਿਛੋਂ ਨੌਕਰੀ ਛੱਡ ਕੇ ਪੱਕੇ ਤੌਰ ’ਤੇ ਕੇ-ਦੀਪ ਨਾਲ ਗਾਇਕੀ ਦੇ ਖੇਤਰ ਨੂੰ ਅਪਣਾ ਲਿਆ। ਉਹਨਾਂ ਦੇ ਇੱਕ ਲੜਕੀ ਤੇ ਇੱਕ ਲੜਕੇ ਨੇ ਜਨਮ ਲਿਆ।

ਜਗਮੋਹਣ ਕੌਰ ਨੇ ਬਹੁਤ ਸਾਰੇ ਸੋਲੋ ਗੀਤ ਗਾਏ ਜੋ ਸਾਰੇ ਹੀ ਲੋਕਾਂ ਨੇ ਪਸੰਦ ਕੀਤੇ। ਉਸ ਦਾ ਸਭ ਤੋਂ ਪਹਿਲਾ ਗੀਤ ਜਿਸ ਨੂੰ ਲੋਕ ਅਕਾਸ਼ਵਾਣੀ ਜਲੰਧਰ ਤੋਂ ਬਹੁਤ ਪਿਆਰ ਨਾਲ ਸੁਣਦੇ ਸਨ ‘ਬਾਪੂ ਵੇ ਅੱਡ ਹੁੰਨੀ ਆਂ, ਇੱਕ ਗਾਂ ਲੈਂਦੇ ਇੱਕ ਮੈਂਹ ਲੈਂਦੇ, ਦੋ ਬਲਦ ਟੱਲੀਆਂ ਵਾਲੇ, ਇੱਕ ਬੋਤੀ ਝਾਂਜਰਾਂ ਵਾਲੀ ਵੇ ਅੱਡ ਹੁੰਨੀ ਆਂ।

ਉਸ ਦੇ ਗਾਏ ਲੋਕ ਤੱਥ ਵੀ ਬਹੁਤ ਮਸ਼ਹੂਰ ਹੋਏ। ਇਹਨਾਂ ਨੇ ਆਪਣੀ ਗਾਇਕੀ ਦੇ ਦਮ ’ਤੇ ਕੈਨੇਡਾ, ਅਮਰੀਕਾ, ਇੰਗਲੈਂਡ, ਨਾਰਵੇ ਆਦਿ ਬਹੁਤ ਹੀ ਵਿਦੇਸ਼ੀ ਟੂਰ ਲਾਏ।

1974 ਵਿੱਚ ਬੀ. ਬੀ. ਸੀ. ਲੰਡਨ ਵਾਲਿਆਂ ਨੇ ਆਪਣੇ ਸਟੂਡੀਓ ਵਿੱਚ ਬੁਲਾ ਕੇ ਜਗਮੋਹਣ ਕੌਰ ਦੇ ਗੀਤਾਂ ਦੀ ਵੀਡੀਓ ਰਿਕਾਡਿੰਗ ਕੀਤੀ ।

ਇਹਨਾਂ ਦੀਆਂ ਕਮੇਡੀ ਕਲਾਕਾਰੀ ਦੀਆਂ ਬਹੁਤ ਰਿਕਾਰਡਿੰਗਾਂ ਆਈਆਂ ਜਿਵੇ ਪੋਸਤੀ ਦੁਬਈ ਵਿੱਚ, ਪੋਸਤੀ ਲੰਡਨ ਵਿੱਚ, ਪੋਸਤੀ ਕੈਨੇਡਾ ਵਿੱਚ ਆਦਿ। ਸ਼ਿਵ ਕੁਮਾਰ ਬਟਾਲਵੀ ਦੀਆਂ ਰਚਨਾਵਾਂ ਨੂੰ ਗਾਉਣ ਦਾ ਸਿਹਰਾ ਵੀ ਸਭ ਤੋ ਪਹਿਲਾਂ ਇਹਨਾਂ ਦੋਹਾਂ ਨੂੰ ਹੀ ਆਉਂਦਾ ਹੈ।

ਇਹ ਜੋੜੀ ਨੇ ਬਹੁਤ ਸਾਰੇ ਦੋਗਾਣੇ ਗੀਤ ਗਾਏ। ਉਹਨਾਂ ਵਿਚੋਂ ਗੁਰਦੇਵ ਮਾਨ ਦਾ ਲਿਖਿਆ ਗੀਤ ਪੂਦਨਾ ਬਹੁਤ ਮਕਬੂਲ ਹੋਇਆ।

ਕੇ-ਦੀਪ ਜਗਮੋਹਣ ਨੇ ਬਹੁਤ ਸਾਰੇ ਗੀਤਕਾਰਾਂ ਦੇ ਗੀਤ ਗਾਏ ਜਿਵੇ ਬਲਦੇਵ ਸਿੰਘ ਸਾਬਰ, ਬਾਬੂ ਸਿਘ ਮਾਨ, ਇੰਦਰਜੀਤ ਹਸਨਪੁਰੀ, ਜਸਵੰਤ ਸੰਦੀਲਾ, ਗਰਦੇਵ ਸਿੰਘ ਮਾਨ, ਸ਼ੰਕਰ ਵਾਲਾ ਸ਼ੌਂਕੀ, ਕਰਮ ਸਿੰਘ ਯੋਗੀ, ਸਨਮੁੱਖ ਆਜ਼ਾਦ, ਨਾਜ ਗੋਪਾਲ ਪੁਰੀ, ਸਾਜਨ ਰਾਏਕੋਟੀ, ਅਭੀਨਾਸ਼ ਭਾਖੜੀ, ਢਿਲੋ ਮਹਿਰਾਜ ਵਾਲਾ, ਚਰਨ ਸਿੰਘ ਸਫ਼ਰੀ ਆਦਿ।

ਜਗਮੋਹਣ ਕੌਰ ਨੇ ਬਹੁਤ ਸਾਰੇ ਧਾਰਮਿਕ ਗੀਤ ਵੀ ਗਾਏ। ਇਸ ਕਲਾਕਾਰ ਗਾਇਕਾ ਦਾ ਐਕਸੀਡੈਂਟ ਹੋ ਗਿਆ ਸੀ, ਠੀਕ ਹੋ ਕੇ ਕੁਝ ਚਿਰ ਪ੍ਰੋਗਰਾਮ ਵੀ ਕੀਤੇ ਪਰ ਸਿਰ ਵਿੱਚ ਸੱਟ ਲੱਗਣ ਕਰਕੇ ਮੌਤ ਨੇ ਉਸ ਦਾ ਖਹਿੜਾ ਨਾ ਛੱਡਿਆ। 6 ਦਸੰਬਰ 1997 ਨੂੰ 49 ਸਾਲ ਦੀ ਉਮਰ ਵਿੱਚ ਲੋਕ ਗਾਇਕੀ ਦੀ ਸੇਵਾ ਕਰਦੀ ਕਰਦੀ ਪਰਿਵਾਰ ਅਤੇ ਸਰੋਤਿਆਂ ਕੋਲੋ ਸਦਾ ਲਈ ਵਿਛੜ ਗਈ।

# ਭਾਰਤ ’ਚ ਸਭ ਤੋਂ ਪੁਰਾਣਾ ਉਦਯੋਗ ਹੈ ਸਿਨੇਮਾ

## ਫ਼ਿਲਮਾਂ ਰਾਹੀਂ ਭਾਰਤੀ ਸੰਸਕ੍ਰਿਤੀ, ਸਮਾਜਵਾਦ ਅਤੇ ਨੈਤਿਕ ਪਰੰਪਰਾਵਾਂ ਨੂੰ ਦਰਸਾਉਣ ਦੀ ਲੋੜ



ਭਾਰਤੀ ਸਿਨੇਮਾ ਮਨੋਰੰਜਨ ਦਾ ਬਹੁਤ ਵਧੀਆ ਸਸਤਾ ਅਤੇ ਵਧੀਆ ਸਾਧਨ ਹੈ। ਇਸ ਵਿੱਚ ਮਨੁੱਖੀ ਜੀਵਨ ਅਤੇ ਸਾਡੇ ਸਮਾਜ ਵਿੱਚ ਵਾਪਰ ਰਹੇ ਚੰਗੇ-ਮਾੜੇ ਦਾ ਨਾਟਕ ਦੇਖਣ ਨੂੰ ਮਿਲਦਾ ਹੈ। ਫ਼ਿਲਮ ਦੇ ਵਿਜ਼ੂਅਲ ਅਤੇ ਗੀਤ ਬਹੁਤ ਮਜ਼ੇਦਾਰ ਹਨ। ਸਾਡੇ ਦੇਸ਼ ਵਿੱਚ ਹਰ ਸਾਲ ਵੱਡੀ ਗਿਣਤੀ ਵਿੱਚ ਫ਼ਿਲਮਾਂ ਬਣਦੀਆਂ ਹਨ। ਭਾਰਤੀ ਸਿਨੇਮਾ ਨੂੰ ਵਿਗਿਆਨ ਦੇ ਤਰੀਕਿਆਂ ਨਾਲ ਬਹੁਤ ਸੁੰਦਰ ਤੋਹਫ਼ਾ ਮੰਨਿਆ ਗਿਆ ਹੈ, ਇਸੇ ਕਰਕੇ ਅੱਜ ਭਾਰਤੀ ਸਿਨੇਮਾ ਬਹੁਤ ਮਸ਼ਹੂਰ ਹੈ।

ਜਿਵੇਂ ਸਿਨੇਮਾ ਜਨ-ਮਨੋਰੰਜਨ ਦਾ ਪ੍ਰਸਿੱਧ ਮਾਧਿਅਮ ਹੈ, ਉਸੇ ਤਰ੍ਹਾਂ ਸਾਹਿਤ ਸਮਾਜ ਦਾ ਸ਼ੀਸ਼ਾ ਹੈ। ਭਾਰਤੀ ਸਿਨੇਮਾ ਵਿੱਚ ਸਮਾਜ ਸੀਮਤ ਹੈ। ਚਾਹੇ ਗੱਲ ਭਾਰਤੀ ਨੌਜਵਾਨਾਂ ਦੇ ਮਨਾਂ ਵਿੱਚ ਪਿਆਰ ਪ੍ਰਤੀ ਖਿੱਚ ਪੈਦਾ ਕਰਨ ਦੀ ਹੋਵੇ ਜਾਂ ਸਿਨੇਮਾ ਕਲਾਕਾਰਾਂ ਦੇ ਪਹਿਰਾਵੇ ਅਨੁਸਾਰ ਫ਼ੈਸ਼ਨ ਦੇ ਰੁਝਾਨ ਦੀ। ਇਹ ਸਭ ਸਾਡੇ ਸਮਾਜ ’ਤੇ ਸਿਨੇਮਾ ਰਾਹੀਂ ਹੀ ਪ੍ਰਭਾਵ ਪਾਉਂਦੇ ਹਨ।

ਸਿਨੇਮਾ ਉਦਯੋਗ ਭਾਰਤ ਵਿੱਚ ਸਭ ਤੋਂ ਪੁਰਾਣਾ ਉਦਯੋਗ ਰਿਹਾ ਹੈ ਅਤੇ ਅੱਜ ਵੀ ਸਿਨੇਮਾ ਇੱਕ ਵਿਸ਼ਾਲ ਰੂਪ ਧਾਰਨ ਕਰ ਚੁੱਕਾ ਹੈ। ਸਿਨੇਮਾ ਰਾਹੀਂ ਦੇਸ਼ ਵਿੱਚ ਹੀ ਨਹੀਂ ਸਗੋਂ ਵਿਦੇਸ਼ਾਂ ਵਿੱਚ ਵੀ ਕਰੋੜਾਂ ਲੋਕਾਂ ਦੀ ਰੋਜ਼ੀ-ਰੋਟੀ ਚੱਲਦੀ ਹੈ। ਅੱਜ ਸਾਡੇ ਭਾਰਤੀ ਸਿਨੇਮਾ ਵਿੱਚ ਹਿੰਦੀ ਫ਼ਿਲਮਾਂ ਦਾ ਸਭ ਤੋਂ ਮਹੱਤਵਪੂਰਨ ਯੋਗਦਾਨ ਰਿਹਾ ਹੈ। ਉਨ੍ਹਾਂ ਨੇ ਹਿੰਦੀ ਨੂੰ ਭਾਰਤੀ ਸਿਨੇਮਾ ਵਿੱਚ ਨਾ ਸਿਰਫ਼ ਰਾਸ਼ਟਰੀ ਸਗੋਂ ਅੰਤਰਰਾਸ਼ਟਰੀ ਪੱਧਰ ’ਤੇ ਵੀ ਬਹੁਤ ਮਹੱਤਵਪੂਰਨ ਸਥਾਨ ਦਿੱਤਾ ਹੈ।

ਭਾਰਤ ਦੀ ਆਜ਼ਾਦੀ ਤੋਂ ਬਾਅਦ ਸਿਨੇਮਾ ਜਗਤ ਵਿੱਚ ਜੋ ਵੀ ਦੇਸ਼ ਭਗਤੀ ਦੀਆਂ ਫ਼ਿਲਮਾਂ ਬਣੀਆਂ, ਉਨ੍ਹਾਂ ਨੇ ਦੇਸ਼ ਭਗਤੀ ਦੀ ਭਾਵਨਾ ਲੋਕਾਂ ਦੇ ਦਿਲਾਂ ਵਿੱਚ ਬਲਦੀ ਰੱਖੀ ਹੈ। ਅੱਜ ਵੀ ਜਦੋਂ ਅਸੀਂ ਸਾਰੇ ਪੁਰਾਣੇ ਦੇਸ਼ ਭਗਤੀ ਦੇ ਗੀਤ ਸੁਣਦੇ ਹਾਂ ਤਾਂ ਸਾਡਾ ਮਨ ਦੇਸ਼ ਭਗਤੀ ਨਾਲ ਭਰ ਜਾਂਦਾ ਹੈ। ਭਾਰਤੀ ਸਿਨੇਮਾ ਨੇ ਆਪਣੀਆਂ ਫ਼ਿਲਮਾਂ ਰਾਹੀਂ ਦੇਸ਼ ਦੀ ਸੱਭਿਅਤਾ ਅਤੇ ਸੱਭਿਆਚਾਰ ਨੂੰ ਜਿਉਂਦਾ ਰੱਖਿਆ ਹੈ।

ਸਿਨੇਮਾ ਦੀ ਕਾਢ ਆਧੁਨਿਕ ਸਮਾਜ ਦੀ ਰੋਜ਼ਾਨਾ ਵਰਤੋਂ ਅਤੇ ਲਗਜ਼ਰੀ ਦੀ ਵਸਤੂ ਹੈ। ਸਿਨੇਮਾ ਨੇ ਸਾਡੇ ਸਮਾਜਿਕ ਜੀਵਨ ਵਿੱਚ ਅਜਿਹਾ ਅਹਿਮ ਸਥਾਨ ਹਾਸਲ ਕੀਤਾ ਹੈ ਕਿ ਇਸ ਤੋਂ ਬਿਨਾਂ ਸਮਾਜਕ ਜੀਵਨ ਅਧੂਰਾ ਜਾਪਦਾ ਹੈ। ਫ਼ਿਲਮਾਂ ਦੇਖਣਾ ਲੋਕਾਂ ਦੀ ਜ਼ਿੰਦਗੀ ਦਾ ਰੋਜ਼ਾਨਾ ਦਾ ਕੰਮ ਬਣ ਗਿਆ ਹੈ। ਉਦਾਹਰਨ ਲਈ, ਹਰ ਕੋਈ ਸ਼ਾਮ ਨੂੰ ਸਿਨੇਮਾ ਘਰ ਜਾਂ ਟੈਲੀਵਿਜ਼ਨ ਦੇ ਸਾਹਮਣੇ ਇਕੱਠਾ ਹੁੰਦਾ ਹੈ ਅਤੇ ਸੀਰੀਅਲ, ਧਾਰਮਿਕ ਨਾਟਕ, ਫ਼ਿਲਮਾਂ ਇਕੱਠੇ ਦੇਖਦਾ ਹੈ। ਇਸ ਤੋਂ ਸਿਨੇਮਾ ਦੀ ਉਪਯੋਗਤਾ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਮਨੋਰੰਜਨ ਸਿਨੇਮਾ ਦਾ ਮੁੱਖ ਉਦੇਸ਼ ਰਿਹਾ ਹੈ। ਹੋਰ ਮਨੋਰੰਜਨ ਤੋਂ ਇਲਾਵਾ ਸਿਨੇਮਾ ਦੀ ਜ਼ਿੰਦਗੀ ਵਿੱਚ ਬਹੁਤ ਮਹੱਤਤਾ ਹੈ ਅਤੇ ਇਸ ਦੇ ਕਈ ਫ਼ਾਇਦੇ ਵੀ ਹਨ। ਸਿਨੇਮਾ ਦੀ ਖੋਜ 19ਵੀਂ ਸਦੀ ਵਿੱਚ ਅਮਰੀਕਾ ਦੇ ਥਾਮਸ ਅਲਵਾ ਐਡੀਸਨ ਨੇ ਕੀਤੀ ਸੀ। ਉਸਨੇ 1890 ਵਿੱਚ ਫ਼ਿਲਮ ਨੂੰ ਸਾਡੇ ਸਾਹਮਣੇ ਪੇਸ਼ ਕੀਤਾ। ਪਹਿਲਾ ਸਿਨੇਮਾ ਲੰਡਨ ਵਿੱਚ ਕੁਮਾਰ ਨਾਮ ਦੇ ਇੱਕ ਵਿਗਿਆਨੀ ਦੁਆਰਾ ਦਿਖਾਇਆ ਗਿਆ ਸੀ। ਦਾਦਾ ਸਾਹਿਬ ਫ਼ਾਲਕੇ ਦੁਆਰਾ 1913 ਵਿੱਚ ਭਾਰਤ ਵਿੱਚ ਫ਼ਿਲਮ ਨੂੰ ਬਣਾਇਆ ਗਿਆ ਸੀ, ਜਿਸਦੀ ਬਹੁਤ ਪ੍ਰਸ਼ੰਸਾ ਕੀਤੀ ਗਈ ਸੀ। ਫ਼ਿਰ ਇਸ ਤੋਂ ਬਾਅਦ ਕਈ ਫ਼ਿਲਮਾਂ ਬਣੀਆਂ ਪਰ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਸਿਨੇਮਾ ਦੀ ਮਹੱਤਤਾ ਦੇ ਮਾਮਲੇ ਵਿੱਚ ਭਾਰਤ ਦਾ ਸਥਾਨ ਦੁਨੀਆ ਵਿੱਚ ਅਮਰੀਕਾ ਤੋਂ ਬਾਅਦ ਦੂਜੇ ਨੰਬਰ ’ਤੇ ਆਉਂਦਾ ਹੈ।

ਅੱਜ ਦੇ ਸਮੇਂ ਵਿੱਚ ਮਨੁੱਖ ਆਪਣੀ ਜ਼ਿੰਦਗੀ ਵਿੱਚ ਇੰਨਾ ਵਿਅਸਤ ਹੋ ਗਿਆ ਹੈ ਕਿ ਉਸ ਦੀਆਂ ਲੋੜਾਂ ਵੀ ਬਹੁਤ ਵਧ ਗਈਆਂ ਹਨ। ਰੁਝੇਵਿਆਂ ਕਾਰਨ ਮਨੁੱਖ ਕੋਲ ਮਨੋਰੰਜਨ ਲਈ ਬਿਲਕੁਲ ਵੀ ਸਮਾਂ ਨਹੀਂ ਹੈ। ਹਰ ਕੋਈ ਜਾਣਦਾ ਹੈ ਕਿ ਮਨੁੱਖ ਬਿਨਾਂ ਭੋਜਨ ਦੇ ਕੁਝ ਸਮੇਂ ਲਈ ਸਿਹਤਮੰਦ ਰਹਿ ਸਕਦਾ ਹੈ। ਪਰ ਮਨੋਰੰਜਨ ਤੋਂ ਬਿਨਾਂ ਵਿਅਕਤੀ ਆਪਣੇ ਆਪ ਨੂੰ ਸਰੀਰਕ ਅਤੇ ਮਾਨਸਿਕ ਤੌਰ ’ਤੇ ਬਿਲਕੁਲ ਵੀ ਤੰਦਰੁਸਤ ਨਹੀਂ ਰੱਖ ਸਕਦਾ। ਸਿਨੇਮਾ ਮਨੁੱਖ ਦੀ ਬਹੁਤ ਜ਼ਰੂਰੀ ਲੋੜ ਨੂੰ ਪੂਰਾ ਕਰਦਾ ਹੈ। ਮਨੁੱਖੀ ਜੀਵਨ ਦੀ ਉਦਾਸੀਨਤਾ ਅਤੇ ਤਨਾਅ ਨੂੰ ਦੂਰ ਕਰਕੇ ਉਸ ਦੇ ਅੰਦਰਲੀ ਤਾਜ਼ਗੀ ਅਤੇ ਦਿਨ ਭਰ ਦੀ ਥਕਾਵਟ ਨੂੰ ਵੀ ਦੂਰ ਕਰਦਾ ਹੈ।

ਭਾਰਤ ਵਿੱਚ, ਫ਼ਿਲਮ ਜਗਤ ਨੂੰ ਵੀ ਇੱਕ ਉਦਯੋਗ ਦਾ ਦਰਜਾ ਪ੍ਰਾਪਤ ਹੈ। ਸਿਨੇਮਾ ਇੱਕ ਵਿਅਕਤੀ ਲਈ ਪੈਸਾ ਕਮਾਉਣ ਦਾ ਇੱਕ ਬਹੁਤ ਵਧੀਆ ਸਾਧਨ ਹੈ। ਸਿਨੇਮਾ ਦੇ ਨਿਰਮਾਣ ਤੋਂ ਲੈ ਕੇ ਇਸ ਦੇ ਵਰਣਨ ਅਤੇ ਪ੍ਰਦਰਸ਼ਨ ਤੱਕ ਹਰ ਪਾਸੇ ਵਪਾਰਕਤਾ ਦਾ ਨਾਮ ਦੇਖਣ ਨੂੰ ਮਿਲਿਆ ਹੈ। ਸਿਨੇਮਾ ਹਾਲਾਂ ਵਿੱਚ ਵਪਾਰਕ ਇਸ਼ਤਿਹਾਰ ਵੀ ਬਹੁਤ ਦਿਖਾਏ ਜਾਂਦੇ ਹਨ ਕਿਉਂਕਿ ਜਦੋਂ ਵੱਡੀ ਗਿਣਤੀ ਵਿੱਚ ਲੋਕ ਫ਼ਿਲਮਾਂ ਦੇਖਣ ਲਈ ਸਿਨੇਮਾ ਘਰਾਂ ਵਿੱਚ ਪਹੁੰਚਦੇ ਹਨ। ਇਸ ਕਾਰਨ ਸਾਰੇ ਲੋਕਾਂ ਨੂੰ ਦਿਖਾਏ ਜਾਣ ਵਾਲੇ ਵਪਾਰਕ ਇਸ਼ਤਿਹਾਰਾਂ ਬਾਰੇ ਜਾਣਕਾਰੀ ਮਿਲਦੀ ਹੈ। ਵਪਾਰੀ ਆਪਣੇ ਇਸ਼ਤਿਹਾਰ ਦੇ ਕੇ ਆਪਣਾ ਕਾਰੋਬਾਰ ਵਧਾਉਣ ਵਿਚ ਕਾਮਯਾਬ ਹੋ ਰਹੇ ਹਨ। ਜਿੱਥੇ ਸਿਨੇਮਾ ਰਾਹੀਂ ਲੋਕਾਂ ਨੂੰ ਲਾਭ ਮਿਲਦਾ ਹੈ, ਉੱਥੇ ਹੀ ਸਿਨੇਮਾ ਰਾਹੀਂ ਕਈ ਨੁਕਸਾਨ ਵੀ ਦੇਖਣ ਨੂੰ ਮਿਲਦੇ ਹਨ। ਜਦੋਂ ਅਸੀਂ ਸਿਨੇਮਾ ਦੇਖਦੇ ਹਾਂ ਤਾਂ ਇਹ ਸਿਹਤ ਦੇ ਲਿਹਾਜ਼ ਨਾਲ ਅੱਖਾਂ ਲਈ ਬਹੁਤ ਨੁਕਸਾਨਦਾਇਕ ਹੁੰਦਾ ਹੈ। ਇਸ ਕਾਰਨ ਵਿਅਕਤੀ ਦੀਆਂ ਅੱਖਾਂ ਦੀ ਰੋਸ਼ਨੀ ਖਰਾਬ ਹੁੰਦੀ ਹੈ ਅਤੇ ਇਸ ਦੇ ਨਾਲ ਹੀ ਪੈਸਾ ਅਤੇ ਸਮਾਂ ਦੋਵੇਂ ਬਰਬਾਦ ਹੁੰਦੇ ਹਨ। ਇਸ ਤੋਂ ਇਲਾਵਾ ਸਿਨੇਮਾ ਵਿੱਚ ਅਸ਼ਲੀਲ ਅਤੇ ਸਸਤੀਆਂ ਸਨਸਨੀਖੇਜ਼ ਤਸਵੀਰਾਂ ਦੇਖਣ ਨਾਲ ਵੀ ਆਪਣੇ ਹੀ ਕਿਰਦਾਰ ਨੂੰ ਨੁਕਸਾਨ ਪਹੁੰਚਦਾ ਹੈ।

ਬਦਕਿਸਮਤੀ ਨਾਲ ਇਹ ਕਹਿਣ ਵਿੱਚ ਕੋਈ ਹਰਜ਼ ਨਹੀਂ ਹੈ ਕਿ ਅੱਜ ਸਿਨੇਮਾ ਦਾ ਪ੍ਰਭਾਵ ਮਨੁੱਖੀ ਜੀਵਨ ਵਿੱਚ ਬਹੁਤ ਗਲਤ ਹੋ ਗਿਆ ਹੈ। ਇਸ ਕਰਕੇ ਬਹੁਤ ਹੀ ਗਲਤ ਗੱਲਾਂ ਜਿਵੇਂ ਅਸ਼ਲੀਲ ਤਸਵੀਰਾਂ, ਡਾਇਲਾਗ ਅਤੇ ਗੰਦੇ ਗੀਤ ਆਦਿ, ਜੋ ਮਨੁੱਖ ਦੇ ਅੰਦਰ ਸੰਵੇਦਨਾ ਪੈਦਾ ਕਰਦੇ ਹਨ ਅਤੇ ਜੋ ਵੀ ਸਮਾਜ ਵਿਰੋਧੀ ਦ੍ਰਿਸ਼ ਜਿਵੇਂ ਕਿ ਧੋਖਾਧੜੀ, ਫ਼ੈਸ਼ਨ, ਸ਼ਰਾਬ, ਜੂਆ, ਲੜਾਈ, ਹਿੰਸਾ, ਅਗਵਾ, ਬਲਾਤਕਾਰ, ਤਸਕਰੀ, ਲੁੱਟ ਆਦਿ ਭਾਰਤੀ ਸਿਨੇਮਾ ਰਾਹੀਂ ਕੀਤੀ ਜਾਂਦੀ ਹੈ, ਇਸ ਵਿੱਚ ਦਿਖਾਇਆ ਗਿਆ ਹੈ। ਜਵਾਨੀ, ਬੱਚੇ ਸਭ ਇਨ੍ਹਾਂ ਸਾਰਿਆਂ ਤੋਂ ਅਨੁਸ਼ਾਸਨਹੀਣ ਹੋ ਗਏ ਹਨ।

ਅੱਜ ਦੇ ਨੌਜਵਾਨਾਂ ਦੀ ਮੰਗ ਹੈ ਕਿ ਉਹ ਆਪਣੇ ਦੇਸ਼ ਦੀ ਸੱਭਿਅਤਾ ਅਤੇ ਸ਼ਾਨਦਾਰ ਪਰੰਪਰਾ ਨੂੰ ਸਿਨੇਮਾ ਰਾਹੀਂ ਦਰਸ਼ਕਾਂ ਨੂੰ ਦਿਖਾਉਣ। ਚੰਗੀਆਂ ਤਸਵੀਰਾਂ ਬਣਾ ਕੇ ਉਨ੍ਹਾਂ ਵਿੱਚ ਭਾਰਤੀ ਸੰਸਕ੍ਰਿਤੀ, ਸਮਾਜਵਾਦ ਅਤੇ ਨੈਤਿਕ ਪਰੰਪਰਾਵਾਂ ਨੂੰ ਦਰਸਾਇਆ ਜਾਣਾ ਚਾਹੀਦਾ ਹੈ। ਜਿਸ ਨਾਲ ਸਰੋਤਿਆਂ ਦੇ ਮਨ ਵਿੱਚ ਸਮਾਜ ਅਤੇ ਦੇਸ਼ ਪ੍ਰਤੀ ਚੰਗੀ ਭਾਵਨਾ ਆਵੇਗੀ। ਫ਼ਿਲਮ ਸੈਂਸਰ ਬੋਰਡ ਨੂੰ ਆਪਣਾ ਸਖਤ ਰੁਖ ਅਪਣਾਉਣਾ ਚਾਹੀਦਾ ਹੈ, ਤਾਂ ਜੋ ਵੀ ਫ਼ਿਲਮਾਂ ਅਸ਼ਲੀਲ ਅਤੇ ਕਾਮੁਕਤਾ ਅਤੇ ਐਸ਼ੋ-ਆਰਾਮ ਨਾਲ ਭਰਪੂਰ ਹੋਣ, ਉਹ ਸਮੁੱਚੀ ਜਨਤਾ ਵਿੱਚ ਅਸ਼ਲੀਲਤਾ, ਕਾਮੁਕਤਾ ਅਤੇ ਐਸ਼ੋ-ਆਰਾਮ ਦੀ ਭਾਵਨਾ ਨੂੰ ਪ੍ਰਫੁੱਲਤ ਨਾ ਕਰਨ ਅਤੇ ਇਸ ਨਾਲ ਸਿਨੇਮਾ ਨੂੰ ਇੱਕ ਵਰਦਾਨ ਸਾਬਤ ਕਰਨਾ ਚਾਹੀਦਾ ਹੈ।

## ਸਰਕਾਰਾਂ ਸ਼ਰਮ ਕਰਨ, ਇੱਕ ਨੂੰ ਵਾਰ-ਵਾਰ

ਰਿਹਾਈ ਨਹੀਂ ਮਿਲਦੀ, ਤਾਂ ਇਹ ਸਿੱਧਾ ਧਾਰਮਿਕ ਭੇਦਭਾਵ ਹੈ। ਸ਼੍ਰੋਮਣੀ ਕਮੇਟੀ ਨੇ ਮੰਗ ਕੀਤੀ ਹੈ ਕਿ ਸਰਕਾਰ ਸਪੱਸ਼ਟ ਕਰੇ ਕਿ ਰਾਮ ਰਹੀਮ ਨੂੰ ਪੈਰੋਲ ਦੇਣ ਪਿੱਛੇ ਕਿਹੜੀ ਅਸਲ ਸਥਿਤੀ ਹੈ । ਦੂਜੇ ਪਾਸੇ ਡੇਰਾ ਸਿਰਸਾ ਦੇ ਬੁਲਾਰੇ ਜਿਤੇਂਦਰ ਖੁਰਾਨਾ ਦਾ ਕਹਿਣਾ ਹੈ ਕਿ ਕਾਨੂੰਨ ਦੇ ਦਾਇਰੇ ਵਿੱਚ ਰਹਿ ਕੇ ਹੀ ਰਾਮ ਰਹੀਮ ਨੂੰ ਪੈਰੋਲ ਦਿੱਤੀ ਗਈ ਹੈ।

***

## ਟਰੰਪ ਦੇ 'ਟੈਰਿਫ਼ ਬੰਬ'

ਅੰਕੜਿਆਂ ਤੋਂ ਪਤਾ ਚਲ ਜਾਂਦਾ ਹੈ ਕਿ ਅਮਰੀਕਾ ਜਾਣ ਵਾਲੇ ਭਾਰਤੀ ਖਾਸ ਕਰਕੇ ਭਾਰਤੀ ਵਿਦਿਆਰਥੀ ਅਮਰੀਕਾ ਦੀ ਆਰਥਿਕਤਾ ਵਿੱਚ ਵੀ ਆਪਣਾ ਯੋਗਦਾਨ ਪਾਉਂਦੇ ਹਨ। ਜਿਸ ਤਰੀਕੇ ਨਾਲ ਅਮਰੀਕਾ ਨੇ ਭਾਰਤ 'ਤੇ 25 ਫ਼ੀਸਦੀ ਟੈਰਿਫ਼ ਲਗਾਇਆ ਹੈ, ਉਸ ਤੋਂ ਪਤਾ ਚਲ ਜਾਂਦਾ ਹੈ ਕਿ ਅਮਰੀਕਾ ਦੀ ਤਰੱਕੀ ਅਤੇ ਉਥੋਂ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਦੇ ਵਿੱਚ ਅਮਰੀਕਾ ਰਹਿੰਦੇ ਭਾਰਤੀਆਂ ਦੇ ਯੋਗਦਾਨ ਨੂੰ ਅਮਰੀਕਾ ਨੇ ਪੂਰੀ ਤਰ੍ਹਾਂ ਅੱਖੋਂ ਉਹਲੇ ਕਰ ਦਿੱਤਾ ਹੈ।

ਭਾਰਤ ਨੂੰ ਇਸ ਸਮੇਂ ਆਪਣੇ ਗੁਆਂਢੀ ਮੁਲਕ 'ਚੀਨ' ਤੋਂ ਸਬਕ ਸਿੱਖਣ ਦੀ ਲੋੜ ਹੈ ਅਤੇ ਅਮਰੀਕਾ ਅੱਗੇ ਝੁਕਣ ਦੀ ਥਾਂ ਉਸ ਦੀ ਟੈਰਿਫ਼ ਨੀਤੀ ਦਾ ਡਟ ਕੇ ਸਾਹਮਣਾ ਕਰਨਾ ਚਾਹੀਦਾ ਹੈ। ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਅਮਰੀਕਾ ਨੂੰ ਇਹ ਗੱਲ ਚੰਗੀ ਤਰ੍ਹਾਂ ਸਪਸ਼ਟ ਰੂਪ ਵਿੱਚ ਸਮਝਾ ਦੇਵੇ ਕਿ ਭਾਰਤ ਦੇ ਕਿਸਾਨਾਂ ਅਤੇ ਛੋਟੇ ਉਦਯੋਗਪਤੀਆਂ, ਛੋਟੇ ਕਾਰਖ਼ਾਨੇਦਾਰਾਂ ਦੇ ਹਿੱਤਾਂ ਦੀ ਅਣਦੇਖੀ ਕਰਕੇ ਅਮਰੀਕਾ ਨਾਲ ਵਪਾਰਕ ਸਮਝੌਤਾ ਨਹੀਂ ਕਰ ਸਕਦਾ। ਭਾਰਤ ਨੇ ਜੇ ਅਮਰੀਕਾ ਨਾਲ ਵਪਾਰਕ ਸਮਝੌਤਾ ਕਰਨਾ ਵੀ ਹੈ ਤਾਂ ਇਸ ਨੂੰ ਆਪਣੀਆਂ ਕੌਮੀ ਨੀਤੀਆਂ ਨੂੰ ਪਹਿਲ ਦੇਣ ਦੇ ਨਾਲ ਹੀ ਕਿਸਾਨਾਂ, ਛੋਟੇ ਉਦਯੋਗਪਤੀਆਂ ਤੇ ਛੋਟੇ ਕਾਰਖ਼ਾਨੇਦਾਰਾਂ ਦੇ ਹਿੱਤਾਂ ਦੀ ਰੱਖਿਆ ਲਈ ਵੀ ਸੋਚਣਾ ਪਵੇਗਾ। ਇਸ ਸਮੇਂ ਭਾਰਤ ਦੇ ਕਰੋੜਾਂ ਵਸਨੀਕਾਂ ਦੀਆਂ ਨਜ਼ਰਾਂ ਕੇਂਦਰ ਸਰਕਾਰ ਵੱਲ ਲੱਗੀਆਂ ਹੋਈਆਂ ਹਨ ਕਿ ਉਹ ਅਮਰੀਕਾ ਵੱਲੋਂ ਲਗਾਏ ਗਏ 25 ਫ਼ੀਸਦੀ ਟੈਰਿਫ਼ ਦਾ ਕਿਸ ਤਰੀਕੇ ਨਾਲ ਜਵਾਬ ਦਿੰਦੀ ਹੈ ?

***

## ਇਜ਼ਰਾਇਲ ਦੀਆਂ ਜ਼ਾਲਮਾਨਾ ਨੀਤੀਆਂ ਕਾਰਨ

ਮੈਂ ਟੀਵੀ 'ਤੇ ਬੱਚਿਆਂ ਨੂੰ ਵੇਖਿਆ, ਉਹ ਭੁੱਖੇ ਨਜ਼ਰ ਆਏ।' ਉਹਨਾਂ ਨੇ ਗਾਜ਼ਾ 'ਚ ਖੁਰਾਕ ਕੇਂਦਰ ਬਣਾਉਣ ਦੀ ਗੱਲ ਕੀਤੀ, ਪਰ ਅਮਰੀਕਾ ਨੇ ਇਜ਼ਰਾਇਲ 'ਤੇ ਕੋਈ ਸਖ਼ਤ ਦਬਾਅ ਨਹੀਂ ਪਾਇਆ।

ਉਲਟਾ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਅਤੇ ਫ਼ਰਾਂਸ ਵਿੱਚ ਅਮਰੀਕੀ ਰਾਜਦੂਤ ਚਾਰਲਸ ਕੁਸ਼ਨਰ ਨੇ ਫ਼ਰਾਂਸ ਦੇ ਫ਼ਲਸਤੀਨ ਨੂੰ ਮਾਨਤਾ ਦੇਣ ਦੇ ਫ਼ੈਸਲੇ ਦੀ ਸਖਤ ਨਿੰਦਾ ਕੀਤੀ। ਰੂਬੀਓ ਨੇ ਇਸ ਨੂੰ ਹਮਾਸ ਦੇ ਪ੍ਰਚਾਰ ਨੂੰ ਵਧਾਉਣ ਵਾਲਾ ਦੱਸਿਆ, ਜਦਕਿ ਕੁਸ਼ਨਰ ਨੇ ਕਿਹਾ ਕਿ ਇਹ 'ਅਮਨ ਪ੍ਰਕਿਰਿਆ ਨੂੰ ਝਟਕਾ' ਹੈ। ਅਮਰੀਕਾ ਦੀ ਇਹ ਦੋਗਲੀ ਨੀਤੀ 'ਇੱਕ ਪਾਸੇ ਸਹਾਇਤਾ ਦੀ ਗੱਲ, ਦੂਜੇ ਪਾਸੇ ਇਜ਼ਰਾਇਲ ਦਾ ਸਮਰਥਨ' ਗਾਜ਼ਾ ਦੇ ਸੰਕਟ ਨੂੰ ਹੋਰ ਗੰਭੀਰ ਕਰ ਰਹੀ ਹੈ।

### ਫ਼ਲਸਤੀਨ ਦੀ ਹਮਾਇਤ 'ਚ ਮੁਲਕ

ਫ਼ਲਸਤੀਨ ਨੂੰ ਮਾਨਤਾ ਦੇਣ ਵਾਲੇ 140 ਤੋਂ ਵੱਧ ਮੁਲਕਾਂ ਵਿਚ ਸਪੇਨ, ਆਇਰਲੈਂਡ, ਨਾਰਵੇ, ਸਲੋਵੇਨੀਆ, ਕਤਰ, ਜਾਰਡਨ ਅਤੇ ਸਾਊਦੀ ਅਰਬ ਸ਼ਾਮਲ ਨੇ। ਫ਼ਰਾਂਸ ਦਾ ਫ਼ੈਸਲਾ ਜੀ7 ਮੁਲਕਾਂ 'ਚ ਪਹਿਲਾ ਹੈ, ਜਿਸ ਨੇ ਵਿਸ਼ਵ ਸਿਆਸਤ 'ਚ ਨਵਾਂ ਮੋੜ ਲਿਆਂਦਾ। ਸਪੇਨ ਦੇ ਪ੍ਰਧਾਨ ਮੰਤਰੀ ਪੇਡਰੋ ਸਾਂਚੇਜ਼ ਅਤੇ ਆਸਟਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਨੀਜ਼ ਨੇ ਇਸ ਫ਼ੈਸਲੇ ਦੀ ਸ਼ਲਾਘਾ ਕੀਤੀ, ਕਹਿੰਦਿਆਂ ਕਿ ਦੋ-ਮੁਲਕੀ ਹੱਲ ਹੀ ਅਮਨ ਦਾ ਰਾਹ ਹੈ।

ਭਾਰਤ ਨੇ 1988 ਵਿੱਚ ਫ਼ਲਸਤੀਨ ਨੂੰ ਮਾਨਤਾ ਦਿੱਤੀ ਸੀ ਅਤੇ ਹਮੇਸ਼ਾ ਦੋ-ਮੁਲਕੀ ਹੱਲ ਦਾ ਸਮਰਥਨ ਕੀਤਾ। ਪਰ ਮੋਦੀ ਸਰਕਾਰ ਦੀ ਚੁੱਪੀ ਅਤੇ ਇਜ਼ਰਾਇਲ ਨਾਲ ਮਜ਼ਬੂਤ ਸਬੰਧਾਂ ਨੇ ਫ਼ਲਸਤੀਨ ਦੇ ਸਮਰਥਕਾਂ ਨੂੰ ਨਿਰਾਸ਼ ਕੀਤਾ ਹੈ। ਕਾਂਗਰਸ ਦੀ ਸੀਨੀਅਰ ਸੁਪਰੀਮੋ ਨੇਤਾ ਸੋਨੀਆ ਗਾਂਧੀ ਨੇ ਗਾਜ਼ਾ ਵਿਚ ਇਜ਼ਰਾਇਲ ਦੀਆਂ ਕਾਰਵਾਈਆਂ ਨੂੰ ਨਰਸੰਘਾਰ ਦੱਸ ਕੇ ਮੋਦੀ ਸਰਕਾਰ ਦੀ ਚੁੱਪੀ 'ਤੇ ਸਵਾਲ ਉਠਾਏ। ਉਹਨਾਂ ਨੇ ਕਿਹਾ ਕਿ ਇਜ਼ਰਾਇਲ ਨੇ 55,000 ਤੋਂ ਵੱਧ ਫ਼ਲਸਤੀਨੀਆਂ ਦੀ ਜਾਨ ਲਈ, ਜਿਨ੍ਹਾਂ ਵਿੱਚ 17,000 ਬੱਚੇ ਨੇ।

ਸੋਨੀਆ ਗਾਂਧੀ ਨੇ ਆਪਣੇ ਲੇਖ 'ਚ ਮੋਦੀ ਸਰਕਾਰ ਦੀ ਇਸ ਚੁੱਪੀ ਨੂੰ 'ਮਨੁੱਖਤਾ ਵਿਰੁੱਧ ਅਪਰਾਧ' ਅਤੇ 'ਭਾਰਤ ਦੇ ਸੰਵਿਧਾਨਕ ਮੁੱਲਾਂ ਨਾਲ ਧੋਖਾ' ਦੱਸਿਆ। ਉਹਨਾਂ ਨੇ ਕਿਹਾ ਕਿ ਗਾਜ਼ਾ 'ਚ ਜ਼ਿਆਦਾਤਰ ਰਿਹਾਇਸ਼ੀ ਇਮਾਰਤਾਂ ਅਤੇ ਹਸਪਤਾਲ ਤਬਾਹ ਹੋ ਚੁੱਕੇ ਨੇ, ਅਤੇ ਇਜ਼ਰਾਇਲ ਦੀਆਂ ਨੀਤੀਆਂ ਨੇ ਫ਼ਲਸਤੀਨੀਆਂ ਨੂੰ ਭੁੱਖ ਅਤੇ ਬਿਮਾਰੀ ਦੇ ਮੂੰਹ 'ਚ ਧੱਕ ਦਿੱਤਾ।

ਜਦੋਂ ਸਾਰੀ ਦੁਨੀਆਂ 'ਚ ਇਜ਼ਰਾਇਲ ਵਿਰੁੱਧ ਆਵਾਜ਼ ਉੱਠ ਰਹੀ ਹੈ, ਭਾਰਤ ਦੀ ਚੁੱਪੀ ਉਸ ਦੀ ਮਨੁੱਖਤਾ ਅਤੇ ਨਿਆਂ ਦੀ ਵਿਰਾਸਤ ਨੂੰ ਸਵਾਲਾਂ ਹੇਠ ਲਿਆ ਰਹੀ ਹੈ।

ਗਾਜ਼ਾ ਦੀ ਇਹ ਤਬਾਹੀ ਸਿਰਫ਼ ਇੱਕ ਖੇਤਰ ਦੀ ਕਹਾਣੀ ਨਹੀਂ, ਸਗੋਂ ਮਨੁੱਖਤਾ ਦੀ ਅਜਮਾਇਸ਼ ਹੈ। ਇਜ਼ਰਾਇਲ ਦੀਆਂ ਜ਼ੁਲਮੀ ਨੀਤੀਆਂ, ਅਮਰੀਕਾ ਦੀ ਅਜੀਬ ਚੁੱਪੀ, ਅਤੇ ਯੂਰਪ ਦਾ ਬਦਲਦਾ ਰੁਖ—ਇਹ ਸਭ ਵਿਸ਼ਵ ਸਿਆਸਤ 'ਚ ਨਵੇਂ ਗਠਜੋੜ ਅਤੇ ਟਕਰਾਅ ਦੀਆਂ ਸੰਭਾਵਨਾਵਾਂ ਨੂੰ ਜਨਮ ਦੇ ਰਹੇ ਨੇ। ਫ਼ਰਾਂਸ ਅਤੇ ਬਰਤਾਨੀਆ ਦੇ ਫ਼ੈਸਲੇ ਨੇ ਅਮਰੀਕੀ ਪ੍ਰਭਾਵ ਨੂੰ ਚੁਣੌਤੀ ਦਿੱਤੀ ਹੈ ਅਤੇ ਸਪੇਨ, ਕਤਰ ਵਰਗੇ ਮੁਲਕਾਂ ਦੀ ਹਮਾਇਤ ਨੇ ਫ਼ਲਸਤੀਨ ਦੀ ਆਵਾਜ਼ ਨੂੰ ਹੋਰ ਬੁਲੰਦ ਕੀਤਾ ਹੈ।

***

## ਕੀ 'ਆਪ' ਸਰਕਾਰ ਪੰਜਾਬ ਵਿੱਚ ਨਸ਼ਿਆਂ

ਪਰ ਜਿਹੜੀਆਂ ਅਕਸਰ ਸੁਰਖ਼ੀਆਂ ਤੱਕ ਹੀ ਸੀਮਤ ਰਹੀਆਂ। 2018 ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ 'ਸਪੈਸ਼ਲ ਟਾਸਕ ਫੋਰਸ' (ਐਸ.ਟੀ.ਐਫ.) ਬਣਾਈ, ਜਿਸ ਨੇ ਕੁਝ ਵੱਡੇ ਨਸ਼ਾ ਤਸਕਰਾਂ ਨੂੰ ਫੜਿਆ, ਪਰ ਬਾਅਦ ਵਿੱਚ ਇਹ ਮੁਹਿੰਮ ਠੰਡੀ ਪੈ ਗਈ। ਇਸੇ ਤਰ੍ਹਾਂ 2021 ਵਿੱਚ ਚੰਨੀ ਸਰਕਾਰ ਨੇ ਮਜੀਠੀਆ 'ਤੇ ਐਨ.ਡੀ.ਪੀ.ਐਸ. ਐਕਟ ਅਧੀਨ ਕੇਸ ਦਰਜ ਕੀਤਾ, ਪਰ ਕੋਈ ਠੋਸ ਨਤੀਜਾ ਨਾ ਨਿਕਲਿਆ। ਮਾਨ ਸਰਕਾਰ ਦੀ ਇਸ ਨਵੀਂ ਮੁਹਿੰਮ ਵਿੱਚ ਵੀ ਕਈ ਸਵਾਲ ਖੜ੍ਹੇ ਹੋ ਰਹੇ ਹਨ। ਵਿਰੋਧੀ ਧਿਰ ਦਾ ਦੋਸ਼ ਹੈ ਕਿ ਬੁਲਡੋਜ਼ਰ ਮਾਡਲ ਸਿਰਫ਼ ਸਿਆਸੀ ਵਿਰੋਧੀਆਂ ਨੂੰ ਨਿਸ਼ਾਨਾ ਬਣਾਉਣ ਲਈ ਵਰਤਿਆ ਜਾ ਰਿਹਾ ਹੈ। ਅਕਾਲੀ ਦਲ ਅਤੇ ਕਾਂਗਰਸ ਦੇ ਲੀਡਰਾਂ ਨੇ ਇਸ ਨੂੰ 'ਬਦਲੇ ਦੀ ਸਿਆਸਤ' ਦੱਸਿਆ। ਦੂਜੇ ਪਾਸੇ, ਸਰਕਾਰ ਦਾ ਕਹਿਣਾ ਹੈ ਕਿ ਇਹ ਕਾਰਵਾਈ ਨਸ਼ਾ ਮਾਫ਼ੀਆ ਦੀ ਕਮਰ ਤੋੜਨ ਲਈ ਜ਼ਰੂਰੀ ਹੈ।

### 2022 ਤੋਂ 2025: ਸਰਕਾਰ ਦੀਆਂ ਪ੍ਰਾਪਤੀਆਂ ਅਤੇ ਅੰਕੜੇ

ਆਪ ਸਰਕਾਰ ਨੇ 2022 ਦੌਰਾਨ ਸੱਤਾ ਵਿੱਚ ਆਉਣ ਤੋਂ ਬਾਅਦ ਨਸ਼ਿਆਂ ਖ਼ਿਲਾਫ਼ ਮੁਹਿੰਮ ਨੂੰ ਤੇਜ਼ ਕਰਨ ਦਾ ਦਾਅਵਾ ਕੀਤਾ ਸੀ। 27 ਜੁਲਾਈ 2025 ਦੀ ਇੱਕ ਰਿਪੋਰਟ ਮੁਤਾਬਕ, ਪੰਜਾਬ ਪੁਲਿਸ ਨੇ 2022 ਤੋਂ ਹੁਣ ਤੱਕ 23,000 ਤੋਂ ਵੱਧ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਕਰੋੜਾਂ ਰੁਪਏ ਦੀ ਕੀਮਤ ਦਾ ਨਸ਼ਾ ਬਰਾਮਦ ਕੀਤਾ। ਇਸ ਵਿੱਚ ਹੈਰੋਇਨ, ਅਫ਼ੀਮ, ਚਰਸ ਅਤੇ ਸਿੰਥੈਟਿਕ ਡਰੱਗਜ਼ ਸ਼ਾਮਲ ਹਨ। ਸਰਕਾਰ ਨੇ ਨਸ਼ਿਆਂ ਦੀ ਸਪਲਾਈ ਚੇਨ ਨੂੰ ਤੋੜਨ ਲਈ ਸਰਹੱਦੀ ਇਲਾਕਿਆਂ 'ਚ ਬੀ.ਐਸ.ਐਫ. ਨਾਲ ਮਿਲ ਕੇ ਕਾਰਵਾਈਆਂ ਵੀ ਕੀਤੀਆਂ।

ਪਰ ਅੰਕੜਿਆਂ ਦੇ ਬਾਵਜੂਦ, ਜ਼ਮੀਨੀ ਹਕੀਕਤ ਕੁਝ ਹੋਰ ਹੀ ਬਿਆਨ ਕਰਦੀ ਹੈ। ਪੰਜਾਬ ਦੇ ਪਿੰਡਾਂ-ਸ਼ਹਿਰਾਂ ਵਿੱਚ ਅਜੇ ਵੀ ਨਸ਼ੇ ਆਸਾਨੀ ਨਾਲ ਮਿਲਦੇ ਹਨ। ਸਿੰਥੈਟਿਕ ਡਰੱਗਜ਼ ਦੀ ਵਧਦੀ ਮੰਗ ਨੇ ਸਮੱਸਿਆ ਨੂੰ ਹੋਰ ਗੰਭੀਰ ਕਰ ਦਿੱਤਾ ਹੈ। ਸਿਹਤ ਵਿਭਾਗ ਦੇ ਅੰਕੜਿਆਂ ਮੁਤਾਬਕ, ਪੰਜਾਬ ਵਿੱਚ 10 ਲੱਖ ਤੋਂ ਵੱਧ ਨੌਜਵਾਨ ਨਸ਼ਿਆਂ ਦੀ ਲਤ ਦਾ ਸ਼ਿਕਾਰ ਹਨ। ਸਰਕਾਰ ਨੇ ਨਸ਼ਾ ਛੁਡਾਊ ਕੇਂਦਰਾਂ 'ਤੇ ਜ਼ੋਰ ਦਿੱਤਾ, ਪਰ ਇਨ੍ਹਾਂ ਕੇਂਦਰਾਂ ਦੀ ਸਥਿਤੀ ਵੀ ਬਹੁਤੀ ਚੰਗੀ ਨਹੀਂ।

### ਕੀ ਨਤੀਜੇ ਨਿਕਲੇ ?

ਸਰਕਾਰ ਦੀ ਮੁਹਿੰਮ ਦੇ ਨਤੀਜਿਆਂ ਦੀ ਗੱਲ ਕਰੀਏ ਤਾਂ ਮਿਸ਼ਰਤ ਸਥਿਤੀ ਸਾਹਮਣੇ ਆਉਂਦੀ ਹੈ। ਇੱਕ ਪਾਸੇ, ਵੱਡੀ ਗਿਣਤੀ 'ਚ ਗ੍ਰਿਫ਼ਤਾਰੀਆਂ ਅਤੇ ਨਸ਼ਿਆਂ ਦੀ ਬਰਾਮਦਗੀ ਦੇ ਅੰਕੜੇ ਸਰਕਾਰ ਦੀ ਸਰਗਰਮੀ ਦੱਸਦੇ ਹਨ। ਦੂਜੇ ਪਾਸੇ, ਵੱਡੇ ਨਸ਼ਾ ਮਾਫ਼ੀਆ ਅਤੇ ਸਿਆਸੀ ਸੱਤਾਧਾਰੀਆਂ 'ਤੇ ਹੱਥ ਪਾਉਣ ਵਿੱਚ ਸਰਕਾਰ ਅਕਸਰ ਚੁੱਪ ਵਿਖਾਈ ਦਿੰਦੀ ਹੈ। ਮਜੀਠੀਆ ਵਰਗੇ ਪ੍ਰਮੁੱਖ ਸਿਆਸੀ ਚਿਹਰਿਆਂ 'ਤੇ ਕਾਰਵਾਈ ਤਾਂ ਹੋਈ, ਪਰ ਅਦਾਲਤ ਵਿੱਚ ਇਨ੍ਹਾਂ ਮਾਮਲਿਆਂ ਵਿੱਚ ਠੋਸ ਸਬੂਤ ਪੇਸ਼ ਕਰਨ ਵਿੱਚ ਸਰਕਾਰ ਅਜੇ ਤੱਕ ਕਾਮਯਾਬ ਨਹੀਂ ਹੋਈ।

ਜਾਂਚ ਅਧਿਕਾਰੀਆਂ ਨੇ ਮਜੀਠੀਆ ਦੇ ਸਾਬਕਾ ਸਾਥੀਆਂ ਜਿਵੇਂ ਅਮਰਪਾਲ ਸਿੰਘ ਬੋਨੀ ਅਜਨਾਲਾ (ਹੁਣ ਭਾਜਪਾ ਵਿੱਚ) ਅਤੇ ਤਲਬੀਰ ਸਿੰਘ ਗਿੱਲ (ਹੁਣ ਆਪ ਵਿੱਚ) ਦੇ ਬਿਆਨ ਦਰਜ ਕੀਤੇ ਹਨ। ਇਸ ਤੋਂ ਇਲਾਵਾ, ਈ.ਡੀ. ਦੇ ਸਾਬਕਾ ਡਿਪਟੀ ਡਾਇਰੈਕਟਰ ਨਿਰੰਜਨ ਸਿੰਘ ਅਤੇ ਸਾਬਕਾ ਡੀ.ਜੀ.ਪੀ. ਸਿਧਾਰਥ ਚੱਟੋਪਾਧਿਆਏ ਦੇ ਬਿਆਨ ਵੀ ਲਏ ਗਏ ਸਨ। ਪਰ ਸਵਾਲ ਇਹ ਹੈ ਕਿ ਕੀ ਇਹ ਬਿਆਨ ਅਦਾਲਤ ਵਿੱਚ ਮਜੀਠੀਆ ਨੂੰ ਦੋਸ਼ੀ ਸਾਬਤ ਕਰ ਸਕਣਗੇ ?

### ਵੱਡੇ ਸਮਗਲਰ ਅਤੇ

ਅਧਿਕਾਰੀਆਂ ਅਤੇ ਸਿਆਸੀ ਲੀਡਰਾਂ ਦੇ ਨਾਮ ਸਾਹਮਣੇ ਆਏ ਸਨ, ਪਰ ਜਾਂਚ ਅੱਗੇ ਨਹੀਂ ਵਧੀ। ਸਵਾਲ ਇਹ ਹੈ ਕਿ ਜੇ ਸਰਕਾਰ ਸੱਚਮੁੱਚ ਨਸ਼ਿਆਂ ਨੂੰ ਜੜ੍ਹੋਂ ਖਤਮ ਕਰਨਾ ਚਾਹੁੰਦੀ ਹੈ, ਤਾਂ ਵੱਡੇ ਸਮਗਲਰ ਅਤੇ ਭ੍ਰਿਸ਼ਟ ਅਧਿਕਾਰੀ ਕਿਉਂ ਨਹੀਂ ਫੜੇ ਜਾ ਰਹੇ ?

### ਕੀ ਪੰਜਾਬ ਨਸ਼ਿਆਂ ਤੋਂ ਮੁਕਤ ਹੋਇਆ ?

ਸਭ ਤੋਂ ਵੱਡਾ ਸਵਾਲ ਇਹ ਹੈ ਕਿ ਕੀ ਪੰਜਾਬ ਵਿੱਚ ਨਸ਼ੇ ਖਤਮ ਹੋਏ ? ਜਵਾਬ ਸਪੱਸ਼ਟ ਹੈ – ਨਹੀਂ। ਸਰਕਾਰ ਦੀਆਂ ਮੁਹਿੰਮਾਂ ਦੇ ਬਾਵਜੂਦ, ਨਸ਼ਿਆਂ ਦੀ ਸਪਲਾਈ ਅਤੇ ਮੰਗ ਵਿਚ ਕੋਈ ਵੱਡੀ ਕਮੀ ਨਹੀਂ ਆਈ। ਪਿੰਡਾਂ 'ਚ ਅਜੇ ਵੀ ਨੌਜਵਾਨ ਨਸ਼ਿਆਂ ਦੀ ਚਪੇਟ 'ਚ ਹਨ। ਸਿੰਥੈਟਿਕ ਡਰੱਗਜ਼ ਜਿਵੇਂ 'ਆਈਸ' (ਮੈਥੈਂਫੇਟਾਮੀਨ) ਅਤੇ 'ਚਿੱਟਾ' (ਹੈਰੋਇਨ) ਦੀ ਵਧਦੀ ਮੰਗ ਨੇ ਸਮੱਸਿਆ ਨੂੰ ਹੋਰ ਗੰਭੀਰ ਕਰ ਦਿੱਤਾ।

ਸਰਕਾਰ ਨੇ ਸਕੂਲਾਂ 'ਚ ਨਸ਼ਿਆਂ ਖ਼ਿਲਾਫ਼ ਜਾਗਰੂਕਤਾ ਅਤੇ ਪੜ੍ਹਾਈ ਦੀ ਸ਼ੁਰੂਆਤ ਕੀਤੀ ਹੈ, ਪਰ ਇਸ ਦੇ ਨਤੀਜੇ ਅਜੇ ਸਾਹਮਣੇ ਨਹੀਂ ਆਏ। ਸਮਾਜਿਕ ਜਥੇਬੰਦੀਆਂ ਅਤੇ ਗੁਰਦੁਆਰਿਆਂ ਨੇ ਵੀ ਨਸ਼ਿਆਂ ਖ਼ਿਲਾਫ਼ ਮੁਹਿੰਮਾਂ ਚਲਾਈਆਂ, ਪਰ ਸਰਕਾਰੀ ਅਤੇ ਗੈਰ-ਸਰਕਾਰੀ ਯਤਨਾਂ ਵਿੱਚ ਤਾਲਮੇਲ ਦੀ ਕਮੀ ਸਪੱਸ਼ਟ ਵਿਖਾਈ ਦਿੰਦੀ ਹੈ।

***

## ਚੋਣ ਕਮਿਸ਼ਨ ਦੀ ਜਵਾਬਦੇਹੀ

ਇਹ ਕੁਝ ਅਜਿਹੇ ਮਾਮਲੇ ਹਨ, ਜੋ ਚੋਣ ਕਮਿਸ਼ਨ ਦੀ ਸੰਵਿਧਾਨਿਕ ਖੁਦਮੁਖਤਿਆਰੀ ਨੂੰ ਘਟਾਉਣ ਦੇ ਸੰਕੇਤ ਦਿੰਦੇ ਹਨ। ਅਜਿਹੇ ਵਿੱਚ ਰਾਹੁਲ ਗਾਂਧੀ ਦੇ ਚੋਣ ਕਮਿਸ਼ਨ 'ਤੇ ਲਗਾਏ ਦੋਸ਼ਾਂ ਨੂੰ ਸਰਸਰੀ ਤੌਰ 'ਤੇ ਖਾਰਜ ਨਹੀਂ ਕੀਤਾ ਜਾ ਸਕਦਾ, ਜਿਨ੍ਹਾਂ ਨੇ ਦੋਸ਼ ਲਗਾਇਆ ਹੈ ਕਿ ਨਵੰਬਰ 2024 ਵਿਚ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਦੌਰਾਨ 'ਧਾਂਦਲੀ' ਹੋਈ ਸੀ।

ਉਨ੍ਹਾਂ 5 ਵਿਸ਼ੇਸ਼ ਕਦਮ ਦੱਸੇ ਹਨ, ਜਿਨ੍ਹਾਂ ਦੇ ਮਾਧਿਅਮ ਨਾਲ ਚੋਣਾਂ ਵਿੱਚ ਧਾਂਦਲੀ ਹੋਈ ਹੈ। ਪਹਿਲਾ ਕਦਮ ਚੋਣ ਕਮਿਸ਼ਨ ਦੀ ਨਿਯੁਕਤੀ ਲਈ ਪੈਨਲ ਵਿਚ ਹੇਰਾਫੇਰੀ ਕਰਨਾ, ਦੂਜਾ ਕਦਮ ਫਰਜ਼ੀ ਵੋਟਰਾਂ ਨੂੰ ਵੋਟਰ ਸੂਚੀ ਵਿੱਚ ਸ਼ਾਮਿਲ ਕਰਨਾ, ਤੀਸਰਾ ਕਦਮ ਵੋਟ ਫ਼ੀਸਦੀ ਵਧਾਉਣਾ, ਚੌਥਾ ਕਦਮ ਫਰਜ਼ੀ ਵੋਟਿੰਗ ਉਸੇ ਸਥਾਨ 'ਤੇ ਹੋਈ, ਜਿਥੋਂ ਭਾਜਪਾ ਜਿੱਤੀ ਹੈ, ਪੰਜਵਾਂ ਕਦਮ ਸਬੂਤ ਛੁਪਾਉਣਾ। ਰਾਹੁਲ ਅਨੁਸਾਰ ਇਹ ਦੇਖਣਾ ਮੁਸ਼ਕਿਲ ਨਹੀਂ ਹੈ ਕਿ ਮਹਾਰਾਸ਼ਟਰ ਵਿੱਚ ਭਾਜਪਾ ਇੰਨੀ ਪ੍ਰੇਸ਼ਾਨ ਕਿਉਂ ਸੀ। ਹੇਰਾਫੇਰੀ ਮੈਚ ਫਿਕਸਿੰਗ ਦੀ ਤਰ੍ਹਾਂ ਹੈ, ਜੋ ਧਿਰ ਧੋਖਾ ਦਿੰਦੀ ਹੈ, ਉਹ ਖੇਡ ਜਿੱਤ ਸਕਦੀ ਹੈ। ਪਰ (ਇਹ) ਸੰਸਥਾਵਾਂ ਨੂੰ ਨੁਕਸਾਨ ਪਹੁੰਚਾਏਗਾ ਤੇ ਨਤੀਜਿਆਂ ਵਿੱਚ ਜਨਤਾ ਦਾ ਵਿਸ਼ਵਾਸ ਖ਼ਤਮ ਕਰ ਦੇਵੇਗਾ। ਰਾਹੁਲ ਗਾਂਧੀ ਦਾ ਕਹਿਣਾ ਹੈ ਕਿ ਸਾਰੇ ਚਿੰਤਤ ਭਾਰਤੀਆਂ ਨੂੰ ਸਬੂਤ ਦੇਖਣੇ ਚਾਹੀਦੇ ਹਨ ਤੇ ਖੁਦ ਹੀ ਫ਼ੈਸਲਾ ਕਰਨਾ ਚਾਹੀਦਾ ਹੈ।

ਹੁਣ ਵਿਰੋਧੀ ਧਿਰ ਦੇ ਕਈ ਹੋਰ ਨੇਤਾਵਾਂ ਨੇ ਵੀ ਜਵਾਬ ਮੰਗੇ ਹਨ। ਲੋਕਾਂ ਨੂੰ ਸਿੱਧੇ ਚੋਣ ਕਮਿਸ਼ਨ ਤੋਂ ਜਵਾਬ ਚਾਹੀਦੇ ਹਨ, ਪਰ ਬਦਕਿਸਮਤੀ ਨਾਲ ਕਥਿਤ ਤੌਰ 'ਤੇ ਫਾਇਦਾ ਉਠਾਉਣ ਵਾਲੀ ਪਾਰਟੀ ਭਾਜਪਾ ਤੇ ਉਨ੍ਹਾਂ ਦੇ ਨੇਤਾ ਅੱਗੇ ਹੋ ਕੇ ਚੋਣ ਕਮਿਸ਼ਨ ਵਲੋਂ ਜਵਾਬ ਦੇ ਰਹੇ ਹਨ। ਫਿਰ ਚੋਣ ਕਮਿਸ਼ਨ ਦੀ ਜਵਾਬਦੇਹੀ ਕਿਥੇ ਹੈ ? ਭਾਰਤ ਨੂੰ ਨਿਸ਼ਚਿਤ ਰੂਪ 'ਚ ਇੱਕ ਵਿਸ਼ਵਾਸ ਯੋਗ ਚੋਣ ਕਮਿਸ਼ਨ ਦੀ ਜ਼ਰੂਰਤ ਹੈ, ਉਸ ਦੀ ਸਾਖ਼ ਨੂੰ ਹੁਣ ਬਹਾਲ ਕਰਨਾ ਚਾਹੀਦਾ ਹੈ।

***

## ਪੰਜਾਬ 'ਚ ਵਿਦੇਸ਼ ਜਾਣ ਦਾ

ਗਰਾਫਿਕ ਡਿਜ਼ਾਈਨ ਅਤੇ ਵੈਬ ਡਿਵੈਲਪਮੈਂਟ ਵਰਗੇ ਹੁਨਰ ਸਿੱਖ ਕੇ ਸਵੈ-ਰੁਜ਼ਗਾਰ ਦਾ ਰਾਹ ਚੁਣਿਆ ਜਾ ਸਕਦਾ ਹੈ।

ਫੂਡ ਅਤੇ ਹੋਸਪਿਟੈਲਿਟੀ: ਫੂਡ ਵੈਨ, ਕੈਫੇ, ਜਾਂ ਸਥਾਨਕ ਪੰਜਾਬੀ ਖਾਣਿਆਂ ਦੀ ਡਿਲੀਵਰੀ ਸ਼ੁਰੂ ਕਰਕੇ ਵੀ ਮੌਕੇ ਪੈਦਾ ਕੀਤੇ ਜਾ ਸਕਦੇ ਨੇ।

ਸਰਕਾਰੀ ਸਕੀਮਾਂ ਜਿਵੇਂ ਮੁਦਰਾ ਲੋਨ, ਸਟੈਂਡ-ਅਪ ਇੰਡੀਆ ਅਤੇ ਪੰਜਾਬ ਸਰਕਾਰ ਦੀਆਂ ਸਟਾਰਟਅਪ ਸਕੀਮਾਂ ਦਾ ਲਾਭ ਲੈ ਕੇ ਨੌਜਵਾਨ ਆਪਣੇ ਪੈਰਾਂ 'ਤੇ ਖੜ੍ਹ ਸਕਦੇ ਨੇ।

### ਪਰਵਾਸ ਦਾ ਡੈਮੋਗਰਾਫੀ 'ਤੇ ਅਸਰ

ਪੰਜਾਬੀਆਂ ਦੇ ਵਿਦੇਸ਼ ਜਾਣ ਦੀ ਹੋੜ ਨੇ ਸੂਬੇ ਦੀ ਡੈਮੋਗਰਾਫੀ 'ਤੇ ਡੂੰਘਾ ਅਸਰ ਪਾਇਆ। 2014 ਤੋਂ 2025 ਤੱਕ, 95.41 ਲੱਖ ਪਾਸਪੋਰਟ ਬਣੇ, ਜਿਸ ਦਾ ਮਤਲਬ ਹੈ ਕਿ ਹਰ ਤੀਜਾ ਪੰਜਾਬੀ ਵਿਦੇਸ਼ ਜਾਣ ਦੀ ਤਿਆਰੀ ਵਿੱਚ ਸੀ। ਇਸ ਨਾਲ ਪਿੰਡਾਂ ਵਿੱਚ ਮਜ਼ਬੂਤ ਮਰਦ ਜਨਸੰਖਿਆ ਘਟੀ ਹੈ ਅਤੇ ਬਜ਼ੁਰਗਾਂ ਤੇ ਔਰਤਾਂ ਦੀ ਗਿਣਤੀ ਵਧੀ ਹੈ। ਪਰਵਾਸੀ ਮਜ਼ਦੂਰਾਂ ਦਾ ਵਾਸਾ ਹੋਇਆ ਹੈ।

ਖੇਤੀ ਸੰਕਟ ਅਤੇ ਬੇਰੁਜ਼ਗਾਰੀ ਨੇ ਨੌਜਵਾਨਾਂ ਨੂੰ ਵਿਦੇਸ਼ ਵੱਲ ਧੱਕਿਆ ਹੈ, ਜਿਸ ਨਾਲ ਪਿੰਡਾਂ ਵਿੱਚ ਡੈਮੋਗਰਾਫੀ ਬਦਲ ਰਹੀ ਹੈ। ਪਰ ਹੁਣ, ਵਾਪਸ ਆਉਣ ਵਾਲੇ ਨੌਜਵਾਨਾਂ ਨੇ ਸਥਾਨਕ ਅਰਥਚਾਰੇ ਨੂੰ ਮੁੜ ਜਗਾਉਣ ਦੀ ਆਸ ਪੈਦਾ ਕੀਤੀ ਹੈ। ਪਰ ਸਰਕਾਰ ਨੇ ਇਸ ਬਾਰੇ ਠੋਸ ਉਪਰਾਲੇ ਨਹੀਂ ਕੀਤੇ।

### ਪੰਜਾਬੀ ਨੌਜਵਾਨਾਂ ਦੇ ਵਿਦੇਸ਼ਾਂ ਵੱਲ ਰੁਝਾਨ ਦੀ ਅਸਲ ਸਥਿਤੀ ਕੀ ਹੈ ?

ਪੰਜਾਬੀ ਨੌਜਵਾਨਾਂ ਵਿੱਚ ਵਿਦੇਸ਼ ਜਾਣ ਦਾ ਕ੍ਰੇਜ਼ ਭਾਵੇਂ ਕੁਝ ਘਟਿਆ ਹੈ, ਪਰ ਅਜੇ ਵੀ ਕੁਝ ਮੁਲਕ ਉਨ੍ਹਾਂ ਦੀ ਪਹਿਲੀ ਪਸੰਦ ਹਨ। ਸਭ ਤੋਂ ਵੱਧ ਰੁਝਾਨ ਕੈਨੇਡਾ ਵੱਲ ਹੈ, ਕਿਉਂਕਿ ਉੱਥੇ ਪੰਜਾਬੀ ਡਾਇਸਪੋਰਾ ਵੱਡਾ ਹੈ, ਸਟੱਡੀ ਵੀਜ਼ਾ ਮਿਲਣਾ ਅਸਾਨ ਰਿਹਾ ਹੈ (ਹਾਲਾਂਕਿ ਹੁਣ ਨਿਯਮ ਸਖ਼ਤ ਹੋਏ ਨੇ) ਅਤੇ ਪੀ.ਆਰ. (ਸਥਾਈ ਨਿਵਾਸ) ਦੀ ਸੰਭਾਵਨਾ ਵੀ ਜ਼ਿਆਦਾ ਹੈ। ਆਸਟ੍ਰੇਲੀਆ ਦੂਜੇ ਨੰਬਰ 'ਤੇ ਹੈ, ਜਿੱਥੇ ਸੁਰੱਖਿਅਤ ਜੀਵਨ, ਵਧੀਆ ਰੁਜ਼ਗਾਰ ਮੌਕੇ ਅਤੇ ਸਿੱਖਿਆ ਦੇ ਮਿਆਰ ਨੇ ਨੌਜਵਾਨਾਂ ਨੂੰ ਖਿੱਚਿਆ। ਯੂ.ਕੇ. (ਇੰਗਲੈਂਡ) ਵੀ ਪਸੰਦੀਦਾ ਹੈ, ਖਾਸ ਕਰਕੇ ਸਿੱਖਿਆ ਅਤੇ ਨੌਕਰੀਆਂ ਦੇ ਮੌਕਿਆਂ ਕਰਕੇ। ਅਮਰੀਕਾ ਵੱਲ ਵੀ ਰੁਝਾਨ ਹੈ, ਪਰ ਸਖ਼ਤ ਵੀਜ਼ਾ ਨਿਯਮਾਂ ਕਾਰਨ ਇਹ ਘੱਟ ਪ੍ਰਭਾਵੀ ਹੈ।

***

## ਟਰੰਪ ਦੇ ਸ਼ਾਸਨਕਾਲ ਦੌਰਾਨ ਭਾਰਤੀ ਪਰਵਾਸੀਆਂ ਦੀ

ਜਦੋਂ ਕਿ ਸਤੰਬਰ 2025 ਤੋਂ ਨਵੀਂ 812 ਵੀਜ਼ਾ ਵਿੰਡੋ ਵਿੱਚ ਗਿਰਾਵਟ ਆਉਣ ਦੀ ਸੰਭਾਵਨਾ ਹੈ। ਅਮਰੀਕਾ ਵਿੱਚ ਹੁਣ ਤੱਕ 812 ਵੀਜ਼ਿਆਂ ਵਿੱਚ ਭਾਰਤੀਆਂ ਦਾ ਹਿੱਸਾ ਸਭ ਤੋਂ ਵੱਧ ਹੈ।

### ਅਮਰੀਕਾ ਫਸਟ ਸਭ ਤੋਂ ਵੱਡਾ ਕਾਰਨ

ਅਮਰੀਕਨ ਇਮੀਗ੍ਰੇਸ਼ਨ ਕੌਂਸਲ ਦੇ ਸੀਨੀਅਰ ਫੈਲੋ ਐਰੋਨ ਮੇਲਨਿਕ ਦਾ ਕਹਿਣਾ ਹੈ ਕਿ ਟਰੰਪ ਦੀ 'ਅਮਰੀਕਾ ਫਸਟ' ਨੀਤੀ ਇਸ ਗਿਰਾਵਟ ਦਾ ਸਭ ਤੋਂ ਵੱਡਾ ਕਾਰਨ ਹੈ। ਟਰੰਪ ਅਮਰੀਕਾ ਵਿੱਚ ਉਦਯੋਗ ਸਥਾਪਤ ਕਰਨ ਦੇ ਨਾਮ 'ਤੇ ਇਮੀਗ੍ਰੇਸ਼ਨ ਵੀਜ਼ਾ ਕੋਟੇ ਦੀ ਵਰਤੋਂ ਕਰਨਗੇ।

***

## ਸਿੱਖ ਖ਼ੋਜੀ ਡਾ. ਗੁਰਤੇਜ ਸਿੰਘ ਸੰਧੂ

ਮਾਈਕ੍ਰੋਨ ਟੈਕਨਾਲੋਜੀ, ਜੋ ਅਮਰੀਕਾ ਦੀ ਅਰਥ-ਵਿਵਸਥਾ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੀ ਹੈ, ਨੇ ਸੰਧੂ ਦੀ ਅਗਵਾਈ ਵਿੱਚ 40,000 ਤੋਂ ਵੱਧ ਪੇਟੈਂਟਸ ਹਾਸਲ ਕੀਤੇ, ਜਿਨ੍ਹਾਂ ਵਿਚੋਂ 1,325 ਇਕੱਲੇ ਸੰਧੂ ਦੇ ਨਾਂਅ ਹਨ।

ਸ਼੍ਰੋਮਣੀ ਕਮੇਟੀ ਅਤੇ ਸਿੱਖ ਆਗੂਆਂ ਨੇ ਡਾ. ਸੰਧੂ ਦੀਆਂ ਪ੍ਰਾਪਤੀਆਂ ਨੂੰ ਸਿੱਖ ਪੰਥ ਦੀ ਬੌਧਿਕ ਸਮਰੱਥਾ ਦਾ ਪ੍ਰਤੀਕ ਦੱਸਿਆ। ਐਸ.ਜੀ.ਪੀ.ਸੀ. ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਡਾ. ਗੁਰਤੇਜ ਸੰਧੂ ਨੇ ਸਿੱਖ ਪੰਥ ਦਾ ਨਾਂਅ ਵਿਸ਼ਵ ਪੱਧਰ 'ਤੇ ਰੋਸ਼ਨ ਕੀਤਾ ਹੈ। ਉਨ੍ਹਾਂ ਦੀਆਂ ਖੋਜਾਂ ਸਾਡੇ ਲਈ ਮਾਣ ਦਾ ਵਿਸ਼ਾ ਹਨ। ਸਿੱਖ ਸੰਸਥਾਵਾਂ ਨੇ ਉਨ੍ਹਾਂ ਨੂੰ ਸਨਮਾਨਿਤ ਕਰਨ ਦੀ ਯੋਜਨਾ ਵੀ ਬਣਾਈ ਹੈ, ਪਰ ਅਜੇ ਤੱਕ ਕੋਈ ਅਧਿਕਾਰਤ ਸਮਾਗਮ ਦਾ ਐਲਾਨ ਨਹੀਂ ਹੋਇਆ।

ਡਾ. ਸੰਧੂ ਨੇ ਮਾਈਕ੍ਰੋਨ ਟੈਕਨਾਲੋਜੀ ਨੂੰ ਵਿਸ਼ਵ ਦੀਆਂ ਪ੍ਰਮੁੱਖ ਸੈਮੀਕੰਡਕਟਰ ਕੰਪਨੀਆਂ ਵਿੱਚ ਸ਼ੁਮਾਰ ਕਰਵਾਇਆ। ਜਦੋਂ ਉਹ 1990 'ਚ ਮਾਈਕ੍ਰੋਨ ਨਾਲ ਜੁੜੇ, ਕੰਪਨੀ ਕੰਪਿਊਟਰ ਮੈਮਰੀ ਬਣਾਉਣ ਵਾਲੀਆਂ ਕੰਪਨੀਆਂ ਵਿੱਚ 18ਵੇਂ ਨੰਬਰ 'ਤੇ ਸੀ। ਅੱਜ, ਉਨ੍ਹਾਂ ਦੀਆਂ ਖੋਜਾਂ ਸਦਕਾ, ਮਾਈਕ੍ਰੋਨ ਵਿਸ਼ਵ ਦੀਆਂ ਚੋਟੀ ਦੀਆਂ ਕੰਪਨੀਆਂ ਵਿਚੋਂ ਇੱਕ ਹੈ। ਉਨ੍ਹਾਂ ਦੀਆਂ ਪੇਟੈਂਟਸ ਨੇ ਮੈਮੋਰੀ ਚਿਪਸ ਦੀ ਕੀਮਤ ਘਟਾਈ ਅਤੇ ਕਾਰਜਕੁਸ਼ਲਤਾ ਵਧਾਈ, ਜਿਸ ਨਾਲ ਸਮਾਰਟ ਡਿਵਾਈਸਾਂ ਹਰ ਵਰਗ ਦੇ ਲੋਕਾਂ ਦੀ ਪਹੁੰਚ ਵਿੱਚ ਆਈਆਂ।

***

## ਦਿੱਲੀ ਦੀ ਬਹੁ-ਸੱਭਿਆਚਾਰਕ ਵਿਭਿੰਨਤਾ 'ਚ

ਪਰ ਸਿੱਖਾਂ ਨੇ ਆਪਣੀ ਸੰਗਠਿਤ ਦੀ ਸਮਰਥਾ ਅਤੇ ਸਮਾਜ ਸੇਵਾ ਰਾਹੀਂ ਸਿਆਸੀ ਮੁਕਾਮ ਹਾਸਲ ਕੀਤਾ ਹੈ। ਗੁਰਦੁਆਰਾ ਬੰਗਲਾ ਸਾਹਿਬ ਅਤੇ ਰਕਾਬਗੰਜ ਵਰਗੇ ਪਵਿੱਤਰ ਸਥਾਨ ਸਿੱਖਾਂ ਦੀ ਸਮਾਜਿਕ ਅਤੇ ਸੱਭਿਆਚਾਰਕ ਪ੍ਰਭਾਵ ਨੂੰ ਹੋਰ ਮਜ਼ਬੂਤ ਕਰਦੇ ਹਨ।

1984 ਦਾ ਸਿੱਖ ਕਤਲੇਆਮ, ਜੋ ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦਿੱਲੀ ਵਿੱਚ ਵਾਪਰਿਆ, ਸਿੱਖ ਭਾਈਚਾਰੇ ਲਈ ਇੱਕ ਦੁਖਦਾਈ ਅਧਿਆਇ ਸੀ। ਹਜ਼ਾਰਾਂ ਸਿੱਖ ਮਾਰੇ ਗਏ, ਘਰ-ਦੁਕਾਨਾਂ ਸਾੜ ਦਿੱਤੀਆਂ ਗਈਆਂ ਸਨ ਅਤੇ ਜੀਵਨ ਉਜੜ ਗਏ ਸਨ। ਪਰ ਸਿੱਖਾਂ ਦੀ ਅਟੁੱਟ ਹਿੰਮਤ ਅਤੇ ਸੰਘਰਸ਼ ਨੇ ਉਨ੍ਹਾਂ ਨੂੰ ਇਸ ਦੁੱਖ ਵਿੱਚੋਂ ਉਭਰਨ ਦੀ ਤਾਕਤ ਦਿੱਤੀ। ਗੁਰਦੁਆਰਿਆਂ, ਖਾਸਕਰ ਬੰਗਲਾ ਸਾਹਿਬ ਅਤੇ ਰਕਾਬਗੰਜ ਨੇ ਪੀੜਤ ਪਰਿਵਾਰਾਂ ਨੂੰ ਸਹਾਰਾ ਦਿੱਤਾ ਸੀ। ਸੰਗਤਾਂ ਤੇ ਸਿੱਖ ਸੰਸਥਾਵਾਂ ਨੇ ਵਿੱਦਿਅਕ ਅਤੇ ਆਰਥਿਕ ਸਹਾਇਤਾ ਪ੍ਰਦਾਨ ਕੀਤੀ ਸੀ। ਸਿੱਖ ਧਰਮ ਦੀਆਂ ਸਿੱਖਿਆਵਾਂ, ਜਿਵੇਂ ਸੇਵਾ, ਸਿਮਰਨ ਅਤੇ ਸੰਘਰਸ਼ ਨੇ ਭਾਈਚਾਰੇ ਨੂੰ ਅਧਿਆਤਮਕ ਤਾਕਤ ਦਿੱਤੀ । ਸਿੱਖ ਹਮੇਸ਼ਾ ਸੰਘਰਸ਼ਾਂ ਤੇ ਘੱਲੂਘਾਰਿਆਂ ਕਾਰਨ ਹਮੇਸ਼ਾ ਦੂੱਗਣੀ ਤਾਕਤ ਨਾਲ ਉਭਰੇ ਹਨ। ਇਹ ਇਸ ਕੌਮ ਦਾ ਇਤਿਹਾਸ ਵੀ ਹੈ ਤੇ ਸੁਭਾਅ ਵੀ।

1984 ਦੇ ਕਤਲੇਆਮ ਦੇ ਜ਼ਖ਼ਮਾਂ ਤੋਂ ਬਾਅਦ ਸਿੱਖ ਭਾਈਚਾਰੇ ਨੇ ਮਿਹਨਤ, ਸਿੱਖਿਆ, ਸੰਗਠਨ ਅਤੇ ਅਧਿਆਤਮਕ ਸ਼ਕਤੀ ਨਾਲ ਦਿੱਲੀ ਵਿੱਚ ਤਰੱਕੀ ਦਾ ਰਾਹ ਅਪਣਾਇਆ ਹੈ। ਦੁਖਾਂ ਤੇ ਸੰਕਟ ਵਿਚੋਂ ਆਪਣੀ ਮਿਹਨਤ ਤੇ ਚੜ੍ਹਦੀਕਲਾ ਕਾਰਨ ਮੁੜ ਉਭਰੇ ਹਨ। ਅੱਜ ਸਿੱਖ ਦਿੱਲੀ ਦੀ ਸਮਾਜਿਕ, ਆਰਥਿਕ ਅਤੇ ਸਿਆਸੀ ਜ਼ਿੰਦਗੀ ਵਿੱਚ ਮੋਹਰੀ ਭੂਮਿਕਾ ਨਿਭਾਉਂਦੇ ਹਨ।

ਸਿੱਖ ਭਾਈਚਾਰਾ ਭਾਵੇਂ ਆਬਾਦੀ ਦੇ ਮਾਮਲੇ ਵਿੱਚ ਤੀਜੇ ਸਥਾਨ 'ਤੇ ਹੈ, ਪਰ ਆਰਥਿਕ ਮਜ਼ਬੂਤੀ, ਵਿੱਦਿਅਕ ਪ੍ਰਾਪਤੀਆਂ, ਸਿਆਸੀ ਪ੍ਰਭਾਵ ਅਤੇ ਅਫ਼ਸਰਸ਼ਾਹੀ ਵਿੱਚ ਯੋਗਦਾਨ ਨੇ ਉਨ੍ਹਾਂ ਨੂੰ ਦਿੱਲੀ ਦੀ ਸਮਾਜਿਕ-ਸੱਭਿਆਚਾਰਕ ਰੰਗਤ ਵਿੱਚ ਵਿਲੱਖਣ ਸਥਾਨ ਦਿੱਤਾ ਹੈ। ਉਨ੍ਹਾਂ ਦੀ ਮਿਹਨਤ, ਸਮਾਜ ਸੇਵਾ ਅਤੇ ਸੰਗਠਨ ਸ਼ਕਤੀ ਨੇ ਸਿੱਖਾਂ ਨੂੰ ਹਰ ਖੇਤਰ ਵਿੱਚ ਮੋਹਰੀ ਬਣਾਇਆ ਹੈ।



## ਵਾਤਾਵਰਣ 'ਚ ਵੱਡਾ ਵਿਗਾੜ

2022 ਵਿੱਚ ਸਰਕਾਰ ਨੇ 19 ਕਿਸਮ ਦੀਆਂ ਸਿੰਗਲ-ਯੂਜ਼ ਪਲਾਸਟਿਕ (ਐਸ.ਯੂ.ਪੀ.) ਵਸਤਾਂ 'ਤੇ ਪਾਬੰਦੀ ਲਗਾਈ, ਜਿਨ੍ਹਾਂ ਵਿੱਚ ਪਲਾਸਟਿਕ ਦੀ ਕਟਲਰੀ, ਸਟਰਾਅ, ਟ੍ਰੇ ਅਤੇ ਸਜਾਵਟੀ ਥਰਮੋਕੋਲ ਸ਼ਾਮਲ ਹਨ। ਇਸ ਤੋਂ ਇਲਾਵਾ, 120 ਮਾਈਕਰੋਨ ਤੋਂ ਘੱਟ ਮੋਟਾਈ ਵਾਲੇ ਪਲਾਸਟਿਕ ਕੈਰੀ ਬੈਗ ਅਤੇ 100 ਮਾਈਕਰੋਨ ਤੋਂ ਘੱਟ ਮੋਟਾਈ ਵਾਲੇ ਪੀ.ਵੀ.ਸੀ. ਬੈਨਰਾਂ 'ਤੇ ਵੀ ਪਾਬੰਦੀ ਲਗਾਈ ਗਈ। ਸਰਕਾਰ ਨੇ 2022 ਵਿੱਚ ਐਕਸਟੈਂਡਡ ਪ੍ਰੋਡਿਊਸਰ ਰਿਸਪਾਂਸੀਬਿਲਟੀ (ਈ.ਪੀ.ਆਰ.) ਦਿਸ਼ਾ-ਨਿਰਦੇਸ਼ ਜਾਰੀ ਕੀਤੇ, ਜਿਸ ਅਨੁਸਾਰ ਪਲਾਸਟਿਕ ਪੈਕੇਜਿੰਗ ਦੇ ਨਿਰਮਾਤਾਵਾਂ, ਆਯਾਤਕਾਰਾਂ, ਅਤੇ ਬ੍ਰਾਂਡ ਮਾਲਕਾਂ ਨੂੰ ਆਪਣੇ ਉਤਪਾਦਾਂ ਦੀ ਪੈਕੇਜਿੰਗ ਦੇ 100 ਫ਼ੀਸਦੀ ਨਿਪਟਾਰੇ ਦੀ ਜ਼ਿੰਮੇਵਾਰੀ ਲੈਣੀ ਪਵੇਗੀ। ਇਸ ਵਿੱਚ ਪਲਾਸਟਿਕ ਦਾ ਸੰਗ੍ਰਹਿ, ਰੀਸਾਈਕਲਿੰਗ, ਅਤੇ ਦੁਬਾਰਾ ਰੀਸਾਈਕਲ ਸਮੱਗਰੀ ਦੀ ਵਰਤੋਂ ਸ਼ਾਮਲ ਹੈ। ਪਰ, ਇਹਨਾਂ ਉਪਾਵਾਂ ਦੀ ਪਾਲਣਾ ਵਿੱਚ ਕਮੀਆਂ ਸਾਹਮਣੇ ਆਈਆਂ ਹਨ। ਮਿੰਡੇਰੂ ਫ਼ਾਊਂਡੇਸ਼ਨ ਦੀ ਰਿਪੋਰਟ ਮੁਤਾਬਕ, ਸਿੰਗਲ-ਯੂਜ਼ ਪਲਾਸਟਿਕ 'ਤੇ ਪਾਬੰਦੀ ਨੇ ਸਿਰਫ਼ 11 ਫ਼ੀਸਦੀ ਉਤਪਾਦਾਂ 'ਤੇ ਹੀ ਅਸਰ ਪਾਇਆ। ਟੌਕਸਿਕਸ ਲਿੰਕ ਦੇ ਅਕਤੂਬਰ 2023 ਦੇ ਸਰਵੇਖਣ ਅਨੁਸਾਰ, ਦਿੱਲੀ ਅਤੇ ਗਵਾਲੀਅਰ ਵਿੱਚ 84 ਫ਼ੀਸਦੀ ਸਥਾਨਾਂ 'ਤੇ ਪਾਬੰਦੀਸ਼ੁਦਾ ਐਸਯੂਪੀ ਦੀ ਵਰਤੋਂ ਜਾਰੀ ਸੀ। ਗੁਹਾਟੀ (77 ਫ਼ੀਸਦੀ), ਮੁੰਬਈ (71 ਫ਼ੀਸਦੀ), ਅਤੇ ਬੰਗਲੌਰ (55 ਫ਼ੀਸਦੀ) ਵਿੱਚ ਵੀ ਅਜਿਹੀ ਸਥਿਤੀ ਸੀ ਪਾਬੰਦੀਆਂ ਦੀ ਪਾਲਣਾ ਨਾ ਹੋਣ ਦਾ ਮੁੱਖ ਕਾਰਨ ਸਥਾਨਕ ਨਿਗਮਾਂ ਅਤੇ ਰਾਜ ਪ੍ਰਦੂਸ਼ਣ ਕੰਟਰੋਲ ਬੋਰਡਾਂ ਦੀ ਢਿੱਲ-ਮੱਠ ਹੈ।

***

## ਪੰਜਾਬ 'ਚ ਪਲਾਸਟਿਕ ਕਚਰੇ ਦੀ ਸਥਿਤੀ

ਪਲਾਸਟਿਕ 'ਤੇ ਪਾਬੰਦੀ ਦੀ ਪਾਲਣਾ ਲਈ ਸਥਾਨਕ ਨਿਗਮਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਹਨ, ਪਰ ਅਮਲ ਵਿੱਚ ਕਮੀਆਂ ਹਨ। ਟੌਕਸਿਕਸ ਲਿੰਕ ਦੀ ਰਿਪੋਰਟ ਮੁਤਾਬਕ, ਅੰਮ੍ਰਿਤਸਰ ਅਤੇ ਲੁਧਿਆਣਾ ਵਿੱਚ 70-80 ਫ਼ੀਸਦੀ ਦੁਕਾਨਦਾਰ ਅਤੇ ਸਟਰੀਟ ਵੈਂਡਰ ਅਜੇ ਵੀ ਪਾਬੰਦੀਸ਼ੁਦਾ ਪਲਾਸਟਿਕ ਦੀ ਵਰਤੋਂ ਕਰਦੇ ਹਨ।

ਤਾਜ਼ਾ ਰਿਪੋਰਟ ਅਨੁਸਾਰ ਸਵੱਛਤਾ ਪੱਖੋਂ ਪੰਜਾਬ ਦੇ ਸ਼ਹਿਰ ਬਹੁਤ ਵੱਡੇ ਮਾਅਰਕੇ ਮਾਰਨ ਵਿੱਚ ਸਫ਼ਲ ਨਹੀਂ ਹੋਏ । 10 ਲੱਖ ਤੋਂ ਵੱਧ ਦੀ ਆਬਾਦੀ ਵਾਲੇ 40 ਸ਼ਹਿਰਾਂ ਦੀ ਸੂਚੀ ਵਿਚ ਅੰਮ੍ਰਿਤਸਰ 30ਵੇਂ ਅਤੇ ਲੁਧਿਆਣਾ 39ਵੇਂ ਨੰਬਰ 'ਤੇ ਰਿਹਾ, ਜਦਕਿ 3 ਲੱਖ ਤੋਂ 10 ਲੱਖ ਦੀ ਆਬਾਦੀ ਵਾਲੇ ਸ਼ਹਿਰਾਂ 'ਚੋਂ ਪਟਿਆਲਾ 76ਵੇਂ ਅਤੇ ਜਲੰਧਰ 82ਵੇਂ ਸਥਾਨ 'ਤੇ ਰਿਹਾ । 50 ਹਜ਼ਾਰ ਤੋਂ 3 ਲੱਖ ਦੀ ਆਬਾਦੀ ਵਾਲੇ ਪਹਿਲੇ 100 ਸ਼ਹਿਰਾਂ ਵਿੱਚ ਬਠਿੰਡਾ 51ਵੇਂ ਅਤੇ ਗੋਬਿੰਦਗੜ੍ਹ 61ਵੇਂ ਸਥਾਨ 'ਤੇ ਰਿਹਾ। ਜਦਕਿ ਬਾਕੀ ਸੂਚੀ ਵਿੱਚ ਸਮਾਣਾ 107ਵੇਂ, ਫ਼ਾਜ਼ਿਲਕਾ 115ਵੇਂ, ਮੋਹਾਲੀ 128ਵੇਂ, ਮਲੋਟ 209ਵੇਂ, ਜ਼ੀਰਕਪੁਰ 225ਵੇਂ, ਮਲੇਰਕੋਟਲਾ 238ਵੇਂ, ਹੁਸ਼ਿਆਰਪੁਰ 262ਵੇਂ, ਰੂਪਨਗਰ 270ਵੇਂ, ਖਰੜ 277ਵੇਂ, ਅਬੋਹਰ 314ਵੇਂ, ਫ਼ਿਰੋਜ਼ਪੁਰ 335ਵੇਂ, ਸਰਹਿੰਦ ਫ਼ਤਹਿਗੜ੍ਹ ਸਾਹਿਬ 346ਵੇਂ, ਮੋਗਾ 370ਵੇਂ, ਖੰਨਾ 371ਵੇਂ, ਫ਼ਰੀਦਕੋਟ 394ਵੇਂ, ਧੂਰੀ 408ਵੇਂ, ਸੁਨਾਮ ਊਧਮ ਸਿੰਘ ਵਾਲਾ 416ਵੇਂ, ਤਰਨ ਤਾਰਨ 433ਵੇਂ, ਸਥਾਨ 'ਤੇ ਰਿਹਾ ।ਇਸ ਤੋਂ ਇਲਾਵਾ ਕੋਟਕਪੂਰਾ 444ਵੇਂ, ਬਰਨਾਲਾ 500ਵੇਂ, ਰਾਜਪੁਰਾ 566ਵੇਂ, ਨਯਾ ਗਾਓਂ 517ਵੇਂ, ਫ਼ਗਵਾੜਾ 531ਵੇਂ, ਜਗਰਾਉਂ595ਵੇਂ, ਨਾਭਾ 613ਵੇਂ, ਸੰਗਰੂਰ 620ਵੇਂ, ਮਾਨਸਾ 632ਵੇਂ, ਕਪੂਰਥਲਾ 657ਵੇਂ, ਫ਼ਿਰੋਜ਼ਪੁਰ ਕੈਂਟ 658ਵੇਂ, ਮੁਕਤਸਰ 664ਵੇਂ, ਬਟਾਲਾ 669ਵੇਂ, ਪਠਾਨਕੋਟ 696ਵੇਂ ਸਥਾਨ 'ਤੇ ਰਿਹਾ। ਗੁਰਦਾਸਪੁਰ ਸਭ ਤੋਂ ਹੇਠਲੀ ਸੂਚੀ ਤੇ 806ਵੇਂ ਸਥਾਨ 'ਤੇ ਰਿਹਾ।20 ਹਜ਼ਾਰ ਤੋਂ 50 ਹਜ਼ਾਰ ਦੀ ਅਬਾਦੀ ਵਾਲੇ ਛੋਟੇ ਸ਼ਹਿਰਾਂ 'ਚ ਜ਼ੀਰਾ 68ਵੇਂ ਸਥਾਨ 'ਤੇ, ਦਸੂਹਾ 75ਵੇਂ ਅਤੇ ਸਨੌਰ 82ਵੇਂ ਸਥਾਨ 'ਤੇ ਰਿਹਾ।

***

## ਹਿਮਾਲਿਆ 'ਚ ਚੱਲਦੀ ਰਹਿੰਦੀ ਹ

ਜ਼ਮੀਨ ਖਿਸਕਣ ਦਾ ਪ੍ਰਭਾਵ ਖੇਤਰ ਵਧਣ ਦਾ ਇੱਕ ਵੱਡਾ ਕਾਰਨ ਭਾਰਤੀ ਪਲੇਟਾਂ ਦਾ ਲਗਾਤਾਰ ਗਤੀਸ਼ੀਲ ਹੋਣਾ ਹੈ। ਇਸ ਹਲਚਲ ਨਾਲ ਚੱਟਾਨਾਂ ਵਿੱਚ ਮੌਜੂਦ ਦਰਾੜਾਂ ਵੀ ਸਰਗਰਮ ਹੋ ਜਾਂਦੀਆਂ ਹਨ। ਬਰਸਾਤ ਵਿੱਚ ਮਿੱਟੀ ਦੀ ਪਕੜ ਢਿੱਲੀ ਹੋਣ 'ਤੇ ਇਹ ਭੂ-ਵਿਗਿਆਨਿਕ ਗਤੀਵਿਧੀ ਹੋਰ ਤੇਜ਼ ਹੋ ਜਾਂਦੀ ਹੈ।

ਉੱਤਰਾਖੰਡ ਅਤੇ ਹਿਮਾਚਲ ਵਰਗੇ ਪਹਾੜੀ ਇਲਾਕਿਆਂ ਵਿੱਚ ਹਰਿਆਲੀ ਘੱਟ ਹੋਣ ਕਾਰਨ ਮਿੱਟੀ ਦੀ ਪਕੜ ਕਮਜ਼ੋਰ ਹੋ ਰਹੀ ਹੈ, ਉੱਪਰੋਂ ਮੌਸਮੀ ਬਦਲਾਅ ਕਾਰਨ ਅਚਾਨਕ ਵੱਧ ਬਰਸਾਤ ਹੋਣ ਅਤੇ ਫਿਰ ਤੁਰੰਤ ਬਾਅਦ ਤੇਜ਼ ਧੁੱਪ ਨਿਕਲਣ ਨਾਲ ਜ਼ਮੀਨ ਖਿਸਕਣ ਦੀ ਪ੍ਰਕਿਰਿਆ ਨੂੰ ਬਲ ਮਿਲਦਾ ਹੈ। ਬਿਨਾਂ ਭੂ-ਵਿਗਿਆਨਕ ਸਰਵੇਖਣ ਵਾਲੀਆਂ ਯੋਜਨਾਵਾਂ ਲਈ ਹੋ ਰਹੀ ਭੰਨਤੋੜ ਹਿਮ-ਪਰਬਤ ਦੇ ਅਨੁਕੂਲ ਨਹੀਂ ਹੈ। ਜਿਸ ਪ੍ਰਾਜੈਕਟ ਲਈ ਸਿਲਕਿਆਰਾ ਸੁਰੰਗ ਬਣਾਈ ਜਾ ਰਹੀ ਹੈ, ਉਸ ਦੇ ਵਾਤਾਵਰਣ 'ਤੇ ਪੈ ਰਹੇ ਪ੍ਰਭਾਵਾਂ ਦੇ ਮੁਲਾਂਕਣ ਦੀ ਲਾਜ਼ਮੀਅਤ ਤੋਂ ਬਚਣ ਲਈ ਇਸ ਨੂੰ ਛੋਟੇ-ਛੋਟੇ ਟੁਕੜਿਆਂ ਵਿੱਚ ਦਿਖਾਇਆ ਗਿਆ।

ਹਿਮਾਲਿਆ ਵਿੱਚ ਭੂਗੋਲਿਕ ਉਥਲ-ਪੁਥਲ ਚੱਲਦੀ ਰਹਿੰਦੀ ਹੈ। ਇੱਥੇ ਦਰੱਖਤ ਜ਼ਮੀਨ ਨੂੰ ਬੰਨ੍ਹ ਕੇ ਰੱਖਣ ਵਿਚ ਵੱਡੀ ਭੂਮਿਕਾ ਨਿਭਾਉਂਦੇ ਹਨ। ਇਹ ਜਾਣਨਾ ਜ਼ਰੂਰੀ ਹੈ ਕਿ ਹਿਮਾਲਿਆ ਭੂਚਾਲੀ ਖੇਤਰ ਵਿੱਚ ਭਾਰਤੀ ਪਲੇਟ ਦਾ ਯੂਰੇਸ਼ੀਅਨ ਪਲੇਟ ਨਾਲ ਟਕਰਾਅ ਹੁੰਦਾ ਹੈ। ਜਦੋਂ ਪਹਾੜਾਂ 'ਤੇ ਭੰਨਤੋੜ ਜਾਂ ਧਮਾਕੇ ਹੁੰਦੇ ਹਨ ਅਤੇ ਜਦੋਂ ਉਨ੍ਹਾਂ ਦੇ ਕੁਦਰਤੀ ਰੂਪ ਨਾਲ ਛੇੜਛਾੜ ਹੁੰਦੀ ਹੈ ਤਾਂ ਦਿੱਲੀ ਤੱਕ ਭੂਚਾਲ ਦੀ ਸ਼ੰਕਾ ਤਾਂ ਵਧਦੀ ਹੀ ਹੈ, ਯਮੁਨਾ ਵਿੱਚ ਘੱਟ ਪਾਣੀ ਦੀ ਸੰਕਟ ਵੀ ਖੜ੍ਹਾ ਹੁੰਦਾ ਹੈ। ਪਹਿਲਾਂ ਉੱਤਰਾਖੰਡ ਵਿੱਚ ਜ਼ਮੀਨ ਖਿਸਕਣ ਦੀਆਂ ਤਿੰਨ-ਚੌਥਾਈ ਘਟਨਾਵਾਂ ਬਰਸਾਤ ਕਾਰਨ ਹੁੰਦੀਆਂ ਸਨ ਪਰ ਹੁਣ ਬਰਸਾਤ ਤੋਂ ਬਾਅਦ ਵੀ ਇਹ ਆਫ਼ਤ ਨਹੀਂ ਰੁਕ ਰਹੀ।

ਪਿਛਲੇ ਸਾਲ ਸਰਦੀਆਂ ਅਤੇ ਇਸ ਸਾਲ ਗਰਮੀਆਂ ਵਿੱਚ ਵੀ ਕਈ ਵੱਡੇ ਜ਼ਮੀਨ ਖਿਸਕਣ ਦੇ ਮਾਮਲੇ ਸਾਹਮਣੇ ਆਏ। ਅਜਿਹੇ ਵਿੱਚ ਵਿਕਾਸ ਵਿੱਚ ਵਾਤਾਵਰਣ ਸੁਰੱਖਿਆ, ਸਰਬਪੱਖੀ ਵਿਕਾਸ ਅਤੇ ਆਸਥਾ ਵਿੱਚ ਸੁੱਖ ਨੂੰ ਤਿਆਗਣ ਦੀ ਭਾਵਨਾ ਪੈਦਾ ਕਰਨ ਲਈ ਸੱਦਾ ਵੀ ਹੈ ਅਤੇ ਚਿਤਾਵਨੀ ਵੀ ਹੈ। ਇਸ ਚਿਤਾਵਨੀ ਨੂੰ ਹਿਮਾਚਲ ਸਮੇਤ ਹੋਰ ਪਹਾੜੀ ਇਲਾਕਿਆਂ ਨੂੰ ਵੀ ਧਿਆਨ ਨਾਲ ਸੁਣਨਾ ਚਾਹੀਦਾ ਹੈ।

***

## ਲੈਂਡ ਪੂਲਿੰਗ ਪਾਲਿਸੀ ਕਾਰਨ ਖੇਤੀ

ਇਸ ਤੋਂ ਵੀ ਅਗਾਂਹ ਦਾ ਮਸਲਾ ਇਹ ਹੈ ਕਿ ਜੇਕਰ ਇੱਦਾਂ ਹੀ ਇੰਡਸਟਰੀਅਲ ਜ਼ੋਨਾਂ ਨੂੰ ਵਿਕਸਿਤ ਕਰਨ ਲਈ ਉਪਜਾਊ ਜ਼ਮੀਨਾਂ ਨੂੰ ਅਕਵਾਇਰ ਕਰਦੇ ਜਾਓਗੇ ਤਾਂ ਅੰਨ-ਦਾਣਾ ਅਤੇ ਸਬਜ਼ੀਆਂ ਖਾਣ ਲਈ ਫ਼ਸਲਾਂ ਕਿੱਥੇ ਬੀਜੋਗੇ ? ਇੱਥੇ ਇਹ ਗੱਲ ਜ਼ਿਕਰਯੋਗ ਹੈ ਕਿ ਪੰਜਾਬ ਅੰਦਰ ਪਹਿਲਾਂ ਹੀ ਖੇਤੀ ਅਧੀਨ ਰਕਬਾ ਬਹੁਤ ਤੇਜ਼ੀ ਨਾਲ ਘਟ ਰਿਹਾ ਹੈ। ਇਸ ਲੰਘੇ ਦਹਾਕੇ ਦੌਰਾਨ ਸੂਬੇ ਵਿੱਚ 4 ਲੱਖ ਏਕੜ ਦੇ ਕਰੀਬ ਖੇਤੀ ਯੋਗ ਰਕਬਾ ਉੱਸਰ ਰਹੀਆਂ ਕਲੋਨੀਆਂ ਅਤੇ ਸੜਕਾਂ ਦੇ ਜਾਲ ਨੇ ਖਪਾ ਲਿਆ ਹੈ। ਸਰਕਾਰ ਵੱਲੋਂ ਲੁਧਿਆਣੇ ਦੇ ਨੇੜਲੇ ਪਿੰਡਾਂ ਦੀ ਹਜ਼ਾਰਾਂ ਏਕੜ ਜ਼ਮੀਨ ਅਰਬਨ ਅਸਟੇਟ ਅਧੀਨ ਲਿਆਉਣ ਦੀ ਯੋਜਨਾ ਬਣਾਈ ਗਈ ਹੈ। ਭਾਰਤ ਸਰਕਾਰ ਵੱਲੋਂ 60 ਹਜ਼ਾਰ ਏਕੜ ਹਾਈਵੇਅ ਬਣਾਉਣ ਲਈ ਜ਼ਮੀਨ ਐਕਵਾਇਰ ਕੀਤੀ ਜਾ ਚੁੱਕੀ ਹੈ ਇਸ ਤੋਂ ਇਲਾਵਾ ਭਾਰਤੀ ਰੇਲਵੇ ਵੀ ਮਾਲ ਗੱਡੀਆਂ ਲਈ ਨਵੀਂਆਂ ਰੇਲ ਲਾਈਨਾਂ ਵਿਛਾਉਣ ਲਈ ਜ਼ਮੀਨਾਂ ਐਕਵਾਇਰ ਕਰ ਸਕਦਾ ਹੈ, ਜਿਸ ਨਾਲ ਸੂਬੇ ਦੀ ਹਜ਼ਾਰਾਂ ਏਕੜ ਖੇਤੀ ਯੋਗ ਜ਼ਮੀਨ ਘਟ ਸਕਦੀ ਹੈ। ਇਸ ਤੋਂ ਇਲਾਵਾ ਖੇਤੀ ਯੋਗ ਜ਼ਮੀਨਾਂ ਉੱਤੇ ਅਰਬਨ ਅਸਟੇਟ ਅਤੇ ਨਿੱਜੀ ਕਲੋਨੀਆਂ ਦਾ ਵਾਧਾ ਬਾਦਸਤੂਰ ਜਾਰੀ ਹੈ। ਇਸ ਤਰ੍ਹਾਂ ਪੰਜਾਬ ਵਿੱਚ ਉਪਜਾਊ ਜ਼ਮੀਨ ਦਿਨ ਪ੍ਰਤੀ ਘਟ ਰਹੀ ਹੈ ਜਦੋਂ ਕਿ ਪੰਜਾਬ ਦੀ ਬਹੁ ਵਸੋਂ ਦਾ ਵਸੇਬਾ ਅਤੇ ਸਮਾਜਿਕ ਹੋਂਦ, ਰੁਤਬਾ, ਮਾਣ ਅਤੇ ਸਨਮਾਨ ਖੇਤੀ ਧੰਦੇ ਨਾਲ ਬਹੁਤ ਹੀ ਨੇੜਿਉਂ ਜੁੜੇ ਹੋਏ ਹਨ। ਜ਼ਮੀਨ ਦਾ ਖਿਸਕਣਾ ਉਨ੍ਹਾਂ ਲਈ ਪੈਰਾਂ ਹੇਠੋਂ ਜ਼ਮੀਨ ਖਿਸਕਣ ਦੇ ਬਰਾਬਰ ਹੈ। ਇਸ ਤੋਂ ਇਲਾਵਾ ਪੇਂਡੂ ਅਰਥਚਾਰੇ ਦੇ ਸੰਦਰਭ ਵਿੱਚ ਸੂਬੇ ਅੰਦਰ ਖੇਤੀ ਧੰਦੇ ਹੇਠੋਂ ਖੁਰ ਰਹੀ ਉਪਜਾਊ ਜ਼ਮੀਨ ਨੂੰ ਬਰਕਰਾਰ ਰੱਖਣਾ ਇੱਕ ਅਹਿਮ ਕਾਰਜ ਹੈ, ਜਿਸ ਵੱਲ ਫੌਰੀ ਧਿਆਨ ਦੀ ਜ਼ਰੂਰਤ ਹੈ।

ਮਨਿਸਟਰੀ ਆਫ ਸਟੈਟਿਕਸ ਐਂਡ ਪ੍ਰੋਗਰਾਮ ਇੰਪਲੀਮੈਂਟੇਸ਼ਨ (ਐੱਮ. ਐੱਸ. ਪੀ. ਆਈ.) ਦੀ ਤਾਜ਼ਾ ਰਿਪੋਰਟ ਮੁਤਾਬਿਕ 2011-12 ਤੋਂ 2023-24 ਦੇ ਸਮੇਂ ਦੌਰਾਨ ਪੰਜਾਬ ਦਾ ਅਨਾਜ ਉਤਪਾਦਨ ਦਾ ਰਾਸ਼ਟਰੀ ਹਿੱਸਾ 11.93 ਪ੍ਰਤੀਸ਼ਤ ਤੋਂ ਘਟ ਕੇ 11.01 ਪ੍ਰਤੀਸ਼ਤ 'ਤੇ ਰਹਿ ਗਿਆ ਹੈ। ਇਸੇ ਸਮੇਂ ਦੌਰਾਨ ਮੱਧ ਪ੍ਰਦੇਸ਼ ਨੇ 47000 ਕਰੋੜ ਅਤੇ ਉੱਤਰ ਪ੍ਰਦੇਸ਼ ਨੇ 74000 ਕਰੋੜ ਦੇ ਅਨਾਜ ਪੈਦਾ ਕਰਕੇ ਪੰਜਾਬ ਨੂੰ ਪਿੱਛੇ ਛੱਡ ਦਿੱਤਾ ਹੈ। ਇਸ ਦਾ ਕਾਰਨ ਹੈ ਕਿ ਪੰਜਾਬ ਪਹਿਲਾਂ ਹੀ ਕਣਕ ਝੋਨੇ ਉਲਝਿਆ ਹੈ ਅਤੇ ਸੂਬੇ ਦਾ ਪਹਿਲਾਂ ਹੀ 80 ਪ੍ਰਤੀਸ਼ਤ ਖੇਤਰ ਕਾਸ਼ਤ ਅਧੀਨ ਆ ਚੁੱਕਾ ਹੈ। ਬਹੁਤ ਸਾਲ ਕਾਰਨਾਂ ਕਰਕੇ ਇਸ ਤਰ੍ਹਾਂ ਇਹ ਸੂਬਾ ਬਾਕੀਆਂ ਨਾਲੋਂ ਮੁਕਾਬਲਤਨ ਪਿੱਛੇ ਰਹਿ ਗਿਆ ਹੈ, ਜਿਨ੍ਹਾਂ ਵਿੱਚ ਝੋਨੇ, ਕਣਕ ਦੇ ਫ਼ਸਲੀ ਚੱਕਰ ਦੀ ਲਗਾਤਾਰਤਾ, ਭੂਗੋਲਿਕ ਵਿਸ਼ਾਲ ਖੇਤਰ ਦਾ ਪਹਿਲਾਂ ਹੀ ਕਾਸ਼ਤ ਅਧੀਨ ਆ ਜਾਣਾ, ਫ਼ਸਲੀ ਘਣਤਾ ਦੇ ਅੰਨ੍ਹੇ ਵਾਧੇ ਦੇ ਨਾਲੋ ਨਾਲ ਧਰਤੀ ਦੀ ਉਪਜਾਊ ਸ਼ਕਤੀ ਦਾ ਘਟਣਾ, ਕੁਦਰਤੀ ਅਤੇ ਆਰਥਿਕ ਵਸੀਲਿਆਂ ਦਾ ਘਟਣਾ ਆਦਿ ਬਹੁਤ ਸਾਲ ਕਾਰਨ ਸ਼ਾਮਲ ਹਨ। ਖੇਤੀਬਾੜੀ ਸੂਬਾ ਹੋਣ ਦੇ ਬਾਵਜੂਦ ਕਿਸੇ ਵੀ ਸਰਕਾਰ ਨੇ ਖੇਤੀ ਬਾਲ ਕੋਈ ਨੀਤੀ ਨਹੀਂ ਬਣਾਈ। ਇਸ ਮੌਜੂਦਾ ਸਰਕਾਰ ਨੇ ਪ੍ਰੋ. ਸੁਖਪਾਲ ਸਿੰਘ ਦੀ ਅਗਵਾਈ ਵਿੱਚ ਖੇਤੀ ਨੀਤੀ ਲਈ ਕਮੇਟੀ ਬਣਾਈ। ਕਮੇਟੀ ਨੇ ਪੰਜਾਬ ਦੇ ਵਿਭਿੰਨ ਖੇਤਰਾਂ ਦੀਆਂ ਹਾਲਤਾਂ ਨੂੰ ਸਮਝ ਕੇ ਪ੍ਰਚਲਿਤ ਚੱਕਰ ਵਿੱਚ ਫਸੇ ਪੰਜਾਬ ਨੂੰ ਵੱਖ ਵੱਖ ਵਿਭਿੰਨਤਾ ਵਾਲੀਆਂ ਫ਼ਸਲਾਂ/ ਬਦਲਾਂ ਨੂੰ ਉਨ੍ਹਾਂ ਦੇ ਕੁਦਰਤੀ ਪੈਦਾਵਾਰੀ ਇਲਾਕਿਆਂ ਵਿੱਚ ਉਤਸ਼ਾਹਿਤ ਕਰਨ ਦੇ ਨਾਲੋ ਨਾਲ ਖ਼ੋਜ, ਪਸਾਰ, ਮਿਆਰੀ ਪੈਦਾਵਾਰ, ਮੁੱਲ ਵਾਧਾ ਅਤੇ ਮੰਡੀਕਰਨ ਵੱਲ ਧਿਆਨ ਦੇਣ ਦੀ ਸਿਫਾਰਸ਼ ਕੀਤੀ। ਕਮੇਟੀ ਨੇ ਜਨਤਕ ਖੇਤਰ ਦੀਆਂ ਸੰਸਥਾਵਾਂ ਦੀ ਅਗਵਾਈ ਸਬੰਧਿਤ ਵਿਸ਼ਾ ਮਾਹਿਰਾਂ ਨੂੰ ਦੇਣ ਦੇ ਨਾਲ ਨਾਲ ਕਿਸਾਨਾਂ ਨੂੰ ਰਾਹਤ ਦੇਣ ਲਈ ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਅਤੇ ਹੋਰ ਸਹਿਕਾਰੀ ਬੈਂਕਾਂ ਰਾਹੀਂ ਯਕਮੁਸ਼ਤ ਨਿਪਟਾਰਾ ਕਰਨ ਦੀ ਸਕੀਮ ਸ਼ੁਰੂ ਕਰਨ ਲਈ ਕਿਹਾ। ਖੇਤ ਮਜ਼ਦੂਰਾਂ ਦੀ ਰਜਿਸਟਰੇਸ਼ਨ ਲਾਜ਼ਮੀ ਕਰਨ ਅਤੇ ਮਨਰੇਗਾ ਸਕੀਮ ਅਧੀਨ ਰੁਜ਼ਗਾਰ ਵਧਾਉਣ ਦੀ ਤਜਵੀਜ਼ ਦਿੱਤੀ ਅਤੇ ਨਾਲ ਹੀ ਮੁਫ਼ਤ ਇਲਾਜ, ਪੰਚਾਇਤੀ ਅਤੇ ਹੋਰ ਸਾਂਝੀਆਂ ਜ਼ਮੀਨਾਂ ਦਾ ਇੱਕ ਤਿਹਾਈ ਹਿੱਸਾ ਠੇਕੇ ਉੱਤੇ ਦੇਣ ਅਤੇ ਯਕਮੁਸ਼ਤ ਕਰਜ਼ਾ ਨਿਪਟਾਰਾ ਸਕੀਮ ਤਿਆਰ ਕਰਨ ਦਾ ਸੁਝਾਅ ਦਿੱਤਾ। ਇਸ ਤਰ੍ਹਾਂ ਕਮੇਟੀ ਨੇ ਖੇਤੀ ਨੀਤੀ ਵਿੱਚ ਪੇਂਡੂ ਸੈਕਟਰ ਨੂੰ ਬਚਾਉਣ ਲਈ ਹੋਰ ਵੀ ਬਹੁਤ ਸਾਲ ਸੁਝਾਅ ਦਿੱਤੇ। ਐੱਸ.ਕੇ.ਐੱਮ. ਨੇ 3 ਮਾਰਚ 2025 ਵਾਲੀ ਸਰਕਾਰ ਨਾਲ ਆਪਣੀ ਚੰਡੀਗੜ੍ਹ ਮੀਟਿੰਗ ਤੋਂ ਇਲਾਵਾ ਹੁਣ ਫਿਰ ਦੁਬਾਰਾ 8 ਜੁਲਾਈ 2025 ਦੀ ਆਪਣੀ ਚੰਡੀਗੜ੍ਹ ਮੀਟਿੰਗ ਵਿੱਚ ਇਸ ਨੀਤੀ ਨੂੰ ਲਾਗੂ ਕਰਨ ਦੀ ਮੰਗ ਦੁਹਰਾਈ ਹੈ। ਹੈਰਾਨੀ ਵਾਲੀ ਗੱਲ ਹੈ ਕਿ ਸਰਕਾਰ ਆਮ ਸਹਿਮਤੀ ਵਾਲੀ ਇਸ ਖੇਤੀ ਨੀਤੀ ਨੂੰ ਲਾਗੂ ਕਰਨ ਦੀ ਥਾਂ ਇੱਕ ਨਵੀਂ ਲੈਂਡ ਪੂਲਿੰਗ ਨੀਤੀ ਲੈ ਆਈ। ਅੱਜ ਪੰਜਾਬ ਦਾ ਸਮੁੱਚਾ ਅਰਥਚਾਰਾ ਅਤੇ ਸਰਕਾਰ ਆਰਥਿਕ ਸੰਕਟ ਵਿੱਚ ਗੁਜ਼ਰ ਰਹੇ ਹਨ। ਇਸ ਕਰਕੇ ਪੰਜਾਬ ਸਰਕਾਰ ਨੂੰ ਪ੍ਰਸਥਿਤੀਆਂ ਨੂੰ ਦੇਖਦੇ ਹੋਏ ਲੈਂਡ ਪੂਲਿੰਗ ਪਾਲਿਸੀ ਦੀ ਥਾਂ ਤਰਜੀਹੀ ਤੌਰ 'ਤੇ ਪੇਂਡੂ ਵਿਕਾਸ ਕੇਂਦਰਿਤ ਨਵੀਂ ਖੇਤੀ ਨੀਤੀ ਨੂੰ ਤੁਰੰਤ ਲਾਗੂ ਕਰਨਾ ਚਾਹੀਦਾ ਹੈ।

***

## ਦੇਸ਼ ਦੀ ਖ਼ੁਸ਼ਹਾਲੀ ਲਈ

ਪੈਸੇ ਲਈ ਲਾਲਸਾ ਇਥੋਂ ਤੱਕ ਵਧ ਗਈ ਕਿ ਵਿਆਹ ਵਰਗਾ ਪਵਿੱਤਰ ਰਿਸ਼ਤਾ ਵੀ ਪੈਸੇ ਦੀ ਭੇਟ ਚੜ੍ਹ ਗਿਆ ਹੈ, ਰਿਸ਼ਤਾ ਜੋੜਨ ਸਮੇਂ ਵੀ ਅਤੇ ਤੋੜਨ ਸਮੇਂ ਵੀ ਪੈਸਾ ਪ੍ਰਧਾਨ ਹੋ ਗਿਆ ਹੈ। ਬਾਜ਼ਾਰੀ ਲੁੱਟਾਂ-ਖੋਹਾਂ ਤੋਂ ਵਧ ਕੇ ਘਰ ਵੜ ਕੇ ਲੁੱਟਣ, ਗੱਡੀ, ਸਕੂਟਰ ਲਾਉਣ ਪਿੱਛੇ ਲੜਾਈ ਤੇ ਕੁੱਤਿਆਂ ਪਿੱਛੇ ਵੀ ਲੜਾਈ ਹੋ ਰਹੀ ਹੈ। ਅੱਜ ਕੱਲ੍ਹ ਤਾਂ ਬੰਦਾ ਮਾਰਨਾ ਵੀ ਖੇਡ ਹੀ ਬਣ ਗਿਆ ਹੈ। ਕੀ ਇਹ ਖ਼ੁਸ਼ਹਾਲ ਮੁਲਕ ਦੀ ਨਿਸ਼ਾਨੀ ਹੈ। ਜੇ ਦੇਸ਼ ਦੀ ਆਮਦਨ ਵਧ ਰਹੀ ਹੈ ਤਾਂ ਰੁਜ਼ਗਾਰ ਦੇ ਮੌਕੇ ਵੀ ਪੈਦਾ ਹੋਣੇ ਚਾਹੀਦੇ ਹਨ। ਲੋਕ ਮਿਹਨਤ ਕਰ ਕੇ ਕਮਾਉਣਗੇ ਤੇ ਖਾਣਗੇ, ਕੰਮ ਕਰਨ ਵਾਲਾ ਬੰਦਾ ਕਦੇ ਅਪਰਾਧ ਦੇ ਰਾਹ ਨਹੀਂ ਪੈਂਦਾ। ਜਦੋਂ ਕਿਸੇ ਕੋਲ ਕੋਈ ਕੰਮ ਨਾ ਹੋਵੇ, ਰੋਟੀ ਲਈ ਮੁਫ਼ਤ ਦਾ ਅਨਾਜ ਮਿਲਦੇ ਹੋਵੇ ਅਤੇ ਕੂਲਰ-ਪੱਖੇ ਲਈ ਬਿਜਲੀ ਦੇ ਬਿੱਲ ਦਾ ਕੋਈ ਫ਼ਿਕਰ ਨਾ ਹੋਵੇ ਤਾਂ ਵਿਹਲਾ ਦਿਮਾਗ ਸ਼ੈਤਾਨ ਦਾ ਘਰ ਬਣ ਜਾਂਦਾ ਹੈ ।

ਦੇਸ਼ ਤਾਂ ਹੀ ਖ਼ੁਸ਼ਹਾਲ ਹੋ ਸਕਦਾ ਹੈ, ਜੇ ਪਬਲਿਕ ਅਤੇ ਪ੍ਰਾਈਵੇਟ ਸੈਕਟਰ ਵਿੱਚ ਛੋਟੇ-ਛੋਟੇ ਕਾਰਖਾਨੇ ਲਾ ਕੇ ਜੋ ਨਿੱਕਾ-ਨਿੱਕਾ ਸਾਮਾਨ ਅਸੀਂ ਚੀਨ ਤੋਂ ਮੰਗਵਾਉਂਦੇ ਹਾਂ ਉਹ ਸਾਡੇ ਦੇਸ਼ ਵਿੱਚ ਹੀ ਬਣੇ। ਆਮ ਲੋਕ ਕੰਮ ਲੱਗਣ, ਕਮਾਉਣ ਤੇ ਖਾਣ, ਅਪਰਾਧ ਦੀ ਦੁਨੀਆ ਵੱਲ ਧਿਆਨ ਹੀ ਨਾ ਜਾਵੇ।

***

## ਚੰਨ ਵੇ ! ਕਿ ਸ਼ੌਂਕਣ ਮੇਲੇ ਦੀ...

ਸਮੁੱਚੀ ਲੋਕਾਈ ਨੇ ਅਜੇ ਤੱਕ ਅਜਿਹੇ ਬੇਜੋੜ ਰੰਗਾਂ ਵਾਲਾ ਮੇਲਾ ਨਹੀਂ ਸੀ ਦੇਖਿਆ, ਜਿੱਥੇ ਸਾਰੇ ਧਰਮਾਂ, ਧਰਤੀਆਂ, ਜਾਤਾਂ, ਬੋਲੀਆਂ ਦੇ ਰੰਗਾਂ ਨੇ ਮਿਲ ਕੇ ਸੱਤ ਰੰਗੀ ਇੰਦਰ-ਧਨੁਸ਼ ਬਣਾਇਆ ਸੀ। ਦਿੱਲੀ ਦੀਆਂ ਬਰੂਹਾਂ 'ਤੇ ਸਜੇ ਇਸ ਤਿਉਹਾਰ ਨੇ ਨਵੇਂ ਦਿਸਹੱਦੇ ਸਿਰਜ ਕੇ ਇਤਿਹਾਸ ਰਚਿਆ ਸੀ। ਡਾ. ਸੁਰਜੀਤ ਪਾਤਰ ਦੀ ਕਲਮ ਨੇ ਇਸ ਮੇਲੇ ਨੂੰ ਇਉਂ ਬਿਆਨਿਆਂ ਸੀ;

ਹੈ ਜਿੱਥੋਂ ਤੱਕ ਨਜ਼ਰ ਜਾਂਦੀ
ਤੇ ਜਿੱਥੋਂ ਤੱਕ ਨਹੀਂ ਜਾਂਦੀ
ਇਹਦੇ ਵਿੱਚ ਲੋਕ ਸ਼ਾਮਲ ਨੇ
ਇਹਦੇ ਵਿੱਚ ਲੋਕ
ਤੇ ਸੁਰਲੋਕ ਤੇ ਤ੍ਰੈਲੋਕ ਸ਼ਾਮਲ ਨੇ
ਇਹ ਮੇਲਾ ਹੈ...
ਇਹਦੇ ਵਿੱਚ ਧਰਤ ਸ਼ਾਮਲ
ਬਿਰਖ, ਪਾਣੀ, ਪੌਣ ਸ਼ਾਮਲ ਨੇ
ਇਹਦੇ ਵਿੱਚ ਸਾਡੇ ਹਾਸੇ, ਹੰਝੂ
ਸਾਡੇ ਗੌਣ ਸ਼ਾਮਲ ਨੇ
ਤੇ ਤੈਨੂੰ ਕੁਝ ਪਤਾ ਈ ਨਈਂ
ਇਹਦੇ ਵਿੱਚ ਕੌਣ ਸ਼ਾਮਲ ਨੇ
ਇਹ ਮੇਲਾ ਹੈ...
ਇਹ ਇੱਛਰਾਂ ਮਾਂ ਤੇ ਪੁੱਤ ਪੂਰਨ ਦੇ
ਮੁੜ ਮਿਲਣੇ ਦਾ ਵੇਲਾ ਹੈ
ਇਹ ਮੇਲਾ ਹੈ...

ਮੇਲੇ ਨੇ ਨਵਾਂ ਇਤਿਹਾਸ ਰਚਿਐ। ਜ਼ਿੰਦਗੀ ਜ਼ਿੰਦਾਬਾਦ ਹੋਈ ਐ। ਮਸ਼ਾਲਾਂ ਲਟ ਲਟ ਬਲੀਆਂ ਨੇ। ਸਰਕਾਰੀ ਤੰਤਰ ਨੂੰ ਮੇਲੇ ਡਰਾਵਣੇ ਲੱਗਣ ਲੱਗੇ ਨੇ, ਪਰ ਮੇਲੇ ਤਾਂ ਹਮੇਸ਼ਾਂ ਲੱਗਦੇ ਰਹਿਣਗੇ। ਅਕੀਦਤ ਦੇ ਮੇਲੇ.....ਸ਼ਹਾਦਤ ਦੇ ਮੇਲੇ.....ਮੁਕਤੀ ਦੇ ਮੇਲੇ ਜੱਗ ਜਿਉਂਦਿਆਂ ਦੇ ਮੇਲੇ !

***

## ਭਗਵਿਆਂ ਦੀ ਬੋਲੀ ਬੋਲਦੀ

2014 ਤੋਂ 2025 ਤੱਕ ਇਸ ਹਿੰਦੂਤਵਵਾਦੀ ਸੁਭਾਵਕਤਾ ਦਾ ਦਾਇਰਾ ਬਹੁਤ ਵਧ ਗਿਆ ਹੈ। ਕੁਝ ਖਾਸ ਤਰ੍ਹਾਂ ਦੀਆਂ ਅਵਾਜ਼ਾਂ, ਰੰਗ, ਇਮਾਰਤਾਂ, ਜਾਂ ਪਹਿਰਾਵੇ ਵੇਖ ਕੇ ਇੱਕ ਖਾਸ ਕਿਸਮ ਦੀ ਹਿੰਸਕ ਪ੍ਰਤੀਕਿਰਿਆ ਹੁੰਦੀ ਹੈ। ਹੁਣ ਇਸ ਪ੍ਰਤੀਕਿਰਿਆ 'ਤੇ ਵਿਅਕਤੀ ਦਾ ਕੋਈ ਕਾਬੂ ਨਹੀਂ ਰਿਹਾ।

ਇਹ ਹਿੰਦੂਆਂ ਦੇ ਇੱਕ ਵੱਡੇ ਵਰਗ ਦੇ ਸੰਵੇਦਨ ਤੰਤਰ ਦੇ ਸੁੰਗੜਨ ਦੀ ਖ਼ਬਰ ਹੈ। ਇਹ ਹਿੰਦੂਆਂ ਲਈ ਮਾੜੀ ਖ਼ਬਰ ਹੈ। ਕਿਉਂਕਿ ਮਨੁੱਖੀ ਸੰਵੇਦਨ ਤੰਤਰ ਹੋਰ ਜੀਵਾਂ ਤੋਂ ਵੱਖਰਾ ਅਤੇ ਸੰਪੂਰਨ ਇਸੇ ਕਰਕੇ ਹੈ ਕਿ ਇਹ ਆਪਣੀ ਸਰੀਰਕ ਅਤੇ ਜੀਵ-ਵਿਗਿਆਨਕ ਸੀਮਾਵਾਂ ਨੂੰ ਪਾਰ ਕਰਦਾ ਹੈ।

ਮਨੁੱਖੀ ਸੰਵੇਦਨ ਤੰਤਰ ਮਨੁੱਖੀ ਕਿਉਂ ਹੈ ? ਇਹ ਸਿਰਫ ਆਪਣੇ ਸਰੀਰ ਨੂੰ ਸਟ ਲੱਗਣ 'ਤੇ ਹੀ ਦੁਖੀ ਨਹੀਂ ਹੁੰਦਾ, ਸਗੋਂ ਦੂਜਿਆਂ ਦੀ ਸੱਟ ਵੇਖ ਕੇ ਵੀ ਹਿੱਲ ਜਾਂਦਾ ਹੈ। ਵੀਅਤਨਾਮ ਵਿੱਚ ਬੰਬ ਨਾਲ ਸੜ ਕੇ ਭੱਜ ਰਹੀ ਲੜਕੀ ਦੀ ਤਸਵੀਰ ਨੇ ਸਾਨੂੰ ਸਭ ਨੂੰ ਦੁਖੀ ਕੀਤਾ। ਇਸ ਲਈ ਵੀਅਤਨਾਮੀ ਹੋਣ ਦੀ ਕੋਈ ਸ਼ਰਤ ਨਹੀਂ ਸੀ। ਮਨੁੱਖੀ ਸੰਵੇਦਨ ਤੰਤਰ ਵਿੱਚ ਆਪਣੀ ਸਰੀਰਕ ਸੀਮਾ ਨੂੰ ਪਾਰ ਕਰਨ ਦੀ ਸਮਰੱਥਾ ਹੈ, ਜੋ ਬਾਅਦ ਵਿੱਚ ਹਮਦਰਦੀ ਤੱਕ ਜਾਂਦੀ ਹੈ।

ਭਾਰਤ ਵਿੱਚ ਹਿੰਦੂਆਂ ਦਾ ਇੱਕ ਹਿੱਸਾ ਹੁਣ ਹਮਦਰਦੀ ਦੀ ਸਮਰੱਥਾ ਗੁਆ ਰਿਹਾ ਹੈ। ਉਹ ਭੁੱਖ ਨਾਲ ਤੜਫਦੇ ਬੱਚਿਆਂ ਨੂੰ ਜਾਂ ਬੰਬਾਰੀ ਨਾਲ ਤਬਾਹ ਹੋਏ ਗਾਜ਼ਾ ਨੂੰ ਵੇਖ ਕੇ ਦੁਖੀ ਨਹੀਂ ਹੁੰਦਾ, ਸਗੋਂ ਠਹਾਕੇ ਮਾਰ ਕੇ ਹੱਸ ਪੈਂਦਾ ਹੈ। ਅਜਿਹੀ ਹਾਸੇ ਤੋਂ ਕੌਣ ਮਨੁੱਖ ਨਹੀਂ ਡਰੇਗਾ ? ਇਹ ਹਾਸਾ ਸਮਾਜ ਦੇ ਅਮਾਨਵੀਕਰਨ ਦੀ ਖ਼ਬਰ ਹੈ।

***

## ਥਾਈਲੈਂਡ ਅਤੇ ਕੰਬੋਡੀਆ ਵਿਚਕਾਰ

ਕੁਝ ਪੁਜਾਰੀ ਤਾਂ ਸ਼ਾਹੀ ਮਹਿਲ ਨਾਲ ਵੀ ਜੁੜੇ ਹੁੰਦੇ ਹਨ। ਇਸ ਪ੍ਰਕਿਰਿਆ ਵਿੱਚ ਰਾਜਾ ਜਾਂ ਰਾਜ ਪਰਿਵਾਰ ਦਾ ਕੋਈ ਹੋਰ ਸੀਨੀਅਰ ਮੈਂਬਰ ਫ਼ਸਲ ਬੀਜਣ ਦੇ ਸਾਲਾਨਾ ਅਨੁਸ਼ਠਾਨ ਵਿੱਚ ਸ਼ਾਮਲ ਹੁੰਦਾ ਹੈ ਜਿੱਥੇ ਪੁਜਾਰੀ ਬੀਜਾਂ ਨੂੰ ਆਪਣਾ ਆਸ਼ੀਰਵਾਦ ਪ੍ਰਦਾਨ ਕਰਦੇ ਹਨ। ਹਿੰਦੂ ਧਰਮ ਗ੍ਰੰਥ ਅਤੇ ਮਹਾਕਾਵਿ ਖ਼ਾਸ ਕਰਕੇ ਰਾਮਾਇਣ ਦਾ ਥਾਈ ਐਡੀਸ਼ਨ ਇਸ ਦੇਸ਼ ਦੀ ਸੰਸਕ੍ਰਿਤੀ ਦਾ ਅਨਿੱਖੜਵਾਂ ਹਿੱਸਾ ਹੈ।

ਦੋਹਾਂ ਦੇਸ਼ਾਂ ਦੇ ਰਿਸ਼ਤਿਆਂ ਵਿੱਚ ਕੰਬੋਡੀਆ ਦੇ ਦਿੱਗਜ ਆਗੂ ਹੁਨ ਸੇਨ ਅਤੇ ਥਾਈਲੈਂਡ ਦੀਆਂ ਵੱਡੀਆਂ ਰਾਜਨੀਤਕ ਹਸਤੀਆਂ ਦੇ ਤੌਰ 'ਤੇ ਸਥਾਪਤ ਹੋਏ ਥਾਕਸਿਨ ਸ਼ਿਨਾਵਾਤਰਾ ਵਿਚਕਾਰ ਦੋਸਤੀ ਦੀ ਵੀ ਛਾਪ ਰਹੀ ਹੈ। ਦੋਹਾਂ ਵਿਚਕਾਰ ਬਹੁਤ ਨਿੱਘੇ ਸਬੰਧ ਰਹੇ ਹਨ। ਥਾਕਸਿਨ ਦੇ 15 ਸਾਲਾਂ ਦੇ ਦੇਸ਼ ਨਿਕਾਲੇ ਦੌਰਾਨ ਹੁਨ ਨੇ ਉਨ੍ਹਾਂ ਦੀ ਬਹੁਤ ਸਹਾਇਤਾ ਕੀਤੀ ਪਰ ਥਾਕਸਿਨ ਦੇ ਦੁਬਾਰਾ ਥਾਈਲੈਂਡ ਪਹੁੰਚਣ ਅਤੇ ਉੱਥੇ ਰਾਜਨੀਤਕ ਤੌਰ 'ਤੇ ਸ਼ਕਤੀਸ਼ਾਲੀ ਹੋਣ ਤੋਂ ਬਾਅਦ ਦੋਹਾਂ ਨੇਤਾਵਾਂ ਦੇ ਸਬੰਧਾਂ ਵਿੱਚ ਖਟਾਸ ਪੈਦਾ ਹੋ ਗਈ। ਅਗਸਤ 2024 ਵਿੱਚ ਥਾਈਲੈਂਡ ਦੀ ਪ੍ਰਧਾਨ ਮੰਤਰੀ ਬਣੀ ਥਾਕਸਿਨ ਦੀ 36 ਸਾਲਾ ਧੀ ਪੇਟੋਂਗਟਰਨ ਨੇ ਹੁਨ ਸੇਨ ਨਾਲ ਸਬੰਧਾਂ 'ਤੇ ਜੰਮੀ ਬਰਫ ਪਿਘਲਾਉਣ ਦਾ ਯਤਨ ਕੀਤਾ। ਇਕ ਨਿੱਜੀ ਟੈਲੀਫੋਨ ਗੱਲਬਾਤ ਵਿੱਚ ਹੁਨ ਨੂੰ 'ਅੰਕਲ' ਦੇ ਤੌਰ 'ਤੇ ਸੰਬੋਧਨ ਕਰਦਿਆਂ ਉਨ੍ਹਾਂ ਨੂੰ ਇਹ ਕਹਿੰਦੇ ਹੋਏ ਸੁਣਿਆ ਗਿਆ ਕਿ 'ਦੂਜੇ ਪੱਖ' ਵੱਲੋਂ ਮੁਸ਼ਕਲਾਂ ਪੈਦਾ ਕੀਤੀਆਂ ਜਾ ਰਹੀਆਂ ਹਨ ਅਤੇ ਉਹ ਫ਼ੌਜ ਦੀ ਲਗਾਮ ਕੱਸੇਗੀ। ਹੁਨ ਸੇਨ ਨੇ ਗੱਲਬਾਤ ਦਾ ਇਹ ਬਿਓਰਾ ਇੰਟਰਨੈੱਟ ਮੀਡੀਆ 'ਤੇ ਜਾਰੀ ਕਰ ਦਿੱਤਾ ਅਤੇ ਫਿਰ ਥਾਈ ਸੰਵਿਧਾਨਕ ਅਦਾਲਤ ਨੇ ਪੇਟੋਂਗਟਰਨ ਨੂੰ ਇਕ ਜੁਲਾਈ ਨੂੰ ਉਨ੍ਹਾਂ ਦੇ ਅਹੁਦੇ ਤੋਂ ਮੁਅੱਤਲ ਕਰ ਦਿੱਤਾ। ਹਾਲੇ ਦੋਹਾਂ ਦੇਸ਼ਾਂ ਵਿੱਚ ਰਾਸ਼ਟਰਵਾਦੀ ਭਾਵਨਾਵਾਂ ਦਾ ਜਵਾਰਭਾਟਾ ਆਇਆ ਹੋਇਆ ਹੈ। ਲੱਗਦਾ ਹੈ ਕਿ ਇਹ ਭਾਵਨਾਵਾਂ ਸਮੇਂ ਦੇ ਨਾਲ ਸ਼ਾਂਤ ਹੋ ਜਾਣਗੀਆਂ ਪਰ ਇਸ ਦਾ ਇਹ ਮਤਲਬ ਨਹੀਂ ਕਿ ਪ੍ਰੀਹ ਵਿਹੇਅਰ ਮੰਦਰ ਕਾਂਡ ਦਾ ਵੀ ਸਦਾ ਲਈ ਭੋਗ ਪੈ ਜਾਵੇਗਾ। ਇਹ ਵਿਵਾਦ ਸੜ੍ਹਾ 'ਤੇ ਉੱਭਰਦਾ ਰਹੇਗਾ।

****

## ਭਾਰਤ ਵਿੱਚ ਕਿਸਾਨਾਂ ਦਾ

**ਸਹਾਇਕ ਧੰਦੇ:** ਕਿਸਾਨਾਂ ਨੂੰ ਡੇਅਰੀ, ਮੱਛੀ ਪਾਲਣ, ਅਤੇ ਹੋਰ ਸਹਾਇਕ ਧੰਦਿਆਂ ਵੱਲ ਪ੍ਰੇਰਿਤ ਕਰਕੇ ਉਨ੍ਹਾਂ ਦੀ ਆਮਦਨ ਵਧਾਈ ਜਾ ਸਕਦੀ ਹੈ।

**ਖੇਤੀਬਾੜੀ 'ਤੇ ਨਿਵੇਸ਼:** ਖੇਤੀਬਾੜੀ ਵਿਭਾਗ ਅਤੇ ਯੂਨੀਵਰਸਿਟੀਆਂ ਨੂੰ ਫ਼ੰਡ ਮੁਹੱਈਆ ਕਰਵਾ ਕੇ ਕਿਸਾਨਾਂ ਨੂੰ ਆਧੁਨਿਕ ਤਕਨੀਕਾਂ ਅਤੇ ਸਲਾਹ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ।

**ਸਿਹਤ ਅਤੇ ਸਿੱਖਿਆ:** ਕਿਸਾਨਾਂ ਦੇ ਪਰਿਵਾਰਾਂ ਲਈ ਸਿਹਤ ਅਤੇ ਸਿੱਖਿਆ ਸਹੂਲਤਾਂ ਨੂੰ ਬਿਹਤਰ ਕਰਕੇ ਉਨ੍ਹਾਂ ਦੀਆਂ ਨਿੱਜੀ ਜ਼ਰੂਰਤਾਂ ਲਈ ਕਰਜ਼ਾ ਲੈਣ ਦੀ ਜ਼ਰੂਰਤ ਨੂੰ ਘਟਾਇਆ ਜਾ ਸਕਦਾ ਹੈ।

**ਸਰਕਾਰਾਂ ਨੂੰ ਕੀ ਕਰਨਾ ਚਾਹੀਦਾ ?**

ਪੰਜਾਬ ਅਤੇ ਕੇਂਦਰ ਸਰਕਾਰ ਨੂੰ ਸਾਂਝੇ ਤੌਰ 'ਤੇ ਕਿਸਾਨਾਂ ਦੇ ਕਰਜ਼ੇ ਦੇ ਸੰਕਟ ਨੂੰ ਹੱਲ ਕਰਨ ਲਈ ਠੋਸ ਨੀਤੀਆਂ ਬਣਾਉਣ ਦੀ ਲੋੜ ਹੈ। ਪੰਜਾਬ ਸਰਕਾਰ ਨੂੰ ਖੇਤੀਬਾੜੀ ਨੂੰ ਲਾਭਕਾਰੀ ਬਣਾਉਣ ਲਈ ਸਥਾਨਕ ਪੱਧਰ 'ਤੇ ਸਹੂਲਤਾਂ ਵਧਾਉਣੀਆਂ ਚਾਹੀਦੀਆਂ ਹਨ, ਜਦਕਿ ਕੇਂਦਰ ਸਰਕਾਰ ਨੂੰ ਐਮ.ਐਸ.ਪੀ. ਦੀ ਗਾਰੰਟੀ ਅਤੇ ਵਿਆਜ ਮੁਕਤ ਕਰਜ਼ਿਆਂ 'ਤੇ ਧਿਆਨ ਦੇਣਾ ਚਾਹੀਦਾ ਹੈ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AAJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com